ਤਿਮਾਹੀ

# ਸਾਂਝ

ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ !



ਜਨਵਰੀ-ਮਾਰਚ 2008

Academy of the Punjab in North America - APNA: http://www.apnaorg.com

26th Year

mehram publications




# ਮਹਿਰਮ مِحرم

ਸਾਹਿੱਤਕ, ਸਭਿਆਚਾਰਕ ਤੇ ਵਿਗਿਆਨਕ ਮੁਹਾਂਦਰੇ ਵਾਲਾ ਸੰਪੂਰਨ ਮਾਸਿਕ ਪੱਤਰ




# ਘਰ ਸ਼ਿੰਗਾਰ گھر شنگار

ਪਰਿਵਾਰ ਦੇ ਸਾਰੇ ਜੀਆਂ ਨੂੰ ਪਸੰਦ ਇੱਕੋ-ਇੱਕ ਮਾਸਿਕ ਪੱਤਰ




# ਮਾਡਰਨ ਖੇਤੀ ماڈرن کھیتی - پنجابی

ਵਿਗਿਆਨਕ ਲੀਹਾਂ ਵਾਲਾ ਕਿਰਸਾਣੀ ਪੰਦਰਵਾੜਾ




# माडर्न खेती ماڈرن کھیتی - ہندی

वैज्ञानिक पथ पर अग्रसर किसानों की पथ प्रदर्शक पाक्षिक पत्रिका

*Contact for any query*

**mehram publications pvt. Ltd.,**

**Nabha Office** : mehram street, **NABHA** - 147 201 Punjab ✆ 01765 - 220595 / 678 / 778, fax : 221293
**Mohali Office** : # 1451, phase-10, S.A.S. Nagar, **Mohali** - 160060 ✆ 0172 - 4665885
**New Delhi Office** : modest graphics pvt. ltd., 52-53 dda Sheds, okhla industrial area phase-I, **New Delhi** - 110020, ✆ 011-26817565
: **e-mail:** mehram@mehrampublications.com, **Website :** www.mehrampublications.com

Academy of the Punjab in North America - APNA: http://www.apnaorg.com

ਤਿਮਾਹੀ

# ਸਾਂਝ

ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ !

ਪੁਸਤਕਾ ਲੜੀ 4, ਜਨਵਰੀ-ਮਾਰਚ, 2008

**ਮੈਨੇਜਿੰਗ ਐਡੀਟਰ**
ਸਫ਼ੀਰ ਰਾਮਾਹ

**ਐਡੀਟਰ**
ਡਾ. ਮਨੁ ਸ਼ਰਮਾ ਸੋਹਲ
ਡਾ. ਜਗਤਾਰ ਧੀਮਾਨ (ਆਨਰੇਰੀ)
ਜਾਵੇਦ ਬੂਟਾ
ਅਨੰਤ ਕੌਰ

**ਸਹਿਯੋਗੀ**
ਮੁਹੰਮਦ ਆਸਿਫ਼ ਰਜ਼ਾ
ਸਾਜਿਦ ਨਦੀਮ

**ਵਿਸ਼ੇਸ਼ ਸਹਿਯੋਗ**
ਪ੍ਰਿੰ. ਪ੍ਰੇਮ ਸਿੰਘ ਬਜਾਜ

**ਜਿਲਦਸਾਜ਼ੀ**
ਫ਼ੋਇਲਸ, ਲੁਧਿਆਣਾ 141004, ਪੰਜਾਬ

**ਵੈਬ ਪੇਜ**
www.apnaorg.com

**ਮੁੱਲ**
ਭਾਰਤ ਵਿਚ
ਪ੍ਰਤੀ ਅੰਕ : 50 ਰੁਪਏ
ਸਲਾਨਾ : 200 ਰੁਪਏ
ਸੰਸਥਾਵਾਂ ਲਈ
ਸਲਾਨਾ : 250 ਰੁਪਏ

ਵਿਦੇਸ਼ਾਂ ਵਿਚ (ਹਵਾਈ ਡਾਕ ਰਾਹੀਂ)
ਪ੍ਰਤੀ ਅੰਕ : US$ 10
ਸਲਾਨਾ : US$ 50
ਸੰਸਥਾਵਾਂ ਲਈ : US$ 100
ਚੰਦਾ ਚੈੱਕ/ਡਰਾਫਟ/ਮਨੀਆਰਡਰ ਰਾਹੀ ਹੇਠ ਲਿਖੇ
ਪਤੇ ਤੇ ਭੇਜਿਆ ਜਾ ਸਕਦਾ ਹੈ
ਲੁਧਿਆਣਾ ਤੋਂ ਬਾਹਰਲੇ ਚੈਕ ਵਿਚ
25 ਰੁਪਏ ਜੋੜੇ ਜਾਣ ਜੀ

**ਪਤਾ :**
ਈ 589, ਭਾਈ ਰਣਧੀਰ ਸਿੰਘ ਨਗਰ,
ਲੁਧਿਆਣਾ - 141 012, ਪੰਜਾਬ (ਭਾਰਤ)
ਫੋਨ : 0161-4618772, 098152-98772



**ਕਢਾਈ**
**ਮੁੱਖ ਪੰਨੇ ਦਾ ਚਿੱਤਰ : ਸ.ਜਰਨੈਲ ਸਿੰਘ**

**ਰਾਬਤੇ ਲਈ**
ਫੋਨ : 098152-98772, 098156-59837
email :
rammah@apnaorg.com
smvedswar@yahoo.com
jagdhiman@rediffmail.com

**ਛਾਪਾਖਾਨਾ :**
**ਫ਼ੋਇਲਸ ਪ੍ਰਿੰਟਰਜ਼,** 2051, ਗੋਬਿੰਦ ਨਗਰ,
ਲੁਧਿਆਣਾ - 141004, ਪੰਜਾਬ (ਭਾਰਤ)
ਫੋਨ : 0161-2404093, 2404979

**ਰਿਸਾਲੇ ਵਿਚ ਛਪੇ ਲੇਖਾਂ ਨਾਲ ਐਡੀਟਰਾਂ ਦਾ ਸਹਿਮਤ ਹੋਣਾਂ ਜ਼ਰੂਰੀ ਨਹੀਂ ਹੈ।**

Academy of the Punjab in North America - APNA: http://www.apnaorg.com

ਤਿਮਾਹੀ

# ਸਾਂਝ

ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ !

ਪੁਸਤਕਾ ਲੜੀ 4/ਜਨਵਰੀ-ਮਾਰਚ, 2008

## ਵੇਰਵਾ


**ਲੇਖ**

**ਪੰਜਾਬੀ ਭਾਸ਼ਾ ਕਦੇ ਨਹੀਂ ਮਰੇਗੀ :** ਜਨਮੇਜਾ ਸਿੰਘ ਜੌਹਲ

**ਕਥਾ ਬਰੈਡਲਾ ਹਾਲ ਤੇ ਉਸਦੇ ਵਸਨੀਕਾਂ ਦੀ :** ਅਹਿਮਦ ਸਲੀਮ

**ਕਸ਼ਮੀਰ ਅਤੇ ਪੰਜਾਬ ਦੀ ਯਾਤਰਾ :** ਚਾਰਲਸ ਵਾਨ ਹਿਊਗਲ (ਤਰਜਮਾ-ਨਰਿੰਦਰਜੀਤ ਕੌਰ)

**ਸ਼ਾਇਰੀ**

ਨਜਮ ਹੁਸੈਨ ਸੱਯਦ, ਰਮਜ਼ਾਨ ਸ਼ਾਕਿਰ, ਮੁਹਸਿਨ ਮਘਿਆਣਾ, ਜ਼ਾਹਿਦ ਨਵਾਜ਼, ਸਮੀਨਾ ਅਸਮਾ, ਗ਼ਫ਼ੂਰ ਸ਼ਾਹ ਕਾਸਿਮ, ਆਸ਼ਿਕ ਰਹੀਲ, ਅਰਸ਼ਦ ਸ਼ਹਿਜ਼ਾਦ, ਵਿਨਸੰਟ ਪੀਸ ਅਸੀਮ ਸਲੀਬੀ, ਸਾਬਰ ਚੌਧਰੀ, ਆਦਿਲ ਸਦੀਕੀ, ਆਸਿਫ਼ ਡਾਰ, ਮੁਦੱਸਰ ਇਕਬਾਲ ਭੱਟ

**ਕਹਾਣੀ**

**ਇੱਕ ਹਉਕਾ :** ਗੁਰਚਰਨ ਕੌਰ ਥਿੰਦ

**ਪੰਡਤ ਦਾ ਨਿਕਾਹ :** ਬੀ.ਐਸ. ਬੀਰ

**ਮੁਰਦਾ ਤਾਰੀ :** ਜ਼ੁਬੈਰ ਅਹਿਮਦ

**ਇਕ ਸ਼ਰਤ :** ਮੁਹੰਮਦ ਅਫ਼ਜ਼ਲ ਸ਼ਾਹਿਦ

**ਸ਼ਾਇਰੀ**

ਐਸ.ਤਰਸੇਮ, ਇੰਦਰਜੀਤ ਹਸਨਪੁਰੀ, ਮਨੁ ਸ਼ਰਮਾ ਸੋਹਲ, ਗੁਰਦਿੱਤ ਸਿੰਘ ਕੰਗ, ਜਤਿੰਦਰ ਕੌਰ

**ਲੇਖ**

**ਮੁਹੱਬਤ ਦਾ ਸਫ਼ਰਨਾਮਾ :** ਸਲੀਮ ਪਾਸ਼ਾ

**ਸੁਖਦੇਵ ਮਾਦਪੁਰੀ ਨਾਲ ਗੱਲਬਾਤ :** ਮਨੁ ਸ਼ਰਮਾ ਸੋਹਲ

**ਕਦੇ ਨਾ ਮਿਟ ਸਕਣ ਵਾਲੀ ਦਿਲਾਂ ਦੀ ਸਾਂਝ :** ਐਨ. ਐਸ. ਨੰਦਾ

**ਨੇੜਿਉਂ ਤੱਕਿਆ ਪ੍ਰੋਫੈਸਰ ਸੋਜ਼ :** ਦਰਸ਼ਨ ਸਿੰਘ ਆਸ਼ਟ

**ਇਹੋ ਜਿਹਾ ਸੀ ਲਾਲ ਸਿੰਘ ਦਿਲ :** ਬੀਬਾ ਕੁਲਵੰਤ

**ਸੈਂਟਰਲ ਜੇਲ੍ਹ ਲਾਹੌਰ ਦਾ ਪੁਰਾਣਾ ਰਜਿਸਟਰ :** ਅਕਮਾਲ ਅਲੀਮੀ

**ਤਿੰਨ ਪੰਜਾਬਾਂ ਦੀ ਅਦਬੀ ਤੇ ਸਭਿਆਚਾਰਕ ਸਾਂਝ :** ਪਰਮਿੰਦਰਜੀਤ


Academy of the Punjab in North America - APNA: http://www.apnaorg.com



# ਪੰਜਾਬੀ ਭਾਸ਼ਾ ਕਦੇ ਨਹੀਂ ਮਰੇਗੀ

**ਜਨਮੇਜਾ ਸਿੰਘ ਜੌਹਲ**

> **ਬੋਲੀ ਦਾ ਜਨਮ ਕਿਸੇ ਜ਼ੁਗਰਾਫ਼ਿਆਈ ਖ਼ਿੱਤੇ ਦੀ ਦੇਣ ਵੀ ਹੁੰਦਾ ਹੈ ਅਤੇ ਉਸ ਤੋਂ ਵੀ ਅੱਗੇ ਉਸ ਖਿੱਤੇ ਵਿਚ ਖ਼ਾਸ ਕਿਸਮ ਦੇ ਜਨੇਟਿਕ ਸ਼ਕਲ ਵਾਲੇ ਲੋਕਾਂ ਨਾਲ ਜੁੜਿਆ ਵੀ ਹੁੰਦਾ ਹੈ। ਇੰਨ੍ਹਾਂ ਆਮ ਲੋਕਾਂ ਦੀ ਸਾਰੀ ਤਾਕਤ ਹੀ ਕਿਸੇ ਬੋਲੀ ਨੂੰ ਅੱਗੇ ਤੋਰਦੀ ਹੈ ਅਤੇ ਇਸ ਦੀ ਤਰੱਕੀ ਕਰਦੀ ਹੈ।**

ਪਿਛਲੇ ਕੁਝ ਸਮੇਂ ਤੋਂ ਹਰ ਪੰਜਾਬੀ ਇਸ ਗੱਲੋਂ ਚਿੰਤਾ ਵਿਚ ਹੈ ਕਿ ਕਿਤੇ ਆਉਣ ਵਾਲੇ ਸਮੇਂ ਵਿਚ ਪੰਜਾਬੀ ਭਾਸ਼ਾ ਖ਼ਤਮ ਨਾ ਹੋ ਜਾਵੇ। ਅਕਸਰ ਹੀ ਇਸ ਗੱਲ ਨੂੰ ਪ੍ਰਮਾਣਤ ਕਰਨ ਲਈ ਯੂਨੈਸਕੋ ਦੇ ਕਿਸੇ ਸਰਵੇ ਦਾ ਹਵਾਲਾ ਦਿੱਤਾ ਜਾਂਦਾ ਹੈ ਕਿ ਆਉਣ ਵਾਲੇ ਪੰਜਾਹ ਸਾਲਾਂ ਵਿਚ ਪੰਜਾਬੀ ਭਾਸ਼ਾ ਖ਼ਤਮ ਹੋ ਜਾਵੇਗੀ। ਨਾਲ ਦੀ ਨਾਲ ਇਹ ਵੀ ਕਿਹਾ ਜਾਂਦਾ ਹੈ ਕਿ ਸੰਸਾਰ ਦੀਆਂ 7000 ਭਾਸ਼ਾਵਾਂ ਵਿਚੋਂ ਹਰ ਰੋਜ਼ ਇੱਕ ਭਾਸ਼ਾ ਮਰ ਰਹੀ ਹੈ। ਜੇਕਰ ਹਰ ਰੋਜ਼ ਇਕ ਭਾਸ਼ਾ ਮਰ ਰਹੀ ਹੋਵੇ ਤਾਂ ਇਹ ਸਾਰੀਆਂ ਭਾਸ਼ਾਵਾਂ, 7000 ਤਕਸੀਮ 365, ਯਾਨੀ ਕਿ ਲਗਭਗ 20 ਸਾਲਾਂ ਦੇ ਵਿਚ ਹੀ ਖ਼ਤਮ ਹੋ ਜਾਣੀਆਂ ਚਾਹੀਦੀਆਂ ਹਨ। ਇਹਨਾਂ ਹਕੀਕਤਾਂ ਨੂੰ ਸੱਚ ਮੰਨਿਆਂ 50 ਸਾਲਾਂ ਤਕ ਭਾਸ਼ਾਵਾਂ ਦੋ ਵਾਰੀ ਮਰ ਕੇ ਫ਼ਿਰ ਜਨਮ ਲੈ ਚੁਕੀਆਂ ਹੋਣਗੀਆਂ।

ਦੂਜੀ ਹਕੀਕਤ ਇਹ ਮੰਨੀ ਜਾਂਦੀ ਹੈ ਕਿ ਇਹਨਾਂ 7000 ਭਾਸ਼ਾਵਾਂ ਵਿਚ ਪੰਜਾਬੀ ਭਾਸ਼ਾ ਦਾ ਤੇਹਰਵਾਂ ਅਸਥਾਨ ਹੈ। ਇਹ ਹਕੀਕਤ ਤਾਂ ਸਗੋਂ ਇਸ ਗੱਲ ਨੂੰ ਹੋਰ ਤਾਕਤ ਦਿੰਦੀ ਹੈ ਕਿ ਪੰਜਾਬੀ ਭਾਸ਼ਾ ਦਾ ਖ਼ਤਮ ਹੋਣਾ ਕੋਈ ਸੌਖੀ ਗੱਲ ਨਹੀਂ। ਜਿਵੇਂ ਸਾਰੇ ਜਾਣਦੇ ਹਨ ਕਿ ਭਾਰਤ ਵਿਚ ਫ਼ੁੱਟਬਾਲ ਖੇਡਿਆ ਜਾਂਦਾ ਹੈ। ਨਾ ਇਹ ਖ਼ਤਮ ਹੋਇਆ ਅਤੇ ਨਾ ਹੀ ਹੋਵੇਗਾ। ਪਰ ਫ਼ੁੱਟਬਾਲ ਵਿਚ ਸਾਡਾ 200 ਦੇਸ਼ਾਂ 'ਚੋਂ ਇੱਕ ਸੋ ਅਠਤਾਲੀਵਾਂ ਸਥਾਨ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਹਿਸਾਬ ਦੀਆਂ ਜਮਾਂਬੰਦੀਆਂ ਅਨੁਸਾਰ ਭਾਸ਼ਾ ਵਿਚ ਗਿਆਰ੍ਹਵਾਂ ਜਾਂ ਤੇਰ੍ਹਵਾਂ ਅਸਥਾਨ ਹੋਣਾ ਕਿਹੜਾ ਛੋਟੀ ਗੱਲ ਹੈ ਅਤੇ ਇੱਥੋਂ ਤਕ ਭਾਸ਼ਾਵਾਂ ਦਾ ਮਰਦੇ ਆਉਣਾ ਵੀ ਇਕ ਕੁਦਰਤੀ ਘਟਨਾ ਹੋਵੇਗੀ। ਜਿਹੜੇ ਲੋਕ ਬੋਲੀ


Academy of the Punjab in North America - APNA: http://www.apnaorg.com

ਦੇ ਵਧਾਅ ਅਤੇ ਵਿਕਾਸ ਨੂੰ ਨਹੀਂ ਸਮਝਦੇ ਉਹ ਹੀ ਇਹੋ ਜਿਹੀਆਂ ਗ਼ੈਰ-ਵਿਗਿਆਨਕ ਗੱਲਾਂ ਕਰ ਸਕਦੇ ਹਨ। ਭਾਸ਼ਾ ਸਿਰਫ਼ ਅੱਖ਼ਰ ਹੀ ਨਹੀਂ, ਜਾਂ ਫ਼ਿਰ ਲਫ਼ਜ਼ ਹੀ ਨਹੀਂ, ਜਾਂ ਫ਼ਿਰ ਸ਼ਬਦਾਂ ਤੋਂ ਬਣੇ ਵਾਕ ਹੀ ਨਹੀਂ ਹੁੰਦੀ, ਸਗੋਂ ਇਹ ਤਾਂ ਆਪਣੇ ਰੂਪ ਅਤੇ ਭਾਵਨਾਵਾਂ ਨਾਲ ਬੰਦਿਆਂ ਵਿਚ ਗੱਲਬਾਤ ਕਰਨ ਦੀ ਤਾਕਤ ਵੀ ਰੱਖਦੀ ਹੈ। ਬੋਲੀ ਦਾ ਜਨਮ ਕਿਸੇ ਜੁਗਰਾਫ਼ਿਆਈ ਖ਼ਿੱਤੇ ਦੀ ਦੇਣ ਵੀ ਹੁੰਦਾ ਹੈ ਅਤੇ ਉਸ ਤੋਂ ਵੀ ਅੱਗੇ ਉਸ ਖਿੱਤੇ ਵਿਚ ਖ਼ਾਸ ਕਿਸਮ ਦੇ ਜੈਨੇਟਿਕ ਸ਼ਕਲ ਵਾਲੇ ਲੋਕਾਂ ਨਾਲ ਜੁੜਿਆ ਵੀ ਹੁੰਦਾ ਹੈ। ਇੰਨ੍ਹਾਂ ਆਮ ਲੋਕਾਂ ਦੀ ਸਾਰੀ ਤਾਕਤ ਹੀ ਕਿਸੇ ਬੋਲੀ ਨੂੰ ਅੱਗੇ ਤੋਰਦੀ ਹੈ ਅਤੇ ਇਸ ਦੀ ਤਰੱਕੀ ਕਰਦੀ ਹੈ।

21ਵੀਂ ਸਦੀ ਵਿਚ ਆ ਕੇ ਮਨੁੱਖਾਂ ਦੀਆਂ ਵੱਖ-ਵੱਖ ਕਿਸਮਾਂ ਆਪਸ ਵਿਚ ਰਚਮਿਚ ਰਹੀਆਂ ਹਨ ਅਤੇ ਦੁਨੀਆ ਵਿਚ ਨੇੜਤਾ ਪੈਦਾ ਕਰ ਰਹੀਆਂ ਹਨ। ਨੇੜਤਾ ਤੋਂ ਮੇਰਾ ਮਤਲਬ ਹੈ ਕਿ ਲੋਕਾਂ ਦੀ ਸੋਚ ਅਤੇ ਰਹਿਣ ਸਹਿਣ ਦੇ ਢੰਗ ਜਾਂ ਜੀਵਨ ਜਾਚ ਵਿਚ ਸਮਾਨਤਾ ਆ ਰਹੀ ਹੈ ਅਤੇ ਇਹ ਇੱਕੋ ਜਿਹੇ ਹੁੰਦੇ ਜਾ ਰਹੇ ਹਨ। ਜਿੱਥੇ ਇਕ ਮੂਲ ਦੇ ਲੋਕ ਦੂਸਰੇ ਮੂਲ ਦੇ ਲੋਕਾਂ ਬਾਰੇ ਜਾਣਕਾਰੀ ਰੱਖਣ ਲੱਗ ਪਏ ਹਨ ਉੱਥੇ ਉਹ ਉਹਨਾਂ ਦੀਆਂ ਭਾਸ਼ਾਵਾਂ, ਪਹਿਰਾਵੇ ਅਤੇ ਖਾਣ-ਪੀਣ ਨਾਲ ਸਾਂਝ ਵੀ ਵਧਾਉਣ ਲੱਗ ਪਏ ਹਨ। ਮਨੁੱਖ ਦੀ ਮੁੱਢਲੀ ਸੋਚ ਵਿਚ ਇਹ ਸ਼ਾਮਲ ਹੈ ਕਿ ਹਰ ਕੰਮ ਨੂੰ ਸੌਖੇ, ਸਸਤੇ ਅਤੇ ਸਰਲ ਤਰੀਕੇ ਨਾਲ ਕਰ ਲਿਆ ਜਾਵੇ। ਇਸੇ ਲਈ ਉਹ ਦੂਜੇ ਮੂਲ ਦੇ ਲੋਕਾਂ ਤੋਂ ਸ਼ਬਦ, ਕਪੜੇ ਅਤੇ ਭੋਜਨ ਮੰਗ ਲੈਂਦਾ ਹੈ ਜਾਂ ਅਪਨਾਅ ਲੈਂਦਾ ਹੈ ਜੋ ਉਸ ਨੂੰ ਅਸਾਨੀ ਨਾਲ ਵਰਤਣੇ, ਸਮਝਣੇ ਅਤੇ ਪਚਾਉਣੇ ਸੌਖੇ ਲੱਗਦੇ ਹੋਣ। ਇਹੋ ਕਾਰਨ ਹੈ ਕਿ ਦੁਨੀਆ ਦੀਆਂ 7000-8000 ਕੌਮਾਂ ਨੂੰ ਆਪਣੀਆਂ ਆਪਣੀਆਂ ਭਾਸ਼ਾਵਾਂ ਲਈ ਖ਼ਤਰਾ ਪੈਦਾ ਹੋਇਆ ਮਹਿਸੂਸ ਹੋ ਰਿਹਾ ਹੈ।

> **ਸਮੇਂ ਦੇ ਬੀਤਣ ਨਾਲ ਪੰਜਾਬੀ ਵਿਚ ਕੰਪਿਊਟਰ ਦੇ ਖੋਜੀਆਂ ਨੇ ਬਹੁਤ ਮੱਲਾਂ ਮਾਰੀਆਂ ਹਨ। ਫ਼ੌਂਟਸ ਦਾ ਇੱਕਠ, ਪੰਜਾਬੀ ਸਪੈੱਲ ਚੈੱਕ, ਪੰਜਾਬੀ ਓ.ਸੀ.ਆਰ., ਪੰਜਾਬੀ ਕ੍ਰਮਅੰਕ ਪ੍ਰੋਗਰਾਮ, ਪੰਜਾਬੀ ਡੈਟਾ ਬੇਸ, ਪੰਜਾਬੀ ਲਿੱਪੀਅੰਤਰ, ਪੰਜਾਬੀ ਅੱਖਰ ਬੋਧ, ਪੰਜਾਬੀ ਅੱਖਰ ਐਨੀਮੇਸ਼ਨ, ਪੰਜਾਬੀ ਬੋਲਚਾਲ ਆਦਿ ਦੇ ਸੈਂਕੜੇ ਪ੍ਰੋਗਰਾਮ ਬਣਾ ਲਏ ਹਨ।**

ਇਸ ਤੋਂ ਇਲਾਵਾ ਵੀਹਵੀਂ ਸਦੀ ਦੇ ਅੱਧ ਤੋਂ ਕੰਪਿਊਟਰ ਦੀ ਵਿਕਸਤ ਹੋਈ ਖੋਜ ਨੇ ਦੁਨੀਆ ਦੇ ਇਸ ਰਲੇਵੇਂ ਵਿਚ ਆਪਣਾ ਹਿੱਸਾ ਪਾਇਆ ਹੈ। ਚਾਰ ਕੁ ਦਹਾਕੇ ਤਾਂ ਲੋਕੀ ਕੰਪਿਊਟਰ ਦੇ ਕਾਰਨਾਮਿਆਂ ਤੋਂ ਹੈਰਾਨ ਹੀ ਹੁੰਦੇ ਰਹੇ। ਉਹਨਾਂ ਨੂੰ ਇਹ ਪਹੁੰਚੋਂ ਬਾਹਰੀ ਵਸਤੂ ਲੱਗਦੀ ਰਹੀ। ਉਹਨਾਂ ਨੂੰ ਇਸ ਤਰ੍ਹਾਂ ਲੱਗਦਾ ਰਿਹਾ ਜਿਵੇਂ ਬਹੁਤ ਵੱਡੇ ਵਿਦਵਾਨ ਨਾਲ ਅਗਿਆਨੀ ਦਾ ਵਾਹ ਪੈ ਗਿਆ ਹੋਵੇ। ਪਰ ਸੰਨ



Academy of the Punjab in North America - APNA: http://www.apnaorg.com

> **ਜਿਹੜੀ ਕੌਮ ਆਪਣੀਆਂ ਭਾਸ਼ਾਈ ਲੋੜਾਂ ਪ੍ਰਤੀ ਸੁਚੇਤ ਹੋ ਚੁੱਕੀ ਹੋਵੇ ਉਸ ਨੂੰ ਅਜੋਕਾ ਕੀ, ਆਉਣ ਵਾਲੇ ਯੁੱਗ ਦਾ ਕੰਪਿਊਟਰ ਵੀ ਮਾਰ ਨਹੀਂ ਸਕਦਾ, ਸਗੋਂ ਵਿਕਸਤ ਹੀ ਕਰੇਗਾ।**

1990 ਤੋਂ ਬਾਅਦ ਹੋਰਨਾਂ ਵਾਂਗ ਪੰਜਾਬੀ ਕੌਮ ਦੀ ਨਵੀਂ ਪੀੜ੍ਹੀ ਨੇ ਇਸ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ। ਦਸਾਂ ਸਾਲਾਂ ਦੇ ਵਿਚ-ਵਿਚ ਹੀ ਕੰਪਿਊਟਰ ਪੰਜਾਬ ਦੇ ਹਰ ਨੌਜਵਾਨ ਦੀ ਸੋਚ ਦਾ ਅਹਿਮ ਹਿੱਸਾ ਬਣ ਚੁੱਕਾ ਸੀ। ਪੰਜਾਬੀ ਦੇ ਅੱਧੀ ਉਮਰ ਲੰਘਾ ਚੁੱਕੇ ਵਿਦਵਾਨਾਂ, ਖੋਜੀਆਂ ਅਤੇ ਲੇਖਕਾਂ ਨੂੰ ਕੰਪਿਊਟਰ ਕੋਲੋਂ ਡਰ ਲੱਗਣ ਲੱਗ ਪਿਆ ਅਤੇ ਉਹ ਇਸ ਨੂੰ ਭਾਸ਼ਾ ਦੇ ਲਈ, ਖ਼ਾਸ ਕਰਕੇ ਪੰਜਾਬੀ ਭਾਸ਼ਾ ਲਈ, ਵੱਡਾ ਖਤਰਾ ਮੰਨਣ ਲੱਗ ਪਏ ਕਿਉਂਕਿ ਉਹ ਕੰਪਿਊਟਰ ਦਾ ਕੰਮ ਕਰਨ ਦੇ ਤਰੀਕੇ ਅਤੇ ਤਰੱਕੀ ਦੀ ਦਰ ਨੂੰ ਚੰਗੀ ਤਰ੍ਹਾਂ ਨਹੀਂ ਸਨ ਸਮਝਦੇ। ਇਸੇ ਲਈ ਉਹਨਾਂ ਖੇਤਰੀ ਭਾਸ਼ਾਵਾਂ ਨੂੰ, ਜਿਨ੍ਹਾਂ ਵਿਚ ਪੰਜਾਬੀ ਵੀ ਹੈ, ਵੱਡਾ ਅਤੇ ਬੇਰੋਕ ਖ਼ਤਰਾ ਸਮਝਦੇ ਹੋਏ ਖੇਤਰੀ ਭਾਸ਼ਾਵਾਂ ਦੇ ਮਰਨ ਦਾ ਤੌਖਲਾ ਤੇ ਵਵੈਲਾ ਖੜ੍ਹਾ ਕਰ ਦਿੱਤਾ ਜੋ ਕਾਫ਼ੀ ਹੱਦ ਤਕ ਅਜੇ ਵੀ ਮੌਜੂਦ ਹੈ।

ਕੰਪਿਊਟਰ ਕੋਈ ਰੱਬ ਦੀ ਬਣਾਈ ਬੰਦੇ ਵਰਗੀ ਚੀਜ਼ ਨਹੀਂ ਜੋ ਆਪੇ ਸੋਚਦੀ ਅਤੇ ਕੰਮ ਕਰਦੀ ਹੈ। ਇਸ ਤੋਂ ਕੰਮ ਲਿਆ ਜਾ ਸਕਦਾ ਹੈ, ਇਹ ਅਪਣੇ ਆਪ ਕੰਮ ਨਹੀਂ ਕਰ ਸਕਦੀ। ਕੰਪਿਊਟਰ ਤਾਂ ਇਕ ਮਜ਼ਦੂਰ ਦੀ ਕਹੀ ਵਾਂਗ ਹੈ, ਕਿਸਾਨ ਦੇ ਹਲ ਵਾਂਗ ਹੈ ਜਾਂ ਫ਼ਿਰ ਲੇਖਕ ਦੀ ਕਲਮ ਵਾਂਗ ਹੈ। ਜਿਸ ਨੂੰ ਸਮਝ ਨਾਲ ਚਲਾਉਣੀ ਨਹੀਂ ਆਉਂਦੀ ਉਹ ਜਾਂ ਆਪ ਸੱਟ ਖਾ ਬਹਿੰਦਾ ਏ ਜਾਂ ਕਿਸੇ ਹੋਰ ਨੂੰ ਜ਼ਖ਼ਮੀ ਕਰ ਦਿੰਦਾ ਹੈ। ਕੰਪਿਊਟਰ ਦੇ ਪ੍ਰੋਗਰਾਮਰਾਂ ਨੇ ਰਲ ਮਿਲ ਕੇ ਕਿਸੇ ਵਿਸ਼ੇ ਨੂੰ ਸਮਝ ਕੇ ਜਾਂ ਘੋਖ ਕੇ ਪ੍ਰੋਗਰਾਮ ਤਿਆਰ ਕੀਤਾ ਹੁੰਦਾ ਹੈ। ਉਸ ਨੂੰ ਜਦੋਂ ਕੋਈ ਇਕੱਲਾ ਬੰਦਾ ਵਰਤਦਾ ਹੈ ਤਾਂ ਉਹ ਪ੍ਰੋਗਰਾਮਰਾਂ ਦੀ ਇੱਕਠੀ ਅਕਲ ਵਰਤ ਰਿਹਾ ਹੁੰਦਾ ਹੈ। ਕੰਪਿਊਟਰ ਦੀ ਆਪਣੀ ਕੋਈ ਅਕਲ ਨਹੀਂ ਹੁੰਦੀ। ਕੰਪਿਊਟਰ ਦੇ ਇਹ ਪ੍ਰੋਗਰਾਮ ਸਮੇਂ ਨਾਲ ਸੁਧਾਰ ਦਿੱਤੇ ਜਾਂਦੇ ਹਨ ਜਾਂ ਉਹਨਾਂ ਵਿਚ ਲੋੜ ਅਨੁਸਾਰ ਵਾਧਾ-ਘਾਟਾ ਕੀਤਾ ਜਾਂਦਾ ਹੈ। ਇਸ ਪ੍ਰਕ੍ਰਿਆ ਦਾ ਸਾਫ਼ ਤੇ ਸਪੱਸ਼ਟ ਕਾਰਨ ਮਨੁੱਖ ਦੀ ਸੋਚ ਵਿਚ ਵਾਧਾ ਹੋਣਾ ਹੈ। 1990 ਤੋਂ ਪਹਿਲਾਂ ਹੀ ਕੰਪਿਊਟਰ ਤੇ ਪੰਜਾਬੀ ਵਿਚ ਕੰਮ ਕਰਨ ਦੀ ਲੋੜ ਪੈਣੀ ਸ਼ੁਰੂ ਹੋ ਗਈ ਸੀ। ਉਸ ਸਮੇਂ ਅਖ਼ਬਾਰਾਂ ਜਾਂ ਹੋਰ ਲੋਕਾਂ ਨੂੰ ਪੰਜਾਬੀ ਫ਼ੌਂਟ 90-90 ਹਜ਼ਾਰ ਦੀ ਮਿਲਦੀ ਰਹੀ। ਪੰਜਾਬੋਂ ਬਾਹਰ ਦੀਆਂ ਕੰਪਨੀਆਂ ਨੇ ਬਹੁਤ ਪੈਸੇ ਕਮਾਏ। 1990 ਵਿਚ, ਮੈਨੂੰ ਯਾਦ ਹੈ, ਮੈਂ ਵੀ ਪੰਜਾਬੀ ਫ਼ੌਂਟ 21 ਹਜ਼ਾਰ ਦੀ ਖ਼ਰੀਦੀ ਸੀ। 1992 ਵਿਚ ਮੈਂ ਖ਼ੁਦ ਪੰਜਾਬੀ ਦਾ ਫ਼ੌਂਟ ਬਣਾ ਕੇ ਬਿਨਾਂ ਕਿਸੇ ਸਿਕਿਉਰਿਟੀ ਦੇ ਲੋਕਾਂ ਨੂੰ ਵੰਡਣਾ ਸ਼ੁਰੂ ਕਰ ਦਿੱਤਾ ਸੀ।

ਇਸੇ ਸਮੇਂ ਦੌਰਾਨ ਹੀ ਕੁਝ ਹੋਰ ਲੋਕਾਂ ਵਿਚੋਂ ਡਾ· ਥਿੰਦ ਯੂ·ਐਸ·ਏ· ਵਾਲਿਆਂ ਦਾ ਕੰਮ ਸਲਾਹੁਣਯੋਗ ਹੈ। ਪਰ ਕਿਉਂਕਿ ਉਹਨਾਂ ਦਾ ਜ਼ਿਆਦਾ ਰੁਝਾਨ ਗੁਰਬਾਣੀ ਪੜ੍ਹਨ ਵੱਲ ਸੀ ਇਸ ਲਈ ਉਹਨਾਂ ਵੱਲੋਂ ਬਣਾਏ ਸੁੰਦਰ ਫ਼ੌਂਟਸ ਨੂੰ ਛਾਪੇ ਖ਼ਾਨੇ ਦੀਆਂ ਜ਼ਰੂਰਤਾਂ ਅਨੁਸਾਰ ਨਹੀਂ ਸੀ ਵਰਤਿਆ ਜਾ ਸਕਦਾ। ਸਾਰੇ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਸਤਲੁਜ ਅਤੇ ਰਣਜੀਤ ਪਾਸਵਰਡ ਵਾਲੇ ਫ਼ੌਂਟਸ ਚਲਦੇ ਸਨ ਅਤੇ ਮਕਬੂਲ ਸਨ। ਇਸ ਦਾ ਕੀ-ਬੋਰਡ ਪੁਰਾਣੀ ਰਮਿੰਗਟਨ ਟਾਈਪ ਮਸ਼ੀਨ ਅਨੁਸਾਰ



Academy of the Punjab in North America - APNA: http://www.apnaorg.com

ਸੀ। ਜਿੰਨੇ ਵੀ ਪੰਜਾਬੀ ਦੇ ਟਾਈਪਿੰਗ ਸਕੂਲ, ਚਾਹੇ ਉਹ ਪ੍ਰਾਈਵੇਟ ਸਨ ਜਾਂ ਭਾਸ਼ਾ ਵਿਭਾਗ ਦੁਆਰਾ ਚਲਾਏ ਜਾਂਦੇ ਸਨ, ਉੱਥੇ ਰਮਿੰਗਟਨ ਕੀ-ਬੋਰਡ ਦੁਆਰਾ ਹੀ ਪੰਜਾਬੀ ਸਿਖਾਈ ਜਾਂਦੀ ਸੀ। ਇਸੇ ਤਰ੍ਹਾਂ ਪੰਜਾਬ ਦੇ ਹਜ਼ਾਰਾਂ ਸਰਕਾਰੀ ਦਫ਼ਤਰਾਂ ਵਿਚ ਅਤੇ ਸੈਂਕੜੇ ਪ੍ਰਾਈਵੇਟ ਦਫ਼ਤਰਾਂ ਵਿਚ ਰਮਿੰਗਟਨ ਕੀ-ਬੋਰਡ ਤੇ ਸਿੱਖੇ ਹੋਏ ਲੱਖਾਂ ਲੋਕ ਪੰਜਾਬੀ ਟਾਈਪ ਦਾ ਕੰਮ ਕਰਦੇ ਸਨ। ਇਸ ਲਈ ਮੇਰੇ ਮਨ ਵਿਚ ਆਈ ਕਿ ਕਿਉਂ ਨਾ ਸਤਲੁਜ ਵਰਗੀ ਫ਼ੌਂਟ ਬਣਾ ਕੇ ਉਸ ਨੂੰ ਬਿਨਾਂ ਕਿਸੇ ਪਾਸਵਰਡ ਦੇ ਜਾਰੀ ਕਰਕੇ ਲੱਖਾਂ ਲੋਕਾਂ ਨੂੰ ਟਾਈਪਰਾਈਟਰਾਂ ਤੋਂ ਕੰਪਿਊਟਰਾਂ ਉੱਤੇ ਕੰਮ ਕਰਨ ਜੋਗਾ ਬਣਾ ਦਿੱਤਾ ਜਾਵੇ। ਮੈਨੂੰ ਅੰਦਾਜ਼ਾ ਸੀ ਕੇ ਆਉਣ ਵਾਲੇ ਸਮੇਂ ਵਿਚ ਕੰਪਿਊਟਰ ਨੇ ਇਹਨਾਂ ਟਾਈਪਰਾਈਟਰਾਂ ਦੀ ਥਾਂ ਲੈ ਲੈਣੀ ਹੈ। ਇਹਨਾਂ ਅੱਧਖੜ ਟਾਈਪਿਸਟਾਂ ਨੂੰ ਨਵਾਂ ਕੀ-ਬੋਰਡ ਸਿਖਾਉਣਾ ਬੜਾ ਔਖਾ ਹੋਵੇਗਾ। ਇਸ ਦਾ ਸਭ ਤੋਂ ਵੱਡਾ ਲਾਜਿਕ ਕਿਯੂ, ਡਬਲਿਯੂ, ਈ, ਆਰ ਤੋਂ ਮਿਲਿਆ ਕਿ ਜਦੋਂ ਕੰਪਿਊਟਰ ਦੇ ਖੋਜਕਾਰਾਂ ਨੇ ਟਾਈਪਰਾਈਟਰ ਨੂੰ ਕੰਪਿਊਟਰ ਵਿਚ ਤਬਦੀਲ ਕੀਤਾ ਤਾਂ ਉਹਨਾ ਦੇ ਮਨ ਵਿਚ ਵੀ ਆਇਆ ਸੀ ਕਿਉਂ ਨਾ ਇਸ ਕੰਪਿਊਟਰ ਦੇ ਕੀ-ਬੋਰਡ ਨੂੰ ਸਿੱਧਾ ਏ, ਬੀ, ਸੀ, ਡੀ ਬਣਾ ਦਿੱਤਾ ਜਾਵੇ। ਪਰ ਉਹਨਾਂ ਟੈਕਨੀਕਲ ਇਕੱਠ ਵਿਚ ਇਹ ਫ਼ੈਸਲਾ ਲਿਆ ਕੇ ਜੇਕਰ ਅਸੀਂ ਇਹਨਾਂ ਸਿੱਖੇ ਹੋਏ ਹਜ਼ਾਰਾਂ-ਲੱਖਾਂ ਲੋਕਾਂ ਨੂੰ ਕੰਪਿਊਟਰ ਦੇ ਨਵੇਂ ਅਤੇ ਸਿੱਧੇ ਕੀ-ਬੋਰਡ ਤੇ ਤਬਦੀਲ ਕਰ ਦਿੱਤਾ ਤਾਂ ਇਹਨਾਂ ਨੇ ਸੁਭਾਅ ਅਨੁਸਾਰ ਇਹ ਜਿੰਨੀ ਤੇਜ਼ੀ ਨਾਲ ਟਾਈਪ ਕਰਦੇ ਹਨ, ਉਹ ਸਪੀਡ ਬਹੁਤ ਘੱਟ ਜਾਵੇਗੀ ਅਤੇ ਗਲਤੀਆਂ ਵੀ ਵਧ ਜਾਣਗੀਆਂ। ਹੋ ਸਕਦਾ ਹੈ ਇਹ ਲੋਕ ਮਾਨਸਿਕ ਤੌਰ ਤੇ ਵੀ ਪਰੇਸ਼ਾਨ ਹੋ ਜਾਣ। ਇਸ ਤਰ੍ਹਾਂ ਇਸ ਸਮਾਜਿਕ ਤੇ ਮਾਨਸਿਕ ਉਥਲ-ਪੁਥਲ ਤੋਂ ਬਚਣ ਲਈ ਉਸ ਕਮੇਟੀ ਨੇ ਇਹੀ ਫ਼ੈਸਲਾ ਕੀਤਾ ਕਿ ਅੰਗਰੇਜ਼ੀ ਦੇ ਟਾਈਪਰਾਇਟਰ ਵਾਲਾ ਕੀ-ਬੋਰਡ ਕੰਪਿਊਟਰ ਤੇ ਰੱਖ ਲਿਆ ਜਾਵੇ। ਮੇਰੇ ਜ਼ਹਿਨ ਵਿਚ ਵੀ ਪੰਜਾਬੀ ਲਈ ਇਹੋ ਜਿਹਾ ਹੀ ਖਿਆਲ ਸੀ। ਹੋ ਸਕਦਾ ਹੈ ਕਿ ਮੈਂ ਗਲਤ ਹੋਵਾਂ। ਪਰ ਇਸ ਦੇ ਚੰਗੇ ਨਤੀਜੇ ਨਿਕਲੇ ਅਤੇ ਪੰਜਾਬੀ ਦੇ ਛਾਪੇਖਾਨਿਆਂ ਅਤੇ ਡਿਜ਼ਾਈਨਰਾਂ ਨੇ ਮੇਰੀ ਫ਼ੌਂਟ ਸਮੇਤ 250 ਫ਼ੌਂਟਸ ਨੂੰ, ਜੋ ਹੋਰਨਾਂ ਲੋਕਾਂ ਵੱਲੋਂ ਵੀ ਤਿਆਰ ਕੀਤੀਆਂ ਗਈਆਂ ਸਨ, ਆਪਣੇ ਕਿੱਤੇ ਦਾ ਹਿੱਸਾ ਬਣਾ ਲਿਆ।

ਇਹ ਤਾਂ ਸੀ ਇਕ ਲੋੜ ਦੀ ਗੱਲ ਸਮੇਂ ਦੇ ਬੀਤਣ ਨਾਲ ਪੰਜਾਬੀ ਵਿਚ ਕੰਪਿਊਟਰ ਦੇ ਖੋਜੀਆਂ ਨੇ ਬਹੁਤ ਮੱਲਾਂ ਮਾਰੀਆਂ ਹਨ। ਫ਼ੌਂਟਸ ਦਾ ਇੱਕਠ, ਪੰਜਾਬੀ ਸਪੈੱਲ ਚੈੱਕ, ਪੰਜਾਬੀ ਓ·ਸੀ·ਆਰ·, ਪੰਜਾਬੀ ਕ੍ਰਮਅੰਕ ਪ੍ਰੋਗਰਾਮ, ਪੰਜਾਬੀ ਡੈਟਾ ਬੇਸ, ਪੰਜਾਬੀ ਲਿੱਪੀਅੰਤਰ, ਪੰਜਾਬੀ ਅੱਖਰ ਬੋਧ, ਪੰਜਾਬੀ ਅੱਖਰ ਐਨੀਮੇਸ਼ਨ, ਪੰਜਾਬੀ ਬੋਲਚਾਲ ਆਦਿ ਦੇ ਸੈਂਕੜੇ ਪ੍ਰੋਗਰਾਮ ਬਣਾ ਲਏ ਹਨ। ਇਹ ਸਭ ਇਸੇ ਕਰਕੇ ਹੋਇਆ ਕਿ ਪੰਜਾਬੀ ਕੌਮ ਨੇ ਜਾਂ ਪੰਜਾਬੀਆਂ ਨੇ ਆਪਣੀ ਕੰਮ ਕਰਨ ਦੀ ਲੋੜ ਅਤੇ ਭਾਸ਼ਾ ਦੀ ਵਰਤੋਂ ਬਾਰੇ ਚਿੰਤਾ ਨਾਲ ਸੋਚਣਾ ਅਤੇ ਸਾਧਨ ਲੱਭਣੇ ਸ਼ੁਰੂ ਕਰ ਦਿੱਤੇ ਸਨ। ਕੰਪਿਊਟਰ ਤੋਂ ਹੋਰ ਕੰਮ ਲੈਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੀ ਸੋਚ ਤੇ ਸਮਝ ਨੂੰ ਨਿਖਾਰਦੇ ਜਾਈਏ।

ਅੱਜ ਹਿੰਦੁਸਤਾਨ ਵਿਚ ਖੋਜ ਲਈ ਪੈਸਾ ਯੂਨੀਵਰਸਿਟੀਆਂ ਨੂੰ ਹੀ ਮਿਲਦਾ ਹੈ, ਚਾਹੇ ਉਹ ਪੰਜਾਬੀ ਯੂਨੀਵਰਸਿਟੀ ਜਾਂ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਜਾਂ ਫ਼ਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੋਵੇ। ਹਿੰਦੁਸਤਾਨ ਦੀ ਕਿਸੇ ਵੀ ਸੰਸਥਾ ਵੱਲੋਂ ਉਹਨਾਂ ਲੋਕਾਂ ਨੂੰ, ਜੋ ਯੂਨੀਵਰਸਿਟੀਆਂ ਤੋਂ ਬਾਹਰ ਖੋਜਾਂ ਕਰਦੇ ਹਨ ਜਾਂ ਉਹਨਾਂ ਕੋਲ ਨਵੇਂ-ਨਵੇਂ ਖ਼ਿਆਲ ਹਨ, ਪੈਸਾ ਨਹੀਂ ਦਿੱਤਾ ਜਾਂਦਾ। ਕਿਸੇ ਹੱਦ ਤਕ ਯੂਨੀਵਰਸਿਟੀਆਂ ਵੀ ਪੰਜਾਬੀ ਦੇ ਵਿਕਾਸ ਵਿਚ ਖੋਜ ਕਰਦੇ ਲੋਕਾਂ ਲਈ ਅੜਚਨ ਬਣਦੀਆਂ ਹਨ। ਜਿਵੇਂ ਪੰਜਾਬੀ ਯੂਨੀਵਰਸਿਟੀ ਦੀ ਉਦਾਹਰਣ ਲੈ ਲਈਏ ਕਿ ਲੋਕਾਂ ਕੋਲੋਂ ਟੈਕਸਾਂ



Academy of the Punjab in North America - APNA: http://www.apnaorg.com

ਰਾਹੀਂ ਉਗਰਾਹ ਕੇ ਸਰਕਾਰ ਵੱਲੋਂ ਯੂਨੀਵਰਸਿਟੀ ਨੂੰ ਪੰਜਾਬੀ ਉੱਤੇ ਖੋਜ ਕਰਨ ਲਈ ਪੈਸਾ ਦਿੱਤਾ ਜਾਂਦਾ ਹੈ। ਇਸ ਪੈਸੇ ਨਾਲ ਜੇ ਜ਼ਿਆਦਾ ਉਦਾਹਰਣਾਂ ਨਾ ਵੀ ਦੇਈਏ ਤਾਂ ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ-ਉਰਦੂ ਕਨਵਰਟਰ ਬਣਾਇਆ, ਜੋ ਉਹ ਕੀਮਤ ਰੱਖ ਕੇ ਵੇਚ ਰਹੀ ਹੈ। ਘੱਟੋ ਘੱਟ ਇਸ ਪ੍ਰੋਗਰਾਮ ਨੂੰ ਯੂਨੀਵਰਸਿਟੀ ਲੋਕਾਂ ਲਈ ਫ਼੍ਰੀ ਕਰ ਦੇਵੇ ਤਾਂ ਪੰਜਾਬੀ ਤੇ ਸ਼ਾਹਮੁਖੀ ਵਿਚ ਪੰਜਾਬੀ ਸਾਹਿਤ ਦਾ ਅਤੇ ਪੰਜਾਬੀ ਭਾਸ਼ਾ ਦਾ ਵਿਕਾਸ ਬਹੁਤ ਵਧ ਸਕਦਾ ਹੈ। ਇਸੇ ਨਾਲ ਹੀ ਯੂਨੀਵਰਸਿਟੀਆਂ ਹੋਰਨਾਂ ਲੋਕਾਂ ਨਾਲ ਜੋ ਕੰਪਿਊਟਰ ਤੇ ਪੰਜਾਬੀ ਲਈ ਪ੍ਰੋਗਰਾਮ ਵਿਕਸਿਤ ਕਰ ਰਹੇ ਹਨ, ਸੰਧੀ ਕਰਕੇ ਚੰਗੇ ਪ੍ਰੋਗਰਾਮ ਮੁਫ਼ਤ ਜਾਰੀ ਕਰ ਸਕਦੀਆਂ ਹਨ। ਅਗਰ ਇਸ ਵਿਚਾਰਧਾਰਾ ਉੱਤੇ ਗੌਰ ਕੀਤਾ ਜਾਵੇ, ਤਾਂ ਇਹ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਹੁਤ ਕਾਰਗਰ ਕਦਮ ਹੋਵੇਗਾ।

ਇਸ ਲੇਖ ਦੀ ਆਖ਼ਰੀ ਗੱਲ, ਪਰ ਅਸਲੋਂ ਆਖ਼ਰੀ ਨਹੀਂ, ਕਿ ਜਿਸ ਭਾਸ਼ਾ ਕੋਲ ਆਪਣੀ ਵਿਕਸਿਤ ਕੀਤੀ ਲਿਪੀ ਹੋਵੇ, ਸਦੀਆਂ ਪੁਰਾਣੇ ਇਲਮ ਨਾਲ ਭਰੇ ਗ੍ਰੰਥ ਹੋਣ, ਸਾਹਿਤ ਦੀਆਂ ਰਮਜ਼ਾਂ ਭਰੀਆਂ ਰਚਨਾਵਾਂ ਦੇ ਅਥਾਹ ਭੰਡਾਰ ਹੋਣ, ਸਾਰੀ ਦੁਨੀਆ ਵਿਚ ਪੰਜਾਬੀ ਕੌਮ ਦੇ ਬੰਦੇ ਆਪਣਾ ਡੰਕਾ ਵਜਾ ਰਹੇ ਹੋਣ, ਮਾਈਕਰੋ-ਸਾਫ਼ਟ, ਐਡੋਬ, ਕੋਰਲ ਵਰਗੀਆਂ ਵੱਡੀਆਂ ਕੰਪਨੀਆਂ ਵਿਚ ਮੂਲ ਪ੍ਰੋਗਰਾਮਰ ਪੰਜਾਬੀ ਹੋਣ, (ਪੰਜਾਬੀਆਂ ਦੀਆਂ ਇਸ ਵਕਤ ਕੰਪਿਊਟਰ ਦੇ ਸੌਫ਼ਟਵੇਅਰ ਅਤੇ ਹਾਰਡਵੇਅਰ ਦੀਆਂ ਹਜ਼ਾਰਾਂ ਕੰਪਨੀਆਂ ਹਨ) ਸਭ ਤੋਂ ਵੱਡੀ ਗੱਲ ਜਿਹੜੀ ਕੌਮ ਆਪਣੀਆਂ ਭਾਸ਼ਾਈ ਲੋੜਾਂ ਪ੍ਰਤੀ ਸੁਚੇਤ ਹੋ ਚੁੱਕੀ ਹੋਵੇ ਉਸ ਨੂੰ ਅਜੋਕਾ ਕੀ, ਆਉਣ ਵਾਲੇ ਯੁੱਗ ਦਾ ਕੰਪਿਊਟਰ ਵੀ ਮਾਰ ਨਹੀਂ ਸਕਦਾ, ਸਗੋਂ ਵਿਕਸਤ ਹੀ ਕਰੇਗਾ।





Academy of the Punjab in North America - APNA: http://www.apnaorg.com



# ਕਥਾ ਬਰੈਡਲਾ ਹਾਲ ਤੇ ਉਸਦੇ ਵਸਨੀਕਾਂ ਦੀ

## ਅਹਿਮਦ ਸਲੀਮ

'ਲਹੌਰ, ਨਿਰੋਲ ਮੁਸਲਮਾਨਾਂ ਦਾ ਸ਼ਹਿਰ ਸੀ ਤੇ ਹੈ'- ਇਹ ਗੱਲ ਇਕ ਵੱਡੇ ਅੰਗਰੇਜ਼ੀ ਅਖ਼ਬਾਰ ਨੇ ਮੇਰੀ ਅੰਗਰੇਜ਼ੀ ਕਿਤਾਬ 'ਲਾਹੌਰ 1947' ਬਾਰੇ ਤਬਸਰਾ ਕਰਦੇ ਹੋਏ ਲਿਖੀ। ਤਬਸਰਾਕਾਰ ਨੇ ਕਿਤਾਬ ਵਿਚ ਹਿੰਦੂ ਤੇ ਸਿਖ ਲਹੌਰੀਆਂ ਦੀਆਂ ਕਹਾਣੀਆਂ ਨੂੰ ਜਿਵੇਂ ਵੇਖਿਆ ਹੀ ਨਾ ਹੋਵੇ। ਇਹ ਗੱਲ ਜੇ ਕਿਸੇ ਫ਼ੋਕੇ ਮਾਨ ਪਾਰੋਂ ਆਖੀ ਜਾਵੇ ਤਾਂ ਏਨੀ ਮਾੜੀ ਗੱਲ ਨਹੀਂ ਪਰ ਇਹ ਗੱਲ ਕਰਨ ਵਾਲੇ ਨੂੰ ਜਿਵੇਂ ਖਿਝ ਚੜ੍ਹੀ ਹੋਵੇ। 1947 ਈ. ਤੋਂ ਪਹਿਲਾਂ ਦੀ ਗੱਲ ਛੱਡੋ। 21 ਮਾਰਚ 2008 ਨੂੰ ਲਹੌਰ ਵਿਚ ਇਕੋ ਦਿਨ ਚਾਰ ਮਜ਼੍ਹਬੀ ਤਿਉਹਾਰ ਹੋਏ। ਪਾਰਸੀ ਤੇ ਬਹਾਈ ਨੌਰੋਜ਼ੀ ਨਵੇਂ ਸਾਲ ਦੇ ਦਿਹਾੜੇ ਦਾ ਜਸ਼ਨ ਮਨਾ ਰਹੇ ਸਨ। ਹਿੰਦੂ ਬਰਾਦਰੀ ਹੋਲੀ ਖੇਡ ਰਹੀ ਸੀ। ਮੁਸਲਮਾਨ ਈਦ ਮੀਲਾਦੁਲਨਬੀ ਮਨਾ ਰਹੇ ਸਨ ਅਤੇ ਮਸੀਹੀ ਲੋਕ ਗੁਡ ਫ਼ਰਾਈਡੇ ਦੀਆਂ ਪਵਿੱਤਰ ਪਰ ਉਦਾਸ ਯਾਦਾਂ ਵਿਚ ਰੁੱਝੇ ਹੋਏ ਸਨ। ਫ਼ੇਰ ਦੋ ਦਿਨਾਂ ਮਗਰੋਂ 23 ਮਾਰਚ ਨੂੰ ਸਾਰੀ ਕੌਮ ਪਾਕਿਸਤਾਨ ਦਾ ਰਿਪਬਲਿਕ ਡੇ ਮਨਾ ਰਹੀ ਸੀ ਤੇ ਮਸੀਹੀ ਈਸਟਰ ਦੀਆਂ ਖ਼ੁਸ਼ੀਆਂ ਮਨਾ ਰਹੇ ਸਨ। ਪਰ ਉਸ ਦਿਨ ਕਿਸੇ ਭਗਤ ਸਿੰਘ ਦੀ ਸ਼ਹਾਦਤ ਨੂੰ ਯਾਦ ਕੀਤਾ? 1931 ਦੇ 23 ਮਾਰਚ ਨੂੰ? ਕੁਝ ਈ ਦਿਨ ਪਹਿਲੋਂ ਬਸੰਤ ਲੰਘੀ ਸੀ। ਇੰਜ ਮਾਰਚ ਦਾ ਤੀਜਾ ਹਫ਼ਤਾ ਧਰਮਾਂ ਤੇ ਸਕਾਫ਼ਤਾਂ ਦੀ ਰੰਗਾ-ਰੰਗੀ ਦਾ ਹਫ਼ਤਾ ਬਣਿਆ ਰਿਹਾ। ਲਹੌਰ ਸਿੱਖ ਤਿਉਹਾਰਾਂ ਦਾ ਸ਼ਹਿਰ ਵੀ ਏ ਤੇ ਮੁਸਲਮਾਨ ਸੂਫ਼ੀਆਂ ਦੇ ਮੇਲੇ ਠੇਲੇ ਵੀ ਨਿੱਤ ਲੱਗੇ ਹੀ ਰਹਿੰਦੇ ਨੇ। ਮਾਧੋ ਲਾਲ ਤੇ ਸ਼ਾਹ ਹੁਸੈਨ ਦੀ ਸਾਂਝ ਮਾਰਚ ਦੇ ਅਖ਼ੀਰਲੇ ਐਤਵਾਰ ਦੀਆਂ ਰੌਣਕਾਂ ਵਿਚੋਂ ਡੁਲ੍ਹ ਡੁਲ੍ਹ ਪੈਂਦੀ ਏ।

*ਮਾਏ ਨੀ ਮੈਂ ਕੀਨੂੰ ਆਖਾਂ ਹਿਜਰ ਵਿਛੋੜੇ ਦਾ ਹਾਲ*

ਪਰ 1947 ਈ. ਮਗਰੋਂ ਗ਼ੈਰ-ਇਸਲਾਮੀ, ਖ਼ਾਸ ਕਰ ਹਿੰਦੂ ਤੇ ਸਿੱਖ ਨਿਸ਼ਾਨੀਆਂ, ਨੂੰ ਯਾਂ ਤੇ ਮਿਟਾਵਣ ਦੀ ਕੋਸ਼ਿਸ਼ ਹੁੰਦੀ ਰਹੀ ਯਾਂ ਫ਼ਿਰ ਇਹਨਾਂ ਵਲ ਪੂਰੀ ਅਣ-ਗਹਿਲੀ ਵਰਤੀ ਗਈ। ਕੁਝ ਪੁਰਾਣੀਆਂ ਨਿਸ਼ਾਨੀਆਂ ਉੱਤੇ ਇਸਲਾਮੀ ਫ਼ੱਟੀਆਂ ਲਾ ਕੇ ਉਨ੍ਹਾਂ ਦਾ ਨਾਂ ਨਿਸ਼ਾਨ ਮਿਟਾਇਆ ਗਿਆ। ਡੀ.ਏ.ਵੀ ਕਾਲਜ, 1947 ਮਗਰੋਂ ਇਸਲਾਮੀਆ ਕਾਲਜ ਬਣ ਗਿਆ। ਅਨਾਰਕਲੀ ਦੀ ਨੁਕਰੇ ਮਸ਼ਹੂਰ ਪਬਲਿਸ਼ਰ ਰਾਮਾਕ੍ਰਿਸ਼ਨਾ ਦੀ ਬਿਲਡਿੰਗ ਸਲਾਮਤ ਏ ਜਿਨ੍ਹਾਂ ਦੀ ਇਕ ਕੁੜੀ ਲਾਜਵੰਤੀ ਰਾਮਾਕ੍ਰਿਸ਼ਨਾ ਨੇ ਪੰਜਾਬੀ ਸੂਫ਼ੀ ਸ਼ਾਇਰਾਂ ਬਾਰੇ 1936 ਈ. ਵਿਚ ਆਕਸਫ਼ੋਰਡ ਯੂਨੀਵਰਸਿਟੀ



Academy of the Punjab in North America - APNA: http://www.apnaorg.com

ਤੋਂ ਪੀ.ਐਚ.ਡੀ. ਕੀਤੀ ਸੀ, ਪਰ ਹੁਣ ਕੋਈ ਕਾਫ਼ੀ ਹਾਊਸ ਬਣਿਆ ਹੋਇਆ ਏ। ਭੁੱਟੋ ਰਾਜ ਤੋਂ ਪਹਿਲਾਂ, ਖ਼ਾਸ ਕਰ ਯਹਿਯਾ ਖ਼ਾਨ ਦੇ ਵੇਲੇ ਉੱਥੇ ਸ਼ਰਾਬਖ਼ਾਨਾ ਹੁੰਦਾ ਸੀ। ਵੰਡ ਤੋਂ ਪਹਿਲਾਂ ਥਾਂ ਥਾਂ ਹਿੰਦੂ ਤੇ ਸਿੱਖ, ਪਬਲਿਸ਼ਰ ਹੁੰਦੇ ਸਨ। ਉਨ੍ਹਾਂ ਦੇ ਨਾਂ-ਨਿਸ਼ਾਨ ਵੀ ਮਿਟ ਗਏ ਪਰ ਮੇਰੇ ਆਰਕਾਈਵਜ਼ ਵਿਚ ਉਨ੍ਹਾਂ ਦੀਆਂ ਛਾਪੀਆਂ ਪੁਰਾਣੀਆਂ ਕਿਤਾਬਾਂ ਉਨ੍ਹਾਂ ਦੀ ਯਾਦ ਜਿਊਂਦੀ ਰੱਖਣ ਦਾ ਕਾਰਨ ਹਨ। ਕਿੰਨੇ ਹੀ ਗੁਰਦਵਾਰੇ ਤੇ ਮੰਦਰ ਢਹਿ ਢੇਰੀ ਹੋ ਗਏ। ਇਹ ਸਿਰਫ਼ ਲਹੌਰ ਵਿਚ ਹੀ ਨਹੀਂ ਪੂਰੇ ਪੰਜਾਬ ਦੇ ਇਕ ਇਕ ਪਿੰਡ ਤੇ ਇਕ ਇਕ ਸ਼ਹਿਰ ਵਿਚ ਹੋਇਆ। ਯਹੂਦੀ ਤੇ ਪਾਰਸੀ ਇਬਾਦਤ-ਖ਼ਾਨੇ ਤਾਂ ਇੰਜ ਮਿਟੇ ਜਿਵੇਂ ਕਦੀ ਹੈ ਹੀ ਨਹੀਂ ਸਨ। ਬਾਬਰੀ ਮਸੀਤ ਦੇ ਇੰਤਕਾਮ ਵਿਚ ਜਦੋਂ ਪੂਰੇ ਪਾਕਿਸਤਾਨ ਅਤੇ ਲਹੌਰ ਵਿਚ ਮੰਦਰ ਢਾਹੇ ਜਾ ਰਹੇ ਸਨ, ਯਾਰ ਲੋਕਾਂ ਜੈਨ ਮੰਦਰ ਨੂੰ ਵੀ ਢਾਹ ਦਿੱਤਾ। ਹੋਰ ਤੇ ਹੋਰ ਮਸੀਹੀ ਗਿਰਜੇ ਵੀ ਹਮਲਿਆਂ ਦਾ ਨਿਸ਼ਾਨਾ ਬਣੇ। ਬੁਲ੍ਹੇ ਸ਼ਾਹ ਦੇ ਫ਼ਰਮਾਨ ਨੂੰ ਇੰਜ ਪੂਰਾ ਕੀਤਾ ਗਿਆ ਕਿ ਏਧਰ ਮੰਦਰ ਢੱਠੇ, ਉਧਰ ਮਸੀਤਾਂ ਉੱਜੜੀਆਂ ਤੇ ਬੰਦਿਆਂ ਦੇ ਦਿਲ? ਉਨ੍ਹਾਂ ਵਿਚ ਤਾਂ ਰੱਬ ਵਸਦਾ ਏ! ਪਰ ਇਹਦੀ ਪਰਵਾਹ ਕੌਣ ਕਰਦਾ? ਬੁੱਲ੍ਹੇ ਸ਼ਾਹ ਦੇ ਬੋਲਾਂ ਦੀ ਪਰਵਾਹ ਕੌਣ ਕਰਦਾ?

> **..... ਮਜ਼੍ਹਬੀ ਜਬਰ ਤੇ ਕਿਆਮਤ ਦੇ ਡਰ ਤੋਂ ਬਿਨਾ ਵੀ ਬੰਦਾ ਆਪਣੇ ਅੰਦਰ ਆਲਾ ਇਖ਼ਲਾਕੀ ਕਦਰਾਂ ਉਸਾਰ ਸਕਦਾ ਏ। ਉਹ ਕਹਿੰਦਾ ਸੀ ਚੰਗਾ ਕੰਮ ਇਸ ਲਈ ਕਰਨਾ ਕਿ ਜੰਨਤ ਲੱਭੇਗੀ ਤੇ ਮਾੜੇ ਕੰਮ ਤੋਂ ਇਸ ਲਈ ਬਚਣਾ ਕਿ ਦੋਜ਼ਖ਼ ਵਿਚ ਜਾਣਾ ਪਵੇਗਾ, ਕੋਈ ਵੱਡੀ ਬੰਦਿਆਈ ਨਹੀਂ।**

ਵੰਡ ਮਗਰੋਂ ਕੌਮ ਨੂੰ ਮਹਿਮੂਦ ਗ਼ਜ਼ਨਵੀ ਦੀ 'ਬੁੱਤ-ਸ਼ਿਕਨੀ' ਚੇਤੇ ਆਈ ਤਾਂ ਲਹੌਰ ਵਿਚ ਬੁੱਤਾਂ (ਮੁਜੱਸਮਿਆਂ) ਨੂੰ ਮਿਟਾਉਣ ਦਾ ਮੁੱਢ ਬੱਝਾ। 'ਬਦਤਮੀਜ਼' ਮੰਟੋ ਨੇ ਆਪਣੇ 'ਸਿਆਹ ਹਾਸ਼ੀਏ' ਵਿਚ ਲਿਖਿਆ ਏ ਕਿ ਜਦੋਂ ਨਵੇਂ ਬਣੇ ਇਸਲਾਮੀ ਦੇਸ ਵਿੱਚ ਪਾਕਿਸਤਾਨ ਦੀ ਰਿਆਇਆ ਸਰ ਗੰਗਾ ਰਾਮ ਦਾ ਬੁੱਤ ਢਾਹ ਰਹੀ ਸੀ ਤਾਂ ਪੁਲਿਸ ਦੀਆਂ ਲਾਠੀਆਂ ਨਾਲ ਕੁਝ ਲੋਕੀ ਫ਼ੱਟੜ ਹੋ ਗਏ। ਉਨ੍ਹਾਂ ਨੂੰ ਗੰਗਾ ਰਾਮ ਹਸਪਤਾਲ ਵਿਚ ਭਰਤੀ ਕਰ ਦਿੱਤਾ ਗਿਆ। ਚਾਹੀਦਾ ਤਾਂ ਇਹ ਸੀ ਕਿ ਮਾਲ ਰੋਡ ਉੱਤੇ ਗੰਗਾ ਰਾਮ ਦੀਆਂ ਬਣਾਈਆਂ ਅਨਗਿਣਤ ਇਮਾਰਤਾਂ ਵੀ ਢਾਹ ਦਿੱਤੀਆਂ ਜਾਂਦੀਆਂ। ਗੰਗਾ ਰਾਮ ਵਰਗੇ ਇਕ ਹੋਰ ਦਿਆਲੂ ਬ੍ਰਹਮੋ-ਸਮਾਜੀ ਦਿਆਲ ਸਿੰਘ ਮਜੀਠੀਆ ਦਾ ਬੁੱਤ ਇਸ ਲਈ ਟੁੱਟ ਭੱਜ ਤੋਂ ਮਹਿਫ਼ੂਜ਼ ਰਿਹਾ ਕਿ ਉਹਨੂੰ ਦਿਆਲ ਸਿੰਘ ਲਾਇਬਰੇਰੀ ਦੇ ਬਾਹਰੋਂ ਚੁਕ ਕੇ ਕਿਸੇ ਕੋਨੇ ਖੁਦਰੇ ਵਿਚ ਲੁਕਾ ਦਿੱਤਾ ਗਿਆ। ਇਹ ਬੁੱਤ ਅੱਜ ਵੀ ਲਾਇਬਰੇਰੀ ਦੀ ਕਿਸੇ ਗੁੱਠੇ ਪਿਆ ਵੇਖਿਆ ਜਾ ਸਕਦਾ ਏ।

ਪਰ ਕੀਹ ਨਿਸ਼ਾਨੀਆਂ ਮਿਟਾਉਣ ਨਾਲ ਨਿਸ਼ਾਨ ਵੀ ਮਿਟ ਜਾਂਦੇ ਨੇ? ਅਸਾਂ ਲਹੌਰ ਦੀ ਸੈਂਟਰਲ ਜੇਲ੍ਹ ਤੇ ਉਸਦੇ ਮਸ਼ਹੂਰ ਫ਼ਾਂਸੀ-ਘਾਟ ਨੂੰ ਮਿਟਾ ਕੇ ਸ਼ਾਦਮਾਨ ਕਾਲੋਨੀ (ਖ਼ੁਸ਼ੀਆਂ ਦਾ ਡੇਰਾ) ਉਸਾਰ ਲਈ ਪਰ ਕੀਹ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਨਿਸ਼ਾਨ ਮਿਟਾਇਆ ਜਾ ਸਕਿਆ? ਅੱਜ ਵੀ ਲਹੌਰ ਵਿਚ ਥਾਂ ਥਾਂ ਉਹ ਇਮਾਰਤਾਂ, ਘਰ ਤੇ ਦਫ਼ਤਰ ਮੌਜੂਦ ਨੇ ਜਿਹੜੇ ਕਿਸੇ ਨਾ ਕਿਸੇ ਤਰ੍ਹਾਂ ਸ਼ਹੀਦ ਸੂਰਮਿਆਂ ਦੀਆਂ ਯਾਦਾਂ ਸਾਂਭੀ ਬੈਠੇ ਨੇ। ਕਿਸ ਕਿਸ ਦੀ ਗੱਲ ਕਰੀਏ। ਪਰ ਅੱਜ



Academy of the Punjab in North America - APNA: http://www.apnaorg.com

ਇਕ ਇਮਾਰਤ ਦੀ ਗੱਲ ਕਰਨ ਨੂੰ ਜੀ ਕਰਦਾ ਏ ਜਿਸਦੇ ਵਲ ਅਸਾਂ ਪੂਰੀ ਅਣਗਹਿਲੀ ਵਰਤੀ ਪਰ ਜਿਹੜੀ ਇਸ ਕਾਬਲ ਏ ਕਿ ਉਹਨੂੰ ਪਾਕਿਸਤਾਨ ਦਾ ਕੌਮੀ ਵਿਰਸਾ ਕਰਾਰ ਦੇ ਕੇ ਆਪਣੇ ਅਸਲੀ ਰੂਪ ਵਿਚ ਸਾਂਭ ਲਿਆ ਜਾਵੇ। ਇਹ ਇਮਾਰਤ ਬਰੈਡਲਾ ਹਾਲ ਦੇ ਨਾਂ ਤੋਂ ਅੱਜ ਵੀ ਕਾਇਮ-ਦਾਇਮ ਏ। ਮਜ਼ੇ ਦੀ ਗੱਲ ਇਹ ਹੈ ਕਿ ਬਰੈਡਲਾ ਹਾਲ ਕਿਸੇ ਹਿੰਦੂ, ਮੁਸਲਮਾਨ ਯਾਂ ਸਿੱਖ ਵਡਕੇ ਦੀ ਨਿਸ਼ਾਨੀ ਨਹੀਂ ਸਗੋਂ ਹਾਕਮ ਮੁਲਕ ਬਰਤਾਨੀਆ ਦੇ ਇਕ ਸ਼ਰੀਫ਼ ਸ਼ਹਿਰੀ ਦੀ ਯਾਦਗਾਰ ਏ ਜਿਹੜਾ ਹਮੇਸ਼ਾ ਮਜ਼੍ਹਬੀ ਵਿਤਕਰਿਆਂ ਤੋਂ ਦੂਰ ਭੱਜਦਾ ਰਿਹਾ ਤੇ ਜਿਨ੍ਹੇ ਹਮੇਸ਼ਾ ਨਾ ਸਿਰਫ਼ ਹਿੰਦੁਸਤਾਨ ਦੀ ਆਜ਼ਾਦੀ ਦੀ ਹਿਮਾਇਤ ਕੀਤੀ ਸਗੋਂ 1889 ਈ. ਦੇ ਕਾਂਗਰਸ ਦੇ ਮੁੰਬਈ ਵਿਚ ਹੋਏ ਸਾਲਾਨਾ ਜਲਸੇ ਵਿਚ ਸ਼ਰੀਕ ਵੀ ਹੋਇਆ।



ਚਾਰਲਸ ਬਰੈਡਲਾ
(1833-1891)

ਬਰੈਡਲਾ ਕੌਣ ਸੀ ਤੇ ਪੂਰੇ ਹਿੰਦੁਸਤਾਨ ਨੂੰ ਛੱਡ ਕੇ ਲਹੌਰ ਵਿਚ ਉਸਦੀ ਨਿਸ਼ਾਨੀ ਕਿਵੇਂ ਬਣੀ, ਇਸਦੇ ਬਾਰੇ ਆਸ਼ਿਕ ਹੁਸੈਨ ਬਟਾਲਵੀ ਹੋਰਾਂ ਕੁਝ ਤਫ਼ਸੀਲ ਇਕੱਠੀ ਕੀਤੀ ਸੀ। ਉਨ੍ਹਾਂ ਦੇ ਕਹਿਣ ਮੂਜਬ ਚਾਰਲਸ ਬਰੈਡਲਾ 1833 ਈ. ਵਿਚ ਬਰਤਾਨੀਆ ਦੇ ਇਕ ਗ਼ਰੀਬ ਘਰ ਵਿੱਚ ਜੰਮਿਆ। ਨਿੱਕੀ ਉਮਰੇ ਹੀ ਗ਼ਰੀਬੀ ਹੱਥੋਂ ਪੜ੍ਹਾਈ ਛੱਡਣੀ ਪਈ। ਚਪੜਾਸੀ-ਗਿਰੀ, ਕਲਰਕੀ ਤੇ ਫ਼ੌਜ ਦੀ ਨੌਕਰੀ ਮਗਰੋਂ ਉਸਨੇ ਇਕ ਵਕੀਲ ਦੇ ਦਫ਼ਤਰ ਵਿੱਚ ਨੌਕਰੀ ਕਰ ਲਈ। ਬਰਤਾਨੀਆ ਵਿਚ ਉਨ੍ਹੀਵੀਂ ਸਦੀ ਹਿੰਦੁਸਤਾਨ ਸਣੇ ਹੋਰ ਕਾਲੋਨੀਆਂ ਦੀ ਲੁਟ-ਖੱਸੁਟ ਪਾਰੋਂ ਭਾਵੇਂ ਤਰੱਕੀ ਦੀ ਸਦੀ ਸੀ ਪਰ ਅਜੇ ਤਾਈਂ ਪੁਰਾਣੀਆਂ ਮਜ਼੍ਹਬੀ ਜਕੜਬੰਦੀਆਂ ਤੇ ਕਲੀਸੀਆ ਦੀਆਂ ਸਖ਼ਤੀਆਂ ਕਾਇਮ ਸਨ। ਬਰੈਡਲਾ ਇਹਨਾਂ ਦੇ ਖ਼ਿਲਾਫ਼ ਉਠ ਖੜਾ ਹੋਇਆ ਤੇ ਸ਼ਹਿਰ ਦੇ ਪਾਦਰੀ ਨਾਲ ਉਸਦਾ ਇੱਟ-ਖੜੱਕਾ ਚੱਲ ਪਿਆ। ਪਾਦਰੀ ਨੇ ਲੁਕਾਈ ਨੂੰ ਬਰੈਡਲਾ ਦੇ ਖ਼ਿਲਾਫ਼ ਏਨਾਂ ਭੜਕਾਇਆ ਕਿ ਉਹਨੂੰ ਦੇਸੋਂ ਪਰਦੇਸੀ ਹੋਣਾ ਪਿਆ।

ਪਰ ਉਹ ਫ਼ਿਰ ਪਰਤਿਆ। ਉਸਨੇ ਪਰਚਾਰ ਕਰਨਾ ਸ਼ੁਰੂ ਕੀਤਾ ਕਿ ਮਜ਼੍ਹਬੀ ਜਬਰ ਤੇ ਕਿਆਮਤ ਦੇ ਡਰ ਤੋਂ ਬਿਨਾ ਵੀ ਬੰਦਾ ਆਪਣੇ ਅੰਦਰ ਆਲਾ ਇਖ਼ਲਾਕੀ ਕਦਰਾਂ ਉਸਾਰ ਸਕਦਾ ਏ। ਉਹ ਕਹਿੰਦਾ ਸੀ ਚੰਗਾ ਕੰਮ ਇਸ ਲਈ ਕਰਨਾ ਕਿ ਜੰਨਤ ਲੱਭੇਗੀ ਤੇ ਮਾੜੇ ਕੰਮ ਤੋਂ ਇਸ ਲਈ ਬਚਣਾ ਕਿ ਦੋਜ਼ਖ਼ ਵਿਚ ਜਾਣਾ ਪਵੇਗਾ, ਕੋਈ ਵੱਡੀ ਬੰਦਿਆਈ ਨਹੀਂ। ਉਹ ਪਾਦਰੀਆਂ ਤੇ ਬਾਦਸ਼ਾਹ ਦਾ ਵਿਰੋਧੀ ਸੀ। ਬਰਤਾਨੀਆ ਨੂੰ ਮਜ਼੍ਹਬੀ ਜਕੜਬੰਦੀ ਚੋਂ ਕੱਢ ਕੇ ਉਹ ਉਹਨੂੰ ਇਕ ਰਿਪਬਲਿਕ ਦੇ ਰੂਪ ਵਿਚ ਵੇਖਣਾ ਚਾਹੁੰਦਾ ਸੀ। ਉਸਨੇ ਇਕ

**... ਬਰਤਾਨੀਆ ਦੇ ਗਵਾਹੀ ਦੇ ਕਨੂੰਨ ਵਿਚ ਇਹ ਤਬਦੀਲੀ ਕਰ ਦਿੱਤੀ ਗਈ ਕਿ ਕੋਈ ਵੀ ਗਵਾਹ ਆਪਣੇ ਜ਼ਮੀਰ ਦਾ ਹਲਫ਼ ਚੁਕ ਸਕਦਾ ਏ।**



Academy of the Punjab in North America - APNA: http://www.apnaorg.com

ਰਸਾਲਾ 'ਨੈਸ਼ਨਲ ਰਿਫ਼ਾਰਮਰ' ਕੱਢਿਆ ਤੇ ਜਦੋਂ ਉਸਨੇ ਬਰਥ-ਕੰਟਰੋਲ ਦੇ ਹੱਕ ਵਿਚ ਇਕ ਕਿਤਾਬ ਛਾਪੀ ਤਾਂ ਉਸਨੂੰ ਗ੍ਰਿਫ਼ਤਾਰ ਕਰ ਕੇ ਉਸਦੇ ਉੱਤੇ ਮੁਕੱਦਮਾ ਚਲਾਇਆ ਗਿਆ। ਇਸ ਤੋਂ ਪਹਿਲਾਂ 1868 ਈ. ਵਿਚ ਉਸਨੇ ਇਕ ਅਜੇਹੀ ਬਗ਼ਾਵਤ ਕੀਤੀ ਜਿਸਦੇ ਪਾਰੋਂ ਬਰਤਾਨੀਆ ਦੇ ਅਦਾਲਤੀ ਨਿਜ਼ਾਮ ਵਿਚ ਇਸਲਾਹ ਕਰਨੀ ਪਈ। ਗੱਲ ਇੰਜ ਹੋਈ ਕਿ ਬਰੈਡਲਾ ਕਿਸੇ ਮੁਕੱਦਮੇ ਵਿਚ ਗਵਾਹ ਵਜੋਂ ਪੇਸ਼ ਹੋਇਆ ਤਾਂ ਉਸਨੇ ਬਾਈਬਲ ਉੱਤੇ ਹੱਥ ਰੱਖ ਕੇ ਹਲਫ਼ ਚੁੱਕਣ ਤੋਂ ਨਾਂਹ ਕਰ ਦਿੱਤੀ ਤੇ ਜ਼ਿੱਦ ਬੰਨ੍ਹ ਲਈ ਕਿ ਉਹ ਆਪਣੇ ਜ਼ਮੀਰ ਦਾ ਹਲਫ਼ ਚੁੱਕੇਗਾ। ਬਰਤਾਨੀਆ ਦਾ ਆਈਨ ਇਸ ਗੱਲ ਦੀ ਆਗਿਆ ਨਹੀਂ ਸੀ ਦੇ ਸਕਦਾ ਇਸ ਲਈ ਬਰੈਡਲਾ ਨੇ ਇਸ ਕਾਨੂੰਨ ਦੇ ਖ਼ਿਲਾਫ਼ ਮੁਕੱਦਮਾ ਕਰ ਦਿੱਤਾ ਤੇ ਦੋ ਸਾਲਾਂ ਦੀ ਘਾਲਣਾ ਮਗਰੋਂ ਇਹ ਮੁਕੱਦਮਾ ਜਿੱਤ ਲਿਆ। ਇੰਜ ਬਰਤਾਨੀਆ ਦੇ ਗਵਾਹੀ ਦੇ ਕਨੂੰਨ ਵਿਚ ਇਹ ਤਬਦੀਲੀ ਕਰ ਦਿੱਤੀ ਗਈ ਕਿ ਕੋਈ ਵੀ ਗਵਾਹ ਆਪਣੇ ਜ਼ਮੀਰ ਦਾ ਹਲਫ਼ ਚੁਕ ਸਕਦਾ ਏ।

ਚਾਰਲਸ ਬਰੈਡਲਾ ਨੇ ਪਾਰਲੀਮੈਂਟ ਵਿਚ ਪਹੁੰਚਣ ਲਈ ਕਈ ਵਾਰ ਚੋਣਾਂ ਲੜੀਆਂ। 1868 ਵਿਚ ਉਸਨੂੰ ਸਰਮਾਏਦਾਰਾਂ, ਪਾਦਰੀਆਂ ਤੇ ਬਾਦਸ਼ਾਹਤ ਦੇ ਹਾਮੀਆਂ ਨੇ ਰਲ ਕੇ ਹਰਾ ਦਿੱਤਾ। 1874 ਈ. ਵਿਚ ਉਹ ਫ਼ਿਰ ਹਾਰਿਆ ਪਰ 1880 ਈ. ਵਿਚ ਉਹ ਜਿੱਤ ਗਿਆ। ਹੁਣ ਇਕ ਨਵਾਂ ਪੁਆੜਾ ਪੈ ਗਿਆ। ਬਰੈਡਲਾ ਦੇ ਕਾਨੂੰਨ ਮੁਜਬ ਉਹ ਸਿਰਫ਼ ਬਾਈਬਲ ਤੇ ਹਥ ਰੱਖ ਕੇ ਹਲਫ਼ ਚੁਕ ਸਕਦਾ ਸੀ। ਉਸਨੇ ਇੰਜ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਆਖਿਆ ਕਿ ਉਹ ਸਿਰਫ਼ ਤੇ ਸਿਰਫ਼ ਆਪਣੇ ਜ਼ਮੀਰ ਦੀ ਸਹੁੰ ਚੁਕ ਸਕਦਾ ਏ। ਉਹਨੂੰ ਪਾਰਲੀਮੈਂਟ ਚੋਂ ਕੱਢ ਦਿੱਤਾ ਗਿਆ। ਉਹ 1881 ਈ. ਦੀਆਂ ਜ਼ਿਮਨੀ ਚੋਣਾਂ ਵਿੱਚ ਜਿੱਤਿਆ। ਫ਼ਿਰ ਉਹੋ ਪੁਆੜਾ ਪਿਆ। ਉਹਨੂੰ ਫ਼ਿਰ ਪਾਰਲੀਮੈਂਟ ਚੋਂ ਕੱਢ ਦਿੱਤਾ ਗਿਆ। 1882 ਈ. ਤੋਂ 1885 ਈ. ਤਾਈਂ ਉਹ ਜ਼ਿਮਨੀ ਚੋਣਾਂ ਵਿੱਚ ਹਰ ਵਾਰ ਜਿੱਤਿਆ ਪਰ ਪਾਰਲੀਮੈਂਟ ਦੀ ਜ਼ਿੱਦ ਪਾਰੋਂ ਕੱਢ ਦਿੱਤਾ ਜਾਂਦਾ ਰਿਹਾ।

ਜਨਵਰੀ 1886 ਈ. ਦੀਆਂ ਆਮ ਚੋਣਾਂ ਵਿੱਚ ਚਾਰਲਸ ਬਰੈਡਲਾ ਨੇ ਇਕ ਵਾਰ ਫ਼ਿਰ ਮੈਦਾਨ ਮਾਰ ਲਿਆ। ਉਸਨੇ ਫ਼ਿਰ ਬਾਈਬਲ ਤੇ ਹਥ ਰੱਖ ਕੇ ਹਲਫ਼ ਚੁੱਕਣ ਤੋਂ ਇਨਕਾਰ ਕਰ ਦਿੱਤਾ। ਲੋਕੀ ਜਿਹੜੇ ਉਹਨੂੰ ਹਰ ਸਾਲ ਪਾਰਲੀਮੈਂਟ ਭੇਜਦੇ ਸਨ, ਆਪਣੇ ਮੈਂਡੇਟ ਦੇ ਅਪਮਾਨ ਉੱਤੇ ਹੈਰਾਨ ਸਨ। ਇਸ ਵਾਰ ਲੋਕਾਈ ਦੇ ਨੁਮਾਇੰਦੇ ਬਰੈਡਲਾ ਨੂੰ ਨਹੀਂ ਸਗੋਂ ਸਰਕਾਰ ਨੂੰ ਹਾਰ ਮੰਨਣੀ ਪਈ। ਬਰਤਾਨੀਆ ਦੇ ਪਾਰਲੀਮੈਂਟਰੀ ਆਈਨ ਵਿਚ ਇਹ ਤਬਦੀਲੀ ਕੀਤੀ ਗਈ ਕਿ ਮੈਂਬਰਾਂ ਲਈ ਬਾਈਬਲ ਦਾ ਹਲਫ਼ ਚੁੱਕਣਾ ਜ਼ਰੂਰੀ ਨਹੀਂ। ਜੇ ਕੋਈ ਮੈਂਬਰ ਚਾਹੇ ਤਾਂ ਆਪਣੇ ਜ਼ਮੀਰ ਦੀ ਸੱਚਾਈ ਦਾ ਹਲਫ਼ ਚੁਕ ਸਕਦਾ ਏ।

ਚਾਰਲਸ ਬਰੈਡਲਾ ਹਿੰਦੁਸਤਾਨ ਦੀ ਲੁਕਾਈ ਦੇ ਹੱਕਾਂ ਦਾ ਰਾਖਾ ਬਣ ਗਿਆ। ਉਹ 1874 ਈ. ਤੋਂ ਥੀਓਸੋਫ਼ੀਕਲ ਤਹਿਰੀਕ ਤੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਲੀਡਰ ਏਨੀ ਬੇਸੰਤ ਦੇ ਬਹੁਤ ਨੇੜੇ ਰਿਹਾ ਤੇ ਦੋਹਾਂ ਸਿਆਸੀ ਤੇ ਸਮਾਜੀ ਖੇਤਰਾਂ ਵਿੱਚ ਰਲ ਕੇ ਕੰਮ ਕੀਤਾ। 1886 ਈ. ਮਗਰੋਂ ਉਹ ਪਾਰਲੀਮੈਂਟ ਵਿਚ ਵੀ ਹਿੰਦੁਸਤਾਨ ਦੀ ਆਜ਼ਾਦੀ ਤੇ ਹਿੰਦੁਸਤਾਨੀ ਲੋਕਾਂ ਦੇ ਹੱਕਾਂ ਦੀ ਗੱਲ ਕਰਦਾ ਰਿਹਾ। ਕਾਂਗਰਸ ਨੂੰ ਬਣਿਆਂ ਮਸਾਂ ਦੋ ਤਿੰਨ ਸਾਲ ਹੋਏ ਸਨ। ਦਸੰਬਰ 1889 ਈ. ਵਿਚ ਉਹ ਆਪ ਹਿੰਦੁਸਤਾਨ ਆਇਆ। ਮੁੰਬਈ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਸਾਲਾਨਾ ਜਲਸਾ ਹੋ ਰਿਹਾ ਸੀ। ਬਰੈਡਲਾ ਨੂੰ ਦਿਲੋਂ ਮਨੋਂ ਜੀ-ਆਇਆਂ ਆਖਿਆ ਗਿਆ। ਬਰੈਡਲਾ 57 ਸਾਲ ਤੇ ਕੁਝ ਮਹੀਨਿਆਂ ਦਾ ਸੀ ਜਦੋਂ 30 ਜਨਵਰੀ 1891 ਈ. ਨੂੰ ਉਹ ਇਸ ਦੁਨੀਆ ਤੋਂ ਟੁਰਦਾ ਹੋਇਆ।



Academy of the Punjab in North America - APNA: http://www.apnaorg.com

**ਮਨੋਰਮਾ ਦੀਵਾਨ ਹੁਰਾਂ ਅਪਣੀਆਂ ਯਾਦਾਂ ਵਿਚ ਬਰੈਡਲਾ ਹਾਲ ਨੂੰ ਇੰਜ ਯਾਦ ਕੀਤਾ ਏ ਜਿਵੇਂ ਕੋਈ ਆਪਣੇ ਵਿਛੜੇ ਵਜੂਦ ਨੂੰ ਯਾਦ ਕਰਦਾ ਹੋਵੇ। ਕੀ ਇਹ ਤਵਾਰੀਖ਼ ਦੇ ਫ਼ੱਟਾਂ ਦੀ ਮਾਰੀ ਇਮਾਰਤ ਪੰਜਾਬ ਦੀ ਸਾਂਝੀ ਇਨਕਲਾਬੀ ਜਿੱਦੋਜਹਿਦ ਦੀ ਯਾਦਗਾਰ ਨਹੀਂ ਬਣ ਸਕਦੀ?**

ਪੰਜਾਬ ਦੇ ਲੋਕਾਂ ਸ਼ੁਕਰ-ਗੁਜ਼ਾਰੀ ਵਜੋਂ ਚੰਦਾ ਇਕੱਠਾ ਕਰ ਕੇ ਬਰੈਡਲਾ ਹਾਲ ਉਸਾਰਿਆ। 30 ਅਕਤੂਬਰ 1900 ਈ. ਨੂੰ ਲਹੌਰ ਦੀ ਰੈਟੀਗਨ ਰੋਡ ਉੱਤੇ ਮਸ਼ਹੂਰ ਬ੍ਰਹਮੋ-ਸਮਾਜੀ ਤੇ ਆਜ਼ਾਦੀ ਦੇ ਮੁਜਾਹਿਦ ਸੁਰਿੰਦਰ ਨਾਥ ਬੈਨਰਜੀ ਹੋਰਾਂ ਇਸ ਹਾਲ ਦਾ ਨੀਂਹ ਪੱਥਰ ਰਖਿਆ ਸੀ ਜਿਹੜਾ ਅੱਜ ਵੀ ਕਾਇਮ ਏ। ਇਹ ਹਾਲ ਛੇਤੀ ਹੀ ਸਿਆਸੀ ਸਮਾਜੀ ਤੇ ਤਾਲੀਮੀ ਸਰਗਰਮੀਆਂ ਦਾ ਮਰਕਜ਼ ਬਣ ਗਿਆ। ਲਾਲਾ ਲਾਜਪਤ ਰਾਏ ਹੋਰਾਂ ਚਾਰਲਸ ਬਰੈਡਲਾ ਦੀ ਨਿਸ਼ਾਨੀ ਨੂੰ ਅੱਗੇ ਟੋਰਿਆ ਤੇ ਉਨ੍ਹਾਂ ਦੀ ਮੌਤ (1928) ਤੋਂ ਬਾਅਦ ਵੀ 1947 ਈ. ਤਾਈਂ ਇਹ ਸਿਆਸੀ ਸਰਗਰਮੀਆਂ ਦਾ ਮਰਕਜ਼ ਬਣਿਆ ਰਿਹਾ। 1947 ਈ. ਵੇਲੇ ਵੀ ਇਹ ਪੰਜਾਬ ਸੂਬਾ ਕਾਂਗਰਸ ਦਾ ਹੈੱਡਕਵਾਰਟਰ ਸੀ ਪਰ ਬਰੈਡਲਾ ਹਾਲ ਅਸਲ ਵਿਚ ਇਨਕਲਾਬ ਤੇ ਇਨਕਲਾਬੀਆਂ ਦਾ ਗੜ੍ਹ ਬਣ ਗਿਆ ਸੀ, ਜਿਨ੍ਹਾਂ ਵਿੱਚ ਪ੍ਰਿੰਸੀਪਲ ਛਬੀਲਦਾਸ, ਪ੍ਰੋਫ਼ੈਸਰ ਜੈ ਚੰਦ ਵਿਦਿਆਲੰਕਾਰ, ਭਗਵਤੀ ਚਰਨ ਵੋਹਰਾ, ਸ਼ਹੀਦ ਭਗਤ ਸਿੰਘ, ਰਾਮ ਕਿਸ਼ਨ ਬੀ ਏ ਨੈਸ਼ਨਲ, ਯਸ਼ਪਾਲ ਅਤੇ ਕਿੰਨੇ ਹੀ ਇਨਕਲਾਬੀਆਂ ਦੇ ਨਾਂ ਮੁੜ ਮੁੜ ਯਾਦ ਆਉਂਦੇ ਨੇ। ਪਰ ਬਰੈਡਲਾ ਹਾਲ ਨਾਲ ਜੁੜੇ ਪ੍ਰਿੰਸੀਪਲ ਛਬੀਲਦਾਸ ਉਨ੍ਹਾਂ 'ਚੋਂ ਸਭ ਤੋਂ ਸਿਰ ਕਢਵੇਂ ਸਨ। ਮੈਨੂੰ ਤੇ ਇੰਜ ਜਾਪਦਾ ਏ ਕਿ ਜੇ ਚਾਰਲਸ ਬਰੈਡਲਾ ਦੇ ਕੱਦ ਬੁੱਤ ਦਾ ਕੋਈ ਬੰਦਾ ਸਾਡੇ ਸਾਂਝੇ ਪੰਜਾਬ ਵਿਚੋਂ ਉਭਰ ਕੇ ਸਾਹਮਣੇ ਆਉਂਦਾ ਏ ਤਾਂ ਉਹ ਪ੍ਰਿੰਸੀਪਲ ਛਬੀਲਦਾਸ ਹੀ ਹੋ ਸਕਦੇ ਨੇ।

ਉਨ੍ਹਾਂ ਦੇ ਨਾਂ ਤੋਂ ਪਹਿਲੀ ਵਾਰ ਮੈਂ ਉਦੋਂ ਜਾਣੂੰ ਹੋਇਆ ਜਦੋਂ 1967 ਈ. ਵਿਚ ਅਨਾਰਕਲੀ ਦੇ ਇਕ ਕਬਾੜੀਏ ਕੋਲੋਂ ਮੈਨੂੰ 'ਹਿੰਦੁਸਤਾਨੀ ਕਿਸਾਨ' ਨਾਂ ਦੀ ਇਕ ਕਿਤਾਬੜੀ ਲੱਭੀ। ਉਨ੍ਹੀਂ ਦਿਨੀਂ ਮੈਂ ਸ਼ਹੀਦ ਭਗਤ ਸਿੰਘ ਦੀ ਮਾਂ, ਸਰਦਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਬਾਬਾ ਸੋਹਣ ਸਿੰਘ ਭਕਨਾ ਤੇ ਸੋਹਣ ਸਿੰਘ ਜੋਸ਼ ਹੁਰਾਂ ਨੂੰ ਖ਼ਤ ਲਿਖਣੇ ਸ਼ੁਰੂ ਕੀਤੇ ਸਨ। ਮੈਨੂੰ ਇਹ ਪਤਾ ਨਹੀਂ ਸੀ ਕਿ ਸ਼ਹੀਦ ਭਗਤ ਸਿੰਘ ਤੇ ਦੂਜੇ ਇਨਕਲਾਬੀਆਂ ਦਾ ਪ੍ਰਿੰਸੀਪਲ ਛਬੀਲਦਾਸ ਨਾਲ ਕੋਈ ਸੰਬੰਧ ਸੀ ਜਾਂ ਜੇ ਸੀ ਤਾਂ ਕੀ ਸੰਬੰਧ ਸੀ। ਉਰਦੂ ਵਿਚ ਲਿਖੀ ਕਿਤਾਬ 'ਹਿੰਦੁਸਤਾਨੀ ਕਿਸਾਨ' ਨੇ ਮੈਨੂੰ ਚੋਖਾ ਪ੍ਰਭਾਵਿਤ ਕੀਤਾ ਤੇ ਮੈਂ ਪੰਜਾਬ ਦੀ ਕਿਸਾਨ ਤਹਿਰੀਕ ਬਾਰੇ ਅਪਣੀਆਂ ਲਿਖਤਾਂ ਵਿਚ ਇਸ ਕਿਤਾਬ ਦੇ ਹਵਾਲੇ ਵੀ ਦਿੱਤੇ ਸਨ। ਕੁਝ ਵਰ੍ਹਿਆਂ ਮਗਰੋਂ ਮੈਨੂੰ ਉਨ੍ਹਾਂ ਦੀਆਂ ਤਿੰਨ ਚਾਰ ਹੋਰ ਕਿਤਾਬਾਂ 'ਸੋਸ਼ਲਿਜ਼ਮ', 'ਇਨਕਲਾਬ ਜ਼ਿੰਦਾਬਾਦ' ਅਤੇ 'ਹਮ ਸਵਰਾਜਯ ਕਿਉਂ ਚਾਹਤੇ ਹੈਂ?' ਲੱਭ ਗਈਆਂ ਸਨ ਤੇ ਮੈਨੂੰ ਉਹ ਕਿਤਾਬਾਂ ਪੜ੍ਹ ਕੇ ਆਪਣੇ ਇਨਕਲਾਬੀ ਇਤਿਹਾਸ ਦੀ ਬੜੀ ਸੂਝ ਮਿਲੀ ਸੀ।

ਪਿੱਛੇ ਜਿਹੇ ਮੈਨੂੰ ਪ੍ਰਿੰਸੀਪਲ ਛਬੀਲਦਾਸ ਦੀ ਧੀ ਰਾਣੀ ਮਨੋਰਮਾ ਦੀਵਾਨ ਦੀ ਕਿਤਾਬ 'ਇਨਕਲਾਬੀ ਯਾਤਰਾ' ਜਿਹੜੀ ਉਨ੍ਹਾਂ ਆਪਣੇ ਇਨਕਲਾਬੀ ਮਾਪਿਆਂ ਬਾਰੇ ਲਿਖੀ ਐ, ਮਿਲੀ ਤਾਂ



Academy of the Punjab in North America - APNA: http://www.apnaorg.com

ਇੱਕੋ ਬੈਠਕ ਵਿਚ ਮੈਂ ਪੂਰੀ ਕਿਤਾਬ ਪੜ੍ਹ ਗਿਆ। ਇਸ ਕਿਤਾਬ ਤੋਂ ਮੈਨੂੰ ਪਤਾ ਲੱਗਿਆ ਕਿ ਛਬੀਲਦਾਸ ਹੁਰਾਂ ਜ਼ਿਲ੍ਹਾ ਬੰਨੂ ਦੀ ਉਸ ਵੇਲੇ ਦੀ ਤਸੀਲ ਈਸਾਖ਼ੇਲ ਵਿਚ ਇਕ ਕੱਟੜ ਸਨਾਤਨ ਧਰਮੀ ਦੇ ਘਰ ਵਿੱਚ ਜਨਮ ਲਿਆ ਸੀ। ਇਸ ਨਿੱਕੇ ਜਿਹੇ ਕਸਬੇ ਵਿੱਚ ਮੁਸਲਮਾਨ ਤੇ ਹਿੰਦੂ ਖ਼ੁਸ਼-ਖ਼ੁਸ਼ਾਈਂ ਵਸਦੇ ਸਨ। ਉਹ ਇਕ ਦੂਜੇ ਦੀਆਂ ਵਿਆਹ ਸ਼ਾਦੀਆਂ ਤੇ ਜੰਮਣ ਮਰਨ ਦੀਆਂ ਰਸਮਾਂ ਵਿਚ ਸ਼ਰੀਕ ਹੁੰਦੇ। ਪ੍ਰਿੰਸੀਪਲ ਛਬੀਲਦਾਸ ਸਾਰੀ ਹਯਾਤੀ ਆਪਣੇ ਸਕੂਲ ਦੇ ਮੁਸਲਮਾਨ ਦੋਸਤਾਂ, ਅਮੀਰ ਹਾਜੀ ਸ਼ਾਹ, ਕਾਦਰ ਬਖ਼ਸ਼, ਅਮੀਰ ਅਬਦੁੱਲ੍ਹਾ, ਅਤਾਅ ਮੁਹੰਮਦ, ਗੁਲ ਮੁਹੰਮਦ, ਮੁਹੰਮਦ ਹਯਾਤ ਖ਼ਾਨ ਤੇ ਗ਼ੁਲਾਮ ਕਾਸਿਮ ਨੂੰ ਯਾਦ ਰੱਖਿਆ। ਪ੍ਰਿੰਸੀਪਲ ਸਾਹਿਬ ਨੇ ਆਪਣੇ ਮਾਪਿਆਂ ਦੇ ਕੱਟੜ ਪੰਥੀ ਹੋਣ ਦਾ ਕਦੀ ਅਸਰ ਕਬੂਲ ਨਾ ਕੀਤਾ ਤੇ ਮਜ਼੍ਹਬੀ ਮਾਅਨਿਆਂ ਵਿਚ ਹਿੰਦੂ ਧਰਮ ਦੇ ਬਾਗ਼ੀ ਬਣ ਗਏ। ਚਾਰਲਸ ਬਰੈਡਲਾ ਵਾਂਗ ਉਹ ਵੀ ਰਵਾਇਤੀ ਧਰਮ ਦੇ ਵਿਰੋਧੀ ਸਨ। ਉਨ੍ਹਾਂ ਦੇ ਮਾਪਿਆਂ ਨੂੰ ਡਾਢਾ ਦੁਖ ਸੀ ਕਿ ਸਾਡਾ ਪੁੱਤਰ ਛਬੀਲਦਾਸ ਨਾ ਤੇ ਰੱਬ ਨੂੰ ਮੰਨਦਾ ਸੀ ਅਤੇ ਨਾ ਛੂਤ-ਛਾਤ ਨੂੰ। ਜਦੋਂ ਉਨ੍ਹਾਂ ਦਾ ਝੁਕਾ ਮਾਰਕਸਿਜ਼ਮ ਵਲ ਹੋ ਗਿਆ ਤਾਂ ਉਹ ਸਾਫ਼ ਲਫ਼ਜ਼ਾਂ ਵਿਚ ਧਰਮਾਂ ਦਾ ਇਨਕਾਰ ਕਰਨ ਲੱਗ ਪਏ। ਉਨ੍ਹਾਂ ਦੀ ਮਾਂ, ਜਿਹੜੀ ਛੂਤ-ਛਾਤ ਮੰਨਣ ਵਾਲੀ ਬੀਬੀ ਸੀ, ਡਾਢੀ ਦੁਖੀ ਰਹਿੰਦੀ ਕਿ ਉਸਦੇ ਘਰ ਦੇ ਭਾਂਡਿਆਂ ਵਿਚ ਮੁਸਲਮਾਨ, ਇਸਾਈ ਅਤੇ ਅਛੂਤ ਖਾ ਪੀ ਜਾਂਦੇ ਨੇ। ਉਸਦਾ ਰੋਣਾ ਸੀ ਕਿ ਛਬੀਲਦਾਸ, ਪੂਜਾ ਪਾਠ ਕਰਨ ਵਾਲੇ ਸਨਾਤਨ ਧਰਮੀ ਪਰਵਾਰ ਦਾ ਮੁੰਡਾ ਹੋ ਕੇ ਵੀ, ਉੱਕਾ ਈ ਨਾਸਤਕ ਬਣ ਗਿਆ ਸੀ।

ਜਦੋਂ ਈਸਾਖ਼ੇਲ ਤੇ ਬੰਨੂ ਦੇ ਸਕੂਲਾਂ ਤੋਂ ਅਪਣੀ ਪੜ੍ਹਾਈ ਪੂਰੀ ਕਰਕੇ ਉਹ ਡੀ. ਏ. ਵੀ. ਸਕੂਲ ਲਹੌਰ ਆ ਗਏ ਤਾਂ ਉਸ ਵੇਲੇ ਉਨ੍ਹਾਂ ਦੀ ਉਮਰ ਮਸਾਂ ਤੇਰਾਂ ਚੌਦਾਂ ਵਰ੍ਹਿਆਂ ਦੀ ਸੀ। ਸਕੂਲ ਦੇ ਹੋਸਟਲ ਦਾ ਸੁਪਰਿੰਟੈਂਡੈਂਟ ਹਰ ਸਟੂਡੈਂਟ ਨੂੰ ਕੱਟੜ ਆਰੀਆ ਸਮਾਜੀ ਬਣਾਉਣ ਤੇ ਤੁਲ ਗਿਆ। ਇਸ ਮਕਸਦ ਲਈ ਉਸਨੇ ਤਕਰੀਰੀ ਮੁਕਾਬਲੇ ਸ਼ੁਰੂ ਕਰਵਾਏ। ਇਕ ਮੁਕਾਬਲੇ ਵਿਚ ਛਬੀਲਦਾਸ ਨੇ ਵੀ ਹਿੱਸਾ ਲਿਆ। ਅਪਣੀ ਤਕਰੀਰ ਵਿੱਚ ਉਨ੍ਹਾਂ ਹਿੰਦੂ ਧਰਮ ਦਾ ਮਜ਼ਾਕ ਉਡਾਉਂਦਿਆਂ ਆਖਿਆ ਕਿ ਜਦੋਂ ਅੱਜੋਧਿਆ ਦੇ ਹਜ਼ਾਰਾਂ ਲੱਖਾਂ ਲੋਕਾਂ ਦੀ ਰਜ਼ਾ ਨਾਲ ਰਾਮ ਚੰਦਰ ਨੂੰ ਉਥੋਂ ਦਾ ਰਾਜਾ ਚੁਣ ਲਿਆ ਗਿਆ ਸੀ ਤਾਂ ਕੀਹ ਧਰਮੀ ਲੋਕਾਂ ਨੂੰ ਸੱਪ ਸੁੰਘ ਗਿਆ ਸੀ ਜਦੋਂ ਰਾਜਾ ਦਸਰਥ ਦੀ ਚਹੇਤੀ ਰਾਣੀ ਕੈਕਈ ਨੇ ਆਪਣੇ ਪੁੱਤਰ ਨੂੰ ਰਾਜਾ ਬਣਾਉਣ ਤੇ ਰਾਮ ਚੰਦਰ ਨੂੰ ਚੌਦਾਂ ਸਾਲਾਂ ਲਈ ਬਣਵਾਸ ਦੇਣ ਦਾ ਹੱਠ ਕਰ ਲਿਆ? ਰਾਜਾ ਦਸਰਥ ਦੀ ਲੱਖਾਂ ਦੀ ਪਰਜਾ ਚੋਂ ਇਕ ਵੀ ਅਜਿਹਾ ਮਾਈ ਦਾ ਲਾਲ ਨਹੀਂ ਸੀ ਜਿਹੜਾ ਇਹ ਕਹਿਣ ਦੀ ਹਿੰਮਤ ਕਰਦਾ ਅਤੇ ਮੰਗ ਕਰਦਾ ਕਿ ਲੱਖਾਂ ਲੋਕਾਂ ਦੇ ਫ਼ੈਸਲੇ ਨੂੰ ਨਕਾਰਣ ਵਾਲੀ ਮਹਾਰਾਣੀ ਕੌਣ ਹੁੰਦੀ ਐ, ਕਿਉਂ ਨਾ ਉਸਦੇ ਖ਼ਿਲਾਫ਼ ਰਾਜ-ਧ੍ਰੋਹ ਦਾ ਮੁਕੱਦਮਾ ਚਲਾਇਆ ਜਾਵੇ ਅਤੇ ਉਹਨੂੰ ਸਜ਼ਾ ਦਿੱਤੀ ਜਾਵੇ?

ਇਹ ਤਕਰੀਰ ਕਰਨ ਉੱਤੇ ਛਬੀਲਦਾਸ ਦੀ ਸ਼ਿਕਾਇਤ ਹੋ ਗਈ। ਸੁਪਰਿੰਟੈਂਡੈਂਟ ਨੇ ਮਾਮਲਾ ਆਰੀਆ ਸਮਾਜ ਦੇ ਸਦਰ ਮਹਾਤਮਾ ਹੰਸ ਰਾਜ ਤਾਈਂ ਪੁਚਾ ਦਿੱਤਾ। ਛਬੀਲਦਾਸ ਹੁਰਾਂ ਨੂੰ ਸਕੂਲ ਤੇ ਹੋਸਟਲ ਤੋਂ ਕੱਢ ਦੇਣ ਦਾ ਹੁਕਮ ਹੋ ਗਿਆ ਪਰ ਸਕੂਲ ਦੇ ਹੈੱਡ ਮਾਸਟਰ ਨੇ ਉਨ੍ਹਾਂ ਦੀ ਲਿਆਕਤ ਤੇ ਕਾਬਲੀਅਤ ਦਾ ਤਰਲਾ ਪਾ ਕੇ ਉਨ੍ਹਾਂ ਨੂੰ ਬਚਾ ਲਿਆ। 1917 ਈ. ਵਿਚ ਪੰਜਾਬ ਯੂਨੀਵਰਸਿਟੀ ਤੋਂ ਦਸਵੀਂ ਜਮਾਤ ਦੇ ਇਮਤਿਹਾਨ ਵਿਚ ਉਹ ਦੂਜੇ ਨੰਬਰ ਤੇ ਰਹੇ ਪਰ ਆਰੀਆ ਸਮਾਜੀ ਡੀ. ਏ. ਵੀ. ਕਾਲਜ ਦੀ ਥਾਵੇਂ ਉਹ ਦਿਆਲ ਸਿੰਘ ਕਾਲਜ ਵਿੱਚ ਦਾਖ਼ਲ ਹੋ ਗਏ। 1920 ਈ. ਵਿਚ ਜਦੋਂ ਉਨ੍ਹਾਂ ਬੀ. ਏ. ਪਾਸ ਕੀਤਾ ਉਦੋਂ ਤਾਈਂ ਪੰਜਾਬ ਕਿੰਨੀਆਂ ਹੀ ਸਿਆਸੀ ਤਹਿਰੀਕਾਂ - ਰੌਲਟ



Academy of the Punjab in North America - APNA: http://www.apnaorg.com

ਐਕਟ, ਜਲਿਆਂ ਵਾਲਾ ਬਾਗ਼ ਦਾ ਕਤਲਾਮ, ਨਾ-ਮਿਲਵਰਤਣ ਤਹਿਰੀਕ ਦਾ ਮਰਕਜ਼ ਬਣ ਚੁੱਕਿਆ ਸੀ। ਓਦੋਂ ਹੀ ਲਾਲਾ ਲਾਜਪਤ ਰਾਏ ਤੇ ਭਾਈ ਪਰਮਾਨੰਦ ਹੁਰਾਂ ਉਸੇ ਬਰੈਡਲਾ ਹਾਲ ਵਿਚ 'ਸਰਵੈਂਟਸ ਆਫ਼ ਦਾ ਪੀਪਲਜ਼ ਸੁਸਾਇਟੀ' ਕਾਇਮ ਕੀਤੀ। ਛਬੀਲਦਾਸ 100 ਰੁਪਏ ਮਹੀਨਾ ਬਦਲੇ ਉਸਦੇ ਹੋਲ-ਟਾਈਮ ਮੈਂਬਰ ਬਣ ਗਏ। ਇਸ ਸੁਸਾਇਟੀ ਦੀ ਲੋਕ ਸੇਵਾ ਦੀ ਤਵਾਰੀਖ਼ ਬੜੀ ਲੰਮੀ ਏ। ਸੁਸਾਇਟੀ ਦੇ ਮੈਂਬਰਾਂ ਦੀ ਉਮਰ 25 ਤੋਂ 50 ਵਰ੍ਹੇ ਤਾਈਂ ਹੋ ਸਕਦੀ ਸੀ। ਉਨ੍ਹਾਂ ਲਈ ਗਰੈਜੂਏਟ ਹੋਣਾ ਜ਼ਰੂਰੀ ਸੀ। ਹਰ ਮੈਂਬਰ ਨੂੰ ਇਹ ਸਹੁੰ ਚੁੱਕਣੀ ਪੈਂਦੀ ਸੀ ਕਿ ਉਹ ਘੱਟੋ ਘੱਟ ਵੀਹ ਵਰ੍ਹੇ ਤਾਈਂ ਸੁਸਾਇਟੀ ਦਾ ਮੈਂਬਰ ਰਹਵੇਗਾ।

ਸੁਸਾਇਟੀ ਦੇ ਨਾਲ ਜੁੜਨ ਤੋਂ ਕੁਛ ਚਿਰ ਮਗਰੋਂ ਹੀ ਛਬੀਲਦਾਸ ਲਾਲਾ ਲਾਜਪਤ ਰਾਏ ਦੇ ਉਰਦੂ ਅਖ਼ਬਾਰ 'ਬੰਦੇ ਮਾਤਰਮ' ਦੇ ਐਡੀਟਰ ਵੀ ਬਣ ਗਏ। ਉਦੋਂ ਤਾਈਂ ਬਰੈਡਲਾ ਹਾਲ ਵਿਚ ਹੀ ਨੈਸ਼ਨਲ ਸਕੂਲ ਤੇ ਨੈਸ਼ਨਲ ਕਾਲਜ ਵੀ ਕਾਇਮ ਹੋ ਚੁੱਕੇ ਸਨ ਜਿਨ੍ਹਾਂ ਨੂੰ ਕੌਮੀ ਨੈਸ਼ਨਲ ਯੂਨੀਵਰਸਿਟੀ ਲਹੌਰ ਨਾਲ ਮੁਨਸਲਿਕ ਕੀਤਾ ਗਿਆ ਸੀ। ਇਹ ਤਾਲੀਮੀ ਅਦਾਰੇ ਨਾਨ-ਕੋਆਪਰੇਸ਼ਨ ਤਹਿਰੀਕ ਦਾ ਹਿੱਸਾ ਸਨ। ਇੰਡੀਅਨ ਨੈਸ਼ਨਲ ਕਾਂਗਰਸ ਨੇ ਸਕੂਲਾਂ ਤੇ ਕਾਲਜਾਂ ਦੇ ਤਾਲਿਬ-ਇਲਮਾਂ ਨੂੰ ਅਪੀਲ ਕੀਤੀ ਸੀ ਕਿ ਉਹ ਸਰਕਾਰੀ ਸਕੂਲਾਂ ਕਾਲਜਾਂ ਦਾ ਬਾਈਕਾਟ ਕਰਨ। ਇਸਦੇ ਨਤੀਜੇ ਵਿਚ ਕਲਕੱਤਾ, ਪਟਨਾ, ਅਲੀਗੜ੍ਹ, ਦਿੱਲੀ ਅਤੇ ਲਹੌਰ ਜਿਹੇ ਵੱਡੇ ਸ਼ਹਿਰਾਂ ਵਿਚ ਕੌਮੀ ਸਕੂਲ ਤੇ ਕਾਲਜ ਖੋਲ੍ਹੇ ਗਏ ਸਨ। ਬਰੈਡਲਾ ਹਾਲ ਲਹੌਰ ਵਿਚ ਕਾਇਮ ਹੋਣ ਵਾਲੇ ਕੌਮੀ ਕਾਲਜ ਦੇ ਪ੍ਰਿੰਸੀਪਲ ਅਚਾਰਿਆ ਜੁਗਲ ਕਿਸ਼ੋਰ ਸਨ, ਜਿਹੜੇ ਕੁਝ ਚਿਰ ਪਹਿਲਾਂ ਵਲਾਇਤੋਂ ਅਪਣੀ ਪੜ੍ਹਾਈ ਮੁਕਾ ਕੇ ਪਰਤੇ ਸਨ ਅਤੇ ਬਹੁਤ ਵੱਡੇ ਦੇਸ਼ ਭਗਤ ਸਨ। ਕੁਝ ਚਿਰ ਮਗਰੋਂ ਛਬੀਲਦਾਸ ਕਾਲਜ ਦੇ ਨਵੇਂ ਪ੍ਰਿੰਸੀਪਲ ਮਿੱਥੇ ਗਏ।

ਭਗਤ ਸਿੰਘ 1921 ਈ. ਵਿਚ ਡੀ.ਏ.ਵੀ ਸਕੂਲ ਵਿਚ 9ਵੀਂ ਜਮਾਤ ਵਿੱਚ ਪੜ੍ਹ ਰਹੇ ਸਨ ਜਦੋਂ ਉਹ ਨੈਸ਼ਨਲ ਕਾਲਜ ਵਿਚ ਦਾਖ਼ਲੇ ਲਈ ਆਏ। ਜਿੰਨੇ ਵੀ ਬੱਚੇ ਇੱਥੇ ਦਾਖ਼ਲਾ ਲੈ ਰਹੇ ਸਨ, ਉਹ ਕਿਸੇ ਨਾ ਕਿਸੇ ਰੂਪ ਵਿਚ ਨਾਨ-ਕੋਆਪਰੇਸ਼ਨ ਤਹਿਰੀਕ ਦਾ ਹਿੱਸਾ ਰਹੇ ਸਨ। ਇੱਥੇ ਸਵਾਲ ਪੈਦਾ ਹੁੰਦਾ ਏ ਕਿ ਜਦ ਭਗਤ ਸਿੰਘ 9ਵੀਂ ਜਮਾਤ ਵਿੱਚ ਪੜ੍ਹ ਰਹੇ ਸਨ, ਉਹ ਕਾਲਜ ਵਿਚ ਕਿਵੇਂ ਦਾਖ਼ਲ ਹੋ ਗਏ? ਜੇ. ਦਾਸ ਗੁਪਤਾ ਮੂਜਬ ਜੋ ਉਨ੍ਹਾਂ ਦੇ ਨਾਲ ਈ ਦਾਖ਼ਲ ਹੋਣ ਆਏ ਸਨ, ਦੋਹਾਂ ਨੂੰ 11ਵੀਂ ਜਮਾਤ ਵਿੱਚ ਬੈਠਣ ਲਈ ਦੋ ਮਹੀਨੇ ਟੈਸਟ ਦੀ ਤਿਆਰੀ ਲਈ ਦਿੱਤੇ ਗਏ ਸਨ। ਡਾਢੀ ਤਿਆਰੀ ਮਗਰੋਂ ਦੋਵੇਂ ਦਾਖ਼ਲਾ-ਟੈਸਟ ਵਿੱਚ ਬੈਠੇ ਤੇ ਪਾਸ ਹੋ ਗਏ। ਪ੍ਰਿੰਸੀਪਲ ਛਬੀਲਦਾਸ ਤੇ ਭਾਈ ਪਰਮਾਨੰਦ ਹੁਰਾਂ ਆਪ ਇਹ ਟੈਸਟ ਲਿਆ ਸੀ। ਉਹ ਭਗਤ ਸਿੰਘ ਦੀ ਅੰਗਰੇਜ਼ੀ ਤੋਂ ਬਹੁਤੇ ਖ਼ੁਸ਼ ਨਹੀਂ ਸਨ ਪਰ ਤਵਾਰੀਖ਼ ਅਤੇ ਸਿਆਸਤ ਬਾਰੇ ਉਸਦੇ ਕਿਤਾਬਾਂ ਪੜ੍ਹਨ ਦੇ ਸ਼ੌਕ, ਉਹਦੀ ਸ਼ਖ਼ਸੀਅਤ, ਪਕਿਆਈ ਤੇ ਆਦਰਸ਼ੀ ਵਿਯਨ ਨੇ ਉਨ੍ਹਾਂ ਨੂੰ ਚੋਖਾ ਪ੍ਰਭਾਵਿਤ ਕੀਤਾ ਸੀ।

ਪ੍ਰਿੰਸੀਪਲ ਛਬੀਲਦਾਸ ਭਗਤ ਸਿੰਘ ਨੂੰ ਬਹੁਤ ਚਾਹੁੰਦੇ ਸਨ। ਛੇਤੀ ਹੀ ਦੋਹਾਂ ਦੇ ਵਿਚਕਾਰ ਦੋਸਤੀ ਦਾ ਰਿਸ਼ਤਾ ਵੀ ਕਾਇਮ ਹੋ ਗਿਆ। ਭਗਤ ਸਿੰਘ ਉਨ੍ਹਾਂ ਨੂੰ 'ਗੁਰੂ ਜੀ' ਕਹਿ ਕੇ ਬੁਲਾਉਂਦੇ ਸਨ ਭਾਵੇਂ ਉਨ੍ਹਾਂ ਵਿਚ ਉਮਰ ਦਾ ਬਹੁਤਾ ਫ਼ਰਕ ਨਹੀਂ ਸੀ। ਇਕ ਵਾਰ ਰਾਵੀ ਦਰਿਆ ਵਿੱਚ ਬੋਟਿੰਗ ਕਰਦੇ ਹੋਏ ਭਗਤ ਸਿੰਘ ਨੇ ਉਨ੍ਹਾਂ ਨੂੰ ਪੁੱਛਿਆ: "ਗੁਰੂ ਜੀ, ਜੇ ਕਰ ਤੁਸੀਂ ਵਿਆਹ ਕਰ ਲਿਆ, ਤਾਂ ਸਾਨੂੰ ਇਨਕਲਾਬ ਦਾ ਪਾਠ ਕਿਵੇਂ ਪੜ੍ਹਾਓਗੇ?" ਜਦੋਂ ਪ੍ਰਿੰਸੀਪਲ ਛਬੀਲਦਾਸ ਨੇ ਭਗਤ ਸਿੰਘ ਨੂੰ ਯਕੀਨ ਦਿਵਾਇਆ ਕਿ ਉਨ੍ਹਾਂ ਦੀ ਮੰਗ ਇਕ ਆਦਰਸ਼ਵਾਦੀ ਕੁੜੀ ਐ ਤਾਂ ਭਗਤ ਸਿੰਘ


Academy of the Punjab in North America - APNA: http://www.apnaorg.com

ਹੱਸਣ ਲੱਗ ਪਏ। ਉਹ ਵਿਆਹ ਨੂੰ ਇਨਕਲਾਬ ਦੀ ਰਾਹ ਦਾ ਰੋੜਾ ਸਮਝਦੇ ਸਨ ਤੇ ਵਿਆਹ ਤੋਂ ਬਚਣ ਲਈ ਘਰੋਂ ਨੱਸ ਕੇ ਕਾਨ੍ਹਪੁਰ ਟੁਰ ਗਏ ਸਨ।

ਪ੍ਰਿੰਸੀਪਲ ਛਬੀਲਦਾਸ ਦਾ ਵਿਆਹ ਹੋ ਗਿਆ। ਉਨ੍ਹਾਂ ਦੀ ਪਤਨੀ ਸੀਤਾ ਦੇਵੀ ਉਨ੍ਹਾਂ ਤੋਂ ਘੱਟ ਇਨਕਲਾਬੀ ਸਾਬਤ ਨਾ ਹੋਈ। ਉਹ ਲਾਜਪਤ ਰਾਏ ਭਵਨ ਵਿਚ ਰਹਿੰਦੇ ਸਨ। ਇਹ ਥਾਂ ਬਰੈਡਲਾ ਹਾਲ ਤੋਂ ਨੇੜੇ ਹੀ ਸੀ - ਡੀ.ਏ.ਵੀ ਕਾਲਜ ਦੇ ਹੋਸਟਲ ਸਾਹਮਣੇ। ਉਸਦੇ ਲਾਗੇ ਹੀ ਪੁਲਿਸ ਦਾ ਉਹ ਦਫ਼ਤਰ ਸੀ ਜਿਸ ਚੋਂ ਨਿਕਲਦੇ ਹੋਏ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਸਾਂਡਰਸ ਨੂੰ ਫ਼ੜਕਾਇਆ ਸੀ। ਲਾਜਪਤ ਰਾਏ ਭਵਨ ਵਿਚ ਦਵਾਰਕਾਦਾਸ ਲਾਇਬਰੇਰੀ ਵੀ ਸੀ ਜਿਥੋਂ ਭਗਤ ਸਿੰਘ ਪੜ੍ਹਨ ਲਈ ਕਿਤਾਬਾਂ ਲਿਜਾਂਦੇ ਸਨ। ਸੈਂਟਰਲ ਜੇਲ੍ਹ ਲਹੌਰ ਤੋਂ 24 ਜੁਲਾਈ 1930 ਈ. ਨੂੰ ਉਨ੍ਹਾਂ ਜੈ ਦੇਵ ਗੁਪਤਾ ਨੂੰ ਇਕ ਖ਼ਤ ਵਿਚ ਲਿਖਿਆ ਸੀ ਕਿ ਉਹ ਦਵਾਰਕਾਦਾਸ ਲਾਇਬਰੇਰੀ 'ਚੋਂ ਉਹਨੂੰ ਕੁਝ ਕਿਤਾਬਾਂ ਲੈ ਕੇ ਘੱਲਣ। ਉਨ੍ਹਾਂ ਵਿਚ ਮਾਰਕਸ ਤੇ ਲੈਨਿਨ ਬਾਰੇ ਕਿਤਾਬਾਂ ਵੀ ਸਨ।

ਨੈਸ਼ਨਲ ਕਾਲਜ ਵਿਚ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਇਕ ਡਰਾਮਾ ਸੁਸਾਇਟੀ ਵੀ ਬਣਾਈ ਸੀ। ਉਹ ਡਰਾਮੇ ਲਿਖਦੇ, ਡਰਾਮੇ ਖੇਡਦੇ ਤੇ ਇੰਨਾ ਡਰਾਮਿਆਂ ਰਾਹੀਂ ਅਪਣਾ ਸਿਆਸੀ ਪ੍ਰਚਾਰ ਕਰਦੇ। ਭਗਤ ਸਿੰਘ ਤੇ ਡਰਾਮਾ ਕਲੱਬ ਦੇ ਦੂਜੇ ਸਾਥੀਆਂ ਦੀ ਇਕ ਤਸਵੀਰ ਮਿਲਦੀ ਏ ਜਿਹੜੀ ਡਰਾਮਾ 'ਭਾਰਤ ਦੁਰਦਸ਼ਾ' ਖੇਡਣ ਦੇ ਮੌਕੇ ਤੇ ਖਿੱਚੀ ਗਈ ਸੀ।

ਭਗਤ ਸਿੰਘ ਦੇ ਸਾਥੀ ਤੇ ਮਸ਼ਹੂਰ ਹਿੰਦੀ ਲਿਖਾਰੀ ਯਸ਼ਪਾਲ ਅਪਣੀਆਂ ਯਾਦਾਂ ਵਿਚ ਦਸਦੇ ਨੇ ਕਿ ਬਰੈਡਲਾ ਹਾਲ ਵਿਚ ਬਣੀ ਨੈਸ਼ਨਲ ਡਰਾਮੈਟਿਕ ਕਲੱਬ ਸਿਆਸੀ ਪ੍ਰਚਾਰ ਦਾ ਬਹੁਤ ਵੱਡਾ ਜ਼ਰੀਆ ਸੀ। ਉਨ੍ਹਾਂ ਦੇ ਲਫ਼ਜ਼ਾਂ ਵਿਚ 'ਆਪਣੇ ਖ਼ਿਆਲਾਂ ਦੇ ਪ੍ਰਚਾਰ ਲਈ ਅਸਾਂ, ਨੈਸ਼ਨਲ ਕਾਲਜ ਦੇ ਵਿਦਿਆਰਥੀਆਂ ਥੇਟਰ ਦਾ ਸਾਧਨ ਅਪਨਾਇਆ ਸੀ। ਵੱਡਾ ਮਕਸਦ ਇਹ ਸੀ ਕਿ ਡਰਾਮਾ ਵੇਖਣ ਵਾਲਿਆਂ ਨੂੰ ਅਪਣੀ ਗ਼ੁਲਾਮੀ ਦਾ ਅਹਿਸਾਸ ਦਿਵਾਇਆ ਜਾਵੇ। ਚੰਦਰ ਗੁਪਤ ਮੌਰੀਆ ਬਾਰੇ ਇਕ ਡਰਾਮਾ ਖੇਡਿਆ ਗਿਆ ਜਿਸਦੇ ਵਿੱਚ ਭਗਤ ਸਿੰਘ ਨੇ ਸ਼ਸ਼ੀ ਗੁਪਤ ਦਾ ਰੋਲ ਕੀਤਾ। ਡਰਾਮਾ ਏਨਾ ਕਾਮਯਾਬ ਸੀ ਕਿ ਭਾਈ ਪਰਮਾਨੰਦ ਹੁਰਾਂ ਆਖਿਆ:

"ਇਕ ਦਿਨ ਮੇਰਾ ਭਗਤ ਸਿੰਘ ਵੀ ਸੱਚੀ-ਮੁੱਚੀ ਦਾ ਸ਼ਸ਼ੀ ਗੁਪਤ ਹੋਵੇਗਾ"। ਉਨ੍ਹਾਂ 'ਮਹਾਂਭਾਰਤ' ਦੇ ਸਕਰਿਪਟ ਵਿਚ ਆਪਣੇ ਮਤਲਬ ਦੀਆਂ ਤਬਦੀਲੀਆਂ ਕਰ ਕੇ 'ਕ੍ਰਿਸ਼ਨ ਵਿਜੈ' ਦੇ ਨਾਂ ਤੋਂ ਇਕ ਹੋਰ ਡਰਾਮਾ ਖੇਡਿਆ। ਇਸਦੇ ਵਿਚ ਅੰਗਰੇਜ਼ਾਂ ਨੂੰ ਕੌਰਵ ਤੇ ਆਜ਼ਾਦੀ ਦੇ ਪਰਵਾਨਿਆਂ ਨੂੰ ਪਾਂਡਵ ਦੇ ਰੂਪ ਵਿਚ ਪੇਸ਼ ਕੀਤਾ ਗਿਆ ਸੀ। ਉਸਦੇ ਵਿਚ ਗੀਤਾਂ ਦੀ ਬੋਲੀ ਪੰਜਾਬੀ ਸੀ :

*ਕਦੇ ਤੂੰ ਵੀ ਹਿੰਦੀਆ ਹੋਸ਼ ਸੰਭਾਲੀਂ ਓਏ*
*ਤੇਰਾ ਘਰ ਬਾਰ ਵਿਦੇਸ਼ੀ ਲੁੱਟ ਲੈ ਗਏ, ਤੂੰ ਬੇ-ਖ਼ਬਰ ਸੌਂ ਰਿਹਾ.....*

ਇਹ ਗੀਤ 1907 ਈ. ਦੀ ਬਗ਼ਾਵਤ ਵਿਚ ਬਾਂਕੇ ਦਿਆਲ ਦੇ ਲਿਖੇ ਗੀਤ "ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ....." ਦੀ ਤਰਜ਼ ਤੇ ਲਿਖਿਆ ਗਿਆ ਸੀ।

ਇਸੇ ਤਰ੍ਹਾਂ ਕਾਂਗਰਸ ਦੀ ਇਕ ਕਾਨਫਰੰਸ ਦੇ ਮੌਕੇ ਤੇ 'ਭਾਰਤ ਦੁਰਦਸ਼ਾ' ਖੇਡਿਆ ਗਿਆ ਸੀ।

ਭਗਤ ਸਿੰਘ ਨੈਸ਼ਨਲ ਕਾਲਜ ਵਿਚ ਅਪਣੀ ਬੀ.ਏ. ਦੀ ਪੜ੍ਹਾਈ ਪੂਰੀ ਨਾ ਕਰ ਸਕੇ। 1923 ਈ. ਵਿਚ ਉਹ ਕਾਲਜ ਵਿਚ ਹੀ ਸਨ ਜਦੋਂ ਉਨ੍ਹਾਂ ਦੇ ਵਿਆਹ ਦੀ ਗੱਲ ਟੁਰੀ। 1924 ਈ. ਵਿਚ



Academy of the Punjab in North America - APNA: http://www.apnaorg.com

ਉਹ ਪੜ੍ਹਾਈ ਛੱਡ ਕੇ ਕਾਨ੍ਹਪੁਰ ਟੁਰ ਗਏ ਤੇ 'ਪ੍ਰਤਾਪ' ਨਾਂ ਦੇ ਇਕ ਅਖ਼ਬਾਰ ਵਿਚ ਕੰਮ ਕਰਨ ਲੱਗ ਪਏ। ਇੱਥੇ ਹੀ ਉਨ੍ਹਾਂ ਦੀ ਮੁਲਾਕਾਤ ਚੰਦਰ ਸ਼ੇਖ਼ਰ ਆਜ਼ਾਦ ਨਾਲ ਹੋਈ। ਪਰ ਉਹ ਬਹੁਤਾ ਚਿਰ ਕਾਨਪੁਰ ਨਾ ਰਹਿ ਸਕੇ ਤੇ 1925 ਈ. ਵਿਚ ਅਪਣੀ ਦਾਦੀ ਦੀ ਬਿਮਾਰੀ ਬਾਰੇ ਸੁਣ ਕੇ ਪਰਤ ਆਏ।

1925 ਈ. ਵਿਚ 'ਨੌਜਵਾਨ ਭਾਰਤ ਸਭਾ' ਬਣੀ ਤਾਂ ਇਸਦੀ ਪਹਿਲੀ ਮੀਟਿੰਗ ਬਰੈਡਲਾ ਹਾਲ ਦੇ ਇਕ ਕਮਰੇ ਵਿਚ ਹੀ ਹੋਈ। ਨੈਸ਼ਨਲ ਕਾਲਜ ਤੋਂ ਬੀ.ਏ. ਪਾਸ ਰਾਮ ਕਿਸ਼ਨ ਸਭਾ ਦੇ ਸਦਰ ਤੇ ਭਗਤ ਸਿੰਘ ਇਸਦੇ ਸੈਕਰੇਟਰੀ ਮਿੱਥੇ ਗਏ। ਸਭਾ ਬਣਾਉਣ ਦਾ ਮੁਢਲਾ ਖ਼ਿਆਲ ਭਗਤ ਸਿੰਘ ਦਾ ਸੀ ਜਿਹੜਾ ਉਸਨੇ ਪ੍ਰਿੰਸੀਪਲ ਛਬੀਲਦਾਸ, ਭਗਵਤੀ ਚਰਨ ਵੋਹਰਾ, ਕਾਮਰੇਡ ਰਾਮ ਚੰਦਰ ਅਤੇ ਸੁਖਦੇਵ ਨਾਲ ਸਾਂਝਾ ਕੀਤਾ ਸੀ।

ਪਹਿਲੀ ਬੈਠਕ ਵਿਚ ਪ੍ਰਿੰਸੀਪਲ ਛਬੀਲਦਾਸ, ਕਾਮਰੇਡ ਰਾਮ ਚੰਦਰ, ਭਗਵਤੀ ਚਰਨ, ਸੁਖਦੇਵ, ਗੁਰੂ ਦੱਤ, ਮਾਸਟਰ ਪਰਸਰਾਮ, ਜੈ ਦੇਵ, ਬਾਬੂ ਸਿੰਘ, ਗਣਪਤ ਰਾਏ, ਜਸਵੰਤ ਸਿੰਘ, ਸੋਮ ਦੇਵ, ਬਨਾਰਸੀ ਤੇ ਕੁਝ ਹੋਰ ਨੌਜਵਾਨ ਇਕੱਠੇ ਹੋਏ ਸਨ। ਉਨ੍ਹਾਂ ਦਾ ਖ਼ਿਆਲ ਸੀ ਕਿ ਕਾਂਗਰਸ ਡੋਮੀਨੀਅਨ ਸਟੇਟਸ ਤੋਂ ਅੱਗੇ ਨਹੀਂ ਸੋਚ ਰਹੀ ਇਸ ਲਈ ਦੇਸ਼ ਦੀ ਆਜ਼ਾਦੀ ਲਈ ਨੌਜਵਾਨਾਂ ਦਾ ਇਕੱਠਾ ਹੋਣਾ ਜ਼ਰੂਰੀ ਏ। ਸਭਾ ਦਾ ਪਹਿਲਾ ਨਾਂ 'ਯੰਗ ਇੰਡੀਅਨ ਐਸੋਸੀਏਸ਼ਨ' ਰੱਖਿਆ ਗਿਆ। ਪ੍ਰਿੰਸੀਪਲ ਛਬੀਲਦਾਸ ਗਾਂਧੀ ਦੇ ਰਸਤੇ ਨੂੰ ਠੀਕ ਨਾ ਸਮਝਦੇ ਹੋਏ ਵੀ ਤਸ਼ੱਦਦ ਦੀ ਹਮਾਇਤ ਨਹੀਂ ਸਨ ਕਰ ਰਹੇ ਜਦ ਕਿ ਭਗਤ ਸਿੰਘ, ਸੁਖਦੇਵ ਤੇ ਕੁਝ ਦੂਜੇ ਨੌਜਵਾਨਾਂ ਦਾ ਆਖਣਾ ਸੀ ਕਿ 'ਬੋਲਿਆਂ ਨੂੰ ਅਪਣੀ ਵਾਜ ਸੁਣਾਉਣ ਲਈ ਧਮਾਕੇ ਕਰਨ ਦੀ ਲੋੜ ਏ।' ਯੰਗ ਇੰਡੀਅਨ ਐਸੋਸੀਏਸ਼ਨ ਦੀ ਦੂਜੀ ਬੈਠਕ ਵੀ ਬਰੈਡਲਾ ਹਾਲ ਵਿਚ ਹੋਈ। ਪਰ ਫ਼ਿਰ ਬਹੁਤ ਸਾਰੀਆਂ ਬੈਠਕਾਂ ਪਰੀ ਮਹਿਲ ਵਿੱਚ ਵੀ ਹੋਈਆਂ। ਐਸੋਸੀਏਸ਼ਨ ਦੇ ਦੇਸੀ ਨਾਂ 'ਨੌਜਵਾਨ ਭਾਰਤ ਸਭਾ', 'ਅੰਜਮਨ ਨੌਜਵਾਨਿ ਹਿੰਦ' ਅਤੇ 'ਤਰੁਣ ਭਾਰਤ ਸੰਘ' ਵੀ ਤਜਵੀਜ਼ ਹੋਏ। ਅਖ਼ੀਰ 'ਨੌਜਵਾਨ ਭਾਰਤ ਸਭਾ' ਦੇ ਨਾਂ ਉੱਤੇ ਸਾਰਿਆਂ ਦਾ ਇੱਤਫ਼ਾਕ ਹੋ ਗਿਆ। ਇਸ ਦੌਰਾਨ ਸਭਾ ਵਿਚ ਮੀਰ ਅਬਦੁਲਮਜੀਦ, ਧਨਵੰਤਰੀ, ਰਾਮ ਕਿਸ਼ਨ ਤੇ ਕੁਝ ਹੋਰ ਇਨਕਲਾਬੀ ਵੀ ਸ਼ਾਮਿਲ ਹੋ ਗਏ।

ਸਭਾ ਦੇ ਇਕ ਇਕੱਠ ਵਿਚ ਇਨਕਲਾਬੀ ਸਾਹਿਤ ਰਚਣ ਲਈ ਇਕ ਸੁਸਾਇਟੀ ਵੀ ਬਣਾਈ ਗਈ ਜਿਹੜੀ ਮਗਰੋਂ 'ਟਰੈਕਟ ਸੁਸਾਇਟੀ' ਦੇ ਨਾਂ ਨਾਲ ਮਸ਼ਹੂਰ ਹੋਈ। ਇਸਦੇ ਕਰਤਾ-ਧਰਤਾ ਪ੍ਰਿੰਸੀਪਲ ਛਬੀਲਦਾਸ ਸਨ। ਮੁੱਢਲੇ ਸਫ਼ਿਆਂ ਵਿਚ ਮੈਂ ਪ੍ਰਿੰਸੀਪਲ ਛਬੀਲਦਾਸ ਦੀਆਂ ਜਿਹੜੀਆਂ ਕਿਤਾਬਾਂ ਦਾ ਜ਼ਿਕਰ ਕੀਤਾ ਏ, ਉਹ ਇਸੇ ਟਰੈਕਟ ਸੁਸਾਇਟੀ ਵੱਲੋਂ ਜਾਰੀ ਹੋਈਆਂ ਸਨ। ਉਨ੍ਹਾਂ ਕਤਾਬੜੀਆਂ ਦਾ ਮੁੱਲ ਦੋ ਦੋ ਪੈਸੇ ਹੁੰਦਾ ਸੀ। ਸਭ ਤੋਂ ਪਹਿਲਾਂ ਜਿਹੜਾ ਟਰੈਕਟ ਛਪਿਆ, ਉਸਦਾ ਨਾਂ 'ਹਮ ਸਵਰਾਜ ਕਿਉਂ ਚਾਹਤੇ ਹੈਂ?' ਸੀ। ਮੇਰੇ ਕੋਲ ਇਹਦਾ ਚੌਥਾ ਐਡੀਸ਼ਨ ਏ ਜਿਹੜਾ ਦੂਜੀ ਵੱਡੀ ਲਾਮ ਮਗਰੋਂ ਛਪਿਆ ਤੇ ਜਿਹਦਾ ਮੁੱਲ 8 ਆਨੇ ਹੋ ਗਿਆ ਸੀ। ਪ੍ਰਿੰਸੀਪਲ ਛਬੀਲਦਾਸ ਦੇ ਇਨਕਲਾਬੀ ਕਲਮ ਚੋਂ ਨਿਕਲੀਆਂ ਲਿਖਤਾਂ ਬਾਰੇ ਸੀ. ਆਈ. ਡੀ. ਦੇ ਲਫ਼ਜ਼ ਸਨ:

"Chhabildas is the most clever and dangerous revolutionary propagandist"

ਜਿਵੇਂ ਕਿ ਮੈਂ ਪਿੱਛੇ ਵੀ ਜ਼ਿਕਰ ਕੀਤਾ ਏ, ਬਰੈਡਲਾ ਹਾਲ ਤੇ ਉਸ ਵਿਚ ਕਾਇਮ ਨੈਸ਼ਨਲ ਕਾਲਜ ਨੌਜਵਾਨ ਭਾਰਤ ਸਭਾ ਦੀਆਂ ਇਨਕਲਾਬੀ ਸਰਗਰਮੀਆਂ ਦਾ ਬਹੁਤ ਵੱਡਾ ਮਰਕਜ਼ ਸੀ। ਜਦੋਂ ਦਸੰਬਰ 1929 ਈ. ਵਿਚ ਰਾਵੀ ਦੇ ਕੰਢੇ ਮੁਕੰਮਲ ਆਜ਼ਾਦੀ ਬਾਰੇ ਕਾਂਗਰਸ ਦਾ ਇਕੱਠ



Academy of the Punjab in North America - APNA: http://www.apnaorg.com

ਹੋਇਆ ਤਾਂ ਬਰੈਡਲਾ ਹਾਲ ਸਿਆਸੀ ਆਵਾਜਾਈ ਦਾ ਮਰਕਜ਼ ਬਣ ਗਿਆ। ਪਰ ਸਭਾ ਦੇ ਕਾਇਮ ਹੋਣ ਤੇ ਉਸਦੀਆਂ ਸਰਗਰਮੀਆਂ ਦਾ ਗੜ੍ਹ ਬਰੈਡਲਾ ਹਾਲ ਹੀ ਸੀ।

**1947 ਈ. ਵਿਚ ਬਰੈਡਲਾ ਹਾਲ ਦੀਆਂ ਰੌਣਕਾਂ ਉੱਜੜ ਗਈਆਂ। ਤਾਰੀਖ਼ ਦੇ ਪੰਨੇ ਕੂੜੇ-ਦਾਨ ਦਾ ਰਿਜ਼ਕ ਬਣ ਗਏ। ਇਹਨੂੰ ਆਪਣੇ ਚੇਤੇ ਵਿਚੋਂ ਵਸਾਰਨ ਦੀ ਸਾਨੂੰ ਇੰਨੀ ਕਾਹਲ ਸੀ ਕਿ ਲਹੌਰ ਵਿਚ ਰਹਿ ਗਏ ਇਨਕਲਾਬੀ ਵੀ ਬਰੈਡਲਾ ਹਾਲ ਦਾ ਰਾਹ ਛੱਡ ਗਏ। ਇਹ ਹਾਲ ਅੱਜ ਆਪਣੇ ਥਾਂ ਤੇ ਖਲੋਤਾ ਏ ਪਰ ਗੁੰਮਸੁੰਮ, ਉਦਾਸ ਤੇ ਨਿੰਮੋਝੂਣਾ।**

ਸਭਾ ਦਾ ਪਹਿਲਾ ਇਕੱਠ ਗ਼ਦਰ ਪਾਰਟੀ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਵਿਚ ਹੋਇਆ। ਭਗਤ ਸਿੰਘ ਨੇ ਕਿਧਰੋਂ ਸਰਾਭਾ ਦੀ ਫ਼ੋਟੋ ਲੱਭੀ ਜਿਹੜੀ ਭਗਵਤੀ ਚਰਨ ਵੋਹਰਾ ਨੇ ਆਪਣੇ ਖ਼ਰਚੇ ਤੇ ਵੱਡੀ ਕਰਵਾਈ। ਪੋਰਟਰੇਟ ਨੂੰ ਚਿੱਟੇ ਦੁੱਧ ਕੱਪੜੇ ਵਿਚ ਵਲ੍ਹੇਟ ਕੇ ਬਰੈਡਲਾ ਹਾਲ ਵਿਚ ਰੱਖਿਆ ਗਿਆ। ਮਗਰੋਂ ਦਿਲ ਨੂੰ ਟੁੰਬਣ ਵਾਲਾ ਇਕ ਮੰਜ਼ਰ ਵੇਖਣ ਵਿਚ ਆਇਆ। ਦੁਰਗਾ ਦੇਵੀ (ਭਗਵਤੀ ਚਰਨ ਦੀ ਪਤਨੀ) ਅਤੇ ਸੁਸ਼ੀਲਾ ਦੇਵੀ ਨੇ ਅਪਣੀਆਂ ਉਂਗਲਾਂ ਦੇ ਲਹੂ ਨਾਲ ਚਿੱਟੇ ਦੁੱਧ ਕਪੜੇ ਨੂੰ ਤਰੌਂਕਾ ਦਿੱਤਾ। ਇਹ ਇਕੱਠ ਨੌਜਵਾਨਾਂ ਨੂੰ ਇਨਕਲਾਬੀ ਕੰਮਾਂ ਲਈ ਆਪਣੇ ਆਪ ਨੂੰ ਵਕਫ਼ ਕਰ ਦੇਣ ਦਾ ਖੁੱਲ੍ਹਾ ਬੁਲਾਰਾ ਸੀ।

ਇਹ ਸਰਗਰਮੀਆਂ ਭਗਤ ਸਿੰਘ ਤੇ ਦੂਜੇ ਇਨਕਲਾਬੀਆਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਵੀ ਜਾਰੀ ਰਹੀਆਂ। ਜਦੋਂ ਭੁੱਖ ਹੜਤਾਲ ਦੇ ਦੌਰਾਨ ਜਤਿੰਦਰ ਨਾਥ ਦਾਸ ਦੀ ਮੌਤ ਹੋ ਗਈ ਤਾਂ 23 ਦਸੰਬਰ 1929 ਈ. ਨੂੰ ਨੌਜਵਾਨ ਭਾਰਤ ਸਭਾ ਨੇ ਕਾਮਰੇਡ ਮਿਸ ਸੁਹਾ ਸੈਣੀ ਦੀ ਪ੍ਰਧਾਨਗੀ ਹੇਠ ਇਕ ਕਾਨਫ਼ਰੰਸ ਦਾ ਪ੍ਰਬੰਧ ਕੀਤਾ। ਦਾਸ ਦੀ ਸ਼ਹਾਦਤ ਬਾਰੇ ਇਕ ਮੱਤਾ ਪਾਸ ਹੋਇਆ ਜਿਸਦੇ ਵਿਚ ਆਖਿਆ ਗਿਆ ਸੀ:

"ਇਹ ਕਾਨਫ਼ਰੰਸ ਸ਼ਹੀਦ ਜੇ.ਐਨ.ਦਾਸ ਦੀ ਮਿਸਾਲੀ ਕੁਰਬਾਨੀ ਨੂੰ ਸਲਾਹੁੰਦੀ ਏ ਤੇ ਮੌਤ ਦੀ ਜ਼ਿੰਮੇਵਾਰੀ ਸਰਕਾਰ ਦੇ ਮੋਢਿਆਂ ਤੇ ਪਾਉਂਦੀ ਏ।"

ਕਾਮਰੇਡ ਸੁਹਾ ਸੈਣੀ ਨੇ ਅਪਣੀ ਤਕਰੀਰ ਵਿੱਚ ਕਾਂਗਰਸ ਦੇ ਡੋਮੀਨੀਅਨ ਦਰਜੇ ਦੀ ਪਾਲਿਸੀ ਦੀ ਨਿੰਦਿਆ ਕੀਤੀ ਤੇ ਉਨ੍ਹਾਂ ਨੇਤਾਵਾਂ ਨੂੰ ਖ਼ਬਰਦਾਰ ਕੀਤਾ ਜਿਹੜੇ ਸਰਕਾਰ ਨਾਲ ਸੌਦੇਬਾਜ਼ੀਆਂ ਕਰਕੇ ਲੋਕਾਈ ਕੋਲੋਂ ਦੂਰ ਹੋ ਰਹੇ ਸਨ।

ਜਦੋਂ 7 ਅਕਤੂਬਰ 1930 ਈ. ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫ਼ਾਹੇ ਲਾਣ ਦਾ ਫ਼ੈਸਲਾ ਸੁਣਾ ਦਿੱਤਾ ਗਿਆ ਤਾਂ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫ਼ੈਲ ਗਈ। ਮਿਊਂਸਪਲ ਗਰਾਊਂਡ ਦੇ ਬਾਹਰ ਖ਼ਲਕਤ ਟੁੱਟ ਕੇ ਆ ਗਈ ਤੇ ਦਫ਼ਾ 144 ਦੇ ਹੁੰਦਿਆਂ ਵੀ ਜਲਸਾ ਹੋਇਆ। ਦੂਜੇ ਦਿਨ ਨੌਜਵਾਨ ਭਾਰਤ ਸਭਾ ਨੇ ਬਰੈਡਲਾ ਹਾਲ ਵਿਚ ਨੌਜਵਾਨਾਂ ਤੇ ਵਿਦਿਆਰਥੀਆਂ ਦਾ ਇਕੱਠ ਕੀਤਾ ਤੇ ਸਜ਼ਾਵਾਂ ਦੀ ਨਿੰਦਿਆ ਕੀਤੀ।



Academy of the Punjab in North America - APNA: http://www.apnaorg.com

ਬਰੈਡਲਾ ਹਾਲ ਦੀ ਕਹਾਣੀ 1947 ਈ. ਤੀਕ ਚੱਲਦੀ ਏ ਜਦੋਂ ਇਨਕਲਾਬੀ ਕਾਰਕੁਨ ਇਥੋਂ ਉੱਜੜ ਕੇ ਜਾ ਰਹੇ ਸਨ ਅਤੇ ਸਰਹੱਦ ਪਾਰੋਂ ਆਉਣ ਵਾਲੇ ਮੁਹਾਜਰ ਕਾਫ਼ਲੇ ਇੱਥੇ ਆ ਕੇ ਆਬਾਦ ਹੋ ਰਹੇ ਸਨ। 1947 ਈ. ਤੀਕ ਇੱਥੇ ਸਿਆਸੀ ਤੇ ਇਨਕਲਾਬੀ ਸਰਗਰਮੀਆਂ ਜਾਰੀ ਰਹੀਆਂ। ਸੂਬਾ ਕਾਂਗਰਸ ਦਾ ਹੈਡਕਵਾਰਟਰ ਹੋਣ ਦੇ ਨਾਤੇ ਹਿੰਦੁਸਤਾਨ ਭਰ ਦੇ ਕਾਂਗਰਸੀ ਨੇਤਾਵਾਂ ਤੇ ਵਰਕਰਾਂ ਦਾ ਇੱਥੇ ਆਣਾ ਜਾਣਾ ਸੀ। ਦਸੰਬਰ 1929 ਈ. ਵਿਚ ਲਹੌਰ ਵਿਚ ਹਿੰਦੁਸਤਾਨ ਦੀ ਪੂਰਨ ਆਜ਼ਾਦੀ ਦਾ ਮੱਤਾ ਪਾਸ ਕਰਨ ਲਈ ਕਾਂਗਰਸ ਦਾ ਇਕੱਠ ਹੋਇਆ ਤਾਂ ਬਰੈਡਲਾ ਹਾਲ ਸਿਆਸੀ ਕਾਰਕੁਨਾਂ ਨਾਲ ਭਰ ਗਿਆ ਸੀ। ਫ਼ਿਰ 1942 ਈ. ਵਿਚ ਜਦੋਂ 'ਹਿੰਦੁਸਤਾਨ ਚੋਂ ਨਿਕਲ ਜਾਓ' ਤਹਿਰੀਕ ਚੱਲੀ ਤਾਂ ਉਸਦਾ ਮਰਕਜ਼ ਵੀ ਬਰੈਡਲਾ ਹਾਲ ਈ ਸੀ। ਇੱਥੇ ਮੀਆਂ ਇਫ਼ਤਖ਼ਾਰੁੱਦੀਨ, ਜਵਾਹਰ ਲਾਲ ਨਹਿਰੂ, ਅਬਦੁਲ ਕਲਾਮ ਆਜ਼ਾਦ, ਖ਼ਾਨ ਅਬਦੁਲ ਗ਼ੱਫ਼ਾਰ ਖ਼ਾਨ, ਡਾਕਟਰ ਖ਼ਾਨ ਸਾਹਿਬ ਤੇ ਹੋਰ ਕਿੰਨੇ ਈ ਕਾਂਗਰਸੀਆਂ ਦੀ ਆਵਾਜਾਈ ਰਹੀ ਸੀ।

ਇਨਕਲਾਬੀਆਂ ਅਤੇ ਕਾਮਰੇਡਾਂ ਦਾ ਤਾਂ ਇਹ ਜਿਵੇਂ ਅਪਣਾ ਘਰ ਸੀ। ਮੁਬਾਰਕ ਸਾਗਰ ਜਿਨ੍ਹਾਂ ਦਾ ਅਸਲੀ ਨਾਂ ਮੁਬਾਰਕ ਦੀਨ ਸੀ ਤੇ ਜਿਹੜੇ ਇਸਲਾਮੀਆ ਕਾਲਜ ਦੇ ਤਾਲਿਬ-ਇਲਮ ਸਨ, 1929 ਈ. ਵਿਚ ਪ੍ਰਿੰਸੀਪਲ ਛਬੀਲਦਾਸ ਦੇ ਜਾਣੂੰ ਬਣੇ ਤੇ ਨੌਜਵਾਨ ਭਾਰਤ ਸਭਾ ਵਿਚ ਸ਼ਾਮਲ ਹੋ ਗਏ। ਕਰਾਚੀ ਵਿਚ ਉਨ੍ਹਾਂ ਸਿੰਧ ਨੌਜਵਾਨ ਭਾਰਤ ਸਭਾ ਦਾ ਮੁੱਢ ਬੰਨ੍ਹਿਆ ਸੀ। 1930 ਈ. ਵਿਚ ਸਿਵਲ ਨਾਫ਼ਰਮਾਨੀ ਕਾਰਨ ਫੜੇ ਗਏ। 1931 ਈ. ਵਿਚ ਨੌਜਵਾਨ ਭਾਰਤ ਸਭਾ ਦੀ ਕਾਨਫ਼ਰੰਸ ਜਿਹੜੀ ਭਗਤ ਸਿੰਘ ਦੀ ਸ਼ਹਾਦਤ ਤੋਂ ਕੁਝ ਦਿਨ ਬਾਅਦ ਕਰਾਚੀ ਵਿਚ ਹੋ ਰਹੀ ਸੀ, ਦਾ ਪ੍ਰਬੰਧ ਮੁਬਾਰਕ ਸਾਗਰ ਹੁਰਾਂ ਨੇ ਹੀ ਕੀਤਾ ਸੀ। ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਨੂੰ ਕਰਾਚੀ ਤੋਂ ਨਿਕਲਣ ਦਾ ਹੁਕਮ ਦਿੱਤਾ ਤਾਂ ਉਹ ਲਹੌਰ ਆ ਗਏ ਤੇ ਬਰੈਡਲਾ ਹਾਲ ਵਿਚ ਰਹਿਣ ਲੱਗ ਪਏ। ਕਾਮਰੇਡ ਅਹਿਸਾਨ ਇਲਾਹੀ ਜਦੋਂ ਵੀ ਅੰਮ੍ਰਿਤਸਰੋਂ ਆਉਂਦੇ ਬਰੈਡਲਾ ਹਾਲ ਦਾ ਜ਼ਰੂਰ ਫ਼ੇਰਾ ਲਾਉਂਦੇ। ਜਦੋਂ ਲਹੌਰ ਸੈਂਟਰਲ ਜੇਲ੍ਹ ਵਿੱਚ ਇਨਕਲਾਬੀ ਜਤਿੰਦਰ ਨਾਥ ਦਾਸ ਦੀ ਮੌਤ ਹੋ ਗਈ ਤਾਂ ਨੌਜਵਾਨ ਭਾਰਤ ਸਭਾ ਵੱਲੋਂ ਉਨ੍ਹਾਂ ਦੀ ਲਾਸ਼ ਨੂੰ ਕਲਕੱਤੇ ਲੈ ਕੇ ਜਾਣ ਵਾਲਿਆਂ ਵਿਚ ਕਾਮਰੇਡ ਅਹਿਸਾਨ ਇਲਾਹੀ ਵੀ ਸ਼ਾਮਿਲ ਸਨ।

1940 ਈ. ਵਿਚ ਬਰੈਡਲਾ ਹਾਲ ਵਿਚ ਐਂਟੀ-ਕਮਿਊਨਲ ਕਾਨਫ਼ਰੰਸ ਹੋਈ ਜਿਸਦੀ ਸਦਾਰਤ ਲਾਲਾ ਦੁਨੀ ਚੰਦ ਅੰਬਾਲਵੀ ਹੁਰਾਂ ਕੀਤੀ। ਇਸ ਕਾਨਫ਼ਰੰਸ ਵਿਚ ਬਾਸ਼ਾ ਖ਼ਾਨ (ਅਬਦੁਲ ਗ਼ੱਫ਼ਾਰ ਖ਼ਾਨ) ਹੁਰਾਂ ਜਿਹੜੀ ਤਕਰੀਰ ਕੀਤੀ ਉਸਨੂੰ ਬਹੁਤ ਸਲਾਹਿਆ ਗਿਆ। ਇਸ ਤਕਰੀਰ ਵਿੱਚ ਉਨ੍ਹਾਂ ਆਖਿਆ ਕਿ ਜੇ ਪੰਜਾਬ ਤੇ ਸਰਹੱਦ ਦੋਵੇਂ ਸੂਬੇ ਰਲ ਜਾਣ ਤਾਂ ਉਹ ਕੱਲੇ ਹਿੰਦੁਸਤਾਨ ਨੂੰ ਆਜ਼ਾਦ ਕਰਾ ਸਕਦੇ ਨੇ।

1942 ਈ. ਦੀ ਹਿੰਦੁਸਤਾਨ ਚੋਂ ਨਿਕਲ ਜਾਓ ਤਹਿਰੀਕ ਵਿਚ ਜਦੋਂ ਸੈਂਕੜੇ ਗ੍ਰਿਫ਼ਤਾਰੀਆਂ ਹੋਈਆਂ ਤਾਂ ਪ੍ਰਿੰਸੀਪਲ ਛਬੀਲਦਾਸ, ਉਨ੍ਹਾਂ ਦੀ ਪਤਨੀ ਸੀਤਾ ਦੇਵੀ ਤੇ ਹੋਰ ਦਰਜਨਾਂ ਲੋਕਾਂ ਨੂੰ ਬਰੈਡਲਾ ਹਾਲ ਤੇ ਲਾਜਪਤ ਰਾਏ ਭਵਨ ਤੋਂ ਗ੍ਰਿਫ਼ਤਾਰ ਕੀਤਾ ਗਿਆ।

1947 ਈ. ਵਿਚ ਬਰੈਡਲਾ ਹਾਲ ਦੀਆਂ ਰੌਣਕਾਂ ਉੱਜੜ ਗਈਆਂ। ਤਾਰੀਖ਼ ਦੇ ਪੰਨੇ ਕੂੜੇ-ਦਾਨ ਦਾ ਰਿਜ਼ਕ ਬਣ ਗਏ। ਇਹਨੂੰ ਆਪਣੇ ਚੇਤੇ ਵਿਚੋਂ ਵਸਾਰਨ ਦੀ ਸਾਨੂੰ ਇੰਨੀ ਕਾਹਲ ਸੀ ਕਿ ਲਹੌਰ ਵਿਚ ਰਹਿ ਗਏ ਇਨਕਲਾਬੀ ਵੀ ਬਰੈਡਲਾ ਹਾਲ ਦਾ ਰਾਹ ਛੱਡ ਗਏ। ਇਹ ਹਾਲ ਅੱਜ ਆਪਣੇ ਥਾਂ ਤੇ ਖਲੋਤਾ ਏ ਪਰ ਗੁੰਮਸੁੰਮ, ਉਦਾਸ ਤੇ ਨਿੰਮੋਝੂਣਾ। ਸਰਕਾਰ ਦੇ ਮਹਿਕਮੇ ਕਦੀ



Academy of the Punjab in North America - APNA: http://www.apnaorg.com

ਇਹਦਾ ਨਾਂ ਐਨਿਮੀ ਪ੍ਰਾਪਰਟੀ ਲਿਖਦੇ ਰਹੇ ਤੇ ਕਦੀ ਹਿੰਦੂ ਪ੍ਰਾਪਰਟੀ। ਭਗਤ ਸਿੰਘ ਤੇ ਉਸਦੇ ਸਾਥੀ, ਇਸਦੇ ਅੰਦਰ ਬਣੇ ਕੌਮੀ ਸਕੂਲ ਤੇ ਕਾਲਜ ਤੇ ਨੌਜਵਾਨ ਭਾਰਤ ਸਭਾ ਦੀਆਂ ਯਾਦਾਂ ਲੈ ਕੇ 23 ਮਾਰਚ 1931 ਈ. ਨੂੰ ਤੁਰਦੇ ਹੋਏ। ਮੁਬਾਰਕ ਸਾਗਰ, ਕਾਮਰੇਡ ਅਹਿਸਾਨ ਇਲਾਹੀ, ਅਬਦੁਲ ਗ਼ੱਫ਼ਾਰ ਖ਼ਾਨ, ਵਰ੍ਹਿਆਂ ਪਹਿਲੇ ਚਲਾਣਾ ਕਰ ਗਏ। ਪ੍ਰਿੰਸੀਪਲ ਛਬੀਲਦਾਸ ਬਰੈਡਲਾ ਹਾਲ ਦੀ ਮਾਲਾ ਜਪਦੇ ਜਪਦੇ 11 ਦਸੰਬਰ 1988 ਈ. ਨੂੰ ਜਲੰਧਰ ਵਿਚ ਹਮੇਸ਼ਾ ਲਈ ਅੱਖਾਂ ਬੰਦ ਕਰ ਗਏ।

ਉਨ੍ਹਾਂ ਦੀ ਇਨਕਲਾਬੀ ਪਤਨੀ ਸੀਤਾ ਦੇਵੀ , ਜਿਹੜੀ ਬਰੈਡਲਾ ਹਾਲ ਦੀਆਂ ਕੰਧਾਂ ਦੇ ਇਕ ਇਕ ਸਾਹ ਨੂੰ ਆਪਣੇ ਸਾਹਵਾਂ ਨਾਲ ਸਾਂਝਾ ਕਰਦੀ ਰਹੀ, 1974 ਈ. ਵਿਚ ਇਸ ਦੁਨੀਆ ਤੋਂ ਮੂੰਹ ਮੋੜ ਗਈ। ਹਿੰਦੁਸਤਾਨ ਤੋਂ ਉਨ੍ਹਾਂ ਦੀ ਧੀ ਰਾਣੀ ਮਨੋਰਮਾ ਦੀਵਾਨ ਹੁਰਾਂ ਅਪਣੀਆਂ ਯਾਦਾਂ ਵਿਚ ਬਰੈਡਲਾ ਹਾਲ ਨੂੰ ਇੰਜ ਯਾਦ ਕੀਤਾ ਏ ਜਿਵੇਂ ਕੋਈ ਆਪਣੇ ਵਿਛੜੇ ਵਜੂਦ ਨੂੰ ਯਾਦ ਕਰਦਾ ਹੋਵੇ। ਕੀ ਇਹ ਤਵਾਰੀਖ਼ ਦੇ ਫ਼ੱਟਾਂ ਦੀ ਮਾਰੀ ਇਮਾਰਤ ਪੰਜਾਬ ਦੀ ਸਾਂਝੀ ਇਨਕਲਾਬੀ ਜਿੱਦੋਜਹਿਦ ਦੀ ਯਾਦਗਾਰ ਨਹੀਂ ਬਣ ਸਕਦੀ? ਪਰ ਸਾਂਝ ਦੀ ਕਿਸ ਨੂੰ ਲੋੜ ਏ? ਸਾਂਝੇ ਵਿਰਸੇ ਦੀ ਕਿਸ ਨੂੰ ਲੋੜ ਏ...?

*ਸਾਂਝ ਬਿਨਾਂ ਸਭ ਵਾਂਝ*

*ਮੀਆਂ ਮਰਦਾਨਿਆ!*

□





Academy of the Punjab in North America - APNA: http://www.apnaorg.com

ਲੇਖ

**ਪਹਿਲੀ ਕਿਸ਼ਤ**

*ਤਰਜਮਾ* : ***ਨਰਿੰਦਰਜੀਤ ਕੌਰ***

# ਕਸ਼ਮੀਰ ਅਤੇ ਪੰਜਾਬ ਦੀ ਯਾਤਰਾ

**ਚਾਰਲਸ ਵਾਨ ਹਿਊਗਲ**

*ਇੱਥੇ ਅਸੀਂ ਚਾਰਲਸ ਵਾੱਨ ਹਿਊਗਲ ਦੀ ਕਿਤਾਬ "ਕਸ਼ਮੀਰ ਅਤੇ ਪੰਜਾਬ ਦੀ ਯਾਤਰਾ" ਵਿੱਚੋਂ ਕੁਝ ਹਿੱਸਿਆਂ ਦਾ ਪੰਜਾਬੀ ਤਰਜਮਾ ਪੇਸ਼ ਕਰ ਰਹੇ ਹਾਂ, ਜਿਸ ਵਿੱਚ ਸਿੱਖਾਂ ਦੀ ਸਰਕਾਰ ਅਤੇ ਉਨ੍ਹਾਂ ਦੇ ਸੁਭਾਉ ਬਾਰੇ ਖ਼ਾਸ ਜ਼ਿਕਰ ਮਿਲਦਾ ਹੈ। ਹਿਊਗਲ ਦਾ ਜਨਮ 1795 'ਚ ਆਸਟ੍ਰੀਆ ਵਿੱਚ ਹੋਇਆ ਅਤੇ ਕੁਝ ਦੇਰ ਆਸਟ੍ਰੀਆ ਦੀ ਫ਼ੌਜ ਵਿੱਚ ਬਤੌਰ ਅਫ਼ਸਰ ਦੇ ਕੰਮ ਕਰਨ ਬਾਅਦ ਉਸ ਨੇ ਦੁਨੀਆ ਦੀ ਸੈਰ ਕਰਨ ਦਾ ਫ਼ੈਸਲਾ ਕੀਤਾ ਅਤੇ ਯੂਰਪ, ਮੱਧ-ਪੂਰਬ, ਆਸਟ੍ਰੇਲੀਆ, ਚੀਨ, ਅਤੇ ਅਖ਼ੀਰ 1836 ਵਿੱਚ, ਯੂਰਪ ਵਾਪਸ ਜਾਣ ਤੋਂ ਪਹਿਲਾਂ, ਹਿੰਦੁਸਤਾਨ ਦੀ ਯਾਤਰਾ ਕੀਤੀ। ਇਹ ਕਿਤਾਬ ਪਹਿਲਾਂ 1840 ਵਿੱਚ ਜਰਮਨ ਭਾਸ਼ਾ ਵਿੱਚ ਛਪੀ ਸੀ ਅਤੇ 1845 ਵਿੱਚ ਇਸਦਾ ਤਰਜਮਾ ਅੰਗਰੇਜ਼ੀ ਵਿੱਚ ਕੀਤਾ ਗਿਆ। ਇੱਥੇ ਅਸੀਂ ਇਸ ਯਾਤਰਾ ਦੀ ਗੱਲ ਉਸ ਦੇ ਵਜ਼ੀਰਾਬਾਦ ਪਹੁੰਚਣ ਤੋਂ ਸ਼ੁਰੂ ਕਰ ਰਹੇ ਹਾਂ, ਜਿੱਥੇ ਉਹ ਕਸ਼ਮੀਰ ਵਿੱਚ ਕਾਫ਼ੀ ਮਹੀਨੇ ਗੁਜ਼ਾਰਨ ਮਗਰੋਂ ਬਾਰਾਮੂਲਾ, ਹਸਨ ਅਬਦਾਲ, ਪਿਸ਼ਾਵਰ, ਅਟੱਕ ਅਤੇ ਰਾਵਲਪਿੰਡੀ ਦੇ ਰਸਤੇ ਜਾਂਦੇ ਹੋਏ ਪੰਜਾਬ ਵਿੱਚ ਦਾਖ਼ਲ ਹੋਇਆ ਸੀ।*

**ਵੀਰਵਾਰ, ਜਨਵਰੀ 7, 1836** – ਸਰਾਏ ਖ਼ਵਾਸ ਖ਼ਾਨ ਤੋਂ ਵਜ਼ੀਰਾਬਾਦ ਦਾ ਰਾਹ ਬਾਰ੍ਹਾਂ ਕੋਹ ਦਾ ਹੈ, ਜੋ ਕਿ ਖੁੱਲ੍ਹੀ, ਪਧਰੀ, ਉਪਜਾਊ, ਪਰ ਬਹੁਤ ਘੱਟ ਵਾਹੀ ਗਈ ਜ਼ਮੀਨ ਵਿੱਚੋਂ ਦੀ ਜਾਂਦਾ ਹੈ। ਅੱਧ ਰਸਤੇ ਵਿੱਚ ਮਿੱਟੀ ਦੀਆਂ ਕੰਧਾਂ ਨਾਲ ਵਲਿਆ ਪਿੰਡ ਗੁਜਰਾਤ ਹੈ, ਜੋ ਰਣਜੀਤ ਸਿੰਘ ਦੇ ਪਰਿਵਾਰ ਲਈ ਬਹੁਤ ਅਹਿਮੀਅਤ ਰਖਦਾ ਹੈ। ਉਸ ਦਾ ਪਿਤਾ ਮਹਾਂ ਸਿੰਘ, ਜਿਸ ਦੀ ਕਿਸਮਤ ਵਿੱਚ ਉਸ ਤਾਕਤ ਦੀ ਨੀਂਹ ਰਖਣਾ ਲਿਖਿਆ ਸੀ ਜਿਸ ਦਾ ਵਿਸਥਾਰ ਬਾਅਦ ਵਿੱਚ ਉਸ ਦੇ ਬੇਟੇ ਨੇ ਪੂਰੇ ਪੰਜਾਬ ਵਿੱਚ ਕੀਤਾ, ਸਤਾਈ ਸਾਲਾਂ ਦੀ ਉਮਰ ਵਿੱਚ ਨੇੜੇ ਹੀ ਸੋਢੇਰਾ ਨਾਮ ਦੇ ਖ਼ੁਸ਼ਹਾਲ ਸ਼ਹਿਰ ਵਿੱਚ ਰਹਿ ਕੇ ਇਸੇ ਹੀ ਗੁਜਰਾਤ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਰਣਜੀਤ ਸਿੰਘ ਨੇ ਪਿੱਛੋਂ ਜਿਸ ਢੰਗ ਨਾਲ ਇਸ ਉੱਤੇ ਕਬਜ਼ਾ ਕੀਤਾ, ਉਸ ਦਾ ਜ਼ਿਕਰ ਮੈਂ ਕਿਤੇ ਹੋਰ ਕਰਾਂਗਾ।

ਜਿਹਲਮ ਅਤੇ ਚਨਾਬ ਵਿਚਕਾਰ ਜਿਨਹਾਟ ਦੁਆਬ ਹੈ। ਜਿਸ ਪਾਸਿਓਂ ਮੈਂ ਇਸ ਨੂੰ ਪਾਰ ਕੀਤਾ, ਉੱਥੇ ਇਹ ਛੱਬੀ ਕੋਹ ਚੌੜਾ ਸੀ। ਚਨਾਬ ਬਹੁਤ ਘੱਟ ਡੂੰਘਾ, ਹੌਲੀ ਵਗਦਾ ਦਰਿਆ ਹੈ ਪਰ ਕਿਸੇ ਵੀ ਥਾਂ ਤੋਂ ਆਸਾਨੀ ਨਾਲ ਪਾਰ ਕਰਨ ਯੋਗ ਨਹੀਂ। ਇਸ ਦੇ ਕਿਨਾਰੇ ਨੀਵੇਂ ਹੋਣ ਕਾਰਨ ਪਾਣੀ ਬੜੀ ਆਸਾਨੀ ਨਾਲ ਬਾਹਰ ਫ਼ੈਲ ਜਾਂਦਾ ਹੈ। ਇਸ ਵਕਤ ਇਹ ਕੁਝ ਅੱਧਾ ਕੁ ਮੀਲ ਚੌੜਾ ਸੀ, ਭਾਵੇਂ



Academy of the Punjab in North America - APNA: http://www.apnaorg.com



ਮਹਾਰਾਜਾ ਰਣਜੀਤ ਸਿੰਘ

ਪਾਣੀ ਆਪਣੇ ਆਮ ਪੱਧਰ ਤਕ ਨਹੀਂ ਸੀ। ਖੱਬੇ ਕਿਨਾਰੇ ਤੋਂ ਵਜ਼ੀਰਾਬਾਦ ਤਕ ਸਿਰਫ਼ ਅੱਧੇ ਘੰਟੇ ਦਾ ਪੈਂਡਾ ਸੀ। ਸਾਡੇ ਤੋਂ ਪਹਿਲਾਂ ਹੀ ਰਣਜੀਤ ਸਿੰਘ ਵੱਲੋਂ ਭੇਜੇ ਗਏ ਅਧਿਕਾਰੀ ਘੋੜਾ-ਗੱਡੀ ਸਮੇਤ ਪਹੁੰਚ ਚੁੱਕੇ ਸਨ, ਜਿਸ ਦੇ ਲਈ ਮੈਂ ਜਨਰਲ ਵੈਂਤੁਰਾ ਦਾ ਬਹੁਤ ਅਹਿਸਾਨਮੰਦ ਸਾਂ। ਮੈਂ ਇਹੀ ਸੋਚ ਕੇ ਬਹੁਤ ਖ਼ੁਸ਼ ਸਾਂ ਕਿ ਇਕ ਬਹੁਤ ਹੀ ਮੁਸ਼ਕਿਲ ਯਾਤਰਾ ਮੁੱਕ ਚਲੀ ਸੀ, ਜਿਸਦੇ ਲਈ ਇਸ ਮੌਸਮ ਵਿੱਚ ਮੇਰੀ ਸਮਰਥਾ ਤੋਂ ਕਿਤੇ ਵੱਧ ਤਾਕਤ ਦੀ ਲੋੜ ਸੀ। ਮੇਰਾ ਸਰੀਰ ਥਕਾਵਟ ਨਾਲ ਇੰਨਾਂ ਜ਼ਿਆਦਾ ਟੁੱਟ ਗਿਆ ਸੀ ਕਿ ਇਸ ਵਿੱਚ ਕੋਈ ਸ਼ਕ ਨਹੀਂ ਕਿ ਜੇਕਰ ਮੈਂ ਇਕ ਦਿਨ ਵੀ ਕਿਤੇ ਆਰਾਮ ਕਰਨ ਲਈ ਰੁਕਿਆ ਹੁੰਦਾ ਤਾਂ ਫ਼ਿਰ ਮੇਰੇ ਲਈ ਉਠਣਾ ਔਖਾ ਹੋ ਜਾਣਾ ਸੀ। ਚਾਰ ਘੋੜਿਆਂ ਵਾਲੀ ਗੱਡੀ ਵਿੱਚ ਬਹਿ ਕੇ ਵਜ਼ੀਰਾਬਾਦ ਜਾਣਾ ਇਕ ਸੁਫ਼ਨੇ ਤੋਂ ਘੱਟ ਨਹੀਂ ਸੀ ਲਗ ਰਿਹਾ।

ਉਥੇ ਮਹਾਰਾਜਾ ਨੇ ਇਕ ਖ਼ੂਬਸੂਰਤ ਬਾਗ਼ ਦੇ ਵਿਚਕਾਰ ਇਕ ਮਹਿਲ ਬਣਵਾਇਆ ਸੀ ਜੋ ਕਿ ਬਾਹਰੀ ਬਣਤਰ ਅਤੇ ਅੰਦਰੂਨੀ ਸਜਾਵਟ ਕਰਕੇ ਆਪਣੀ ਤਰ੍ਹਾਂ ਦੀ ਇਕੱਲੀ ਇਮਾਰਤ ਹੈ। ਇਸ ਦੀਆਂ ਦੋ ਮੰਜਿਲਾਂ ਹਨ, ਅਤੇ ਵਿਚਕਾਰ ਇਕ ਬੁਰਜ ਜਿਹਾ ਹੈ ਜੋ ਦੋਹਾਂ ਪਾਸਿਆਂ ਨੂੰ ਵੰਡਦਾ ਹੈ। ਘਰ ਦੀਆਂ ਬਾਹਰੀ ਅਤੇ ਅੰਦਰੂਨੀ ਕੰਧਾਂ ਉੱਪਰ ਸਿੱਖ ਧਰਮ ਨੂੰ ਦਰਸਾਉਂਦੇ ਚਿੱਤਰ ਬਣੇ ਹੋਏ ਸਨ। ਇੰਨਾ ਵਿੱਚ ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਤੋਂ ਲੈ ਕੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਤਕ ਦਸਾਂ ਗੁਰੂਆਂ ਦੇ ਆਦਮਕੱਦ ਚਿੱਤਰ ਵੀ ਲੱਗੇ ਹੋਏ ਸਨ। ਪ੍ਰਤੱਖ ਹੈ ਕਿ ਰਣਜੀਤ ਸਿੰਘ ਦਾ ਦਰਬਾਰੀ ਚਿੱਤਰਕਾਰ ਸ਼ਾਇਦ ਰਫ਼ੇਲ ਵਰਗਾ ਨਹੀਂ ਸੀ। ਮੈਂ ਰਾਤ ਕੱਟਣ ਲਈ ਬਾਹਰ, ਇਕ ਵੱਡੇ ਅਤੇ ਚਾਰ ਛੋਟੇ ਕਮਰਿਆਂ ਵਾਲੇ ਤੰਬੂ ਵਿੱਚ ਰੁਕਣਾ ਪਸੰਦ ਕੀਤਾ, ਜੋ ਮੈਨੂੰ ਸ਼ਾਹੀ ਮਹਿਲ ਨਾਲੋਂ ਕਿਤੇ ਜ਼ਿਆਦਾ ਆਰਾਮਦੇਹ ਲੱਗ ਰਿਹਾ ਸੀ। ਸਾਨੂੰ ਰਾਤ ਦੇ ਖਾਣੇ ਲਈ ਬਹੁਤ ਦੇਰ ਇੰਤਜ਼ਾਰ ਕਰਨਾ ਪਿਆ ਕਿਉਂਕਿ ਉਹ ਬੈਰੇ ਬਹੁਤ ਪਿੱਛੇ ਸਨ, ਜਿਨ੍ਹਾਂ ਕੋਲ ਖਾਣ-ਪੀਣ ਦੀ ਸਾਰੀ ਰਸਦ ਅਤੇ ਖਾਣਾ ਬਣਾਉਣ ਦਾ ਸਾਰਾ ਸਾਜ਼ੋ-ਸਮਾਨ ਸੀ। ਦਰਅਸਲ ਉਨ੍ਹਾਂ ਲਈ ਇਹ ਫ਼ਾਸਲਾ ਬਹੁਤ ਜ਼ਿਆਦਾ ਸੀ ਅਤੇ ਕਿਉਂਕਿ ਮੈਨੂੰ ਉਨ੍ਹਾਂ ਦੇ ਕੰਮ ਦੀ ਬਹੁਤੀ ਲੋੜ ਨਹੀਂ ਸੀ, ਉਹ ਆਪਣੀ ਮਰਜ਼ੀ ਮੁਤਾਬਕ ਸਹਿਜੇ-ਸਹਿਜੇ ਆ ਰਹੇ ਸਨ।

ਰਣਜੀਤ ਸਿੰਘ ਦਾ ਭਰੋਸੇਮੰਦ ਅਫ਼ਸਰ ਐਵੀਟੇਬਲ, ਜੋ ਹੁਣ ਪਿਸ਼ਾਵਰ ਵਿੱਚ ਸ਼ੇਰ ਸਿੰਘ ਦੇ ਮਾਤਹਿਤ ਫ਼ੌਜ ਦੀ ਕਮਾਨ ਸੰਭਾਲ ਰਿਹਾ ਸੀ, ਕੁਝ ਵਕਤ ਲਈ ਵਜ਼ੀਰਾਬਾਦ ਦਾ ਗਵਰਨਰ ਰਿਹਾ ਸੀ। ਇੱਥੇ ਆਪਣੀ ਠਹਿਰ ਦੌਰਾਨ ਉਸ ਨੇ ਸ਼ਹਿਰ ਨੂੰ ਯੂਰਪੀ ਢੰਗ ਨਾਲ ਤਕਰੀਬਨ ਨਵੇਂ ਸਿਰੇ ਤੋਂ ਬਣਵਾਇਆ ਸੀ। ਪੁਰਾਣੇ ਬਜ਼ਾਰ ਨੂੰ ਢਾਹ ਕੇ ਸੜਕਾਂ ਨੂੰ ਇੰਨਾਂ ਚੌੜਾ ਕਰ ਦਿੱਤਾ ਜਿੱਥੋਂ ਚਾਰ



Academy of the Punjab in North America - APNA: http://www.apnaorg.com

**ਹੇਠਾਂ ਇਕ ਸ਼ੁਰੂ ਸਾਲ ਦੀ ਤਾਜ਼ੀ ਹਰਿਆਲੀ ਨਾਲ ਭਰਪੂਰ ਸੁਹਾਵਣੀ ਜੂਹ ਹੈ। ਚਨਾਬ ਦਰਿਆ ਬਹੁਤ ਦੂਰ ਤਕ ਵੱਲ ਖਾਂਦਾ ਪਰਬਤਾਂ ਦੀ ਕਤਾਰ ਦੇ ਪੈਰਾਂ ਨੂੰ ਧੋਂਦਾ ਜਾਂਦਾ ਹੈ ਅਤੇ ਨੇੜਲੀਆਂ ਪਹਾੜੀਆਂ ਦੀ ਉਤਰਾਅ-ਚੜ੍ਹਾਅ ਵਾਲੀ ਰਫ਼ਤਾਰ ਅਤੇ ਲੰਮਾਂ ਪੈਂਡਾ ਤੈਅ ਕਰਨ ਮਗਰੋਂ ਹੌਲਾ ਹੋ ਮੈਦਾਨੀ ਇਲਾਕੇ ਦੇ ਧੁੰਦਲੇ ਕਿਨਾਰੇ ਬਣਾਉਂਦਾ ਹੈ।**

ਘੋੜਿਆਂ ਵਾਲੀ ਬੱਘੀ ਲੰਘ ਸਕੇ। ਇਸ ਗੱਲ ਨੇ ਉੱਥੋਂ ਦੇ ਲੋਕਾਂ ਨੂੰ ਬਹੁਤ ਹੈਰਾਨ ਕਰ ਦਿੱਤਾ ਸੀ, ਕਿਉਂਕਿ ਹਿੰਦੁਸਤਾਨ ਦੇ ਬਹੁਤੇ ਸ਼ਹਿਰਾਂ ਵਿੱਚ ਗਲੀਆਂ ਇੰਨੀਆਂ ਤੰਗ ਸਨ ਕਿ ਪੈਦਲ ਜਾਣ ਵਾਲੇ ਬੰਦੇ ਨੂੰ ਵੀ ਬਾਜ਼ਾਰ ਵਿੱਚੋਂ ਬੜੀ ਮੁਸ਼ਕਿਲ ਨਾਲ ਰਾਹ ਬਣਾਉਣਾ ਪੈਂਦਾ ਸੀ। ਲੋਕ ਵਜ਼ੀਰਾਬਾਦ ਦੇ ਬਾਜ਼ਾਰ ਦੀ ਅਜੋਕੀ ਖ਼ੂਬਸੂਰਤੀ ਤੋ ਬਹੁਤ ਹੀ ਨਿਹਾਲ ਸਨ। ਮੇਰੇ ਇਹ ਸੱਭ ਵੇਖਣ ਤੋਂ ਪਹਿਲਾ ਹੀ ਇਸ ਦੇ ਚਰਚੇ ਮੇਰੇ ਕੋਲ ਬੜੇ ਫ਼ਖ਼ਰ ਨਾਲ ਕੀਤੇ ਜਾ ਚੁੱਕੇ ਸਨ।

**ਸ਼ੁੱਕਰਵਾਰ, ਜਨਵਰੀ 8, 1836** – ਮੈਂ ਘਿਰਦੇ ਆ ਰਹੇ ਬੱਦਲਾਂ ਬਾਰੇ ਇੰਨਾ ਫ਼ਿਕਰਮੰਦ ਸਾਂ ਕਿ ਕੱਲ ਆਪਣੇ ਨਕਸ਼ੇ ਨੂੰ ਪੂਰਾ ਕਰਨ ਦੇ ਇਰਾਦੇ ਨਾਲ ਚੁੰਬਕੀ ਘੜੀ ਲੈ ਕੇ ਪਹਾੜਾਂ ਵੱਲ ਨਿਕਲ ਗਿਆ। ਮੈਦਾਨੀ ਇਲਾਕੇ ਵਿੱਚ ਇਸ ਨਾਲੋਂ ਕੋਈ ਬਿਹਤਰ ਥਾਂ ਨਹੀਂ ਹੈ ਜਿੱਥੋਂ ਪਹਾੜਾਂ ਦਾ ਆਕਾਰ ਅਤੇ ਸਥਿਤੀ ਇੰਨੀ ਚੰਗੀ ਤਰ੍ਹਾਂ ਜਾਂਚੀ ਜਾ ਸਕੇ। ਪਹਾੜਾਂ ਉੱਪਰ ਪਈ ਬਰਫ਼ ਨੇ ਉਨਾਂ ਦੀ ਅਨੁਪਾਤੀ ਉੱਚਾਈ ਤੈਅ ਕਰਨ ਦਾ ਕੰਮ ਆਸਾਨ ਕਰ ਦਿੱਤਾ। ਇਸ ਤੋਂ ਇਲਾਵਾ ਇੰਨਾਂ ਵਿੱਚੋਂ ਕੁਝ ਖ਼ਾਸ ਪਹਾੜੀਆਂ ਵਿਚਲੇ ਫ਼ਾਸਲੇ ਬਾਰੇ ਮੇਰੀ ਜਾਣਕਾਰੀ ਨੇ ਵੀ ਇਸ ਪੂਰੀ ਕੋਸ਼ਿਸ਼ ਨੂੰ ਬੜਾ ਦਿਲਚਸਪ ਬਣਾ ਦਿੱਤਾ। ਮੌਸਮ ਬਾਰੇ ਮੇਰਾ ਤੌਖਲਾ ਬੇਬੁਨਿਆਦ ਸਾਬਤ ਹੋਇਆ, ਕਿਉਂਕਿ ਅੱਜ ਪਹਾੜ ਆਪਣੀ ਪੂਰੀ ਸ਼ਾਨ ਵਿੱਚ ਲੱਗ ਰਹੇ ਸਨ, ਭਾਵੇਂ ਉਹ ਇੰਨੇ ਉੱਚੇ ਨਜ਼ਰ ਨਹੀਂ ਸਨ ਆ ਰਹੇ ਜਿੰਨੇ ਕਲ੍ਹ ਸ਼ਾਮੀਂ ਸਨ।

ਚਬੂਤਰੇ ਤੋਂ ਤੰਬੂ ਦੇ ਦੁਆਲੇ ਦਾ ਨਜ਼ਾਰਾ ਬਹੁਤ ਹੀ ਖ਼ੂਬਸੂਰਤ ਹੈ। ਹੇਠਾਂ ਇਕ ਸ਼ੁਰੂ ਸਾਲ ਦੀ ਤਾਜ਼ੀ ਹਰਿਆਲੀ ਨਾਲ ਭਰਪੂਰ ਸੁਹਾਵਣੀ ਜੂਹ ਹੈ। ਚਨਾਬ ਦਰਿਆ ਬਹੁਤ ਦੂਰ ਤਕ ਵੱਲ ਖਾਂਦਾ ਪਰਬਤਾਂ ਦੀ ਕਤਾਰ ਦੇ ਪੈਰਾਂ ਨੂੰ ਧੋਂਦਾ ਜਾਂਦਾ ਹੈ ਅਤੇ ਨੇੜਲੀਆਂ ਪਹਾੜੀਆਂ ਦੀ ਉਤਰਾਅ-ਚੜ੍ਹਾਅ ਵਾਲੀ ਰਫ਼ਤਾਰ ਅਤੇ ਲੰਮਾਂ ਪੈਂਡਾ ਤੈਅ ਕਰਨ ਮਗਰੋਂ ਹੌਲਾ ਹੋ ਮੈਦਾਨੀ ਇਲਾਕੇ ਦੇ ਧੁੰਦਲੇ ਕਿਨਾਰੇ ਬਣਾਉਂਦਾ ਹੈ। ਇੰਨਾ ਤੋਂ ਉਠ ਕੇ ਨਿਗਾਹ ਅੱਗੜ-ਪਿੱਛੜ ਖੜੀਆਂ ਬਰਫ਼ ਨਾਲ ਢਕੀਆਂ ਪਹਾੜੀਆਂ ਵੱਲ ਮੁੜਦੀ ਹੈ, ਜੋ ਅਸਲ ਨਾਲੋਂ ਜ਼ਿਆਦਾ ਨੇੜੇ ਲਗਦੀਆਂ ਹਨ। ਇਹ ਮੈਦਾਨ, ਬਿਨਾਂ ਕਿਸੇ ਰੁਖ ਜਾਂ ਪਿੰਡ ਦੇ, ਬਹੁਤ ਦੂਰ ਤਕ ਫ਼ੈਲਿਆ ਹੋਇਆ ਹੈ ਅਤੇ ਇਨ੍ਹਾਂ ਪਹਾੜੀਆਂ ਦੀ ਉੱਘੜਵੀਂ ਵਿਭਿੰਨਤਾ ਸਾਮ੍ਹਣੇ ਇਕਦਮ ਵੱਖਰਾ ਹੀ ਨਜ਼ਰ ਆਉਂਦਾ ਹੈ। ਮੈਂ ਦੋਹਰੀ ਪਰਬਤਮਾਲਾ 'ਮੇਰ ਅਤੇ ਸੇਰ' ਨੂੰ ਬੜੀ ਆਸਾਨੀ ਨਾਲ ਪਛਾਣ ਲਿਆ ਸੀ, ਜੋ ਕਸ਼ਮੀਰ ਦੀ ਘਾਟੀ ਤੋਂ ਵੀ ਜ਼ਿਆਦਾ ਪਰ੍ਹੇ ਸਨ। ਮਿੱਟੀ ਦੇ ਰੰਗ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਸੀ ਕਿ ਉਸ ਇਲਾਕੇ ਵਿੱਚ ਪਿਛਲੇ ਕੁਝ ਸਮੇਂ ਤੋਂ ਬਰਫ਼ ਨਹੀਂ ਸੀ ਪਈ ।



Academy of the Punjab in North America - APNA: http://www.apnaorg.com

ਮੈਂ ਲਾਹੌਰ ਆਪਣੇ ਨਾਲ ਸਿਰਫ਼ ਥੋੜੇ ਜਿਹੇ ਨੌਕਰ ਹੀ ਲੈ ਕੇ ਆਉਣ , ਅਤੇ ਬਹੁਤਿਆਂ ਨੂੰ ਸਿੱਧੇ ਲੁਧਿਆਣਾ ਭੇਜਣ ਦਾ ਫ਼ੈਸਲਾ ਕੀਤਾ ਸੀ, ਕਿਉਂਕਿ ਵਜ਼ੀਰਾਬਾਦ ਤੋਂ ਦੋਹਾਂ ਥਾਂਵਾ ਵੱਲ ਸੜਕਾਂ ਨਿਕਲਦੀਆਂ ਸਨ। ਲੁਧਿਆਣੇ ਨੂੰ ਲਾਹੌਰ ਵੱਲ ਦਾ ਰਾਹ ਸਿੱਧੀ ਸੜਕ ਨਾਲੋਂ ਦੋ-ਤਿਹਾਈ ਵੱਧ ਲੰਮਾ ਸੀ। ਇਸ ਤਜਵੀਜ਼ ਲਈ ਸਾਰੇ ਸਮਾਨ ਨੂੰ ਦੋ ਹਿੱਸਿਆਂ ਵਿੱਚ ਵੰਡਣਾ ਪੈਣਾ ਸੀ, ਜੋ ਕਿ ਮੇਰੇ ਲਈ ਪੂਰੀ ਸਵੇਰ ਬਰਬਾਦ ਕਰਨ ਵਾਲਾ ਨਾਗਵਾਰ ਕੰਮ ਸੀ। ਹਿੰਦੁਸਤਾਨੀ ਨੌਕਰ ਬਿਲਕੁਲ ਨਿਕੰਮੇ ਹੁੰਦੇ ਹਨ, ਸਿਵਾਏ ਇਸ ਦੇ ਕਿ ਆਪਣੇ ਦਿਮਾਗ਼ ਦੀ ਵਰਤੋਂ ਕੀਤੇ ਬਗ਼ੈਰ ਆਪਣੇ ਮਾਲਕ ਦੇ ਹੁਕਮਾਂ ਨੂੰ ਮਸ਼ੀਨ ਵਾਂਗੂੰ ਹੂ-ਬਹੂ ਮੰਨ ਲੈਂਦੇ ਹਨ। ਇਸ ਲਈ ਮੈਂ ਉਨ੍ਹਾਂ ਚੀਜ਼ਾਂ ਨੂੰ ਬੰਨ੍ਹਣ ਦੀ ਸਜ਼ਾ ਆਪਣੇ ਆਪ ਨੂੰ ਦਿੱਤੀ, ਜਿਨ੍ਹਾਂ ਉੱਤੇ ਮੈਂ ਬਹੁਤ ਮਿਹਨਤ ਅਤੇ ਪੈਸਾ ਖ਼ਰਚ ਕੀਤਾ ਸੀ ਅਤੇ ਜਿਨ੍ਹਾਂ ਨੂੰ ਉਨ੍ਹਾਂ ਦੀ ਲਾਪਰਵਾਹੀ ਖਰਾਬ ਕਰ ਸਕਦੀ ਸੀ। ਨੌਕਰਾਂ ਦੇ ਗਿਆਰਾਂ ਵਜੇ ਨਿਕਲਣ ਤੋਂ ਬਾਅਦ, ਮੈਂ ਵਾਪਸ ਜਾਣ ਤੋਂ ਪਹਿਲਾਂ ਆਖ਼ਰੀ ਵਾਰ ਤੰਬੂ ਦੇ ਆਲੇ-ਦਵਾਲੇ ਫ਼ੈਲੇ ਹੋਏ ਮੈਦਾਨਾਂ ਵੱਲ ਚਹਿਲ-ਕਦਮੀ ਕਰਨ ਨਿਕਲ ਗਿਆ।

**ਇਹ ਨਜ਼ਾਰੇ ਬਹੁਤ ਸਕੂਨ ਭਰੇ ਸਨ, ਜਿੰਨ੍ਹਾਂ ਵਿੱਚ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਦੀ ਇੱਛਾ ਬਹੁਤ ਸੁਚੱਜੇ ਢੰਗ ਨਾਲ ਪੇਸ਼ ਕੀਤੀ ਗਈ ਸੀ। ਜਦਕਿ ਕੁਦਰਤ ਦੇ ਅਣਸੁਖਾਵੇਂ ਅਤੇ ਖ਼ਤਰਨਾਕ ਰੂਪ ਨਾਲ ਪਿਆਰ ਕਰਨਾ, ਭਾਵੇਂ ਉਹ ਜੰਗਲੀ ਜਾਨਵਰਾਂ ਦੀ ਦੁਨੀਆ ਹੋਵੇ ਜਾਂ ਜੰਗਲੀ ਇਨਸਾਨਾਂ ਦੀ, ਉਨ੍ਹਾਂ ਲੋਕਾਂ ਦੇ ਸ਼ੌਕ ਹਨ ਜਿਨ੍ਹਾਂ ਨੂੰ ਕਦੇ ਉਨ੍ਹਾਂ ਇਲਾਕਿਆਂ ਦੀ ਦਿਲਗੀਰੀ ਦਾ ਤਜਰਬਾ ਨਹੀਂ ਹੋਇਆ ਅਤੇ ਜਿਥੇ ਸਭਿਅਤਾ ਜਾਂ ਮਸ਼ੀਨੀਕਰਨ ਨੇ ਕੋਈ ਸੁਧਾਰ ਨਹੀ ਕੀਤਾ।**

ਪਿਛਲੇ ਮਹੀਨੇ ਦੇ ਇਕ ਬੰਜਰ ਅਤੇ ਉਜਾੜ ਇਲਾਕੇ ਦੇ ਤਜਰਬੇ ਮਗਰੋਂ, ਹੁਣ ਇਸ ਛੋਟੇ-ਛੋਟੇ ਫੁਹਾਰਿਆਂ ਅਤੇ ਕਿਆਰੀਆਂ ਵਾਲੇ ਹਿੰਦੁਸਤਾਨੀ ਬਾਗ਼ ਨੂੰ ਵੇਖ ਕੇ ਮਿਲੀ ਖ਼ੁਸ਼ੀ ਬਿਆਨ ਤੋਂ ਬਾਹਰ ਹੈ। ਇਹ ਨਜ਼ਾਰੇ ਬਹੁਤ ਸਕੂਨ ਭਰੇ ਸਨ, ਜਿੰਨ੍ਹਾਂ ਵਿੱਚ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਦੀ ਇੱਛਾ ਬਹੁਤ ਸੁਚੱਜੇ ਢੰਗ ਨਾਲ ਪੇਸ਼ ਕੀਤੀ ਗਈ ਸੀ। ਜਦਕਿ ਕੁਦਰਤ ਦੇ ਅਣਸੁਖਾਵੇਂ ਅਤੇ ਖ਼ਤਰਨਾਕ ਰੂਪ ਨਾਲ ਪਿਆਰ ਕਰਨਾ, ਭਾਵੇਂ ਉਹ ਜੰਗਲੀ ਜਾਨਵਰਾਂ ਦੀ ਦੁਨੀਆ ਹੋਵੇ ਜਾਂ ਜੰਗਲੀ ਇਨਸਾਨਾਂ ਦੀ, ਉਨ੍ਹਾਂ ਲੋਕਾਂ ਦੇ ਸ਼ੌਕ ਹਨ ਜਿਨ੍ਹਾਂ ਨੂੰ ਕਦੇ ਉਨ੍ਹਾਂ ਇਲਾਕਿਆਂ ਦੀ ਦਿਲਗੀਰੀ ਦਾ ਤਜਰਬਾ ਨਹੀਂ ਹੋਇਆ ਅਤੇ ਜਿਥੇ ਸਭਿਅਤਾ ਜਾਂ ਮਸ਼ੀਨੀਕਰਨ ਨੇ ਕੋਈ ਸੁਧਾਰ ਨਹੀ ਕੀਤਾ। ਜਦੋਂ ਇਕ ਉੱਚੀ ਚੋਟੀ ਤੋਂ ਇਸ ਇਲਾਕੇ ਤੇ ਝਾਤ ਪਾਈ ਜਾਵੇ, ਅਤੇ ਬਿਨਾਂ ਕਿਸੇ ਖੇਤ ਜਾਂ ਇਨਸਾਨੀ ਰਿਹਾਇਸ਼ ਦੇ ਸਿਰਫ਼ ਜੰਗਲ ਹੀ ਜੰਗਲ ਨਜ਼ਰ ਆਉਣ, ਤਾਂ ਸਿਰਫ਼ ਉਸ ਵੇਲੇ ਹੀ ਹਿੰਦੁਸਤਾਨੀ ਜੰਗਲਾਂ ਬਾਰੇ ਕਿਆਸ ਕੀਤਾ ਜਾ ਸਕਦਾ ਹੈ। ਸੁਖ-ਸੁਵਿਧਾਵਾਂ ਵਾਲੇ ਆਰਾਮਦੇਹ ਅਤੇ ਖ਼ੁਸ਼ਹਾਲ ਘਰਾਂ ਵਿੱਚ ਜਾਂ ਦੋਸਤਾਂ ਦੇ ਨਾਲ ਬਾਗ਼ਾਂ ਵਿੱਚ ਬਹਿ ਕੇ ਜੰਗਲੀ ਇਲਾਕਿਆਂ ਅਤੇ ਸਾਧਾਰਨ ਲੋਕਾਂ ਦੀ ਕਲਪਨਾ ਕਰਨਾ ਬੜਾ ਦਿਲਚਸਪ ਹੋ ਸਕਦਾ ਹੈ, ਪਰ ਸਚਾਈ ਕੁਝ ਹੋਰ ਹੀ ਹੁੰਦੀ ਹੈ। ਮੈਂ,



Academy of the Punjab in North America - APNA: http://www.apnaorg.com



ਮਹਾਰਾਜਾ ਰਣਜੀਤ ਸਿੰਘ

ਜਿਸ ਨੇ ਬਹੁਤ ਇਕੱਲਾਪਣ, ਸ਼ਾਂਤਮਈ ਮਾਹੌਲ ਅਤੇ ਕੁਦਰਤ ਦਾ ਭਿਆਨਕ ਰੂਪ, ਸੱਭ ਕੁਝ ਵੇਖਿਆ ਸੀ, ਕਬੂਲਣਾ ਚਾਹੁੰਦਾ ਹਾਂ ਕਿ ਲਾਹੌਰ ਰਹਿਣ ਵਾਲੇ ਬਹੁਤ ਸਾਰੇ ਯੂਰਪੀ, ਮੇਰੇ ਲਈ ਹਿੰਦੁਸਤਾਨੀ ਸ਼ਹਿਜ਼ਾਦਿਆਂ ਨਾਲੋਂ ਵੀ ਜ਼ਿਆਦਾ ਈਰਖਾਯੋਗ ਹਨ। ਇਕ ਛੋਟਾ ਜਿਹਾ ਬਗ਼ੀਚਾ, ਜੋ ਕਿ ਮਾਲਕ ਦੀ ਰੁਚੀ ਮੁਤਾਬਿਕ ਸਜਾਇਆ ਗਿਆ ਹੋਵੇ, ਉਹ ਹਿਮਾਲਾ ਦੇ ਮਹਾਨ ਮਨਮੋਹਕ ਨਜ਼ਾਰੇ, ਜਾਂ ਸੀਲੋਨ ਦੇ ਸੱਭ ਤੋਂ ਸੁਹਣੇ ਦ੍ਰਿਸ਼ ਤੋਂ ਵੀ ਜ਼ਿਆਦਾ ਵਧੀਆ ਹੈ। ਪਰ ਫ਼ਿਰ ਵੀ, ਹੋ ਸਕਦਾ ਹੈ ਕਿ ਯੂਰਪ ਦੀ ਰੋਜ਼ਾਨਾ ਦੀ ਸਕੂਨ ਅਤੇ ਹਿਫ਼ਾਜ਼ਤ ਭਰੀ ਜ਼ਿੰਦਗੀ ਮਾਨਣ ਤੋਂ ਬਾਅਦ ਮੈਂ ਸ਼ਾਇਦ ਹੋਰ ਤਰ੍ਹਾਂ ਹੀ ਸੋਚਦਾ ਹਾਂ।

ਕਸ਼ਮੀਰ ਦੇ ਆਸ-ਪਾਸ ਟਿਬਿਆਂ ਟੋਇਆਂ ਵਿੱਚ ਵਗਦੇ ਪਾਣੀ ਵਿੱਚ ਬਹੁਤ ਖ਼ੂਬਸੂਰਤ ਫ਼ੁੱਲ ਉੱਗੇ ਹੋਏ ਵੇਖੇ ਸਨ। ਇਸ ਬਾਗ਼ ਵਿੱਚ ਵੀ ਉਹੀ ਬੂਟੇ ਸੋਹਣੀਆਂ ਚਾਰ-ਪੰਜ ਫ਼ੁੱਟ ਉੱਚੀਆਂ ਗੋਲ ਝਾੜੀਆਂ ਦੀ ਸ਼ਕਲ ਵਿੱਚ ਲੱਗੇ ਹੋਏ ਸਨ ਜੋ ਫ਼ੁੱਲਾਂ ਦੇ ਨਾਲ ਢਕੀਆਂ ਹੋਈਆਂ ਸਨ।

ਛੇਤੀ ਹੀ ਅਸੀਂ ਇਸ ਆਰਾਮ ਦੇ ਆਦੀ ਹੋ ਗਏ ਅਤੇ ਇਸ ਖ਼ੂਬਸੂਰਤ ਅੰਗਰੇਜ਼ੀ ਬੱਘੀ ਵਿੱਚ ਬਹਿ ਕੇ ਮੈਂ ਆਪਣੇ ਆਪ ਨੂੰ ਜੇਕਰ ਯੂਰਪ ਵਿੱਚ ਨਹੀਂ, ਤਾਂ ਘੱਟੋਂ-ਘੱਟ ਇਸ ਦੇ ਆਸ-ਪਾਸ ਮਹਿਸੂਸ ਕਰ ਰਿਹਾ ਸੀ, ਅਤੇ ਇਹ ਵੀ ਭੁੱਲ ਗਿਆ ਕਿ ਮੈਂ ਕਦੇ ਇਕੋ ਵਾਰ ਵਿੱਚ ਬਾਰ੍ਹਾਂ ਕੋਹ, ਤਕਰੀਬਨ ਵੀਹ ਮੀਲ, ਸਫ਼ਰ ਉਸ ਇਲਾਕੇ ਵਿੱਚ ਕੀਤਾ ਸੀ, ਜੋ ਚੰਗੀ ਤਰ੍ਹਾਂ ਵਾਹਿਆ ਵੀ ਨਹੀਂ ਸੀ ਹੋਇਆ। ਮਹਾਰਾਜਾ ਰਣਜੀਤ ਸਿੰਘ ਦੀ ਇਹ ਬੱਘੀ, ਫ਼ਰਾਂਸੀਸੀਆਂ ਨੂੰ ਛੱਡ ਕੇ, ਬਾਕੀ ਸਾਰੀ ਫ਼ੌਜ ਦੇ ਸੈਨਾਪਤੀ ਹਰੀ ਸਿੰਘ ਨਲਵਾ ਕੋਲ ਹੀ ਸੀ। ਪਹਿਲਾਂ ਇਹ ਰਣਜੀਤ ਸਿੰਘ ਦੇ ਪਰਿਵਾਰ ਦੀ ਮਲਕੀਅਤ ਸੀ, ਜਿਸ ਦਾ ਪਿਛੋਕੜ ਉਸਦੇ ਦਾਦੇ ਚੜ੍ਹਤ ਸਿੰਘ, ਜੋ ਇਕ ਆਮ ਸਿਪਾਹੀ ਦੇ ਟੱਬਰ 'ਚੋਂ ਜਾਂ ਧਾਰਵਾਰੀ ਸੀ, ਤੋਂ ਪਰੇ ਨਹੀਂ ਲਭਦਾ। ਗਸਰੌਲੀ ਵਿੱਚ ਹਰੀ ਸਿੰਘ ਦਾ ਇਕ ਮਹਿਲ ਅਤੇ ਬਾਗ਼ ਸੀ, ਜਿਨ੍ਹਾਂ ਦੇ ਦੁਆਲੇ ਰਾਖੀ ਲਈ ਮਿੱਟੀ ਦਾ ਕਿਲ੍ਹਾ ਸੀ। ਜਿਵੇਂ ਹੀ ਅਸੀਂ ਸ਼ਹਿਰ ਦੇ ਨੇੜੇ ਪਹੁੰਚੇ, ਘੁੜਸਵਾਰਾਂ ਦੀ ਇਕ ਟੁਕੜੀ ਮੇਰੀ ਅਗਵਾਈ ਲਈ ਆਈ ਹੋਈ ਸੀ। ਉਸੇ ਵੇਲੇ ਦੀਵਾਨ ਹਾਥੀ ਤੇ ਸਵਾਰ ਹੋ ਕੇ ਆਇਆ। ਮਹਿਲ ਦੇ ਕਮਰਿਆਂ ਦੇ ਠਾਠ-ਬਾਠ ਮੇਰੇ ਮੂੰਹੋਂ ਏਨੀਂ ਉਸਤਤ ਨਹੀਂ ਲੈ ਸਕੇ ਜਿੰਨੀ ਕਿ ਬਾਗ਼ ਨੇ ਲਈ ਜੋ ਸੱਭ ਤੋਂ ਖ਼ੂਬਸੂਰਤ ਅਤੇ ਸ਼ਾਇਦ ਹਿੰਦੁਸਤਾਨ ਵਿੱਚ ਸੱਭ ਤੋਂ ਚੰਗੀ ਤਰ੍ਹਾਂ ਰਖਿਆ ਗਿਆ ਬਾਗ਼ ਸੀ। ਪੇੜ ਸੰਗਤਰਿਆਂ ਨਾਲ ਲੱਦੇ ਪਏ ਸਨ, ਜਿਹੇ ਜਿਹੇ ਚੀਨ ਵਿੱਚ ਮੈਂਡਰੀਨ ਸੰਗਤਰਿਆਂ ਦੇ ਨਾਮ ਨਾਲ ਜਾਣੇ ਜਾਂਦੇ ਹਨ ਅਤੇ ਇੱਥੇ ਸੰਤਰੇ ਕਹਾਂਦੇ ਹਨ। ਹਰੀ ਸਿੰਘ ਨੇ ਕਸ਼ਮੀਰ ਤੋਂ ਤਾੜ ਦੇ ਪੇੜ ਮੰਗਵਾਏ ਸਨ, ਜੋ ਆਪਣੀ ਇਸ ਨਵੀਂ ਜ਼ਮੀਨ ਵਿੱਚ ਬਹੁਤ ਵੱਧ-ਫ਼ੁਲ ਰਹੇ ਸਨ।



Academy of the Punjab in North America - APNA: http://www.apnaorg.com

ਪੀਲੇ ਰੰਗ ਦੇ ਬਹੁਤ ਹੀ ਵੱਡੇ ਆਕਾਰ ਅਤੇ ਵੱਡੀ ਗਿਣਤੀ ਵਿੱਚ ਲੱਗੇ ਫ਼ੁੱਲਾਂ ਵਿੱਚੋਂ ਇਕ ਬੇਹੱਦ ਖ਼ੁਸ਼ਗਵਾਰ ਖ਼ੁਸ਼ਬੂ ਆ ਰਹੀ ਸੀ। ਕੋਈ ਵੀ ਬਾਗ਼ ਇੰਨੇ ਸੁਹਣੇ ਢੰਗ ਨਾਲ ਵੰਨ-ਸੁਵੰਨੇ ਫ਼ੁੱਲਾਂ ਬੂਟਿਆਂ ਨਾਲ ਨਹੀਂ ਸਜਾਇਆ ਜਾ ਸਕਦਾ, ਜਿੰਨਾ ਇਹ ਸੀ। ਇਹ ਅਤਿਅੰਤ ਖ਼ੁਸ਼ੀ ਦਾ ਸੋਮਾ ਸੀ ਅਤੇ ਸ਼ਾਇਦ ਕਦੇ-ਕਦੇ ਆਪਣੇ ਮਾਲਕ ਲਈ ਮਿਹਨਤ ਦਾ ਸਬੱਬ ਵੀ ਸੀ। ਇਸ ਨੂੰ ਵੇਖ ਕੇ ਮੈਨੂੰ ਆਪਣੇ ਘਰ ਦਾ ਬਾਗ਼ ਯਾਦ ਆ ਰਿਹਾ ਸੀ। ਜਿਵੇਂ ਹੀ ਮੈਂ ਚਬੂਤਰੇ ਤੇ ਪਹੁੰਚਿਆ, ਜਿੱਥੇ ਆਰਾਮਦੇਹ ਕਾਲੀਨ ਵਿਛੇ ਹੋਏ ਸਨ, ਹਰੀ ਸਿੰਘ ਮੈਨੂੰ ਆਪ ਮਿਲਣ ਲਈ ਆਇਆ ਅਤੇ ਮਿਠਾਈ ਦੇ ਪੱਚੀ ਥਾਲ ਅਤੇ ਇਕ ਦਰਜਨ ਫਲਾਂ ਦੇ ਟੋਕਰੇ ਆਦਿ, ਤੋਹਫ਼ੇ ਦੇ ਤੌਰ ਤੇ ਲਿਆਇਆ। ਮੈਂ ਥੋੜੀ ਜਿਹੀ ਮਿਠਾਈ ਖਾਧੀ ਜੋ ਮੈਨੂੰ ਕਾਫ਼ੀ ਸੁਆਦ ਲੱਗੀ। ਫ਼ਿਰ ਉਹ ਮੈਨੂੰ ਮਹਿਲ ਦਾ ਚੱਕਰ ਲਵਾਉਣ ਲਈ ਲੈ ਕੇ ਗਿਆ ਜਿੱਥੇ ਹਰੇਕ ਕਮਰੇ ਦੇ ਫ਼ਰਸ਼ ਅਤੇ ਕੰਧਾਂ ਕਾਬੁਲ ਅਤੇ ਕਸ਼ਮੀਰ ਤੋਂ ਆਏ ਬੇਸ਼ਕੀਮਤੀ ਕਾਲੀਨਾਂ ਨਾਲ ਢਕੇ ਹੋਏ ਸਨ ਜਿਨ੍ਹਾ ਤੋਂ ਇਸ ਠੰਡਕ ਭਰੇ ਮੌਸਮ ਵਿੱਚ ਆਰਾਮ ਅਤੇ ਨਿੱਘ ਦਾ ਅਹਿਸਾਸ ਮਿਲ ਰਿਹਾ ਸੀ। ਜੱਦ ਮੈਂ ਪਿਛਲੇ ਕੁਝ ਦਿਨ੍ਹਾਂ ਦੀ ਸਰਦੀ ਦਾ ਜ਼ਿਕਰ ਕੀਤਾ ਤਾਂ ਉਸ ਨੇ ਉਸੇ ਵੇਲੇ ਦੋ ਹਲਕੀਆਂ ਚੁੱਕੀਆਂ ਜਾਣ ਵਾਲੀਆਂ ਅੰਗੀਠੀਆਂ ਮੇਰੇ ਕਮਰਿਆਂ ਵਿੱਚ ਲਿਜਾਣ ਦਾ ਹੁਕਮ ਦਿੱਤਾ। ਹਰੀ ਸਿੰਘ ਦਾ ਸੁਭਾਉ ਬਹੁਤ ਖੁਲ੍ਹਾ ਅਤੇ ਗੱਲ-ਬਾਤ ਕਰਨ ਦਾ ਸਲੀਕਾ ਬੜਾ ਮਿਲਾਪੜਾ ਸੀ। ਮੈਂ ਰਣਜੀਤ ਸਿੰਘ ਦੇ ਦਰਬਾਰ ਦੇ ਇਸ ਖ਼ਾਸ ਵਸਨੀਕ ਦੀ ਜ਼ਿੰਦਗੀ ਬਾਰੇ ਪਹਿਲਾਂ ਹੀ ਸਾਰੀ ਜਾਣਕਾਰੀ ਲੈ ਚੁੱਕਾ ਸਾਂ। ਮੈਂ ਉਸ ਨੂੰ ਆਪਣੀ ਜਾਣਕਾਰੀ ਨਾਲ ਹੈਰਾਨ ਕਰ ਦਿੱਤਾ ਕਿ ਉਸ ਨੇ 'ਨਲਵਾ' ਅੱਲ ਕਦੋਂ ਹਾਸਲ ਕੀਤਾ ਅਤੇ ਇਹ ਵੀ ਕਿ ਇਕ ਵਾਰ ਉਸ ਨੇ ਆਪਣੇ ਉੱਪਰ ਝਪਟਣ ਵਾਲੇ ਸ਼ੇਰ ਦਾ ਸਿਰ ਕਲਮ ਕਰ ਦਿੱਤਾ ਸੀ। ਹਰੀ ਸਿੰਘ ਨੇ ਦੀਵਾਨ ਨੂੰ ਕੁਝ ਚਿੱਤਰ ਲਿਆਉਣ ਲਈ ਕਿਹਾ ਅਤੇ ਮੈਨੂੰ ਸ਼ੇਰ ਦਾ ਸ਼ਿਕਾਰ ਕਰਦਿਆਂ ਦੀ ਆਪਣੀ ਇਕ ਤਸਵੀਰ ਦਿੱਤੀ।

ਹਰੀ ਸਿੰਘ ਉਹ ਸ਼ਖ਼ਸ ਸੀ ਜਿਸ ਨੂੰ ਰਣਜੀਤ ਸਿੰਘ ਨੇ ਲਾਰਡ ਵਿਲੀਅਮ ਬੈਂਟਿਕ ਨੂੰ ਸ਼ਿਮਲੇ ਵਿਖੇ ਮਹਾਰਾਜਾ ਨਾਲ ਹੋਣ ਵਾਲੀ ਗੱਲਬਾਤ ਲਈ ਲੈ ਕੇ ਆਉਣ ਵਾਸਤੇ ਭੇਜਿਆ ਸੀ; ਅਤੇ ਕਿਉਂਕਿ ਮੈਂ ਬਹੁਤ ਸਾਰੇ ਉਨ੍ਹਾਂ ਲੋਕਾਂ ਨੂੰ ਜਾਣਦਾ ਸਾਂ ਜੋ ਹਰੀ ਸਿੰਘ ਨੂੰ ਉੱਥੇ ਮਿਲੇ ਸਨ, ਸਾਡੀ ਗੱਲਬਾਤ ਹਿੰਦੁਸਤਾਨ ਵਿੱਚ ਅਜਿਹੀਆਂ ਮੁਲਾਕਾਤਾਂ ਸਮੇਂ ਹੋਣ ਵਾਲੀ ਗੱਲਬਾਤ ਨਾਲੋਂ ਬਹੁਤ ਵਖਰੀ ਸੀ। ਇਸ ਵਿੱਚ ਉਨ੍ਹਾਂ ਵਿਚਾਰਾਂ ਦਾ ਵਟਾਂਦਰਾ ਅਤੇ ਘਟਨਾਵਾਂ ਦਾ ਜ਼ਿਕਰ ਸੀ ਜੋ ਅਸਲ ਵਿੱਚ ਵਾਪਰ ਚੁਕੀਆਂ ਸਨ। ਉਸ ਵੱਲੋਂ ਪੁੱਛੇ ਗਏ ਸਵਾਲ ਉਸ ਦੀ ਸਿਆਣਪ ਅਤੇ ਦਲੀਲ ਦੇਣ ਦੀ ਸਮਝਦਾਰੀ ਦੀ ਝਲਕ ਦੇ ਰਹੇ ਸਨ। ਉਸ ਨੂੰ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਦੇ ਅੰਕੜੇ ਅਤੇ ਈਸਟ ਇੰਡੀਆ ਕੰਪਨੀ ਦੀਆਂ ਪਾਲਿਸੀਆਂ ਬਾਰੇ ਕਾਫ਼ੀ ਜਾਣਕਾਰੀ ਸੀ, ਅਤੇ ਇਕ ਗੱਲ ਹੋਰ ਜੋ ਸਿੱਖਾਂ ਵਿੱਚ ਬਹੁਤ ਘੱਟ ਮਿਲਦੀ ਹੈ ਕਿ ਉਹ ਫ਼ਾਰਸੀ ਪੜ੍ਹ-ਲਿਖ ਸਕਦਾ ਸੀ।

ਕਿਉਂਕਿ ਮੇਰਾ ਜ਼ਖ਼ੀਰਾ ਹਾਲੇ ਗੁਸਰੌਲੀ ਨਹੀਂ ਸੀ ਪਹੁੰਚਿਆ, ਇਸ ਲਈ ਮੈਂ ਹਰੀ ਸਿੰਘ ਦਾ ਰਾਤ ਦੇ ਖ਼ਾਣੇ ਦਾ ਸੱਦਾ ਖੁਸ਼ੀ -ਖੁਸ਼ੀ ਮੰਨ ਲਿਆ, ਜਿਸ ਦਾ ਮੈਂ ਅਤੇ ਵਿਗਨੇ ਨੇ ਰੱਜ ਕੇ ਲੁਤਫ਼ ਲਿਆ।

**ਸ਼ਨੀਚਰਵਾਰ, ਜਨਵਰੀ 9, 1836 –** ਕਮਰਿਆਂ ਦੇ ਨਿੱਘ ਨੇ ਰਾਤੀਂ ਮੈਨੂੰ ਬਹੁਤ ਆਰਾਮ ਦਿੱਤਾ ਅਤੇ ਬੜੀ ਦੇਰ ਬਾਅਦ ਪਹਿਲੀ ਵਾਰ ਮੈਂ ਬਹੁਤ ਦੇਰ ਤਕ ਸੁੱਤਾ ਰਿਹਾ। ਜਿਸ ਵੇਲੇ ਬੱਘੀ ਵਿੱਚ ਸਮਾਨ ਰਖਿਆ ਜਾ ਰਿਹਾ ਸੀ, ਮੈਂ ਬਾਗ਼ ਦੇ ਉਸ ਹਿੱਸੇ ਵਿੱਚ ਟਹਿਲਣ ਚਲਾ ਗਿਆ, ਜਿਹੜਾ ਮੈਂ


Academy of the Punjab in North America - APNA: http://www.apnaorg.com

ਹਾਲੇ ਤਕ ਨਹੀਂ ਸੀ ਵੇਖਿਆ। ਉੱਥੇ ਆਲੇ-ਦੁਆਲੇ ਵੱਖ-ਵੱਖ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਇਮਾਰਤਾਂ ਦਾ ਖਿਲਾਰ ਵੇਖ ਕੇ ਮੈਂ ਹੈਰਾਨ ਰਹਿ ਗਿਆ। ਇੰਨਾ ਵਿੱਚ ਇਕ 'ਸੈਨ ਪੈਦਰੇ' ਨਾਮਕ ਚੌਕੋਰ ਇਮਾਰਤ ਹੈ ਜਿਸਦਾ ਇਕ ਪਾਸਾ ਖੁਲ੍ਹਾ ਹੈ ਅਤੇ ਇਸ ਦੇ ਅੰਦਰੋਂ-ਅੰਦਰ ਇਕ ਫ਼ੁਹਾਰਾ ਪਾਣੀ ਦੀ ਇਕ ਮੋਟੀ ਚੱਦਰ ਦੇ ਰੂਪ ਵਿੱਚ ਡਿੱਗ ਰਿਹਾ ਸੀ। ਤਿੰਨ ਕੰਧਾਂ ਵਿੱਚ ਦੀਵੇ ਰੱਖਣ ਲਈ ਬਹੁਤ ਸਾਰੇ ਆਲੇ ਬਣੇ ਹੋਏ ਸਨ।

ਮੈਂ ਹਰੀ ਸਿੰਘ ਨੂੰ ਮਿਲ ਕੇ ਉਸ ਤੋਂ ਰੁਖ਼ਸਤ ਹੋਣ ਦੀ ਇਜਾਜ਼ਤ ਮੰਗਣਾ ਚਾਹੁੰਦਾ ਸਾਂ ਅਤੇ ਸਾਡੀ ਆਉ-ਭਗਤ ਕਰਨ ਲਈ ਸ਼ੁਕਰੀਆ ਵੀ ਅਦਾ ਕਰਨਾ ਚਾਹੁੰਦਾ ਸਾਂ। ਉਸ ਦੇ ਬਾਰੇ ਪੁੱਛਣ ਤੇ ਮੈਨੂੰ ਇਕ ਚੌਂਤਰੇ ਤੇ ਲਿਜਾਇਆ ਗਿਆ, ਜਿੱਥੇ ਉਹ, ਜ਼ੁਕਾਮ ਅਤੇ ਬੁਖ਼ਾਰ ਹੋਣ ਕਾਰਨ, ਧੁੱਪੇ ਬੈਠਾ ਸੀ। ਇਸ ਦੇ ਬਾਵਜੂਦ ਉਹ ਬਹੁਤ ਸਾਰੇ ਸਵਾਲ ਪੁੱਛ ਕੇ ਗੱਲਬਾਤ ਦੇ ਜੋਸ਼ ਨੂੰ ਕਾਇਮ ਰਖਣ ਦੀ ਕੋਸ਼ਿਸ਼ ਕਰਦਾ ਰਿਹਾ। ਉਸ ਨੇ ਮੇਰੇ ਸਾਰੇ ਜਵਾਬ ਕਾਗਜ਼ ਉੱਤੇ ਲਿਖ ਲਏ। ਤੁਰਨ ਲਗਿਆਂ ਉਸ ਨੇ ਮੈਨੂੰ ਇਕ ਖ਼ੂਬਸੂਰਤ ਖ਼ਿਲੱਤ ਤੋਹਫ਼ੇ ਵਜੋਂ ਪੇਸ਼ ਕੀਤੀ, ਜਿਸ ਦੇ ਬਦਲੇ ਮੇਰੇ ਵੱਲੋਂ ਕੁਝ ਮਾਮੂਲੀ ਜਿਹੇ ਤੋਹਫ਼ੇ ਨਿਸ਼ਾਨੀ ਦੇ ਤੌਰ ਤੇ ਕਬੂਲ ਕੀਤੇ, ਜਿੰਨਾ ਦੀ ਕੀਮਤ ਵਧਾ-ਚੜ੍ਹਾ ਕੇ ਦੱਸਦਿਆਂ ਉਹ ਬਹੁਤ ਖ਼ੁਸ਼ ਹੋਇਆ। ਸਾਡਾ ਰਾਤ ਰੁਕਣ ਦਾ ਟਿਕਾਣਾ ਗੁਸਰੌਲੀ ਤੋਂ ਸਿਰਫ਼ ਛੇ ਕੋਹ ਸੀ, ਇਸ ਲਈ ਮੇਰੇ ਕੋਲ ਕਾਫ਼ੀ ਸਮਾਂ ਸੀ ਕਿ ਮੈਂ ਉਹ ਬਾਗ਼ ਅਤੇ ਮਕਾਨ ਵੇਖ ਸਕਾਂ ਜੋ ਪਹਿਲਾਂ ਰਣਜੀਤ ਸਿੰਘ ਦਾ ਨਿਵਾਸ ਹੋਇਆ ਕਰਦਾ ਸੀ। ਪਰ ਇਸ ਵਿੱਚ ਵੇਖਣ ਵਾਲੀ ਕੋਈ ਖ਼ਾਸ ਗੱਲ ਨਹੀਂ ਸੀ ਸਿਵਾਏ ਇਸ ਦੇ ਕਿ ਇਕ ਛੋਟੀ ਇਮਾਰਤ ਉਸ ਥਾਂ ਤੇ ਬਣੀ ਹੋਈ ਸੀ ਜਿੱਥੇ ਉਸ ਦੇ ਪਿਤਾ ਮਹਾਂ ਸਿੰਘ ਦਾ ਸੰਸਕਾਰ ਹੋਇਆ ਸੀ ਅਤੇ ਦੂਜੀ ਉੱਥੇ ਜਿੱਥੇ ਉਸ ਦੀ ਮਾਤਾ ਦੀ ਚਿਤਾ ਸੀ।

ਗੁਸਰੌਲੀ ਦੇ ਨੇੜੇ ਮੈਨੂੰ ਜੁਨੀ ਲਾਏ ਮਿਲਣ ਆਇਆ। ਇਹ ਦਿੱਲੀ ਦਾ ਉਹੀ ਬ੍ਰਾਹਮਣ ਸੀ ਜੋ ਬਰਨੀਅਰ ਨਾਲ ਹੋਇਆ ਕਰਦਾ ਸੀ ਅਤੇ ਹੁਣ ਮਹਾਰਾਜਾ ਨੇ ਇਸ ਨੂੰ ਮੇਰੇ ਕੋਲ ਭੇਜਿਆ ਸੀ। ਉਸ ਦੇ ਨਾਲ ਸ਼ਾਨਦਾਰ ਝੁੱਲ ਅਤੇ ਚਾਂਦੀ ਦੇ ਹੌਦਿਆਂ ਨਾਲ ਲੈਸ ਦੋ ਹਾਥੀ ਅਤੇ ਤੀਹ ਘੁੜਸਵਾਰ ਵੀ ਸਨ। ਮੇਰੇ ਨੇੜੇ ਪੰਹੁਚਣ ਤੇ ਉਨ੍ਹਾਂ ਮੈਨੂੰ ਮਿਲਟਰੀ ਸਲੂਟ ਦਿੱਤਾ ਅਤੇ ਦੋ ਬਿਗਲਰਾਂ ਨੇ 'ਰੱਬ ਬਾਦਸ਼ਾਹ ਦੀ ਰਖਿਆ ਕਰੇ' ਦੀ ਧੁੰਨ ਵਜਾਈ। ਵੈਂਤੁਰਾ ਦਾ ਕਾਫ਼ੀ ਵੱਡਾ ਤੰਬੂ ਕਾਮੋਕੀ ਨਾਮਕ ਛੋਟੀ ਜਿਹੀ ਥਾਂ ਤੇ ਲਗਾਇਆ ਗਿਆ ਸੀ। ਇਹ ਇਕ ਖ਼ਾਸ ਤਰ੍ਹਾਂ ਦਾ ਬਿਨਾ ਬਾਂਸਾ ਦੇ ਗਡਿਆ ਗਿਆ ਬੇਚੋਬਾ ਤੰਬੂ ਸੀ ਜੋ ਸਿਰਫ਼ ਪੰਜਾਬ ਵਿੱਚ ਹੀ ਵਰਤਿਆ ਜਾਂਦਾ ਹੈ। ਨੌਕਰ ਵੀ ਸਮਾਨ ਸਮੇਤ ਵੇਲੇ ਸਿਰ ਪਹੁੰਚ ਗਏ ਅਤੇ ਅਸੀਂ ਰਾਤ ਦਾ ਖਾਣਾ ਰਾਤ ਪੈਣ ਤੋਂ ਪਹਿਲਾਂ ਹੀ ਖਾ ਲਿਆ ਜੋ ਪਿਛਲੇ ਕਾਫ਼ੀ ਸਮੇਂ ਤੋਂ ਕਦੇ-ਕਦਾਈਂ ਹੀ ਹੁੰਦਾ ਸੀ।

**ਐਤਵਾਰ, ਜਨਵਰੀ 10, 1836 :** ਇਸ ਇਲਾਕੇ ਵਿੱਚ ਹਾਲੇ ਵੀ ਬਹੁਤ ਘੱਟ ਖੇਤੀ ਕੀਤੀ ਜਾਂਦੀ ਹੈ। ਅੱਜ ਅਸੀਂ ਨੰਗਲ ਤਕ ਦਾ ਸੱਤ-ਅੱਠ ਕੋਹ ਦਾ ਥੋੜਾ ਜਿਹਾ ਫ਼ਾਸਲਾ ਤੈਅ ਕੀਤਾ। ਇੱਥੇ ਇਸ ਜਨਰਲ ਦਾ ਇਕ ਹੋਰ ਤੰਬੂ ਲੱਗਾ ਹੋਇਆ ਸੀ ਜਿਸਦੇ ਵੱਖ-ਵੱਖ ਤਿੰਨ ਹਿੱਸੇ ਸਨ। ਅਸੀਂ ਕੁਝ ਮੀਲਾਂ ਤਕ ਉੱਚੀਆਂ ਪਹਾੜੀਆਂ ਅਤੇ ਬਰਫ਼ ਨਾਲ ਢੱਕੇ ਪਹਾੜਾਂ ਤੇ ਬਲਦੇਵਾ ਦਾ ਆਨੰਦ ਮਾਣਿਆ, ਜਿੰਨ੍ਹਾਂ ਦੇ ਪਿੱਛੇ ਪਿੱਛੇ ਕਾਫ਼ੀ ਦੂਰ ਸਿਰ-ਕੱਢ ਮੇਰ ਅਤੇ ਸੇਰ ਨਜ਼ਰ ਆ ਰਹੇ ਸਨ। ਮੈਂ ਦੱਸ ਨਹੀਂ ਸਕਦਾ ਕਿ ਸਫ਼ਰ ਕਰਨ ਦੇ ਇਹ ਤਰੀਕਾ ਮੈਨੂੰ ਕਿੰਨਾਂ ਵਧੀਆ ਲੱਗ ਰਿਹਾ ਸੀ।

ਸਾਰਾ ਕੁਝ ਥੋੜੀ ਜਿਹੀ ਮੁਸ਼ਕਿਲ ਦੇ ਬਾਵਜੂਦ ਠੀਕ-ਠਾਕ ਚੱਲ ਰਿਹਾ ਸੀ; ਇਕੋ-ਇਕ ਦਿੱਕਤ ਸੀ ਕਿ ਜਿਸ ਇਲਾਕੇ ਤੋਂ ਮੈਂ ਗੁਜ਼ਰ ਰਿਹਾ ਸਾਂ, ਉਥੋਂ ਦੇ ਵਸਨੀਕਾਂ ਨਾਲ ਮੇਰੀ ਮੁਲਾਕਾਤ ਨਹੀਂ ਸੀ



Academy of the Punjab in North America - APNA: http://www.apnaorg.com

ਹੋ ਪਾ ਰਹੀ ਅਤੇ ਨਾ ਹੀ ਇਸ ਥਾਂ ਬਾਰੇ ਮੈਨੂੰ ਕੋਈ ਜਾਣਕਾਰੀ ਮਿਲ ਰਹੀ ਸੀ। ਮੇਰੇ ਇਸ ਤਜਰਬੇ ਤੋਂ ਮੈਨੂੰ ਇਹ ਸਮਝ ਆ ਰਿਹਾ ਸੀ ਕਿ ਕਿਉਂ ਅੰਗ੍ਰੇਜ਼ ਹਿੰਦੁਸਤਾਨ ਦੇ ਕਿਸੇ ਵੀ ਉਸ ਹਿੱਸੇ ਦੇ ਤੌਰ-ਤਰੀਕੇ ਅਤੇ ਰੀਤੀ ਰਿਵਾਜਾਂ ਬਾਰੇ ਜਾਣਕਾਰੀ ਨਹੀਂ ਲੈ ਸਕੇ ਸਨ ਜਿੱਥੇ ਉਹ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਸਮਾਂ ਵਿਚਰਦੇ ਰਹੇ ਸਨ। ਸੱਚਾਈ ਇਹ ਹੈ ਕਿ ਉਹ ਬਿਨਾਂ ਕਿਸੇ ਸਰੋਕਾਰ ਦੇ, ਇਕ ਥਾਂ ਤੋਂ ਦੂਜੀ ਥਾਂ ਘੁਮਦੇ ਰਹੇ ਅਤੇ ਰਾਤ ਨੂੰ ਆਪਣੇ ਦੇਸ ਤੋਂ ਹਿੰਦੁਸਤਾਨ ਬਾਰੇ ਪੱਲੇ ਬੰਨ੍ਹ ਕੇ ਲਿਆਂਦੇ ਵਿਚਾਰਾਂ ਨੂੰ ਨਕਾਰਦਿਆ ਆਪਣੇ ਬੰਦ ਤੰਬੂਆਂ ਵਿੱਚ ਇੱਕਲਿਆਂ ਹੀ ਉਹ ਸਮਾਂ ਬਿਤਾਉਣ ਦੀ ਕੋਸ਼ਿਸ਼ ਕਰਦੇ ਰਹੇ ਜੋ ਬੜੀ ਸੁਸਤ ਰਫ਼ਤਾਰ ਨਾਲ ਕੁਝ ਉਰਲੇ-ਪਰਲੇ ਅਸੂਲੀ ਮਸਲੇ ਘੜਦਿਆਂ ਬੀਤਦਾ ਹੈ, ਜੋ ਮਾੜੀ ਜਿਹੀ ਪੜਚੋਲ ਪਿੱਛੋਂ ਦਿਮਾਗ਼ ਵਿੱਚੋਂ ਗ਼ਾਇਬ ਹੋ ਜਾਂਦੇ ਹਨ। ਬ੍ਰਾਹਮਣ ਜੁਨੀ ਲਾਲ ਦੇ ਆਉਣ ਨਾਲ ਠਾਕਰ ਦਾਸ ਦੀ ਤਬੀਅਤ ਬਿਲਕੁਲ ਦਰੁਸਤ ਹੋ ਗਈ ਸੀ। ਕੁਝ ਅਫ਼ਸਰਾਂ ਨੇ ਇਕ ਹਾਥੀ ਨੂੰ ਫੜ ਲਿਆ ਅਤੇ ਇਹ ਦੋਵੇਂ ਸੱਜਣ ਦੂਸਰੇ ਹਾਥੀ ਦੇ ਹੌਦੇ ਵਿੱਚ ਬਹਿ ਗਏ। ਇਸ ਦੌਰਾਨ ਮੈਂ ਵਜ਼ੀਰਾਬਾਦ ਦੇ ਸ਼ਾਹ ਤੋਂ ਦੁਬਾਰਾ ਲਾਹੌਰ ਵਿੱਚ ਮਿਲਣ ਤਕ ਲਈ ਰੁਖ਼ਸਤ ਲੈ ਕੇ ਕੁਝ ਹੋਰ ਘੁੜਸਵਾਰਾਂ ਨਾਲ ਆਪਣਾ ਸਫ਼ਰ ਤੇਜ਼ੀ ਨਾਲ ਜਾਰੀ ਰਖਿਆ। ਸ਼ਾਹ ਨੇ ਮਿੰਨਤ ਕੀਤੀ ਸੀ ਕਿ ਉਸ ਸ਼ਹਿਰ ਵਿੱਚ ਉਹ ਮੇਰੇ ਨਾਲ ਰਹਿ ਸਕੇ, ਪਰ ਮੈਨੂੰ ਖ਼ੁਦ ਉੱਥੇ ਆਪਣੇ ਟਿਕਾਣੇ ਬਾਰੇ ਪਤਾ ਨਹੀਂ ਸੀ। ਇਸ ਲਈ ਇਹ ਫ਼ੈਸਲਾ ਹੋਇਆ ਕਿ ਉਹ ਮੈਨੂੰ ਉੱਥੇ ਹਰ ਮੌਕੇ ਤੇ ਮਿਲ ਸਕਦਾ ਹੈ। ਮੈਂ ਲਾਹੌਰ ਵਿੱਚ ਰਹਿੰਦਿਆਂ ਉਸ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਦਾ ਮਨ ਬਣਾ ਲਿਆ ਸੀ। ਪਰ ਮੈਂ ਕੋਈ ਵਾਇਦਾ ਨਹੀਂ ਸਾਂ ਕਰਨਾ ਚਾਹੁੰਦਾ।

> **ਪੂਰੇ ਹਿੰਦੁਸਤਾਨ ਵਿੱਚ ਇਸ ਇਮਾਰਤ ਦੀ ਪੂਰੀ ਛੱਤ ਦੇ ਦੁਆਲੇ ਮੀਨਾਕਾਰੀ ਵਾਲੇ ਪੱਥਰਾਂ ਨਾਲ ਬਣੇ, ਅਤੇ ਸੰਗਮਰਮਰ ਦੀ ਰੌਂਸ ਵਾਲੇ ਚੌਂਤਰੇ ਤੋਂ ਵੱਧ ਸ਼ਾਨਦਾਰ ਹੋਰ ਕੁਝ ਨਹੀਂ ਹੋ ਸਕਦਾ। ਮੈਂ ਇਕ ਮੀਨਾਰ ਉੱਤੇ ਚੜ੍ਹਿਆ ਤਾਂ ਜੋ ਲਾਹੌਰ ਦਾ ਨਜ਼ਾਰਾ ਕਰ ਸਕਾਂ ਜਿਸ ਨੂੰ ਵੇਖਣ ਦੀ ਮੇਰੀ ਬੜੀ ਦੇਰ ਦੀ ਖ਼ਵਾਹਿਸ਼ ਸੀ। ਇਹ ਦੂਰੋਂ ਆਪਣੀਆਂ ਖ਼ੂਬਸੂਰਤ ਕੰਧਾਂ, ਉੱਚੇ ਮੀਨਾਰਾਂ ਅਤੇ ਮਕਾਨਾਂ ਨਾਲ ਬਹੁਤ ਵਧੀਆ ਲਗ ਰਿਹਾ ਸੀ।**

**ਸੋਮਵਾਰ, ਜਨਵਰੀ 11, 1836 :** ਅਜ ਸਵੇਰੇ ਮੈਨੂੰ ਜਨਰਲ ਵੈਂਤੂਰਾ ਦਾ ਇਕ ਖ਼ਤ ਮਿਲਿਆ ਜਿਸ ਵਿੱਚ ਲਿਖਿਆ ਸੀ ਕਿ ਉਸ ਨੂੰ ਮਹਾਰਾਜਾ ਵੱਲੋਂ ਮੈਨੂੰ ਮਿਲਣ ਦਾ ਹੁਕਮ ਹੋਇਆ ਹੈ। ਮਹਾਰਾਜਾ ਦੀ ਖ਼ਵਾਹਿਸ਼ ਸੀ ਕਿ ਮੈਂ ਜਹਾਂਗੀਰ ਦੇ ਮਸ਼ਹੂਰ ਮਕਬਰੇ ਸ਼ਾਹਡੇਰੇ (ਸ਼ਾਹਦਰੇ) ਰੁਕਾਂ ਜਿੱਥੇ ਜਨਰਲ ਨੇ ਮੇਰੇ ਆਉਣ ਦੀ ਇਤਲਾਹ ਸ਼ਾਹੀ ਦਰਬਾਰ ਦੇ ਕਮਾਂਡਰ ਖ਼ਲੀਫ਼ਾ ਸਾਹਿਬ ਨੂੰ ਦੇਣੀ ਸੀ, ਜਿਨ੍ਹਾਂ ਨੇ ਫ਼ੌਰਨ ਮੇਰਾ ਖ਼ੈਰ-ਮਕਦਮ ਕਰਨਾ ਸੀ। ਮੈਂ ਇਕ ਦਿਨ ਉੱਥੇ ਹੀ ਰੁਕਣਾ ਸੀ ਤਾਂ ਜੋ ਲਾਹੌਰ ਵਿੱਖੇ ਮੇਰੇ ਸੁਆਗਤ ਦੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਸਕਣ। ਸ਼ਾਹਡੇਰਾ (ਸ਼ਾਹਦਰਾ) ਇਸ ਸ਼ਹਿਰ ਤੋਂ ਸਿਰਫ਼ ਤਿੰਨ ਮੀਲ ਦੂਰ ਰਾਵੀ ਦੇ ਸੱਜੇ ਬੰਨੇ ਪੈਂਦਾ ਹੈ। ਮੈਂ ਫ਼ੌਰਨ



Academy of the Punjab in North America - APNA: http://www.apnaorg.com

ਇਸ ਖ਼ਤ ਦਾ ਜਵਾਬ ਦਿੱਤਾ ਕਿ ਮੈਂ ਹਰ ਹਾਲਤ ਵਿੱਚ ਬਾਰ੍ਹਾਂ ਵਜੇ ਪਹੁੰਚ ਜਾਵਾਂਗਾ ਅਤੇ ਦੁਬਾਰਾ ਮੇਰੇ ਸੁਨੇਹੇ ਦੀ ਉਡੀਕ ਕੀਤੇ ਬਗ਼ੈਰ ਮੇਰੇ ਉੱਥੇ ਆਉਣ ਦਾ ਐਲਾਨ ਕਰ ਸਕਦੇ ਹਨ।

ਵੈਂਤੁਰਾ ਦੇ ਘਰ ਵਿੱਚ ਰਹਿਣ ਦੀ ਉਮੀਦ ਮੈਨੂੰ ਮਹਾਰਾਜਾ ਵੱਲੋਂ ਮਿਲਣ ਵਾਲੇ ਕਿਸੇ ਵੀ ਮਾਣ-ਸਨਮਾਨ ਤੋਂ ਵੱਧ ਖ਼ੁਸ਼ੀ ਦੇ ਰਹੀ ਸੀ। ਰਾਵੀ ਦੇ ਨੇੜੇ ਜ਼ਮੀਨ ਹੋਰ ਵੀ ਬੰਜਰ ਅਤੇ ਅਣਵਾਹੀ ਨਜ਼ਰ ਆਉਂਦੀ ਹੈ। ਰਾਵੀ ਦੇ ਖੱਬੇ ਪਾਸੇ ਵੱਡੀ ਸੜਕ ਦੇ ਕਿਨਾਰੇ ਸਥਿਤ ਨੰਗਲ ਤੋਂ ਸ਼ਾਹਡੇਰਾ ਅੱਠ ਕੋਹ ਤੋਂ ਵੱਧ ਨਹੀਂ ਪਰ ਅਸੀਂ ਬਾਰ੍ਹਾਂ ਵਜੇ ਤੋਂ ਪਹਿਲਾਂ ਹੀ ਪਹੁੰਚ ਗਏ, ਭਾਵੇਂ ਅਸੀਂ ਇਕ ਛੋਟੀ ਨਹਿਰ ਬਸੰਤਾ ਵਿਚ, ਜੋ ਬਹੁਤੀ ਡੂੰਘੀ ਨਹੀਂ ਸੀ ਅਤੇ ਜਿਸ ਉੱਤੇ ਕੋਈ ਪੁਲ ਵੀ ਨਹੀਂ ਸੀ, ਕੁਝ ਦੇਰ ਲਈ ਅਟਕ ਗਏ ਸਾਂ। ਮੈਨੂੰ ਮਜ਼ਬੂਰਨ ਹਾਥੀ ਉੱਤੇ ਬਹਿਣਾ ਪਿਆ ਅਤੇ ਬੱਘੀ ਬੜੀ ਮੁਸ਼ਕਿਲ ਨਾਲ ਪਾਰ ਲਿਆਂਦੀ ਗਈ। ਮੈਂ ਹੈਰਾਨ ਸਾਂ ਕਿ ਹਿੰਦੁਸਤਾਨੀ ਇਸ ਉੱਤੇ ਏਨੇ ਸੌਖ ਨਾਲ ਕਿਵੇਂ ਬੈਠ ਜਾਂਦੇ ਹਨ, ਖ਼ਾਸ ਕਰਕੇ ਜਦੋਂ ਉਹ ਇਹੋ ਜਿਹੇ ਪੇਸ਼ ਆਉਣ ਵਾਲੇ ਕੰਮ ਦੇ ਆਦੀ ਨਾ ਹੋਣ।

ਸ਼ਾਹਡੇਰਾ ਇਕ ਸ਼ਾਨਦਾਰ ਥੇਹ ਹੈ, ਜਿਸ ਦੀ ਖ਼ੂਬਸੂਰਤੀ ਇਮਾਰਤਾਂ ਦੀ ਤਰਤੀਬ ਜਾਂ ਯੋਜਨਾਬੰਦੀ ਕਰਕੇ ਨਹੀਂ ਬਲਕਿ ਇੰਨਾ ਦੀ ਸਜਾਵਟ ਦੀ ਤਫ਼ਸੀਲ ਕਰਕੇ ਸੀ, ਜਿਨ੍ਹਾਂ ਤੇ ਸੰਗਮਰਮਰ ਅਤੇ ਕੀਮਤੀ ਪੱਥਰ ਵੱਡੀ ਗਿਣਤੀ ਵਿੱਚ ਲਗਾਏ ਗਏ ਸਨ। ਮੁੱਖ ਇਮਾਰਤ ਚੌਕੋਰ ਸੀ, ਜਿਸ ਦੇ ਹਰ ਕੋਨੇ ਵਿੱਚ ਇਕ ਖ਼ੂਬਸੂਰਤ ਮੀਨਾਰ ਸੀ ਜਿਨ੍ਹਾਂ ਉੱਤੇ ਮੀਨਾਕਾਰੀ ਵਾਲਾ ਪੱਥਰ ਲਗਿਆ ਹੋਇਆ ਹੈ ਜਿਸ ਕਰਕੇ ਇਹ ਦੂਰੋਂ ਬਹੁਤ ਸਾਰੇ ਰੰਗਾਂ ਵਿੱਚ ਰੰਗੇ ਲਗਦੇ ਹਨ। ਪਰ ਇਸ ਇਮਾਰਤ ਦੀ ਪੂਰੀ ਖ਼ੂਬਸੂਰਤੀ ਦਾ ਜਾਇਜ਼ਾ ਲੈਣ ਲਈ ਇਸ ਨੂੰ ਨੇੜਿਉਂ ਵੇਖਣ ਦੀ ਲੋੜ ਹੈ ਕਿਉਂਕਿ ਦੂਰੋਂ ਵੇਖਣ ਤੇ ਇਸ ਦੇ ਰੰਗ ਫ਼ਿੱਕੇ ਲਗਦੇ ਹਨ। ਹੇਠਲੀ ਮੰਜ਼ਿਲ ਤੇ ਕੁਝ ਪੌੜੀਆਂ ਤੇ ਬਣਿਆ ਇਕ ਮਹਿਰਾਬਦਾਰ ਰਸਤਾ ਹੈ ਜਿਸ ਦੇ ਉੱਪਰ ਇਕ ਉੱਚਾ ਚਬੂਤਰਾ ਹੈ ਅਤੇ ਇਸ ਦੇ ਲਹਿੰਦੇ ਪਾਸੇ ਬਹੁਤ ਸਜਾਵਟ ਵਾਲਾ ਦਰਵਾਜ਼ਾ ਹੈ। ਇਹ ਦਰਵਾਜ਼ਾ ਅੰਦਰ ਤਹਿਖ਼ਾਨੇ ਵਿੱਚ ਜਾਂਦਾ ਹੈ ਜਿੱਥੇ ਜਹਾਂਗੀਰ ਦਾ ਮਕਬਰਾ ਹੈ ਜੋ ਕਿ ਆਗਰੇ ਦੇ ਤਾਜ ਮਹਿਲ ਵਰਗਾ ਹੀ ਹੈ। ਇਸ ਉੱਤੇ ਉਪਰੋਂ ਰੌਸ਼ਨੀ ਪੈਂਦੀ ਹੈ।

ਪੂਰੇ ਹਿੰਦੁਸਤਾਨ ਵਿੱਚ ਇਸ ਇਮਾਰਤ ਦੀ ਪੂਰੀ ਛੱਤ ਦੇ ਦੁਆਲੇ ਮੀਨਾਕਾਰੀ ਵਾਲੇ ਪੱਥਰਾਂ ਨਾਲ ਬਣੇ, ਅਤੇ ਸੰਗਮਰਮਰ ਦੀ ਰੌਂਸ ਵਾਲੇ ਚੌਂਤਰੇ ਤੋਂ ਵੱਧ ਸ਼ਾਨਦਾਰ ਹੋਰ ਕੁਝ ਨਹੀਂ ਹੋ ਸਕਦਾ। ਮੈਂ ਇਕ ਮੀਨਾਰ ਉੱਤੇ ਚੜ੍ਹਿਆ ਤਾਂ ਜੋ ਲਾਹੌਰ ਦਾ ਨਜ਼ਾਰਾ ਕਰ ਸਕਾਂ ਜਿਸ ਨੂੰ ਵੇਖਣ ਦੀ ਮੇਰੀ ਬੜੀ ਦੇਰ ਦੀ ਖ਼ਵਾਹਿਸ਼ ਸੀ। ਇਹ ਦੂਰੋਂ ਆਪਣੀਆਂ ਖ਼ੂਬਸੂਰਤ ਕੰਧਾਂ, ਉੱਚੇ ਮੀਨਾਰਾਂ ਅਤੇ ਮਕਾਨਾਂ ਨਾਲ ਬਹੁਤ ਵਧੀਆ ਲਗ ਰਿਹਾ ਸੀ। ਅਗਲੇ ਪਾਸੇ ਸ਼ਾਹਡੇਰੇ ਦੀਆਂ ਇਮਾਰਤਾਂ ਸਨ ਜੋ ਰਾਵੀ ਤਕ ਫ਼ੈਲੀਆਂ ਹੋਈਆਂ ਸਨ, ਇਸ ਤੋਂ ਅੱਗੇ ਰਾਵੀ ਸੀ ਅਤੇ ਇਸ ਤੋਂ ਅੱਗੇ ਖੇਤਾਂ ਦੀ ਲੰਮੀ ਕਤਾਰ ਸੀ ਜਿਨ੍ਹਾਂ ਵਿੱਚ ਟਾਵੇਂ-ਟਾਵੇਂ ਰੁੱਖ ਸਨ ਜੋ ਬਹਾਰ ਦੀ ਰੁੱਤ ਵਿੱਚ ਵੰਨ-ਸੁਵੰਨੇ ਰੰਗਾਂ ਨਾਲ ਢਕੇ ਹੋਏ ਸਨ। ਇਸ ਤੋਂ ਅੱਗੇ ਜਹਾਂਗੀਰ ਵੱਲੋਂ ਲਾਹੌਰ ਵਿੱਚ ਬਣਾਏ ਗਏ ਖ਼ੂਬਸੂਰਤ ਮਹਿਲ ਸਨ ਪਰ ਮੈਂ ਹਾਲੇ ਇੰਨਾ ਦਿਲਕਸ਼ ਚੀਜ਼ਾਂ ਵੱਲ ਝਾਤ ਮਾਰੀ ਹੀ ਸੀ ਕਿ ਦਰਿਆ ਵਾਲੇ ਪਾਸਿਉਂ ਘੱਟੇ ਦਾ ਇਕ ਵਾਵਰੋਲਾ ਉਠਿਆ ਜਿਸ ਨੇ ਕੁਝ ਸਮੇਂ ਲਈ ਘੁੜਸਵਾਰਾਂ ਅਤੇ ਅੰਗ ਰਖਿਅਕਾਂ ਦੀ ਟੁਕੜੀ ਨੂੰ ਢੱਕ ਲਿਆ ਜਿਨ੍ਹਾਂ ਨੂੰ ਰਣਜੀਤ ਸਿੰਘ ਨੇ ਮੇਰੇ ਸੁਆਗਤ ਲਈ ਭੇਜਿਆ ਸੀ।

ਖ਼ਲੀਫ਼ਾ ਸਾਹਿਬ ਲਾਹੌਰ ਦੀ ਫ਼ੌਜ ਦੇ ਕਮਾਂਡਰ ਨਾਲ ਆਏ ਅਤੇ ਮਹਾਰਾਜਾ ਵੱਲੋਂ ਮੈਨੂੰ ਮੁਖ਼ਾਤਿਬ ਹੁੰਦੇ ਹੋਏ ਉਨ੍ਹਾਂ ਬਹੁਤ ਖ਼ੂਬਸੂਰਤ ਲਫ਼ਜ਼ਾਂ ਵਿੱਚ ਤਕਰੀਰ ਕਰਦਿਆਂ ਮੈਨੂੰ ਭਰੋਸਾ ਦਿਵਾਇਆ ਕਿ



Academy of the Punjab in North America - APNA: http://www.apnaorg.com

ਉਹ ਰੋਜ਼ ਮੇਰੇ ਬਾਰੇ ਪਤਾ ਕਰਦੇ ਰਹੇ ਸਨ ਕਿ ਮੈਂ ਕਿੱਥੇ ਪਹੁੰਚ ਗਿਆ ਹਾਂ ਅਤੇ ਬੜੀ ਸ਼ਿੱਦਤ ਨਾਲ ਮੇਰੀ ਉਡੀਕ ਕਰ ਰਹੇ ਹਨ ਅਤੇ ਇਹ ਵੀ ਕਿ ਹੁਣ ਮੈਂ ਆਪਣੇ ਹੀ ਮੁਲਕ ਵਿੱਚ ਹਾਂ ਅਤੇ ਕਿਸੇ ਵੀ ਚੀਜ਼ ਲਈ ਹੁਕਮ ਕਰ ਸਕਦਾ ਹਾਂ। ਮਹਾਰਾਜਾ ਚਾਹੁੰਦੇ ਹਨ ਕਿ ਮੇਰੇ ਰਹਿਣ ਦੇ ਟਿਕਾਣੇ ਨੂੰ ਵੱਧ ਤੋਂ ਵੱਧ ਆਰਾਮਦੇਹ ਬਣਾਇਆ ਜਾਵੇ।

ਇਸ ਤੋਂ ਬਾਅਦ ਮੈਂ ਅਤੇ ਵਿਗਨੇ, ਖ਼ਲੀਫ਼ਾ ਸਾਹਿਬ ਅਤੇ ਕਮਾਂਡਰ ਨਾਲ ਜਨਰਲ ਦੀ ਬੱਘੀ ਵਿੱਚ ਬੈਠ ਗਏ। ਰਾਵੀ ਦਾ ਸਫ਼ਰ ਸ਼ਾਹਡੇਰੇ (ਸ਼ਾਹਦਰੇ) ਤੋਂ ਕਰੀਬ ਇਕ ਮੀਲ ਅੱਗੇ ਹੈ ਅਤੇ ਇਸ ਮੌਸਮ ਵਿੱਚ ਵੀ ਕਈ ਥਾਵਾਂ ਤੇ ਪਾਣੀ ਅਠਾਰ੍ਹਾਂ ਫ਼ੁੱਟ ਤੋਂ ਉੱਪਰ ਹੈ। ਕਿਨਾਰੇ ਤੇ ਮੁਗ਼ਲ ਬਾਦਸ਼ਾਹ ਦਿਲਕੁਸ਼ਾ ਵੱਲੋਂ ਬਣਵਾਇਆ ਗਿਆ ਬਾਗ਼ ਸੀ ਅਤੇ ਇਸ ਦੇ ਦੋਵੇਂ ਪਾਸੇ ਇਮਾਰਤਾਂ ਸਨ। ਬਹੁਤ ਦੇਰ ਪਹਿਲਾਂ ਪਾਣੀਆਂ ਨੇ ਖੱਬੇ ਕਿਨਾਰੇ ਤੋਂ ਸਾਰਾ ਕੁਝ ਆਪਣੇ ਨਾਲ ਰੋੜ੍ਹ ਦਿੱਤਾ ਸੀ ਅਤੇ ਸਿੱਲ੍ਹ ਭਰੀਆਂ ਕੰਧਾਂ ਨੂੰ ਆਪਣੇ ਅੰਦਰ ਸਮੋ ਲਿਆ ਸੀ। ਸ਼ਾਹਡੇਰੇ ਦੇ ਮਕਬਰੇ ਦੇ ਚਾਰੋਂ ਪਾਸੇ ਦੁਵੱਲੀ ਖੁੱਲ੍ਹੀ ਥਾਂ ਦਾ ਵੀ ਇਹੀ ਹਸ਼ਰ ਹੋਇਆ ਸੀ। ਉਹ ਕਿਲ੍ਹਾ ਜਿਸ ਦੀ ਮੁਰੰਮਤ ਰਣਜੀਤ ਸਿੰਘ ਨੇ ਕਰਵਾਈ ਸੀ ਅਤੇ ਜੋ ਬਕਾਇਦਾ ਘੁੜਸਵਾਰ ਫ਼ੌਜ ਦੀ ਦੇਖ-ਰੇਖ ਹੇਠ ਸੀ, ਬਹੁਤ ਵਧੀਆ ਹਾਲਤ ਵਿੱਚ ਸੀ। ਬਹੁਤ ਜ਼ਿਆਦਾ ਫੈਲੇ ਹੋਣ ਦੇ ਬਾਵਜੂਦ ਵੀ ਇਹ ਕਿਸੇ ਵੀ ਪੈਦਲ ਫ਼ੌਜ ਦੇ ਹਮਲੇ ਦਾ ਮੁਕਾਬਲਾ ਕਰਨ ਦੇ ਕਾਬਲ ਹੈ। ਮੈਂ ਜਨਰਲ ਵੈਂਤੁਰਾ ਨੂੰ ਉਸ ਦੇ ਘਰ ਵਿੱਚ ਮਿਲਣ ਬਾਰੇ ਬੜੀ ਖ਼ੁਸ਼ੀ ਨਾਲ ਸੋਚਦਾ ਰਿਹਾ ਕਿਉਂਕਿ ਪੰਜਾਬ ਵਿੱਚ ਆਉਣ ਤੇ ਲਗਾਤਾਰ ਮੇਰਾ ਧਿਆਨ ਰੱਖਣ ਕਾਰਨ ਮੈਂ ਉਸ ਨੂੰ ਇਕ ਪੁਰਾਨੇ ਦੋਸਤ ਵਾਂਗ ਮੰਨਣ ਲੱਗ ਪਿਆ ਸਾਂ। ਮੈਂ ਇੱਕਲੇਪਨ ਤੋਂ ਬਹੁਤ ਉਕਤਾ ਚੁੱਕਾ ਸਾਂ ਅਤੇ ਕਿਸੇ ਯੂਰਪੀ ਮੇਜ਼ਬਾਨ ਨਾਲ ਕਿਸੇ ਘਰ ਵਿੱਚ ਕੁਝ ਦਿਨ ਆਰਾਮ ਕਰਨਾ ਚਾਹੁੰਦਾ ਸਾਂ। ਉਹ ਮੈਨੂੰ ਉਸ ਤੰਬੂ ਵਿੱਚ ਮਿਲਿਆ ਜੋ ਉਸ ਦੇ ਬਾਗ਼ ਦਾ ਪ੍ਰਵੇਸ਼ ਦਵਾਰ ਸੀ ਅਤੇ ਭਾਵੇਂ ਅਸੀਂ ਪਹਿਲਾਂ ਇਕ ਦੂਜੇ ਨੂੰ ਮਿਲੇ ਨਹੀਂ ਸਾਂ ਫ਼ਿਰ ਵੀ ਅਸੀਂ ਬੜੀ ਗਰਮਜੋਸ਼ੀ ਨਾਲ ਹੱਥ ਮਿਲਾਇਆ। ਮੈਂ ਉਸ ਦੀਆਂ ਮਿਹਰਬਾਨੀਆਂ ਲਈ ਸ਼ੁਕਰੀਆ ਅਦਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਭਰੋਸਾ ਦਿਵਾਇਆ ਕਿ ਉਸ ਨਾਲ ਜਾਣ-ਪਛਾਣ ਦੀ ਖੁਸ਼ੀ ਕਾਰਨ ਮੈਂ ਇੰਨੀਂ ਜ਼ੁਰਅਤ ਕਰ ਰਿਹਾ ਸੀ ਕਿ ਅਗਲੇ ਕੁਝ ਦਿਨ ਧੱਕੇ ਨਾਲ ਹੀ ਉਸ ਦੀ ਮੇਜ਼ਬਾਨੀ ਦਾ ਆਨੰਦ ਮਾਣਾਂ। ਉਸ ਨੇ ਬੜੀ ਹਲੀਮੀ ਨਾਲ ਆਖਿਆ ਕਿ ਮਹਾਰਾਜ ਚਾਹੁੰਦੇ ਹਨ ਕਿ ਮੈਂ ਲਾਹੌਰ ਵਿੱਚ ਘੱਟ ਤੋਂ ਘੱਟ ਇਕ ਮਹੀਨਾ ਰੁਕਾਂ। ਪਰ ਮੈਂ ਉੱਥੇ ਆਪਣੀ ਠਹਿਰ ਦਾ ਸਮਾਂ ਚਾਰ ਦਿਨਾਂ ਤਕ ਸੀਮਤ ਕਰਨ ਦਾ ਫ਼ੈਸਲਾ ਕਰ ਚੁਕਾ ਸਾਂ ਤਾਂ ਜੋ ਮਾਰਚ ਵਿੱਚ ਬੰਬਈ ਤੋਂ ਜਾਣ ਵਾਲਾ ਜਹਾਜ਼ ਲੈ ਸਕਾਂ।

ਹੁਣ ਫ਼ਕੀਰ ਸਾਹਿਬ ਨੇ ਮੈਥੋਂ ਰੁਖ਼ਸਤ ਲਈ ਅਤੇ ਝੱਟ ਹੀ ਉਨ੍ਹਾਂ ਦੀ ਥਾਂ ਉਨ੍ਹਾਂ ਦੇ ਵਡੇ ਭਰਾ ਅਜ਼ੀਜ਼ੁਦੀਨ ਨੇ ਲੈ ਲਈ ਜੋ ਕਿ ਵਿਦੇਸ਼ ਮਾਮਲਿਆ ਦਾ ਮੰਤਰੀ ਅਤੇ ਰਣਜੀਤ ਸਿੰਘ ਦਾ ਭਰੋਸੇਮੰਦ ਸਕੱਤਰ ਸੀ। ਉਹ ਮਹਾਰਾਜਾ ਵੱਲੋਂ ਇਹ ਜਾਣਕਾਰੀ ਲੈ ਕੇ ਆਇਆ ਸੀ ਕਿ ਮਹਾਰਾਜਾ ਨੂੰ ਜਨਰਲ ਵੈਂਤੁਰਾ ਪਾਸੋਂ ਮੇਰੇ ਆਉਣ ਦੀ ਸੂਚਨਾ ਮਿਲ ਗਈ ਹੈ ਅਤੇ ਉਨ੍ਹਾਂ ਨੇ ਇਸ ਮੌਕੇ ਦਾ ਭਰਪੂਰ ਅਨੰਦ ਲੈਣ ਲਈ ਆਪਣੇ ਬਾਕੀ ਦੇ ਸਾਰੇ ਕੰਮ ਪਾਸੇ ਕਰ ਦਿੱਤੇ ਹਨ। ਇਸ ਤੋਂ ਬਾਅਦ ਜਿਹੜੀਆਂ ਸ਼ਾਨਦਾਰ ਤਕਰੀਰਾਂ ਹੋਈਆਂ, ਮੈਂ ਉਨ੍ਹਾਂ ਨੂੰ ਦੁਹਰਾ ਨਹੀਂ ਸਕਦਾ। ਫ਼ਿਰ ਸੇਵਾਦਾਰ ਮਿਠਾਈਆਂ, ਫ਼ਲ ਅਤੇ ਮਹਾਰਾਜਾ ਦੀ ਆਪਣੀ ਸ਼ਰਾਬ ਦੀ ਇਕ ਬੋਤਲ, ਜਿਸ ਦਾ ਜ਼ਿਕਰ ਮੈਂ ਠਹਿਰ ਕੇ ਕਰਾਂਗਾ ਅਤੇ 700 ਰੁਪਏ ਤੋਹਫ਼ੇ ਵਜੋਂ ਲੈ ਕੇ ਆਏ।

ਜਨਰਲ ਨੇ ਮੇਰਾ ਤਆਰੁਫ਼ ਭਹਾਵਲਪੁਰ ਵਿੱਚ ਕੰਪਨੀ ਦੇ ਸਿਆਸੀ ਏਜੰਟ ਮਿਸਟਰ ਮੈਕਸਨ ਅਤੇ ਇਕ ਫ਼੍ਰਾਂਸੀਸੀ ਸ਼ਖ਼ਸ ਡੈਬੁਨਨ ਨਾਲ ਕਰਵਾਇਆ। ਮਿ. ਮੈਕਸਨ ਇਕ ਬਹੁਤ ਹੀ ਸਮਝਦਾਰ



Academy of the Punjab in North America - APNA: http://www.apnaorg.com



ਮਹਾਰਾਜਾ ਰਣਜੀਤ ਸਿੰਘ

ਨੌਜਵਾਨ ਅਫ਼ਸਰ ਸੀ ਜਿਸ ਨੇ ਲੁਧਿਆਣਾ ਤੋਂ 300 ਮੀਲ ਦੂਰ ਇਸ ਰੇਗਿਸਤਾਨ ਵਿੱਚ ਨੌਕਰੀ ਸਵੀਕਾਰ ਕੀਤੀ ਸੀ। ਇੱਥੇ ਉਸ ਨੇ ਸਿੰਧ ਦਰਿਆ ਵਿੱਚ ਆਉਣ ਵਾਲੇ ਅੰਗ੍ਰੇਜ਼ੀ ਜਹਾਜ਼ਾਂ ਦੀ ਰਖਵਾਲੀ ਅਤੇ ਦੇਖ-ਰੇਖ ਕਰਨੀ ਸੀ, ਜਿਸਦਾ ਹੱਕ ਉਨ੍ਹਾਂ ਨੂੰ ਕੁਝ ਸਮਾਂ ਪਹਿਲਾਂ ਹੀ ਸਿੰਧ ਦੇ ਅਮੀਰਾਂ ਨਾਲ ਹੋਈ ਸੰਧੀ ਤੋਂ ਬਾਅਦ ਮਿਲਿਆ ਸੀ।

ਮੈਨੂੰ ਇਕ ਜਾਣ-ਪਛਾਣ ਵਾਲੇ ਸ਼ਖ਼ਸ ਦਾ ਨਾਂ ਤਕਰੀਬਨ ਭੁੱਲ ਗਿਆ ਸੀ, ਜਿਸ ਨੂੰ ਮੈਂ ਮਿਲਿਆ ਸਾਂ ਰਾਵੀ ਦੇ ਖੱਬੇ ਕੰਢੇ। ਮੈਨੂੰ ਇਕ ਚਿੱਟੀ ਦਾੜ੍ਹੀ ਵਾਲੇ ਸ਼ਖ਼ਸ ਨੇ ਰੋਕਿਆ ਸੀ ਜਿਸ ਨੇ ਫ੍ਰਾਂਸੀਸੀ ਡਿਜ਼ਾਈਨ ਦੀ ਵਰਦੀ ਪਾਈ ਹੋਈ ਸੀ। ਇਸ ਦੇ ਬਾਰੇ ਮੈਨੂੰ ਪੱਕਾ ਪਤਾ ਸੀ ਕਿ ਮੈਂ ਇਸ ਨੂੰ ਪਹਿਲੇ ਜ਼ਰੂਰ ਵੇਖਿਆ ਹੈ, ਪਰ ਕਦੋਂ ਅਤੇ ਕਿੱਥੇ, ਇਹ ਯਾਦ ਨਹੀਂ ਸੀ ਆ ਰਿਹਾ। ਪਰ ਜਦੋਂ ਉਸ ਨੇ ਬੰਬਈ ਦੀ ਗੱਲ ਕਰਨੀ ਸ਼ੁਰੂ ਕੀਤੀ ਤਾਂ ਮੈਨੂੰ ਝੱਟ ਯਾਦ ਆ ਗਿਆ ਕਿ ਇਹ ਸ਼ੋਰਾ ਬਣਾਉਣ ਵਾਲਾ ਮਿ. ਫ਼ੋਰਨੀ ਸੀ ਜੋ ਬੰਬਈ ਤੋਂ ਮਿਸਰ ਆਇਆ ਸੀ ਜਦੋਂ ਮੈਂ ਵੀ ਉੱਥੇ ਹੀ ਸਾਂ। ਸ਼ਾਮੀਂ ਸਾਡੀ ਉਚ-ਪੱਧਰੀ ਮੀਟਿੰਗ ਵਿੱਚ ਇਕ ਅੰਗ੍ਰੇਜ਼ ਮਿ. ਫ਼ਾਕਸ ਵੀ ਸ਼ਾਮਲ ਹੋਇਆ ਜੋ ਹੁਣੇ-ਹੁਣੇ ਮਹਾਰਾਜਾ ਦੀ ਨੌਕਰੀ ਵਿੱਚ ਆਇਆ ਸੀ।

**ਮੰਗਲਵਾਰ, ਜਨਵਰੀ 12, 1836 :** ਬਹੁਤ ਚਿਰ ਪਿੱਛੋਂ ਇਕ ਯੂਰਪੀ ਦੇ ਘਰ ਬਿਤਾਈ ਪਹਿਲੀ ਰਾਤ ਹੁਣ ਖ਼ਤਮ ਹੋ ਚੁਕੀ ਸੀ। ਮੈਂ ਹਾਲੇ ਗਹਿਰੀ ਨੀਂਦ ਤੋਂ ਉੱਠਿਆ ਹੀ ਸਾਂ ਕਿ ਮਹਾਰਾਜਾ ਦਾ ਇਕ ਬਾਸ਼ਿੰਦਾ ਮੇਰਾ ਹਾਲ-ਚਾਲ ਪੁੱਛਣ ਲਈ ਆ ਗਿਆ। ਮੈਂ ਛੇਤੀ ਨਾਲ ਤਿਆਰ ਹੋਇਆ ਅਤੇ ਵੇਖਿਆ ਕਿ ਖ਼ਲੀਫ਼ਾ ਸਾਹਿਬ ਫ਼ੌਜ ਦੇ ਕਮਾਂਡਰ ਨਾਲ ਆਏ ਹੋਏ ਸਨ।

ਉਨ੍ਹਾਂ ਨੇ ਦਸਿਆ ਕਿ ਮਹਾਰਾਜਾ ਨੂੰ ਬਹੁਤ ਅਫ਼ਸੋਸ ਸੀ ਕਿ ਉਹ ਮੈਨੂੰ ਉਸ ਦਿਨ ਨਹੀਂ ਮਿਲ ਸਕਦੇ ਕਿਉਂਕਿ ਇਹ ਸਿੱਖਾਂ ਦਾ ਇਕ ਮਹਾਨ ਛੁੱਟੀ ਦਾ ਦਿਨ ਹੋਣ ਕਾਰਨ ਇਕ ਅਜਨਬੀ ਦਾ ਪੂਰੀ ਸ਼ਾਨੋ-ਸ਼ੌਕਤ ਨਾਲ ਖ਼ੈਰ-ਮਕਦਮ ਨਹੀਂ ਕਰ ਸਕਦੇ। ਉਨ੍ਹਾਂ ਮੇਰੇ ਲਈ ਇਕ ਪਲੰਘ ਅਤੇ ਉਸ ਉੱਤੇ ਵਿਛਾਉਣ ਲਈ ਰੇਸ਼ਮੀ ਚਾਦਰਾਂ ਅਤੇ ਸ਼ਾਲ ਆਦਿ ਤੋਹਫ਼ੇ ਵਜੋਂ ਭੇਜੇ।

ਵੈਂਤੁਰਾ ਦਾ ਘਰ, ਜੋ ਉਸਨੇ ਜਨਰਲ ਐਲਾਰਡ ਨਾਲ ਮਿਲ ਕੇ ਬਣਾਇਆ ਸੀ, ਭਾਵੇਂ ਬਹੁਤੇ ਵਡੇ ਆਕਾਰ ਦਾ ਨਹੀਂ ਸੀ, ਪਰ ਇਹ ਪੂਰਬ ਦੀ ਸ਼ਾਨ ਅਤੇ ਇਕ ਆਰਾਮਦੇਹ ਯੂਰਪੀ ਘਰ ਦੇ ਨਮੂਨੇ ਦਾ ਵਧੀਆ ਸੁਮੇਲ ਸੀ। ਪਹਿਲੀ ਮੰਜ਼ਿਲ ਤੇ ਥਮ੍ਹਿਆਂ ਤੋਂ ਪਹਿਲਾਂ ਬਣੇ ਹਾਲ ਦੀਆਂ ਕੰਧਾਂ ਉੱਤੇ ਰਣਜੀਤ ਸਿੰਘ ਦੇ ਦਰਬਾਰ ਵਿੱਚ ਦੋ ਫ਼੍ਰਾਂਸੀਸੀ ਅਫ਼ਸਰਾਂ ਦੇ ਸਵਾਗਤ ਦੀ ਤਸਵੀਰ ਬਣੀ ਹੋਈ ਸੀ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਵੀ ਸ਼ਾਮਲ ਸਨ। ਦੂਜਾ ਵੀ ਬਹੁਤ ਅਸਰਦਾਰ ਸੀ।



Academy of the Punjab in North America - APNA: http://www.apnaorg.com

ਤੀਜਾ ਬਹੁਤ ਵੱਡਾ ਹਾਲ ਸੀ, ਜੋ ਇਮਾਰਤ ਦੀ ਪੂਰੀ ਚੌੜਾਈ ਤਕ ਫ਼ੈਲਿਆ ਹੋਇਆ ਹੈ ਅਤੇ ਅੱਗੇ ਸੌਣ ਵਾਲੇ ਕਮਰਿਆਂ ਤਕ ਜਾਂਦਾ ਹੈ। ਇਮਾਰਤ ਦੇ ਪਿਛਵਾੜੇ ਇਕ ਬਹੁਤ ਪੁਰਾਣਾ ਮਕਬਰਾ ਹੈ ਜਿਸ ਦੀ ਛੱਤ ਗੁੰਬਦ ਵਰਗੀ ਗੋਲ ਸੀ। ਇਹ ਇਸ ਵਕਤ ਯੂਰਪੀ ਅਫ਼ਸਰਾਂ ਦੇ ਪਰਿਵਾਰਾਂ ਨੂੰ ਕਿਰਾਏ ਉੱਤੇ ਦਿੱਤਾ ਹੋਇਆ ਹੈ। ਬਾਗ਼ ਦੇ ਵਿੱਚੋਂ-ਵਿੱਚ ਖੜੀ ਇਹ ਇਮਾਰਤ ਆਸ-ਪਾਸ ਫ਼ੈਲੇ ਹੋਏ ਰੇਤੀਲੇ ਮੈਦਾਨ ਦੇ ਮੁਕਾਬਲੇ ਬੜੀ ਸ਼ਾਨਦਾਰ ਲੱਗਦੀ ਹੈ। ਇਸ ਜਗ੍ਹਾ ਤੋਂ ਰਾਵੀ ਦਾ ਇਕ ਪਾਸਾ ਅਤੇ ਪੂਰਬੀ ਪਾਸੇ ਪੁਰਾਣਾ ਸ਼ਹਿਰ ਅਤੇ ਅਣਗਿਣਤ ਢੱਠੀਆਂ ਇਮਾਰਤਾਂ ਨਾਲ ਭਰਿਆ ਕਬਰਿਸਤਾਨ ਨਜ਼ਰ ਆਉਂਦਾ ਹੈ, ਜਿਸ ਵਿੱਚ ਇਮਾਰਤਾਂ ਸਿਧਪੱਧਰੀ ਹੋਣ ਦੀ ਬਜਾਏ ਛੋਟੀਆਂ-ਛੋਟੀਆਂ ਪਹਾੜੀਆਂ ਦੇ ਰੂਪ ਵਿੱਚ ਨਜ਼ਰ ਆਉਂਦੀਆਂ ਹਨ। ਲਾਹੌਰ ਸ਼ਹਿਰ ਵਿੱਚ ਸ਼ੋਰਾ ਬਹੁਤ ਹੈ ਜੋ ਖੜੀਆਂ ਕੰਧਾਂ ਨੂੰ ਢਾਹ ਦਿੰਦਾ ਹੈ। ਇਥੋਂ ਤਕ ਕਿ ਛੱਤੀਆਂ ਇਮਾਰਤਾਂ ਵੀ ਇਸ ਦੇ ਅਸਰ ਹੇਠ ਢਹਿ ਜਾਂਦੀਆਂ ਹਨ ਅਤੇ ਕਈ ਵਾਰ ਬੇਤਰਤੀਬ ਮਲਬੇ ਦੇ ਰੂਪ ਵਿੱਚ ਤਬਦੀਲ ਹੋ ਜਾਂਦੀਆਂ ਹਨ।

ਇਨ੍ਹਾਂ ਖੰਡਰਾਂ ਦੇ ਵਿਚਕਾਰ ਵੈਂਤੁਰਾ ਦੇ ਘਰ ਦੇ ਸਾਮ੍ਹਣੇ ਫ਼ੌਜ ਦੇ ਅਭਿਆਸ ਲਈ ਇਕ ਖੁਲ੍ਹੀ ਥਾਂ ਖ਼ਾਲੀ ਕਰ ਦਿੱਤੀ ਗਈ ਹੈ ਅਤੇ ਉਥੋਂ ਪੁੱਟੀਆਂ ਗਈਆਂ ਇੱਟਾਂ ਨਾ ਕੇਵਲ ਉਸਦਾ ਘਰ ਬਣਾਉਣ ਲਈ ਹੀ ਬਲਕਿ ਫ਼੍ਰਾਂਸੀਸੀ ਲਸ਼ਕਰ ਲਈ ਉਹ ਬੈਰਕਾਂ ਬਣਾਉਣ ਲਈ ਵੀ ਵਰਤੀਆਂ ਗਈਆਂ ਹਨ, ਜੋ ਕਿ ਖ਼ਾਲੀ ਪਈਆਂ ਸਨ ਕਿਉਂਕਿ ਇਸ ਵਕਤ ਲਸ਼ਕਰ ਪਿਸ਼ਾਵਰ ਵਿੱਚ ਸਿਰਫ਼ ਪੁਰਾਣੇ ਨਾਮ ਲਈ ਰਣਜੀਤ ਸਿੰਘ ਦੇ ਪੁੱਤਰ ਸ਼ੇਰ ਸਿੰਘ ਦੀ ਕਮਾਨ ਹੇਠ ਹੈ, ਜੱਦਕਿ ਅਸਲ ਵਿੱਚ ਇਹ ਐਵੀਟੇਬਲ ਦੀ ਕਮਾਨ ਹੇਠ ਹੈ। ਐਵੀਟੇਬਲ ਪਹਿਲਾਂ ਸੂਰਤ ਦੀ ਫ਼ੌਜ ਅਤੇ ਦਰਬਾਰ ਵਿੱਚ ਅਫ਼ਸਰ, ਅਤੇ ਫ਼ਿਰ ਪੈਰਿਸ ਦੇ ਪੌਲੀਟੈਕਨੀਕਲ ਸਕੂਲ ਦਾ ਵਿਦਿਆਰਥੀ ਰਿਹਾ ਸੀ ਅਤੇ ਹੁਣ ਰਣਜੀਤ ਸਿੰਘ ਦੀ ਨੌਕਰੀ ਕਰ ਰਿਹਾ ਹੈ। ਪੰਜਾਬ ਵਿੱਚ ਯੂਰਪੀਆਂ ਦੀ ਗਿਣਤੀ ਬਹੁਤ ਘੱਟ ਸੀ। ਇਸ ਫ਼ਹਰਿਸਤ ਵਿੱਚ ਜਨਰਲ ਵੈਂਤੁਰਾ ਅਤੇ ਐਵੀਟੇਬਲ, (ਇਸ ਤੋਂ ਇਲਾਵਾ ਐਲਾਰਡ, ਜੋ ਇਸ ਵਕਤ ਛੁੱਟੀ ਤੇ ਯੂਰਪ ਵਿੱਚ ਹੈ) ਕਰਨਲ ਕੋਰਟ ਅਤੇ ਇਕ ਅੰਗ੍ਰੇਜ਼ੀ ਮਿਸਟਰ ਫ਼ਾਕਸ ਹਨ, ਜਿਨ੍ਹਾਂ ਵਿੱਚੋਂ ਕੁਝ ਛੋਟੇ ਅਹੁਦਿਆਂ ਤੇ ਹਨ। ਸਿਰਫ਼ ਬੇਕਾਇਦਾ ਰਿਸਾਲਾ ਦੇ, ਬਾਕੀ ਸਾਰੇ ਹੀ ਬਾਕਾਇਦਾ ਅਤੇ ਬੇਕਾਇਦਾ ਫ਼ੌਜਾਂ ਦੇ ਲਈ ਬੰਦੂਕ ਸਮੇਤ 'ਅਟੈਂਨਸ਼ਨ' ਦਾ ਹੁਕਮ ਫ਼੍ਰਾਂਸੀਸੀ ਭਾਸ਼ਾ ਵਿੱਚ ਸੀ, ਜਦਕਿ ਫ਼੍ਰਾਂਸੀਸੀ ਫ਼ੌਜ ਦੇ ਲਈ ਇਕ ਚੀਲ ਅਤੇ ਤਿਰੰਗਾ ਝੰਡਾ ਸੀ, ਜਿਸ ਉੱਤੇ 'ਗੋਬਿੰਦ ਸਿੰਘ' ਲਫ਼ਜ਼ ਲਿਖੇ ਹੋਏ ਸਨ। ਹਰ ਪ੍ਰਾਈਵੇਟ ਨੂੰ ਅੱਠ ਰੁਪਏ ਮਹੀਨਾ, ਇਕ ਲਾਲ ਕੋਟ ਅਤੇ ਹਥਿਆਰ ਮਿਲਦੇ ਸਨ, ਪਰ ਆਪਣੇ ਖਾਣ-ਪੀਣ ਅਤੇ ਪਹਿਨਣ ਦਾ ਖਰਚਾ ਉਸ ਨੂੰ ਆਪ ਕਰਨਾ ਪੈਂਦਾ ਸੀ। ਸਾਰੀ ਫ਼ੌਜ ਦੀ ਇਕ ਸਾਲ ਦੀ ਤਨਖ਼ਾਹ ਬਕਾਇਆ ਰੱਖੀ ਜਾਂਦੀ ਹੈ। ਰਣਜੀਤ ਸਿੰਘ ਲਈ ਇਹ ਫ਼ੌਜ ਨੂੰ ਜੀ-ਹਜ਼ੂਰੀ ਵਿੱਚ ਰਖਣ ਦਾ ਵਧੀਆ ਤਰੀਕਾ ਸੀ। ਜਮਾਦਾਰ ਜਾਂ ਲੈਫ਼ਟੈਨ ਨੂੰ ਤੀਹ ਰੁਪਏ ਮਿਲਦੇ ਸਨ। ਫ਼੍ਰਾਂਸੀਸੀ ਲਸ਼ਕਰ ਨੂੰ ਛੱਡ ਬਾਕੀ ਸਭ ਨੂੰ ਆਪਣੇ ਮੰਨ-ਪਸੰਦ ਕਪੜੇ ਪਾਉਣ ਦੀ ਇਜਾਜ਼ਤ ਹੈ ਤਾਂ ਜੋ ਸਾਰੀ ਫ਼ੌਜ ਵਿੱਚ ਫ਼੍ਰਾਂਸੀਸੀ ਅਤੇ ਪੰਜਾਬੀ ਪਹਿਰਾਵਿਆਂ ਦਾ ਮਿਲਗੋਭਾ ਵੇਖਣ ਨੂੰ ਮਿਲੇ।

ਸ਼ਾਮੀਂ ਘਰ ਨੂੰ ਖ਼ੂਬਸੂਰਤ ਢੰਗ ਨਾਲ ਰੁਸ਼ਨਾਇਆ ਗਿਆ ਸੀ ਅਤੇ ਪੱਚੀ ਨੱਚਣ ਵਾਲੀਆਂ ਨੇ ਮਧੁਰ ਸੰਗੀਤ ਪੇਸ਼ ਕੀਤਾ। ਆਤਿਸ਼ਬਾਜ਼ੀ ਵੀ ਚਲਾਈ ਗਈ। ਦੇਰ ਰਾਤ ਇਕ ਹੋਰ ਨਾਚੀ ਆਪਣੇ ਸਾਥੀਆਂ ਨਾਲ ਆਈ, ਜਿਸ ਨੂੰ ਮਹਾਰਾਜਾ ਨੇ ਇੰਜ ਤਾਰੀਫ਼ਾਂ ਦੇ ਪੁਲ ਬੰਨ੍ਹ ਕੇ ਮੇਰੇ ਮਨੋਰੰਜਨ ਲਈ ਭੇਜਿਆ ਸੀ ਕਿ ਇਹ ਕੋਈ ਮਾਮੂਲੀ ਨੱਚਣ ਵਾਲੀ ਨਹੀਂ। ਇਸ ਨੇ ਗਵਰਨਰ ਜਨਰਲ ਅਤੇ ਮਹਾਰਾਜਾ ਵਿੱਚ ਹੋਈ ਕਾਨਫ਼ਰੰਸ ਦੌਰਾਨ ਵੀ ਨਾਚ ਪੇਸ਼ ਕੀਤਾ ਸੀ, ਜਿਸ ਦੇ ਲਈ ਮਹਾਰਾਜਾ ਵੱਲੋਂ



Academy of the Punjab in North America - APNA: http://www.apnaorg.com

ਇਸ ਨੂੰ ਮਿਹਰਬਾਨੀਆਂ ਮਿਲਦੀਆਂ ਰਹੀਆਂ ਸਨ। ਪਰ ਜੇਕਰ ਕਿਸੇ ਹਿੰਦੂ ਲਈ ਇਹ ਲਫ਼ਜ਼ ਵਰਤੇ ਜਾ ਸਕਦੇ ਹਨ ਤਾਂ ਲਾਹੌਰ ਦੀ ਇਹ ਵੀਹ ਸਾਲਾਂ ਦੀ ਮਸ਼ਹੂਰ ਔਰਤ ਹੁਣੇ ਹੀ ਮੁਰਝਾਅ ਗਈ ਸੀ।

**ਬੁਧਵਾਰ, ਜਨਵਰੀ 13, 1836 :** ਨੌ ਵਜੇ ਖ਼ਲੀਫ਼ਾ ਸਾਹਿਬ ਮੈਨੂੰ ਰਾਜ ਮਹਿਲ ਲਿਜਾਣ ਲਈ ਪਹੁੰਚ ਗਏ। ਉਹ ਆਪਣੇ ਨਾਲ ਤਿੰਨ ਹਾਥੀ ਲਿਆਏ ਸਨ ਜਿਨ੍ਹਾਂ ਉੱਤੇ ਯੂਰਪੀ ਹੌਦੇ ਸਨ, ਜਿਨ੍ਹਾਂ ਵਿੱਚ ਆਦਮੀ ਸਿੱਧਾ ਬਹਿ ਕੇ ਲੱਤਾਂ ਲੰਮੀਆਂ ਕਰ ਸਕਦਾ ਹੈ। ਇਸ ਤੋਂ ਇਲਾਵਾ ਲਾਹੌਰ ਦੇ ਕਮਾਂਡਰ ਦੇ ਨਾਲ ਕਾਫ਼ੀ ਗਾਰਦ ਵੀ ਮੌਜੂਦ ਸੀ। ਮਿ.ਮੈਕਸਨ ਨੂੰ ਵੀ ਇਹ ਸੱਦਾ ਮਿਲਿਆ ਸੀ। ਅਸੀਂ ਦੱਖਣੀ ਦਰਵਾਜ਼ੇ ਵੱਲੋਂ ਲਾਹੌਰ ਵਿੱਚ ਦਾਖ਼ਲ ਹੋਏ। ਜਦੋਂ ਅਸੀਂ ਸ਼ਾਹੀ ਮਹਿਲ ਦੇ ਬਾਹਰੀ ਹਿੱਸੇ ਵਿੱਚ ਪਹੁੰਚੇ ਤਾਂ ਨਾਲ ਆਈ ਗਾਰਦ ਵਿੱਚ ਆਏ ਅਫ਼ਸਰ ਘੋੜਿਆਂ ਤੋਂ ਉਤਰ ਗਏ ਅਤੇ ਹਾਥੀ ਕੁੱਛ ਕੁ ਕਦਮ ਅੱਗੇ ਜਾ ਕੇ ਦੂਜੇ ਗੇਟ ਰਾਹੀਂ ਬਹੁਤ ਹੀ ਸੋਹਣੇ ਬਾਗ਼ ਵਿੱਚ ਦਾਖ਼ਲ ਹੋਏ, ਜਿੱਥੇ ਮੈਂ ਅਕਬਰ ਦੇ ਸ਼ਾਹੀ ਘਰਾਣੇ ਦੇ ਸ਼ੌਕ ਨੂੰ ਦਰਸਾਉਂਦੀ ਸੰਗਮਰਮਰ ਦੀ ਇਕ ਛੋਟੀ ਇਮਾਰਤ ਵੇਖੀ। ਬਾਹਰੀ ਪਾਸੇ ਉੱਤੇ ਸੰਗਮਰਮਰ ਵਿੱਚ ਬਰੀਕੀ ਨਾਲ ਉਘੜੇ ਫ਼ੁੱਲ ਫ਼ਰਸ਼ ਅਤੇ ਅੰਦਰਲੀਆਂ ਕੰਧਾਂ ਤੇ ਪੱਥਰ ਮੜ੍ਹੇ ਹੋਏ ਸਨ। ਪੁੱਛਣ ਤੇ ਪਤਾ ਲੱਗਾ ਕਿ ਇਹ ਮਹਾਰਾਜਾ ਨੇ ਬਣਵਾਈ ਹੈ; ਜੋ ਕਿ ਸਾਫ਼ ਤੌਰ ਤੇ ਗ਼ਲਤ ਸੀ। ਇਸ ਖ਼ੂਬਸੂਰਤ ਇਮਾਰਤ ਦੇ ਇਕ ਕੋਨੇ ਤੇ ਦੋ-ਮੰਜ਼ਿਲੀ ਚਿੱਟੀਆਂ ਇੱਟਾਂ ਦੀ ਅਜੋਕੀ ਇਮਾਰਤ ਬਣਵਾ ਕੇ ਮਹਾਰਾਜਾ ਪੂਰੀ ਇਮਾਰਤ ਬਣਵਾਉਣ ਦਾ ਨਾਮਣਾ ਖੱਟ ਰਹੇ ਸਨ। ਇਸ ਬਾਗ਼ ਦੇ ਖੱਬੇ ਪਾਸੇ ਸੰਗਮਰਮਰ ਦੀ ਤਿੰਨ ਬੁਰਜਾਂ ਵਾਲੀ ਜਹਾਂਗੀਰ ਦੀ ਜਾਮਾਂ ਮਸਜਿਦ ਸੀ, ਪਰ ਬਾਗ਼ ਵਿੱਚੋਂ ਉਸ ਵੱਲ ਕੋਈ ਰਸਤਾ ਨਹੀਂ ਸੀ ਜਾਂਦਾ। ਅਸੀਂ ਆਪਣੇ ਸਾਮ੍ਹਣੇ ਪਾਸੇ ਇਕ ਚੌੜੇ ਗੇਟ ਤੋਂ ਅੰਦਰ ਗਏ ਜੋ ਇਕ ਖੁੱਲ੍ਹੇ ਮੈਦਾਨ ਵਿੱਚ ਖੁਲ੍ਹਦਾ ਸੀ। ਉੱਥੇ ਸਿਪਾਹੀਆਂ ਦੀ ਇਕ ਟੁਕੜੀ ਤੈਨਾਤ ਸੀ ਜਿਸਨੇ ਸਾਨੂੰ ਸਲਾਮੀ ਦਿੱਤੀ। ਮਹਾਰਾਜ ਇਕ ਛੋਟੇ ਜਿਹੇ ਤੰਬੂ ਵਿੱਚ ਨੀਵੀਂ ਢੋਹ ਵਾਲੀ ਆਰਾਮ ਕੁਰਸੀ ਉਪਰ ਬੈਠੇ ਸਨ। ਤੰਬੂ ਦੀਆਂ ਕੰਧਾਂ ਜ਼ਰੀ, ਅਤੇ ਫ਼ਰਸ਼ ਕਸ਼ਮੀਰੀ ਕਾਲੀਨਾਂ ਨਾਲ ਢਕੇ ਹੋਏ ਸਨ। ਜਿਵੇਂ ਹੀ ਮੈਂ ਆਪਣਾ ਪੈਰ ਕਾਲੀਨ ਤੇ ਰਖਿਆ, ਉਹ ਮੇਰਾ ਖ਼ੈਰ-ਮਕਦਮ ਕਰਨ ਲਈ ਉਠ ਕੇ ਦਰਵਾਜ਼ੇ ਤਕ ਆਏ ਅਤੇ ਮੇਰਾ ਹੱਥ ਫ਼ੜ ਕੇ ਆਪਣੀ ਕੁਰਸੀ ਦੇ ਨਾਲ ਪਈ ਕੁਰਸੀ ਕੋਲ ਲੈ ਗਏ। ਪਰ ਬੈਠਣ ਤੋਂ ਪਹਿਲਾਂ ਮੈਂ ਆਪਣੇ ਮੁਨਸ਼ੀ ਦੇ ਹੱਥੋਂ 750 ਰੁਪਇਆਂ ਨਾਲ ਭਰੀ ਥੈਲੀ ਲੈ ਕੇ ਮਹਾਰਾਜਾ ਦੇ ਸਿਰ ਤੋਂ ਖੱਬਿਓਂ ਸੱਜੇ ਵਾਰ ਕੇ ਉਨ੍ਹਾਂ ਦੇ ਨੌਕਰਾਂ ਵਿੱਚ ਵੰਡਣ ਲਈ ਦੇ ਦਿੱਤੀ। ਮਹਾਰਾਜਾ ਦੇ ਬੀਮਾਰ ਹੋਣ ਤੇ ਇੰਜ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ ਕਿਉਂਕਿ ਇਸ ਨਾਲ ਬੁਰੀ ਨਜ਼ਰ ਦੂਰ ਹੁੰਦੀ ਹੈ ਜੋ ਮਹਾਰਾਜਾ ਦੇ ਬੀਮਾਰ ਹੋਣ ਦਾ ਇੱਕੋ-ਇੱਕ ਕਾਰਨ ਮੰਨਿਆ ਜਾਂਦਾ ਹੈ।

ਮੇਰੀ ਵਰਦੀ ਹਾਲੇ ਤਕ ਨਹੀਂ ਪਹੁੰਚੀ ਸੀ। ਮੇਰੇ ਕੋਲ ਬੂਟ ਵੀ ਨਹੀਂ ਸਨ, ਇਸ ਲਈ ਮੈਨੂੰ ਜੁਤੀਆਂ ਪਾ ਕੇ ਹੀ ਜਾਣਾ ਪਿਆ। ਹਿੰਦੁਸਤਾਨ ਵਿੱਚ ਕਾਲੀਨ ਉੱਤੇ ਜੁੱਤੀਆਂ ਪਾ ਕੇ ਜਾਣਾ ਮਹਾਰਾਜਾ ਦੀ ਏਨੀ ਹੱਤਕ ਨਹੀਂ ਮੰਨੀ ਜਾਂਦੀ ਜਿੰਨੀ ਅੰਗ੍ਰੇਜ਼ ਸਮਝਦੇ ਹਨ ਕਿ ਇੰਜ ਕਰਨਾ ਕੋਝਾਪਨ ਅਤੇ ਗੁਸਤਾਖ਼ੀ ਮੰਨਿਆ ਜਾਏਗਾ। ਅਤੇ ਜੇਕਰ ਮਹਾਰਾਜਾ ਖ਼ੁੱਦ ਸੰਣੇ-ਜੁੱਤੀਆਂ ਕਾਲੀਨ ਤੇ ਜਾਣ ਤਾਂ ਉਹ ਵੀ ਮਾੜਾ ਸਮਝਿਆ ਜਾਏਗਾ ਭਾਵੇਂ ਉਸ ਘਰ ਦਾ ਮਾਲਕ ਅਹੁਦੇ ਵਿੱਚ ਜਿੰਨਾ ਮਰਜ਼ੀ ਛੋਟਾ ਹੋਵੇ। ਮੈਂ ਆਪਣੀਆਂ ਜੁੱਤੀਆਂ ਕਾਲੀਨ ਦੇ ਕਿਨਾਰੇ ਕੋਲ ਉਤਾਰੀਆਂ। ਭਾਵੇਂ ਅੰਗ੍ਰੇਜ਼ੀ ਰੀਤ ਮੁਤਾਬਿਕ ਤੋਹਫ਼ਾ ਮੁਨਸ਼ੀ ਦੇ ਹਥੋਂ ਹੀ ਦਵਾਇਆ ਜਾਂਦਾ ਹੈ ਪਰ ਇਹ ਸੋਚ ਕੇ ਕਿ ਜੇਕਰ ਮੈਂ ਆਪ ਭੇਟਾ ਕਰਾਂ ਤਾਂ ਮਹਾਰਾਜਾ ਖ਼ੁਸ਼ ਹੋ ਜਾਣਗੇ, ਮੈਨੂੰ ਇੰਜ ਕਰਨ ਵਿੱਚ ਕੋਈ ਛੋਟਾਪਨ ਨਹੀਂ ਲੱਗਿਆ।



Academy of the Punjab in North America - APNA: http://www.apnaorg.com

ਉਨ੍ਹਾਂ ਮੈਨੂੰ ਪੁਛਿਆ ਕਿ ਕੀ ਮੈਂ ਕਦੇ ਫ਼ੌਜ ਵਿੱਚ ਕੰਮ ਕੀਤਾ ਹੈ। ਮੈਂ ਇਸ ਦਾ ਜਵਾਬ ਹਾਂ ਵਿੱਚ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਸਾਡੀ ਆਸਟ੍ਰੀਅਨ ਫ਼ੌਜ ਬਾਰੇ ਅਤੇ ਫ਼ਰਾਂਸ ਨਾਲ ਸਾਡੀ ਜੰਗ ਬਾਰੇ ਪੁੱਛਿਆ। ਮਿ. ਮੈਕਸਨ ਸਾਡਾ ਮੁਖ ਤਰਜਮਾਕਾਰ ਸੀ। ਮੋਹਨ ਨੂੰ ਮੇਰੇ ਪਿੱਛੇ ਖੜ੍ਹੇ ਵੇਖ ਉਨ੍ਹਾਂ ਉਸ ਬਾਰੇ ਪੁੱਛਿਆ। ਮੇਰੇ ਇਹ ਦੱਸਣ ਤੇ ਕਿ ਇਹ ਮੇਰਾ ਤਰਜਮਾਕਾਰ ਹੈ, ਕਿਉਂਕਿ ਮੇਰਾ ਪਹਿਲਾ ਬ੍ਰਾਹਮਣ ਉਲਥਾਕਾਰ ਬੀਮਾਰ ਪੈ ਗਿਆ ਸੀ, ਉਨ੍ਹਾਂ ਮੋਹਨ ਨੂੰ ਮੇਰੇ ਪੈਰਾਂ ਕੋਲ ਬਹਿਣ ਲਈ ਆਖਿਆ ਅਤੇ ਉਸ ਬਾਰੇ ਹੋਰ ਪੁਛਗਿਛ ਕੀਤੀ। ਮੋਹਨ ਨੇ ਦੱਸਿਆ ਕਿ "ਮੈਂ ਇਕ ਗੁਰਖਾ ਹਾਂ ਅਤੇ ਇਕ ਸੂਬੇਦਾਰ ਦਾ ਮੁੰਡਾ ਹਾਂ।" ਫ਼ਿਰ ਉਨ੍ਹਾਂ ਮੈਨੂੰ ਮੁਖ਼ਾਤਿਬ ਹੋ ਕੇ ਪੁੱਛਿਆ ਕਿ ਕੀ ਮੋਹਨ ਮੇਰੀ ਹਰ ਗੱਲ ਦਾ ਸਹੀ ਤਰਜਮਾ ਕਰ ਲੈਂਦਾ ਹੈ। ਮੇਰੇ ਹਾਂ ਕਹਿਣ ਤੇ ਉਨ੍ਹਾਂ ਆਖਿਆ ਕਿ ਉਹ ਉਸ ਨੂੰ ਪਰਖਣਗੇ। ਉਸੇ ਵੇਲੇ ਉਨ੍ਹਾਂ ਉਸ ਨੌਜਵਾਨ ਨੂੰ ਮੈਨੂੰ ਇਹ ਪੁੱਛਣ ਲਈ ਕਿਹਾ ਕਿ ਮਹਾਰਾਜਾ ਦੀ ਫ਼ੌਜ ਬਾਰੇ ਮੇਰਾ ਕੀ ਵਿਚਾਰ ਹੈ ਅਤੇ ਇਹ ਕਿਸੇ ਵੀ ਯੂਰਪੀ ਹਮਲੇ ਨੂੰ ਟੱਕਰ ਦੇਣ ਦੇ ਕਾਬਲ ਹੈ ਕਿ ਨਹੀਂ।

ਮੈਂ ਕਿਹਾ ਕਿ ਸਿੱਖ ਆਪਣੀ ਬਹਾਦੁਰੀ ਕਾਰਨ ਜਾਣੇ ਜਾਂਦੇ ਹਨ। ਅਤੇ ਹੁਣ ਨਵੇਂ ਲਾਗੂ ਕੀਤੇ ਫ਼ੌਜੀ ਕਵਾਇਦ ਦੇ ਨਤੀਜੇ ਵਜੋਂ ਇਹ ਐਸੀ ਕਿਸੇ ਵੀ ਟੱਕਰ ਲਈ ਬਰਾਬਰ ਤਿਆਰ ਹੈ।

"ਬਿਲਕੁਲ ਬਰਾਬਰ?" ਉਨ੍ਹਾਂ ਪੁਛਿਆ

"ਬੇਸ਼ਕ," ਮੈਂ ਕਿਹਾ

"ਤੁਸਾਂ ਸਾਰੀ ਦੁਨੀਆ ਵੇਖੀ ਹੈ। ਕਿਹੜਾ ਮੁਲਕ ਤੁਹਾਨੂੰ ਸੱਭ ਤੋਂ ਵਧੀਆ ਲੱਗਾ ਹੈ?"

"ਮੇਰਾ ਆਪਣਾ ਮਾਦਰੇ-ਵਤਨ।"

"ਤੁਸੀਂ ਕਸ਼ਮੀਰ ਵੇਖਿਆ ਹੈ, ਇਸ ਦੇ ਬਾਰੇ ਤੁਹਾਡਾ ਕੀ ਵਿਚਾਰ ਹੈ?"

"ਇਹੀ ਕਿ ਬੀਮਾਰੀ ਅਤੇ ਕਾਲ ਨੇ ਇਸ ਦੀ ਆਬਾਦੀ ਨੂੰ ਇੰਨਾ ਘਟਾ ਦਿੱਤਾ ਹੈ ਕਿ ਇਸ ਨੂੰ ਆਪਣੀ ਆਮਦਨ ਦਾ ਕੋਈ ਵਸੀਲਾ ਲਭਣਾ ਪਵੇਗਾ।"

"ਮੈਂ ਮੋਹਨ ਸਿੰਘ ਨੂੰ ਗਰੀਬਾਂ ਨੂੰ ਧੰਨ ਦੇਣ ਨੂੰ ਆਖਿਆ ਹੈ। ਕੀ ਤੁਹਾਨੂੰ ਲਗਦਾ ਹੈ ਕਿ ਉਹ ਮੈਨੂੰ ਲੁੱਟ ਰਿਹਾ ਹੈ?"

"ਨਹੀਂ, ਮੈਨੂੰ ਇੰਜ ਨਹੀਂ ਲਗਦਾ।"

"ਤੁਹਾਨੂੰ ਨਹੀਂ ਲਗਦਾ ਕਿ ਉਸ ਨੂੰ ਅਕਲ ਨਹੀਂ ਹੈ, ਅਤੇ ਮੈਨੂੰ ਉਸ ਨੂੰ ਸਰਕਾਰ 'ਚੋਂ ਹਟਾ ਦੇਣਾ ਚਾਹੀਦਾ ਹੈ"

"ਮੈਨੂੰ ਲਗਦਾ ਹੈ ਕਿ ਗਵਰਨਰ ਇਕ ਕਾਬਲ ਸ਼ਖ਼ਸ ਹੈ। ਤੁਹਾਨੂੰ ਇਸ ਤੋਂ ਵਧੀਆ ਹੋਰ ਕੋਈ ਨਹੀਂ ਮਿਲ ਸਕਦਾ। ਰਿਆਸਤ ਨੂੰ ਇਕ ਹੰਭਲਾ ਮਾਰਨ ਦੀ ਲੋੜ ਹੈ ਤਾਂ ਜੋ ਇਹ ਮੁੜ ਆਪਣੇ ਪੈਰਾਂ ਤੇ ਖੜ੍ਹੀ ਹੋ ਸਕੇ।"

ਜਿਸ ਵਕਤ ਸਵਾਲ-ਜਵਾਬ ਦਾ ਇਹ ਸਿਲਸਿਲਾ ਚੱਲ ਰਿਹਾ ਸੀ ਅਤੇ ਮਿ. ਮੈਕਸਨ ਇਸ ਦਾ ਫ਼ਾਰਸੀ ਵਿੱਚ ਅਤੇ ਖ਼ਲੀਫ਼ਾ ਸਾਹਿਬ ਪੰਜਾਬੀ ਵਿੱਚ ਤਰਜਮਾ ਕਰ ਰਹੇ ਸਨ, ਮੈਂ ਮੌਕਾ ਵੇਖ ਕੇ ਫ਼ੌਜ ਦੀ ਟੁਕੜੀ ਦਾ ਮੁਆਇਨਾ ਕਰਨ ਚਲਾ ਗਿਆ। ਮਹਾਰਾਜਾ ਦੇ ਕੋਲ ਕੁਰਸੀ ਤੇ ਉਨ੍ਹਾਂ ਦੇ ਖ਼ਾਸ ਲਿਹਾਜ਼ੀ ਵਜ਼ੀਰੇ-ਆਜ਼ਮ ਧਿਆਨ ਸਿੰਘ ਦਾ ਸੋਲ੍ਹਾਂ ਸਾਲਾਂ ਦਾ ਮੁੰਡਾ ਹੀਰਾ ਸਿੰਘ ਬੈਠਾ ਸੀ, ਰਾਜ ਦੇ ਬਾਕੀ ਸਾਰੇ ਵੱਡੇ ਅਫ਼ਸਰ ਭੁੰਜੇ ਬੈਠੇ ਸਨ। ਹਰ ਕਿਸੇ ਦੀ ਨਜ਼ਰ ਮੇਰੇ ਤੇ ਟਿਕੀ ਸੀ ਅਤੇ ਹਰ



Academy of the Punjab in North America - APNA: http://www.apnaorg.com

ਕੋਈ ਮੇਰੇ ਵੱਲੋਂ ਦਿੱਤੇ ਗਏ ਜਵਾਬਾਂ ਦੇ ਮਹਾਰਾਜਾ ਲਈ ਕੀਤੇ ਗਏ ਤਰਜਮੇ ਤੋਂ ਪਹਿਲਾਂ ਉਨ੍ਹਾਂ ਦਾ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਦਰਬਾਰ ਦਾ ਸ਼ਾਹੀ ਰੰਗ ਪੀਲਾ ਜਾਂ ਹਰਾ ਸੀ। ਸਾਰੇ ਮੁੱਖੀਆਂ ਅਤੇ ਅਫ਼ਸਰਾਂ ਨੇ ਕਸ਼ਮੀਰੀ ਉੱਨ ਦੀਆਂ ਪੀਲੀਆਂ ਪੁਸ਼ਾਕਾਂ ਪਾਈਆਂ ਹੋਈਆਂ ਸਨ, ਸਿਵਾਏ ਹੀਰਾ ਸਿੰਘ ਦੇ, ਜਿਸ ਨੇ ਹਲਕੇ ਹਰੇ ਅਤੇ ਗੁਲਾਬੀ ਰੰਗ ਦੀ ਸਾਟਨ ਦੀ ਪੁਸ਼ਾਕ ਪਾਈ ਹੋਈ ਸੀ। ਉੱਥੇ ਕੁਝ ਹੋਰ ਲੋਕ ਵੀ ਹਾਜ਼ਰ ਸਨ ਜਿਨ੍ਹਾਂ ਵਿੱਚ ਧਿਆਨ ਸਿੰਘ ਅਤੇ ਗੁਲਾਬ ਸਿੰਘ ਦਾ ਭਰਾ ਅਤੇ ਜੰਮੂ ਦਾ ਮੀਆਂ ਸੁਚੇਤ ਸਿੰਘ ਅਤੇ ਜਮਾਦਾਰ ਖੁਸ਼ਹਾਲ ਸਿੰਘ ਜੋ ਇਕ ਬ੍ਰਾਹਮਣ ਸੀ, ਪਰ ਜਿਸ ਨੇ ਕੁਝ ਦੇਰ ਤੋਂ ਸਿੱਖੀ ਧਾਰਨ ਕਰ ਲਈ ਸੀ। ਇਹ ਸ਼ਖ਼ਸ ਪਹਿਲਾਂ ਮਹਾਰਾਜਾ ਦਾ ਬਾਵਰਚੀ ਸੀ, ਜਿਸ ਨੂੰ ਬਾਅਦ ਵਿੱਚ ਰਾਜ ਮਹਿਲ ਦੇ ਰਾਜਸੀ ਖ਼ਾਨਸਾਮਾ ਦੇ ਅਹੁਦੇ ਦੇ ਬਰਾਬਰ ਜਮਾਦਾਰ ਬਣਾ ਦਿੱਤਾ ਗਿਆ ਸੀ। ਉਸ ਨੇ ਖ਼ਨਾਸਾਮਾ ਦੀ ਬਜਾਏ ਜਮਾਦਾਰ ਦਾ ਅਹੁਦਾ ਧਾਰਨ ਕੀਤਾ ਹੋਇਆ ਹੈ, ਭਾਵੇਂ ਇਸ ਵਕਤ ਉਹ ਰਣਜੀਤ ਸਿੰਘ ਦੀ ਰਿਆਇਆ ਵਿੱਚ ਧਿਆਨ ਸਿੰਘ ਤੋਂ ਬਾਅਦ ਸੱਭ ਤੋਂ ਵੱਧ ਰਸੂਖ ਵਾਲਾ ਸ਼ਖ਼ਸ ਹੈ। ਮਹਾਰਾਜਾ ਦਾ ਸੱਭ ਤੋਂ ਵਡਾ ਪੁੱਤਰ ਖੜਕ ਸਿੰਘ ਲਾਹੌਰ ਵਿੱਚ ਰਹਿੰਦਾ ਹੈ, ਪਰ ਉਸ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਕਿਉਂਕਿ ਮੰਦਬੁੱਧੀ ਹੋਣ ਕਾਰਨ ਸਿੱਖਾਂ ਦੀ ਇਸ ਵਿਸ਼ਾਲ ਰਿਆਸਤ ਉੱਤੇ ਉਸ ਦੇ ਰਾਜ ਕਰਨ ਦੀ ਕੋਈ ਉਮੀਦ ਨਹੀਂ ਹੈ।



ਵਜ਼ੀਰੇ-ਆਜ਼ਮ ਧਿਆਨ ਸਿੰਘ

ਉਸ ਦੇ ਪੁੱਤਰ ਨੌਨਿਹਾਲ ਸਿੰਘ ਵਿੱਚ ਬਹੁਤ ਚੁਸਤ-ਚਲਾਕ ਹੋਣ ਦੇ ਆਸਾਰ ਨਜ਼ਰ ਆਉਂਦੇ ਹਨ, ਪਰ ਉਸ ਦੀ ਉਮਰ ਸਿਰਫ਼ ਪੰਦਰ੍ਹਾਂ ਸਾਲ ਹੈ। ਇਹ ਗੱਲ ਮਹਾਰਾਜਾ ਦੀ ਸਿਹਤ ਉੱਤੇ ਮੁਨੱਸਰ ਹੈ ਕਿ ਕੀ ਉਹ ਆਪਣੇ ਪੋਤਰੇ ਦੇ ਹੱਕ ਵਿੱਚ ਇਕ ਐਸੇ ਗੁਟ ਦੀ ਚੱਕਬੰਦੀ ਕਰ ਸਕਦੇ ਹਨ, ਜੋ ਉਸ ਦੇ ਪਿਤਾ ਦੇ ਹੱਕ ਮਾਰੇ ਜਾਣ ਦੀ ਸੂਰਤ ਵਿੱਚ ਉਸ ਨੂੰ ਆਪਣੇ ਦਾਦੇ ਦਾ ਵਾਰਿਸ ਬਣਾ ਸਕੇ।



ਕੰਵਲ ਨੌਨਿਹਾਲ ਸਿੰਘ

ਸ਼ੇਰ ਸਿੰਘ ਅਤੇ ਤਾਰਾ ਸਿੰਘ ਜੁੜਵਾਂ ਭਰਾ ਸਨ, ਜਿਨ੍ਹਾਂ ਨੂੰ ਰਣਜੀਤ ਸਿੰਘ ਨੇ ਕਦੇ ਵੀ ਆਪਣੀ ਔਲਾਦ ਨਹੀਂ ਸੀ ਮੰਨਿਆ। ਸ਼ੇਰ ਸਿੰਘ ਨੇ ਆਪਣੀ ਪਛਾਣ ਇਕ ਫ਼ੌਜੀ ਦੇ ਰੂਪ ਵਿੱਚ ਬਣਾਈ ਹੈ, ਪਰ ਕਸ਼ਮੀਰ ਦੇ ਗਵਰਨਰ ਦੇ ਅਹੁਦੇ ਲਈ ਉਸਨੂੰ ਅਯੋਗ ਸਮਝਿਆ ਗਿਆ। ਇਸ ਵਕਤ ਉਹ ਗਵਰਨਰ ਖ਼ਿਤਾਬ ਲੈ ਕੇ ਪਿਸ਼ਾਵਰ ਵਿੱਚ ਸੀ, ਪਰ ਉਥੋਂ ਦਾ ਸਾਰਾ ਕੰਮ-ਕਾਜ ਐਵੀਟੇਬਲ ਦੇ ਹੱਥ ਵਿੱਚ ਸੀ। ਤਾਰਾ ਸਿੰਘ ਦੀ ਕੋਈ ਵੁੱਕਤ ਨਹੀਂ ਹੈ। ਕਸ਼ਮੀਰ ਸਿੰਘ ਅਤੇ ਪਿਸ਼ੌਰ ਸਿੰਘ ਵੀ ਰਣਜੀਤ ਸਿੰਘ ਦੇ ਪੁੱਤਰ ਅਖਾਉਂਦੇ ਸਨ ਪਰ ਮੈਨੂੰ ਉਨ੍ਹਾਂ ਬਾਰੇ ਕੋਈ ਜਾਣਕਾਰੀ ਨਹੀਂ। ਰਣਜੀਤ ਸਿੰਘ ਵੱਲੋਂ ਸਥਾਪਤ ਕੀਤੇ ਇਸ ਵਿਸ਼ਾਲ ਰਾਜ ਦੇ ਕਾਰਜ-ਕਾਲ ਵਿੱਚ ਸਭ ਤੋਂ ਵੱਡੀ ਦਿਕੱਤ ਆਪਣੀ ਰਿਅਇਆ ਦੇ ਹੱਥਾਂ ਵਿੱਚ ਤਾਕਤ ਦੇ ਦੇਣ ਦੀ ਨਾਸਮਝੀ ਹੈ। ਜਿਵੇਂ ਕਿ ਜੰਮੂ ਵਿੱਚ ਗੁਲਾਬ ਸਿੰਘ ਅਤੇ ਉਸ ਦੇ ਭਰਾਵਾਂ ਧਿਆਨ ਸਿੰਘ ਅਤੇ ਸੁਚੇਤ ਸਿੰਘ ਕੋਲ ਬਹੁਤ ਵੱਡਾ ਜ਼ਿਲਾ ਹੈ ਜੋ ਦੱਖਣ-ਪੂਰਬ ਵਿੱਚ ਅਟੱਕ ਤੋਂ ਨੂਰਪੁਰ ਤਕ ਦੇ ਦੁਰਗਮ ਪਹਾੜਾਂ ਤਕ, ਅਤੇ ਉੱਥੋਂ ਉੱਤਰ ਵਿੱਚ ਲੱਦਾਖ਼ ਤਕ ਫ਼ੈਲਿਆ ਹੋਇਆ



Academy of the Punjab in North America - APNA: http://www.apnaorg.com

ਹੈ। ਇਸ ਤੋਂ ਇਲਾਵਾ ਪੰਜਾਬ ਦਾ ਵੀ ਕਾਫ਼ੀ ਇਲਾਕਾ ਉਨ੍ਹਾਂ ਕੋਲ ਹੈ।

ਇਹ ਭਰਾ ਧੰਨ, ਫ਼ੌਜ, ਅਸਲੇ ਅਤੇ ਕਿਲਿਆਂ ਦੇ ਮਾਮਲੇ ਵਿੱਚ ਇੰਨ੍ਹੇ ਤਾਕਤਵਰ ਹਨ, ਕਿ ਉਨ੍ਹਾਂ ਨੂੰ ਕਾਬੂ ਕਰਨਾ ਰਣਜੀਤ ਸਿੰਘ ਦੇ ਕਮਜ਼ੋਰ ਵਾਰਸਾਂ ਦੀਆਂ ਫ਼ੌਜਾਂ ਲਈ ਆਸਾਨ ਨਹੀਂ ਹੋਵੇਗਾ। ਬਹੁਤ ਸਾਰੇ ਹੋਰ ਵੀ ਇਹੋ ਜਿਹੀ ਸਥਿਤੀ ਵਿੱਚ ਸਨ। ਇਸ ਸ਼ਹਿਜ਼ਾਦੇ ਦੇ ਰਾਜ ਨੂੰ ਸਿਰਫ਼ ਇਕ ਗੱਲ ਮਜ਼ਬੂਤ ਕਰ ਸਕਦੀ ਹੈ, ਅਤੇ ਉਹ ਹੈ ਕੰਪਨੀ ਦੇ ਨਾਲ ਸਮਝੌਤਾ। ਪਰ ਇਹ ਹੁਣ ਤਕ ਉਸ ਦੇ ਆਪਣੇ ਗੁਮਾਨ ਅਤੇ ਕੰਪਨੀ ਦੀਆਂ ਪਾਲਸੀਆਂ ਕਾਰਨ ਮੁਮਕਿਨ ਨਹੀਂ ਹੋ ਸਕਿਆ ਹੈ। ਮਹਾਰਾਜਾ ਕੋਲ ਕੋਈ ਰਾਜ ਗੱਦੀ ਨਹੀਂ ਹੈ ਅਤੇ ਉਨ੍ਹਾਂ ਦਾ ਆਪਣਾ ਮੰਨਣਾ ਹੈ ਕਿ "ਮੈਂ ਜੋ ਵੀ ਮਰਤਬਾ ਹਾਸਲ ਕਰਨਾ ਚਾਹੁੰਦਾ ਹਾਂ, ਆਪਣੀ ਸ਼ਮਸ਼ੀਰ ਦੇ ਦਮ ਤੇ ਹਾਸਲ ਕਰ ਲੈਂਦਾ ਹਾਂ। ਬਾਹਰਲੀ ਸ਼ਾਨੋ-ਸ਼ੌਕਤ ਵਿੱਚ ਮੈਂ ਯਕੀਨ ਨਹੀਂ ਕਰਦਾ।"



ਮਹਾਰਾਜਾ ਸ਼ੇਰ ਸਿੰਘ

ਇਸ ਵਕਤ ਰਣਜੀਤ ਸਿੰਘ ਦੀ ਉਮਰ 65 ਸਾਲ ਹੈ। ਉਸ ਦੀ ਅਣਕੁਤਰੀ ਦਾੜ੍ਹੀ ਹਲਕੀ ਅਤੇ ਚਿੱਟੀ ਹੈ ਅਤੇ ਸਿੱਖੀ ਰਵਾਇਤ ਮੁਤਾਬਿਕ ਠੋਡੀ ਤੋਂ ਹੇਠਾਂ ਤਕ ਜਾਂਦੀ ਹੈ। ਉਸਦਾ ਚੌੜਾ ਸਿਰ ਉਸ ਦੇ ਸਰੀਰ ਮੁਤਾਬਕ ਵੱਡਾ ਹੈ। ਉਸ ਦਾ ਸਰੀਰ ਜੋ ਕਿ ਕੁਦਰਤੀ ਤੌਰ ਤੇ ਛੋਟਾ ਹੈ, ਇਸ ਵਕਤ ਬੀਮਾਰੀ ਕਾਰਨ ਝੁਕਿਆ ਹੋਇਆ ਹੈ। ਉਸ ਦਾ ਮੱਥਾ ਅਤੇ ਮੋਢੇ ਕਾਫ਼ੀ ਚੌੜੇ ਹਨ, ਪਰ ਹੱਥ-ਪੈਰ ਬਹੁਤ ਸੁੰਘੜੇ ਹੋਏ ਹਨ। ਕੁਲ ਮਿਲਾ ਕੇ ਇਹੋ ਜਿਹਾ ਬਦਸ਼ਕਲ ਸ਼ਖ਼ਸ ਮੈਂ ਕਦੇ ਨਹੀਂ ਵੇਖਿਆ। ਉਸ ਦੀ ਵਡੀ ਭੂਰੀ, ਫ਼ੁਰਤੀਲੀ ਅਤੇ ਸ਼ੱਕੀ ਅੱਖ ਗੱਲ ਕਰਨ ਵਾਲੇ ਸ਼ਖ਼ਸ ਦੀ ਸੋਚ ਵਿੱਚ ਡੂੰਘੀ ਖੁੱਭ ਜਾਂਦੀ ਲਗਦੀ ਹੈ ਅਤੇ ਉਸ ਦੇ ਟਿਕਵੇਂ ਨਪੇ-ਤੁਲੇ ਸਵਾਲ ਵਾਛੜ ਵਾਂਗੂੰ ਪੇਸ਼ ਆਉਂਦੇ ਹਨ। ਲਕਵੇ ਦਾ ਉਸ ਦੀ ਜ਼ਬਾਨ ਤੇ ਇੰਨਾ ਅਸਰ ਹੋਇਆ ਹੈ ਕਿ ਉਸ ਦੇ ਸਵਾਲਾਂ ਨੂੰ ਸਮਝਣਾ ਇੰਨਾ ਸੌਖਾ ਨਹੀਂ ਹੈ ਅਤੇ ਜੇਕਰ ਜਵਾਬ ਦੇਣ ਲਗਿਆਂ ਰਤਾ ਕੁ ਦੇਰ ਹੋ ਜਾਏ ਤਾਂ ਉਨ੍ਹਾਂ ਦੇ ਦਰਬਾਰੀਆਂ ਵਿੱਚੋਂ ਕੋਈ, ਖ਼ਾਸ ਕਰਕੇ ਜਮਾਦਾਰ, ਸਵਾਲ ਨੂੰ ਦੁਹਰਾਉਂਦਾ ਹੈ।

ਇਕ ਘੰਟੇ ਭਰ ਦੇ ਮੇਰੇ ਇਸ ਇਮਤਿਹਾਨ ਤੋਂ ਬਾਅਦ, ਜਿਸ ਦੌਰਾਨ ਮੈਨੂੰ ਪਲਟ ਕੇ ਇਕ ਵੀ ਸਵਾਲ ਕਰਨ ਦਾ ਮੌਕਾ ਨਹੀਂ ਸੀ ਦਿੱਤਾ ਗਿਆ, ਉਹ ਵਿਗਨੇ ਵੱਲ ਮੁੜੇ ਅਤੇ ਪੁਛਿਆ,

"ਤੁਸੀਂ ਕੀ ਕਰ ਸਕਦੇ ਹੋ?"

ਜਿਸ ਦੇ ਜਵਾਬ ਵਿੱਚ ਵਿਗਨੇ ਨੇ ਆਪਣੇ ਸਾਦਗੀ ਭਰੇ ਅੰਦਾਜ਼ ਵਿੱਚ ਕਿਹਾ, "ਮੈਂ ਤਸਵੀਰਾਂ ਵਾਹ ਸਕਦਾ ਹਾਂ।"

ਮਹਾਰਾਜਾ ਨੂੰ ਸਮਝ ਨਹੀਂ ਆਈ ਕਿ ਉਹ ਕਲਾ ਜਿਸ ਦੀ ਉਨ੍ਹਾਂ ਦੀ ਨਜ਼ਰ ਵਿੱਚ ਕੋਈ ਬਹੁਤੀ ਅਹਿਮੀਅਤ ਨਹੀਂ ਸੀ, ਉਸ ਲਈ ਕੋਈ ਅੰਗ੍ਰੇਜ਼ ਸਾਹਿਬ ਇੰਨਾ ਵਕਤ ਕਿਵੇਂ ਦੇ ਸਕਦਾ ਹੈ।

ਹੁਣ ਮੈਂ ਮੌਕਾ ਵੇਖ ਕੇ ਉਨ੍ਹਾਂ ਨੂੰ ਆਪਣੀ ਰਿਆਸਤ ਵਿੱਚ ਮੈਨੂੰ ਸੁਰੱਖਿਆ ਮੁਹਈਆ ਕਰਵਾਉਣ ਲਈ ਸ਼ੁਕਰੀਆ ਅਦਾ ਕੀਤਾ, ਜਿਸ ਨਾਲ ਉਨਾਂ ਦੇ ਇਸ ਵੱਡੇ ਸਾਮਰਾਜ ਵਿੱਚ ਸਫ਼ਰ ਕਰਨਾ ਉਨ੍ਹਾਂ ਹੀ ਸੁਰਖਿਅਤ ਸੀ ਜਿੰਨਾ ਕਿ ਈਸਟ ਇੰਡੀਆ ਕੰਪਨੀ ਦੇ ਇਲਾਕੇ ਵਿੱਚ।



Academy of the Punjab in North America - APNA: http://www.apnaorg.com

"ਦੋ ਮੁਲਕਾਂ ਦੀ ਮਜ਼ਬੂਤ ਦੋਸਤੀ ਹਿੰਦੁਸਤਾਨ ਅਤੇ ਪੰਜਾਬ ਦੋਹਾਂ ਵਿੱਚ ਬੜੀ ਤੱਸਲੀ ਦਾ ਸਬੱਬ ਹੈ" ਮੈਂ ਕਿਹਾ।

ਇਸ ਗੱਲ ਨਾਲ ਉਹ ਵੀ ਸਹਿਮਤ ਸਨ ਅਤੇ ਉਨ੍ਹਾਂ ਦੇ ਪਹਿਲੇ ਖ਼ੱਤ ਦੇ ਜਵਾਬ ਵਿੱਚ ਮੈਂ ਇਸ ਦੋਸਤੀ ਬਾਰੇ ਪੂਰਬੀ ਅਲਫ਼ਾਜ਼ ਦੇ ਫੁੱਲ ਖਿਲਾਰੇ ਸਨ, ਜਿਸ ਦੇ ਜਵਾਬ ਵਿੱਚ ਮੈਨੂੰ ਜਲਦੀ ਹੀ ਆਸ ਤੋਂ ਵੱਧ ਤਾਰੀਫ਼ ਭਰਿਆ ਖ਼ੱਤ ਮਿਲਿਆ ਸੀ।

ਹੁਣ ਉਨ੍ਹਾਂ ਮੈਨੂੰ ਪੁਛਿਆ, "ਤੁਹਾਡੇ ਖ਼ੱਤ ਕੌਣ ਲਿਖਦਾ ਹੈ?"

ਮੈਂ ਠਾਕੁਰ ਦਾਸ ਦਾ ਨਾਂ ਲਿਆ ਤਾਂ ਉਨ੍ਹਾਂ ਉਸ ਦੀ ਰੱਜ ਕੇ ਤਾਰੀਫ਼ ਕੀਤੀ ਅਤੇ ਫ਼ਿਰ ਕਿਹਾ,

"ਮੈਨੂੰ ਉਮੀਦ ਹੈ ਕਿ ਲਾਹੌਰ ਤੁਹਾਨੂੰ ਖ਼ੁਸ਼ੀ ਦੇਵੇਗਾ। ਇੱਥੇ ਸੱਭ ਕੁਝ ਤੁਹਾਡਾ ਹੈ, ਤੁਹਾਡੇ ਹੁਕਮ ਕਰਨ ਦੀ ਦੇਰ ਹੈ"

ਸਿਪਾਹੀਆਂ ਦੀ ਇਕ ਟੁਕੜੀ ਦਰਬਾਰ ਵਿੱਚ ਤੈਨਾਤ ਸੀ। ਉਨ੍ਹਾਂ ਮੈਨੂੰ ਪੁੱਛਿਆ ਕਿ ਕੀ ਮੈਂ ਉਨ੍ਹਾਂ ਦੇ ਕਰਤਬ ਦੇਖਣਾ ਚਾਹਾਂਗਾ। ਮੈਂ ਝੁੱਕ ਕੇ ਇਸ ਦੀ ਹਾਮੀ ਭਰੀ। ਫ਼ਿਰ ਉਹ ਮੇਰਾ ਸੱਜਾ ਅਤੇ ਮੋਹਨ ਦਾ ਖੱਬਾ ਹੱਥ ਫ਼ੜ੍ਹ ਕੇ ਉੱਠੇ ਅਤੇ ਦਰਵਾਜ਼ੇ ਤਕ ਲੈ ਗਏ, ਜਿਸ ਦੇ ਸਾਮ੍ਹਣੇ ਤੋਂ ਸਿਪਾਹੀ ਪਰੇਡ ਕਰਦਿਆਂ ਲੰਘੇ। ਕਮਾਂਡ ਫ਼ਰਾਂਸੀਸੀ ਵਿੱਚ ਦਿੱਤੀ ਗਈ ਅਤੇ ਪੂਰਾ ਅਭਿਆਸ ਬੜੀ ਸਹਿਜਤਾ ਨਾਲ ਪੂਰਾ ਕੀਤਾ ਗਿਆ। ਉਨ੍ਹਾਂ ਮੈਨੂੰ ਕਿਸੇ ਵੀ ਤਰ੍ਹਾਂ ਦੀ ਕਮੀ-ਪੇਸ਼ੀ ਨੂੰ ਨਜ਼ਰਅੰਦਾਜ਼ ਕਰਨ ਲਈ ਆਖਿਆ। ਉਨ੍ਹਾਂ ਦੀ ਫ਼ੌਜ ਨੂੰ ਯੂਰਪੀ ਜੰਗੀ ਚਾਲਾਂ ਵਿੱਚ ਐਨਾ ਮਾਹਿਰ ਵੇਖ ਕੇ ਮੈਨੂੰ ਹੈਰਾਨੀ ਹੋਈ।

"ਕੀ ਤੁਹਾਡੇ ਬਾਦਸ਼ਾਹ ਦੀਆਂ ਫ਼ੌਜਾਂ ਵੀ ਇੰਜ ਅਭਿਆਸ ਕਰਦੀਆਂ ਹਨ?" ਉਨ੍ਹਾਂ ਪੁੱਛਿਆ

ਮੈਂ ਜਵਾਬ ਦਿੱਤਾ ਕਿ ਯੂਰਪ ਦੇ ਸੱਭ ਦੇਸ਼ਾਂ ਦੇ ਫ਼ੌਜੀ ਕਵਾਇਤ ਵਿੱਚ ਬਹੁਤ ਸਮਾਨਤਾ ਹੈ, ਹਾਲਾਂਕਿ ਆਸਟ੍ਰੀਆ ਦੇ ਫ਼ੌਜ ਵਿੱਚ ਕੁਝ ਗੱਲਾਂ ਵਖਰੀਆਂ ਹਨ, ਜਿਵੇਂ ਕਿ ਅਸੀਂ ਉਹ ਅਭਿਆਸ ਤਿੰਨ ਪੈਂਤਰਿਆਂ ਵਿੱਚ ਕਰਦੇ ਹਾਂ ਜੋ ਫ਼ਰਾਂਸੀਸੀ ਦੇ ਵਿੱਚ"

"ਤੁਹਾਡੀ ਤਨਖਾਹ ਕਿੰਨੀ ਹੈ?"

ਮੈਂ ਜਵਾਬ ਵਿੱਚ ਕਿਹਾ ਕਿ ਮੈਂ ਕੋਈ ਤਨਖਾਹ ਨਹੀਂ ਲੈਂਦਾ। ਮੈਂ ਦੱਸ ਸਾਲ ਪਹਿਲਾਂ ਨੌਕਰੀ ਛੱਡ ਦਿੱਤੀ ਸੀ ਕਿਉਂਕਿ ਅਮਨ ਕਰਕੇ ਇਸ ਵਿੱਚ ਕੋਈ ਖਿੱਚ ਨਹੀਂ ਸੀ ਰਹਿ ਗਈ ਅਤੇ ਸਿਰਫ਼ ਨੌਕਰੀ ਕਰਨ ਵਾਲੇ ਅਫ਼ਸਰ ਅਤੇ ਅਪਾਹਜ ਹੀ ਤਨਖਾਹ ਦੇ ਹੱਕਦਾਰ ਹੁੰਦੇ ਹਨ। ਹੁਣ ਮੈਂ ਆਪਣੀ ਕਮਾਈ ਉੱਤੇ ਹੀ ਗੁਜ਼ਾਰਾ ਕਰਦਾ ਹਾਂ।

"ਇਕ ਆਸਟ੍ਰੀਅਨ ਕਰਨਲ ਦੀ ਕਿੰਨੀ ਤਨਖ਼ਾਹ ਹੈ?"

ਮੈਂ ਕਿਹਾ ਕਿ ਇਹ ਇਕ ਅੰਗ੍ਰੇਜ਼ ਕਰਨਲ ਨਾਲੋਂ ਘੱਟ ਹੁੰਦੀ ਹੈ। ਪਰ ਕਿਉਂਕਿ ਉਨ੍ਹਾਂ ਨੂੰ ਆਪਣੀ ਤੱਰਕੀ ਦੀ ਕੀਮਤ ਨਹੀਂ ਦੇਣੀ ਪੈਂਦੀ ਇਸ ਲਈ ਅਸਲੀਅਤ ਵਿੱਚ ਉਨ੍ਹਾਂ ਨੂੰ ਵੱਧ ਪੈਸੇ ਮਿਲਦੇ ਹਨ।

"ਕੀ ਤੁਸੀਂ ਲਾਰਡ ਵਿਲੀਅਮ ਬੈਂਟਿਕ ਨੂੰ ਮਿਲੇ ਹੋ?"

"ਨਹੀਂ, ਮੇਰੇ ਕਲਕੱਤਾ ਪਹੁੰਚਣ ਤੋਂ ਪਹਿਲਾਂ ਹੀ ਉਹ ਉੱਥੋਂ ਜਾ ਚੁੱਕੇ ਸਨ।"

'ਕੀ ਤੁਸੀਂ ਮਿਸਟਰ ਬਰਨਜ਼ ਨੂੰ ਜਾਣਦੇ ਹੋ?"

"ਸਿਰਫ਼ ਉਨ੍ਹਾਂ ਦੇ ਕੰਮਾਂ ਰਾਹੀਂ"



Academy of the Punjab in North America - APNA: http://www.apnaorg.com

"ਕੀ ਤੁਸੀਂ ਮੇਰੀ ਫ਼ੌਜ ਨੂੰ ਅਭਿਆਸ ਕਰਦਿਆਂ ਵੇਖਣਾ ਪਸੰਦ ਕਰੋਗੇ?"

ਮੈਂ ਕਿਹਾ ਕਿ ਇਹ ਬਾਦਸ਼ਾਹ ਦੀ ਜ਼ੱਰਾ-ਨਿਵਾਜ਼ੀ ਹੋਵੇਗੀ।

ਜਦੋਂ ਸਿਪਾਹੀ ਉਸ ਛੋਟੇ ਜਿਹੇ ਦਰਬਾਰ ਦੇ ਦੁਆਲੇ ਪਰੇਡ ਕਰ ਰਹੇ ਸਨ, ਉਨ੍ਹਾਂ ਨੇ ਆਸਟ੍ਰੀਆ, ਫ਼ਰਾਂਸ ਅਤੇ ਇੰਗਲੈਂਡ ਦੀ ਫ਼ੌਜੀ ਤਾਕਤ ਬਾਰੇ ਅਤੇ ਯੂਰਪ ਦੇ ਵੱਖ-ਵੱਖ ਦੇਸ਼ਾਂ ਵੱਲੋਂ ਘੱਟ ਸਮੇਂ ਲਈ ਬਣਾਈ ਗਈ ਫ਼ੌਜ ਬਾਰੇ ਆਪਣੀ ਨਾ ਖ਼ਤਮ ਹੋਣ ਵਾਲੇ ਸਵਾਲਾਂ ਦੀ ਝੜੀ ਲਗਾ ਦਿੱਤੀ। ਫਿਰ ਉਨ੍ਹਾਂ ਮੈਨੂੰ ਪੁੱਛਿਆ ਕਿ ਪੰਜਾਬ ਛੱਡਣ ਲੱਗਿਆਂ ਅਤੇ ਵਤਨ ਵਾਪਸੀ ਦੀ ਤਆਰੀ ਕਰਣ ਲੱਗਿਆਂ ਮੈਂ ਮੋਹਨ ਬਾਰੇ ਕੀ ਸੋਚਿਆ ਹੈ। ਮੈਂ ਕਿਹਾ ਫਿਲਹਾਲ ਮੈਂ ਕੋਈ ਫ਼ੈਸਲਾ ਨਹੀਂ ਲਿਆ ਹੈ, ਪਰ ਜੇਕਰ ਉਹ ਚਾਹੇ ਤਾਂ ਮੈਂ ਉਸ ਨੂੰ ਨਾਲ ਲਿਜਾ ਸਕਦਾ ਹਾਂ, ਜੋ ਮੈਨੂੰ ਯਕੀਨ ਹੈ ਕਿ ਉਹ ਜ਼ਰੂਰ ਚਾਹੁੰਦਾ ਹੈ।

ਮੈਂ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ ਕਿ ਮਹਾਰਾਜਾ ਕੀ ਸੋਚ ਰਹੇ ਸਨ ਅਤੇ ਉਸ ਵਕਤ ਉਨ੍ਹਾਂ ਕਿਹਾ, "ਜੇਕਰ ਤੁਸੀਂ ਉਸ ਨੂੰ ਇੱਥੇ ਛੱਡ ਜਾਉ ਤਾਂ ਉਸ ਦੀ ਕਿਸਮਤ ਬਣ ਜਾਏਗੀ। ਇਸ ਨੌਜਵਾਨ ਨੂੰ ਮੇਰੇ ਕੋਲ ਭੇਜ ਦੇਣਾ, ਮੈਂ ਇਸ ਦਾ ਖ਼ਿਆਲ ਰੱਖਾਂਗਾ"

ਜਦੋਂ ਅਸੀਂ ਦੁਬਾਰਾ ਬੈਠ ਗਏ ਤਾਂ ਉਨ੍ਹਾਂ ਨੂੰ ਲਗਿਆ ਕਿ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਮੈਂ ਬਹੁਤ ਥੱਕ ਗਿਆ ਹੋਵਾਂਗਾ। "ਇਹ ਨਾਮੁਮਕਿਨ ਹੈ," ਮੈਂ ਕਿਹਾ ਪਰ ਉਨ੍ਹਾਂ ਦੇ ਇਸ਼ਾਰੇ ਨੂੰ ਸਮਝਦਿਆਂ ਮੈਂ ਜਾਣ ਦੀ ਇਜਾਜ਼ਤ ਮੰਗੀ ਅਤੇ ਮਹਾਰਾਜਾ ਮੈਨੂੰ ਦਰਵਾਜ਼ੇ ਤਕ ਛੱਡਣ ਆਏ।

ਮੈਂ ਜਾਂਦੇ ਹੋਏ ਫ਼ਕੀਰ ਸਾਹਿਬ ਨਾਲ ਹੋਈ ਖ਼ੂਬਸੂਰਤ ਗੱਲਬਾਤ ਦਾ ਜ਼ਿਕਰ ਵਿੱਚੇ ਹੀ ਛੱਡ ਦਿੱਤਾ ਸੀ।

ਮੀਂਹ ਪੈਣ ਲੱਗ ਪਿਆ ਸੀ ਅਤੇ ਉਨ੍ਹਾਂ ਦਾ ਹਾਥੀ ਮੇਰੇ ਨੇੜੇ ਆ ਗਿਆ ਸੀ।

"ਅੱਜ ਮੀਂਹ ਪਵੇਗਾ" ਮੈਂ ਕਿਹਾ।

"ਜਦੋਂ ਸ਼ਹਿਜ਼ਾਦੇ ਦੋਸਤੀ ਦੇ ਗੁਲਿਸਤਾਨ ਵਿੱਚ ਮਿਲਦੇ ਹਨ ਤਾਂ ਬਹਿਸ਼ਤ ਦੇ ਮਾਸ਼ਕੀ ਫ਼ੁੱਲਾਂ ਨੂੰ ਤਰੌਂਕਾ ਦਿੰਦੇ ਹਨ ਤਾਂ ਜੋ ਉਹ ਆਪਣੀ ਭਰਪੂਰ ਖ਼ੁਸ਼ਬੋ ਖਿਲਾਰ ਸਕਣ।"

ਮੈਂ ਗੂੜ੍ਹੇ ਰੰਗ ਦੇ ਸੂਟ ਵਿੱਚ ਆਉਣ ਦੀ ਆਪਣੀ ਮਜ਼ਬੂਰੀ ਤੇ ਅਫ਼ਸੋਸ ਜ਼ਾਹਿਰ ਕੀਤਾ ਕਿਉਂਕਿ ਲੁਧਿਆਣੇ ਤੋਂ ਮੇਰੀ ਵਰਦੀ ਹਾਲੇ ਲਾਹੌਰ ਨਹੀਂ ਸੀ ਪਹੁੰਚੀ। ਉਨ੍ਹਾਂ ਮੈਨੂੰ ਇਕ ਸ਼ੇਰ ਬਾਰੇ ਲੰਮੀ ਕਹਾਣੀ ਸੁਣਾਉਣੀ ਸ਼ੁਰੂ ਕੀਤੀ ਜਿਸ ਨੇ ਸ਼ਹਿਰ ਵਿੱਚ ਆ ਕੇ ਦਹਿਸ਼ਤ ਫ਼ੈਲਾ ਦਿੱਤੀ ਸੀ ਅਤੇ ਕਿਵੇਂ ਉਸ ਰਿਆਸਤ ਦੇ ਰਾਜੇ ਨੂੰ ਸ਼ੇਰ ਦੇ ਕਾਰਨਾਮੇ ਸੁਣਨ ਬਾਅਦ ਲਗਿਆ ਕਿ ਉਸ ਦੀਆਂ ਹਰਕਤਾਂ ਬੜੀਆਂ ਉਦਾਰ ਸਨ। ਉਸ ਨੇ ਸ਼ੇਰ ਦੇ ਬਾਹਰਲੇ ਭੇਸ ਅੰਦਰ ਲੁਕੀ ਅਸਲੀ ਫ਼ਿਤਰਤ ਨੂੰ ਲੱਭ ਲਿਆ ਅਤੇ ਉਸ ਨੂੰ ਮਹਿਲ ਵਿੱਚ ਸੱਦ ਕੇ ਸ਼ੇਰ ਦੇ ਅੰਦਰ ਲੁੱਕੇ ਸ਼ਹਿਜ਼ਾਦੇ ਨੂੰ ਪਛਾਣ ਲਿਆ।

"ਕੀ?" ਮੈਂ ਕਿਹਾ, "ਤੁਸੀਂ ਮੇਰੀ ਤੁਲਨਾ ਸ਼ੇਰ ਨਾਲ ਕਰ ਰਹੇ ਹੋ?"

"ਤੁਹਾਡਾ ਉਦਾਰ ਵਿਹਾਰ ਅਤੇ ਗੁਣ ਇਸ ਭੇਸ ਦੇ ਪਿੱਛੇ ਛਿਪ ਨਹੀਂ ਸਕਦੇ।" ਇਸ ਲੰਮੀ-ਚੌੜੀ ਕਹਾਣੀ ਦਾ ਸੰਖੇਪ ਵਿੱਚ ਇਹੋ ਮਤਲਬ ਸੀ।

ਇਸ ਮੁਲਾਕਾਤ ਤੋਂ ਵਾਪਸ ਆਉਣ ਮਗਰੋਂ ਮੈਂ ਸ਼ਹਿਰ ਵੇਖਣ ਦੀ ਇੱਛਾ ਦਰਸਾਈ, ਕਿਉਂਕਿ ਮਹਿਲ ਵੱਲ ਜਾਂਦਿਆਂ, ਜੋ ਕਿ ਉਤਰ-ਪੱਛਮ ਵਿੱਚ ਪੈਂਦਾ ਹੈ, ਅਸੀਂ ਦੱਖਣੀ ਗੇਟ ਰਾਹੀਂ ਗਏ ਸਾਂ


Academy of the Punjab in North America - APNA: http://www.apnaorg.com

ਅਤੇ ਇਕ ਬੇਰੌਣਕੀ ਗਲੀ ਤੋਂ ਇਲਾਵਾ ਕੁਝ ਵੀ ਨਜ਼ਰ ਨਹੀਂ ਸੀ ਆਇਆ। ਪੂਰੇ ਹਿੰਦੁਸਤਾਨ ਵਿੱਚ ਸ਼ਾਨਦਾਰ ਇਮਾਰਤਾਂ, ਅਤੇ ਉਨ੍ਹਾਂ ਦੇ ਆਲੇ-ਦੁਆਲੇ ਫ਼ੈਲੀਆਂ ਬਸਤੀਆਂ, ਗੰਦ ਦੇ ਢੇਰ ਅਤੇ ਹਰ ਤਰ੍ਹਾਂ ਦੀਆਂ ਖ਼ਸਤਾ-ਹਾਲ ਝੌਂਪੜੀਆਂ ਦਾ ਭਰਵਾਂ ਫ਼ਰਕ ਵੇਖਿਆ ਜਾ ਸਕਦਾ ਹੈ। ਇਸ ਫ਼ਰਕ ਵਿੱਚ ਲਾਹੌਰ ਨੂੰ ਸੱਭ ਤੋਂ ਉੱਪਰ ਹੋਣ ਦਾ ਮਾਣ ਪ੍ਰਾਪਤ ਹੈ।

ਮਹਿਲ ਦੇ ਨਜ਼ਦੀਕ ਹੀ ਗੰਦਗੀ ਦੇ ਢੇਰ ਅਤੇ ਕਾਫ਼ੀ ਡੂੰਗੇ ਟੋਏ, ਢੱਠੀਆਂ ਕੰਧਾਂ ਅਤੇ ਬੇਢੱਬੇ ਪੱਥਰਾਂ ਦੇ ਢੇਰ ਹਨ, ਜਿਨ੍ਹਾਂ ਉੱਤੇ ਹਾਥੀਆਂ ਤੇ ਸਵਾਰ ਮੁਸਾਫ਼ਿਰ ਨੂੰ ਚਲਦਿਆਂ ਬੜੀ ਮੁਸ਼ਕਿਲ ਪੇਸ਼ ਆਉਂਦੀ ਹੈ। ਕਈ ਵਾਰ ਤਬਾਹੀ ਦੀ ਇਸ ਗੱਡਮੱਡ ਵਿੱਚ ਇਹ ਉਨ੍ਹਾਂ ਨੂੰ ਹਾਥੀ, ਗੈਂਡੇ, ਸ਼ੇਰ ਜਾਂ ਚੀਤੇ ਦੇ ਭੂਤ ਦਾ ਝਾਉਲਾ ਨਜ਼ਰ ਆਉਂਦੇ ਹਨ, ਜਿੱਥੋਂ ਹਾਥੀ ਬੜੇ ਡਰਦਿਆਂ ਨਿਕਲ ਜਾਂਦੇ ਹਨ। ਇਸ ਤੋਂ ਅੱਗੇ ਬਾਜ਼ਾਰ ਆਉਂਦਾ ਹੈ ਜਿੱਥੇ ਬੜੀਆਂ ਮਹਿੰਗੀਆਂ ਚੀਜ਼ਾਂ ਨੁਮਾਇਸ਼ ਲਈ ਰੱਖੀਆਂ ਗਈਆਂ ਹਨ। ਗਲੀਆਂ ਭਾਰੀ ਮੀਂਹ ਤੋਂ ਬਾਅਦ ਇਕ ਕੋਨੇ ਤੋਂ ਦੂਜੇ ਕੋਨੇ ਤਕ ਖੋਭਾ ਬਣ ਜਾਂਦੀਆਂ ਹਨ, ਜਿਸ ਵਿੱਚ ਵਿਚਾਰੇ ਪੈਦਲ ਜਾਣ ਵਾਲੇ ਨੂੰ ਪੈਰ ਬੋਚ-ਬੋਚ ਕੇ ਰਖਣਾ ਪੈਂਦਾ ਹੈ। ਪੈਰ ਰੱਖਣ ਲਈ ਸੁੱਕੀ ਥਾਂ ਲਭੱਣ ਲਈ ਬੇਕਾਰ ਕੋਸ਼ਿਸ਼ ਕਰਨੀ ਪੈਂਦੀ ਹੈ। ਆਉਂਦਾ-ਜਾਂਦਾ ਹਰ ਘੁੜਸਵਾਰ ਉਸ ਦੇ ਚਿੱਟੇ ਕਪੜਿਆਂ ਉੱਤੇ ਚਿੱਕੜ ਉਛਾਲ ਕੇ ਲੰਘ ਜਾਂਦਾ ਹੈ ਅਤੇ ਉੱਥੋਂ ਬਾਹਰ ਨਿਕਲਣ ਤਕ ਉਹ ਆਪ ਸਿਰ ਤੋਂ ਪੈਰਾਂ ਤਕ ਪਾਣੀ ਨਾਲ ਭਿੱਜ ਜਾਂਦਾ ਹੈ। ਦੁਕਾਨਾਂ ਦੇ ਅੱਗੇ ਬਹੁਤ ਮਜ਼ਬੂਤ, ਪਰ ਹਟਾਈਆਂ ਜਾ ਸਕਣ ਵਾਲੀਆਂ ਤਰਪਾਲਾਂ ਲੱਗੀਆਂ ਹੋਈਆਂ ਸਨ ਜੋ ਤੰਗ ਅਤੇ ਟੇਢੀ-ਮੇਢੀ ਸੜਕ ਦੀ ਪੂਰੀ ਚੌੜਾਈ ਨੂੰ ਢੱਕ ਰਹੀਆਂ ਸਨ। ਅਜਿਹੀ ਹਾਲਤ ਵਿੱਚ ਹਾਥੀ ਦੀ ਉਚਾਈ ਤੇ ਬਹਿ ਕੇ ਉੱਥੋਂ ਨਿਕਲਣਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ਸੀ, ਭਾਵੇਂ ਇਹ ਜਿੰਨਾ ਮਰਜ਼ੀ ਜ਼ਰੂਰੀ ਕਿਉਂ ਨਾ ਹੋਵੇ। ਰੱਸੀਆਂ ਉੱਤੇ ਕੁਝ ਵਸਤਾਂ ਸੁਕਣੇ ਪਈਆਂ ਹੋਈਆਂ ਸਨ। ਸਾਮ੍ਹਣੇ ਪਾਸਿਓਂ ਆਉਂਦੀਆਂ ਬੈਲ-ਗੱਡੀਆਂ, ਘੁੜਸਵਾਰ, ਊਠ, ਹਾਥੀ ਅਤੇ ਹੋਰ ਹਰ ਤਰ੍ਹਾਂ ਦੇ ਵਾਹਨ ਦਿਮਾਗ ਨੂੰ ਪਰੇਸ਼ਾਨ ਕਰ ਰਹੇ ਸਨ ਕਿ ਅੱਗੇ ਕਿਵੇਂ ਵਧਿਆ ਜਾਵੇ ਜਾਂ ਉਨ੍ਹਾਂ ਦੇ ਰਸਤੇ 'ਚੋਂ ਪਾਸੇ ਕਿਵੇਂ ਹਟਿਆ ਜਾਵੇ, ਜਦਕਿ ਸੜਕ ਦੇ ਦੋਵੇਂ ਪਾਸੇ ਹੱਥ ਦੀ ਦੂਰੀ ਤੇ ਖ਼ੂਬਸੂਰਤ ਮੀਨਾਕਾਰੀ ਕੀਤੀਆਂ ਬਾਲਕਨੀਆਂ ਵਿੱਚ ਮੂੰਹ ਰੰਗੀ ਬੈਠੇ ਅਤੇ ਲਾਲ ਪੱਗਾਂ ਪਾਈ ਬਾਣੀਏ ਝੁਕ ਕੇ ਸਲਾਮ ਕਰਦੇ ਹਨ, ਜਾਂ ਕੋਈ ਪੱਕੇ ਰੰਗ ਦੀ ਖ਼ੂਬਸੂਰਤ ਔਰਤ ਮੁਸਾਫ਼ਰ ਨੂੰ ਝੁਕ ਕੇ 'ਸਲਾਮ ਮਹਾਰਾਜ' ਕਹਿ ਕੇ ਨਵਾਜ਼ਦੀ ਹੈ। ਬਾਜ਼ਾਰ ਦੀਆਂ ਗੁੰਝਲਦਾਰ ਗਲੀਆਂ ਸਮਝ ਤੋਂ ਬਾਹਰ ਹਨ। ਜਦੋਂ ਦੂਜੇ ਗੇਟ ਤੋਂ ਬਾਹਰ ਨਿਕਲ ਕੇ ਤਾਜ਼ੀ ਹਵਾ ਵਿੱਚ ਸਾਹ ਲਿਆ ਤਾਂ ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ।

ਜਨਰਲ ਵੈਂਤੁਰਾ ਦੇ ਘਰ ਪਹੁੰਚ ਕੇ ਵੇਖਿਆ ਕਿ ਮਹਾਰਾਜਾ ਦਾ ਇਕ ਹੋਰ ਹਰਕਾਰਾ, ਖ਼ਾਲੀਫ਼ਾ ਸਾਹਿਬ ਦਾ ਛੋਟਾ ਭਰਾ ਅਜ਼ੀਜ਼ੁਦੀਨ, ਜੋ ਨੀਤੀ-ਨਿਪੁੰਨ ਮੰਤਰੀ ਸੀ, ਆਇਆ ਹੋਇਆ ਸੀ। ਉਸ ਨੇ ਦਸਿਆ ਕਿ ਮੇਰੀ ਇਸ ਫ਼ੇਰੀ ਤੋਂ ਮਹਾਰਾਜ ਬਹੁਤ ਖ਼ੁਸ਼ ਹਨ ਅਤੇ ਉਮੀਦ ਕਰਦੇ ਹਨ ਕਿ ਮੈਂ ਲਾਹੌਰ ਵਿੱਚ ਕਾਫ਼ੀ ਸਮਾਂ ਰੁਕਾਂਗਾ। ਉਹ ਮੇਰੇ ਵਾਸਤੇ ਕਾਬੁਲ, ਕਸ਼ਮੀਰ ਅਤੇ ਲਾਹੌਰ ਦੇ ਵਧੀਆ ਫ਼ਲਾਂ ਦੀਆਂ ਬਾਰ੍ਹਾਂ ਟੋਕਰੀਆਂ ਅਤੇ ਮੇਰੇ ਬੰਦਿਆਂ ਦੀ ਤਨਖ਼ਾਹ ਦੇ ਲਈ 522 ਰੁਪਏ ਲੈ ਕੇ ਆਇਆ ਸੀ।

ਇਹ ਤਿੰਨੋ ਭਰਾ, ਅਜ਼ੀਜ਼ੁਦੀਨ - ਇਕ ਭਰੋਸੇਮੰਦ ਸੈਕਟਰੀ; ਖ਼ਾਲੀਫ਼ਾ ਸਾਹਿਬ - ਸੈਨਾਪਤੀ; ਅਤੇ ਅੰਮ੍ਰਿਤਸਰ ਦਾ ਗਵਰਨਰ ਆਮ ਤੌਰ ਤੇ ਮੇਰੇ ਨਾਲ ਹੀ ਹੁੰਦੇ ਸਨ। ਇੱਥੇ ਮੈਂ ਇਹ ਦਸਣਾ ਚਾਹਾਂਗਾ ਕਿ ਮਹਾਰਾਜਾ ਨੂੰ ਇੰਨਾ ਮੁਸਲਮਾਨਾਂ ਤੇ ਬਹੁਤ ਭਰੋਸਾ ਸੀ, ਜੋ ਕਿ ਆਪਣੇ ਗੁਣਾਂ ਅਤੇ


Academy of the Punjab in North America - APNA: http://www.apnaorg.com

ਦਿਆਨਤਦਾਰੀ ਕਾਰਣ ਇਸ ਦੇ ਹੱਕਦਾਰ ਵੀ ਸਨ। ਇੰਨਾ ਨੂੰ ਆਮ ਤੌਰ ਤੇ ਫ਼ਕੀਰ ਕਹਿ ਕੇ ਬੁਲਾਇਆ ਜਾਂਦਾ ਸੀ ਅਤੇ ਆਪਣੇ ਨਾਮ ਨਾਲ ਗ਼ਰੀਬੀ ਜੁੜ੍ਹੇ ਹੋਣ ਤੇ ਇਹ ਫ਼ਖ਼ਰ ਮਹਿਸੂਸ ਕਰਦੇ ਸਨ, ਭਾਵੇਂ ਉਂਜ ਇਹ ਕਾਫ਼ੀ ਅਮੀਰ ਸਨ। ਇੰਨਾ ਦੇ ਮਹਾਰਾਜਾ ਰਣਜੀਤ ਸਿੰਘ ਇੰਨੀ ਵਧੀਆ ਸ਼ਖ਼ਸੀਅਤ ਦੇ ਮਾਲਕ ਸਨ ਜੋ ਕਿ ਹਿੰਦੁਸਤਾਨੀਆਂ ਵਿੱਚ ਘੱਟ ਹੀ ਮਿਲਦੀ ਹੈ। ਇਸ ਦੇ ਬਾਰੇ ਮੈਂ ਕਿਸੇ ਹੋਰ ਥਾਂ ਤੇ ਖੁੱਲਾ ਖ਼ੁਲਾਸਾ ਕੀਤਾ ਹੈ।

ਦਿਨ ਛੋਟੇ ਹਨ ਅਤੇ ਮੇਰੇ ਮਹਿਮਾਨਾਂ ਦੇ ਰੁਖ਼ਸਤ ਹੋਣ ਤੋਂ ਬਾਅਦ ਛੇਤੀ ਹੀ ਸ਼ਾਮ ਢੱਲ ਗਈ। ਸੂਰਜ ਛਿਪਣ ਤਕ ਦਾ ਵੇਲਾ ਮੈਂ ਦਰਿਆ ਦੇ ਕੰਢੇ ਅਤੇ ਹਰਿਆਲੇ ਖੇਤਾਂ ਵਿੱਚ ਸੈਰ ਕਰਕੇ ਬਿਤਾਇਆ।

......ਜ਼ਾਰੀ ਰਹੇਗਾ

□





Academy of the Punjab in North America - APNA: http://www.apnaorg.com

# ਪੁਲਸ ਵਾਲੇ ਦੀ ਰਾਹ ਜਾਂਦੀ ਮਾਈ ਭੋਗੀ ਨਾਲ ਗੱਲ

**ਨਜਮ ਹੁਸੈਨ ਸੱਯਦ**

"ਖੋਤਾ ਗੱਲ ਨਹੀਂ ਸੁਣਦਾ
ਡੰਡੇ ਦੀ ਮੰਨਦਾ ਏ"
"ਖੋਤਾ ਗੱਲ ਨਹੀਂ ਸੁਣਦਾ, ਤੂੰ ਸੁਣ ਖੋਤੇ ਦੀ
ਕੀਹ ਪਤਾ ਉਹ ਸੁਣਦਾ ਹੋਵੇ
ਕੀਹ ਪਤਾ ਕੁਝ ਕਹਿੰਦਾ ਹੋਵੇ
ਜੋ ਸੁਣੇਂ ਤਾਂ ਰੋਵੇਂ
ਪਰ ਤੂੰ ਕੀਹ ਪਤਾ ਪਛੰਡੇ ਦੀ ਮੰਨਦਾ ਹੋਵੇਂ"

□





Academy of the Punjab in North America - APNA: http://www.apnaorg.com



# ਗ਼ਜ਼ਲ

ਰਮਜ਼ਾਨ ਸ਼ਾਕਿਰ

ਮੌਸਮ ਵੇਖ, ਨਜ਼ਾਰੇ ਵੇਖ
ਚੰਗੇ ਮਾੜੇ ਸਾਰੇ ਵੇਖ

ਚੰਨ ਜਦ ਉਹਲੇ ਹੁੰਦਾ ਏ
ਡੁੱਬ ਜਾਂਦੇ ਨੇ ਤਾਰੇ ਵੇਖ

ਸਾਵਣ ਅੱਗਾਂ ਲਾਈਆਂ ਨੇ
ਹਾੜ੍ਹ ਨੇ ਜੁੱਸੇ ਠਾਰੇ ਵੇਖ

ਮਹਿਲਾਂ ਵਿਚੋਂ ਬਾਹਰ ਤੇ ਆ
ਸਾਡੇ ਝੁੱਗੀਆਂ ਢਾਰੇ ਵੇਖ

ਆਪਣੇ ਦੁੱਖ ਨੂੰ ਰੋਵੇਂ ਤੂੰ
ਲੱਖਾਂ ਦਰਦਾਂ ਮਾਰੇ ਵੇਖ

ਪਿਆਰ ਦੇ ਸ਼ਹੁ ਵਿਚ ਬੇੜੀ ਠੇਲ੍ਹ
ਤੂੰ ਨਾ ਫ਼ੇਰ ਕਿਨਾਰੇ ਵੇਖ

ਹੁਸਨ ਤੇ ਕਾਹਦਾ ਮਾਣ ਕਰੇਂ
ਡੁੱਬਦੇ ਚੰਨ ਸਿਤਾਰੇ ਵੇਖ

ਸ਼ਾਕਿਰ ਰੁਲਦੇ ਫ਼ਿਰਦੇ ਨੇ
ਲਾਲਾਂ ਦੇ ਵਣਜਾਰੇ ਵੇਖ





Academy of the Punjab in North America - APNA: http://www.apnaorg.com



# ਕਾਫ਼ੀ

ਮੁਹਸਿਨ ਮਘਿਆਣਾ

ਹਸਤੀ ਜੋ ਤੇਰੀ ਮੇਰੀ ਏ
ਇਹ ਡਾਢੀ ਘੁੰਮਣ ਘੇਰੀ ਏ

ਕਈ ਦਾਨੇ ਵੀਨੇ ਲੋਗ ਮੀਆਂ
ਕਈ ਸੱਚੇ ਤੇ ਕਈ ਫੋਗ ਮੀਆਂ
ਸਾਨੂੰ ਇਸ਼ਕ ਦਾ ਲੱਗਿਆ ਰੋਗ ਮੀਆਂ
ਇਹ ਗ਼ਮ ਦੀ ਰਾਤ ਲਮੇਰੀ ਏ
ਇਹ ਡਾਢੀ ਘੁੰਮਣ ਘੇਰੀ ਏ

ਚਰਖੇ ਦੀ ਸੁਣ ਇਹ ਘੂਕ ਸੱਜਣ
ਪੇਂਜੇ ਦੀ ਸੁਣ ਇਹ ਕੂਕ ਸੱਜਣ
ਦਿਲ ਨਾਜ਼ੁਕ ਤੇ ਮਲੂਕ ਸੱਜਣ
ਇਸ ਦਿਲ ਨੂੰ ਮੂੰਝ ਬਥੇਰੀ ਏ
ਇਹ ਡਾਢੀ ਘੁੰਮਣ ਘੇਰੀ ਏ

ਇਸ ਦਿਲ ਦਾ ਚੈਨ ਵੀ ਖੱਸਿਆ ਏ
ਇਸ ਆਪਣਾ ਭੇਦ ਨਾ ਦੱਸਿਆ ਏ
ਚਰਖੇ ਦੀ ਘੂਕ ਘਨੇਰੀ ਏ
ਇਹ ਡਾਢੀ ਘੁੰਮਣ ਘੇਰੀ ਏ

ਇੱਥੇ ਵੱਖਰੀ ਸਭ ਦੀ ਬੋਲੀ ਏ
ਕਿਸੇ ਗੱਲ ਅਸਲ ਨਾ ਖੋਲ੍ਹੀ ਏ
ਰਹੀ ਖਾਲੀ ਸਾਡੀ ਝੋਲੀ ਏ
ਪਰ ਦਿਲ ਵਿੱਚ ਸ਼ੌਕ ਚੰਗੇਰੀ ਏ
ਇਹ ਡਾਢੀ ਘੁੰਮਣ ਘੇਰੀ ਏ

ਲੋਕਾਂ ਦੇ ਉੱਚੇ ਬੋਲ ਮੀਆਂ
ਤੂੰ ਆਪਣੇ ਆਪ ਨੂੰ ਤੋਲ ਮੀਆਂ
ਤੂੰ ਆਪਣਾ ਆਪ ਨਾ ਰੋਲ ਮੀਆਂ
ਹਿਕੋ ਰੱਬ ਦੀ ਸ਼ਾਨ ਉਚੇਰੀ ਏ
ਇਹ ਡਾਢੀ ਘੁੰਮਣ ਘੇਰੀ ਏ

ਰਾਂਝਣ ਨੂੰ ਜਾ ਸਮਝਾਉ ਨੀ
ਕੋਈ ਉਹਨੂੰ ਮੋੜ ਲਿਆਉ ਨੀ
ਮੇਰੇ ਦਿਲ ਦਾ ਹਾਲ ਸੁਣਾਉ ਨੀ
ਏਥੇ ਸਭਨਾਂ ਅੱਖ ਚਾ ਫ਼ੇਰੀ ਏ
ਇਹ ਡਾਢੀ ਘੁੰਮਣ ਘੇਰੀ ਏ

ਕਿਸੇ ਆਪਣੇ ਕੰਨ ਪੜਵਾਏ ਨੀ
ਕਿਸੇ ਥਲ ਵਿਚ ਯਾਰ ਗਵਾਏ ਨੀ
ਕਈ ਪਾਣੀ ਤਰਦੇ ਆਏ ਨੀ
ਇਹ ਉੱਤੋਂ ਈ ਕਾਈ ਦੇਰੀ ਏ
ਇਹ ਡਾਢੀ ਘੁੰਮਣ ਘੇਰੀ ਏ

ਇਹਨੂੰ ਲੱਗੇ ਇਸ਼ਕ ਦੇ ਜਾਲ ਮੀਆਂ
ਇਹਨੂੰ ਐਵੇਂ ਨਾ ਤੂੰ ਟਾਲ ਮੀਆਂ
ਮੁਹਸਿਨ ਦੇ ਭੈੜੇ ਹਾਲ ਮੀਆਂ
ਇਸ ਦਿਲ ਦੀ ਵੱਸੋਂ ਤੇਰੀ ਏ
ਇਹ ਡਾਢੀ ਘੁੰਮਣ ਘੇਰੀ ਏ



Academy of the Punjab in North America - APNA: http://www.apnaorg.com



# ਗ਼ਜ਼ਲ

ਜ਼ਾਹਿਦ ਨਵਾਜ਼

ਮੈਂ ਜਦ ਵੀ ਆਪਣੇ ਆਪ ਨੂੰ ਇਸ ਜੁੱਸੇ ਅੰਦਰ ਵੇਖਨਾਂ
ਫਿਰ ਮੈਨੂੰ ਵਾਜਾਂ ਮਾਰਦੇ, ਕਈ ਲੁਕੇ ਮੰਜ਼ਰ ਵੇਖਨਾਂ

ਇਸ ਬੇ-ਕਦਰੀ ਦੇ ਹਾੜ੍ਹ ਵਿਚ ਖੂਹ ਆਪ ਪਿਆਸੇ ਲੱਭਦੇ
ਵਰ੍ਹਿਆਂ ਤੋਂ ਸੁੱਤੇ ਸ਼ਹਿਰ ਵਿਚ, ਸੂਰਜ ਨੂੰ ਦਰ ਦਰ ਵੇਖਨਾਂ

ਕੀਹ ਜਾਲ ਅਵੱਲੇ ਬੁਣਦੀਆਂ ਇਹ ਲੀਕਾਂ ਮੇਰੇ ਹੱਥ ਦੀਆਂ
ਇਹ ਬੱਧੇ ਹੱਥ ਮੈਂ ਖੋਲ੍ਹ ਲਾਂ, ਤੇ ਫੇਰ ਮੁਕੱਦਰ ਵੇਖਨਾਂ

ਮੈਂ ਇਕਲਾਪੇ ਦੀ ਰਾਤ ਵਿਚ, ਦਰਦੀ ਸਾਂ ਕੋਈ ਟੋਲਦਾ
ਇਕ ਮੇਰੇ ਵਰਗਾ ਲੰਘਿਆ, ਮੈਂ ਉਹਨੂੰ ਡਰ ਡਰ ਵੇਖਨਾਂ

ਜ਼ਾਹਿਦ ਹੁਣ ਸੱਚ ਦੇ ਲਸ਼ਕਰੀਂ, ਹੁਰ ਹੋਰ ਨਵਾਂ ਇਕ ਰਲ ਗਿਆ
ਇਸ ਕਰਬਲ ਦੇ ਮੈਦਾਨ ਵਿਚ ਮੈਂ ਅੱਜ ਤਿਹੱਤਰ ਵੇਖਨਾਂ





Academy of the Punjab in North America - APNA: http://www.apnaorg.com



# ਪਾਣੀਪਤ ਦੇ ਕੋਲ ਸਮਝੌਤਾ ਐਕਸਪਰੈਸ ਵਿਚ ਧਮਾਕਾ

**ਸਮੀਨਾ ਅਸਮਾ**

ਮਾਂ ਧਰਤੀ ਦੇ ਦੋ ਪੁੱਤਰ ਉਧਰ ਦੋ ਧੀਆਂ ਏਧਰ
ਗੱਡੀ ਅਪੜਨ ਮਗਰੋਂ
ਵਰ੍ਹਿਆਂ ਵਿੱਛੜਿਆਂ ਰਲ ਮਿਲ ਵਸਲ ਹੰਢਾਏ
ਸੀਨੇ ਠੰਡਾਂ ਪਾਈਆਂ
ਹਾਸੇ ਹੰਝੂਆਂ ਦਾ ਮੇਲ ਕਰਾਇਆ
ਦੇਂਹ ਹਾਸੇ ਵੰਡੇ ਰਾਤ ਹੰਝੂ ਕੇਰੇ
ਵਰ੍ਹਿਆਂ ਬੱਧੀਆਂ ਬਾਤਾਂ ਮੁੱਕੀਆਂ ਨਾ ਮੁੱਕਣ
ਘੁੱਟ ਘੁੱਟ ਜੱਫੀਆਂ ਪਾਈਆਂ
ਵੇਲਾ ਵਿਦਿਆ ਹੋਵਣ ਦਾ ਜਦ ਨੇੜੇ ਆਇਆ
ਗੱਡੀ ਵਿੱਚ ਬਹਿ ਹੰਝੂ ਕੇਰ ਹੱਥ ਹਿਲਾਏ
ਆਸ ਮਿਲਣ ਦੀ ਦਿਲ ਵਿੱਚ ਰੱਖ ਦਿਲ ਪਰਚਾਏ
ਯਾਦਾਂ ਦੀ ਗੰਢ ਸਿਰ ਥੱਲੇ ਰੱਖ
ਡੂੰਘੀ ਨੀਂਦਰ ਸੌਂ ਗਏ
ਪਾਣੀਪਤ ਦੇ ਕੋਲ ਜਦ ਗੱਡੀ ਅਪੜੀ
ਅੱਗ ਦੇ ਭਾਂਬੜ ਹਰ ਪਾਸੇ ਖਿਲਰੇ
ਪਾਣੀਪਤ ਅੱਜ ਅੱਗਪੱਤ ਬਣਿਆ
ਹਾਸੇ ਕੁਰਲਾਟ ਬਣੇ, ਖ਼ੁਸ਼ਬੂਆਂ ਸੜ ਗਈਆਂ
ਜੁੱਸੇ ਸੜੀਆਂ ਲੀਰਾਂ ਵਾਂਗ, ਹਵਾਈਂ ਰਲ ਗਏ
ਚੂੜੀਆਂ, ਜੁੱਤੀਆਂ ਰਹਿ ਗਈਆਂ
ਬੁਢੜਾ ਅੱਗੇ ਵਧ ਨੀਝ ਨਾਲ ਆਖੇ
47 ਦੀ ਗੱਡੀ ਆਈ ਊ!
47 ਨਹੀਂ ਮੁੱਕਿਆ?

□



Academy of the Punjab in North America - APNA: http://www.apnaorg.com



# ਖ਼ਾਬ ਦੀ ਸ਼ਰਾਬ

ਗ਼ਫ਼ੂਰ ਸ਼ਾਹ ਕਾਸਿਮ

ਰਾਤੀਂ ਤੈਡੀ ਦੀਦ ਦੇ ਮੌਸਮ
ਦਿਲ ਦੇ ਵਿਹੜੇ ਅੰਦਰ ਲੱਥੇ
ਖ਼ਾਬ ਵੀ ਕਿੱਡੇ ਚੰਗੇ ਹੋਂਦਿਨ
ਅਨਹੋਣੀ ਨੂੰ ਹੋਣੀ ਕਰਦਿਨ
ਅੱਖ ਦੀ ਭੁੱਖ ਤੇ ਤਿਸ ਨੀਂਦਨ
ਪਿਆਰ ਦੇ ਮੰਜ਼ਰ ਚੱਸ ਕੁਰੇਦਿਨ
ਦਿਲ ਦੀ ਝੋਲੀ ਵੀ ਭਰ ਦੇਂਦਿਨ
ਖ਼ਾਬ ਵੀ ਕਿੱਡੇ ਚੰਗੇ ਹੋਂਦਿਨ

□



Academy of the Punjab in North America - APNA: http://www.apnaorg.com

# ਗ਼ਜ਼ਲ

ਆਸ਼ਿਕ ਰਹੀਲ

ਆਉਂਦੇ ਨਹੀਂ ਪਰ ਆਉਣ ਦਾ ਕਹਿ ਜਾਂਦੇ ਨੇ
ਜਿਹੜੇ ਮਹਿਲ ਬਣਾਈਏ ਉਹ ਢਹਿ ਜਾਂਦੇ ਨੇ

ਉਹ ਮਹਿਰਮ ਹੁੰਦੇ ਉੱਚੀਆਂ ਸ਼ਾਨਾਂ ਦੇ
ਦੁਖ ਪਸਤੀ ਦੇ ਜਿਹੜੇ ਵੀ ਸਹਿ ਜਾਂਦੇ ਨੇ

ਖ਼ੌਰੇ ਕੀਹ ਕੁਝ ਮਿਲਦਾ ਉਸਦੇ ਬੂਹੇ ਤੇ
ਉਠਦੇ ਨਹੀਂ ਜੋ ਇਕ ਵਾਰੀ ਬਹਿ ਜਾਂਦੇ ਨੇ

ਰਾਖਾ ਇਕ ਫੁੱਲ ਤੋੜੇ ਤੇ ਇਹ ਜਾਣ ਲਵੇ
ਲੋਕੀ ਸਾਰਾ ਬਾਗ਼ ਈ ਪੁੱਟ ਲੈ ਜਾਂਦੇ ਨੇ

ਉਮਰਾਂ ਉਹੋ ਢੋਲ ਵਜਾਣੇ ਈ ਪੈਂਦੇ ਨੇ
ਜੋ ਨਾ ਚਾਹਿਆਂ ਵੀ ਗਲ ਪੈ ਜਾਂਦੇ ਨੇ

ਲੋਕੀ ਤਸਬੀਹ ਉਦੋਂ ਫੜਨ ਰਹੀਲ ਇੱਥੇ
ਨੋਟ ਗਿਣਨ ਤੋਂ ਹੱਥ ਜਦੋਂ ਰਹਿ ਜਾਂਦੇ ਨੇ

□



Academy of the Punjab in North America - APNA: http://www.apnaorg.com



# ਗ਼ਜ਼ਲ

ਅਰਸ਼ਦ ਸ਼ਹਿਜ਼ਾਦ

ਦੁਖਿਆਰੀ ਹਮਸ਼ੀਰ ਦੀ ਗੱਲ ਏ
ਕਮਰ ਖ਼ਮੀਦਾ ਵੀਰ ਦੀ ਗੱਲ ਏ

ਨੇਜ਼ੇ ਸਿਰ ਟੰਗਿਆ ਏ ਜਿਹੜਾ
ਕਰਬਲ ਵਿਚ ਦਿਲਗੀਰ ਦੀ ਗੱਲ ਏ

ਸੁਣ ਕੇ ਕੂਫ਼ਾ ਕੰਬਿਆ ਸਾਰਾ
ਜ਼ੈਨਬ ਦੀ ਤਕਰੀਰ ਦੀ ਗੱਲ ਏ

ਸਬਰ ਰਜ਼ਾ ਦੇ ਦੋਵੇਂ ਪੈਕਰ
ਵੀਰਨ ਤੇ ਹਮਸ਼ੀਰ ਦੀ ਗੱਲ ਏ

ਲਿੱਖ ਆਪ ਬੁਲਾਇਆ ਕੂਫ਼ੇ
ਮੁੱਲਾਂ ਦੀ ਤਹਿਰੀਰ ਦੀ ਗੱਲ ਏ

ਲੱਖ ਲੱਖ ਵਾਰ ਹੈ ਲਾਅਨਤ ਇਸ ਤੇ
ਸ਼ਮਰ ਨਹੀਂ ਖ਼ਨਜ਼ੀਰ ਦੀ ਗੱਲ ਏ

ਮੇਰੇ ਸਿਰ ਤੇ ਛਾਂ ਹੈ ਜਿਸਦੀ
ਚਾਦਰ ਦੀ ਤਤਹੀਰ ਦੀ ਗੱਲ ਏ

ਸਾਬਰ ਸ਼ਾਕਿਰ ਸਾਜਿਦ ਆਬਿਦ
ਅਰਸ਼ਦ ਪੀਰ ਸ਼ਬੀਰ ਦੀ ਗੱਲ ਏ

□



Academy of the Punjab in North America - APNA: http://www.apnaorg.com



# ਗ਼ਜ਼ਲ

ਵਿਨਸੰਟ ਪੀਸ ਅਸੀਮ ਸਲੀਬੀ

ਟੁੱਟੀ ਟਾਹਣੀ ਵਾਂਗੂੰ ਜਿੰਦੜੀ ਮੁੱਕਦੀ ਜਾਵੇ
ਹਉਕੇ ਭਰਦੀ ਹੌਲੀ ਹੌਲੀ ਧੁੱਖਦੀ ਜਾਵੇ

ਸੀਟੀਆਂ ਮਾਰਦੀ ਟੇਸ਼ਨ ਤੋਂ ਚੱਲੀ ਸੀ ਜਿਹੜੀ
ਹੌਲੀ ਹੌਲੀ ਇਸ਼ਕ ਦੀ ਗੱਡੀ ਰੁਕਦੀ ਜਾਵੇ

ਪੱਕੀ ਤੰਦ ਸੀ ਪਿਆਰ ਪ੍ਰੀਤ ਦੀ ਬੰਨ੍ਹੀ ਜਿਹੜੀ
ਕੱਟਦੀ ਚੂੜੀ ਨਾਲ ਨਿਮਾਣੀ ਟੁੱਟਦੀ ਜਾਵੇ

ਕਿਸਮਤ ਦੀ ਹਰਿਆਲੀ ਬੱਗੀ ਹੋ ਗਈ ਯਾਰੋ
ਸੁੱਕੇ ਪੁੱਕੇ ਪੱਤਰ ਵਾਂਗੂੰ ਭੁਰਦੀ ਜਾਵੇ

ਲਾਲ ਚੰਗੇਰ ਬਨੇਰੇ ਉੱਤੇ ਟੰਗੀ ਰਹਿ ਗਈ
ਮੂੰਧੀ ਹਾਂਡੀ ਬੁੱਝੀ ਅੱਗ ਤੇ ਖੁਰਦੀ ਜਾਵੇ

ਸੁਫ਼ਨਿਆਂ ਵਾਲੀਆਂ ਤਾਰਿਆਂ ਭਰੀਆਂ ਰਾਤਾਂ
ਵਾਂਗੂੰ ਤੇਰੀ ਮੇਰੀ ਪ੍ਰੇਮ ਕਹਾਣੀ ਮੁੱਕਦੀ ਜਾਵੇ

ਆਸ ਨਾ ਛੱਡੀਂ ਤਾਕੀਂ ਦੀਵਾ ਬਾਲੀ ਰੱਖੀਂ
ਸੋਹਣੀ ਦਿਸਦੀ ਸੂਰਤ ਭਾਵੇਂ ਲੁਕਦੀ ਜਾਵੇ

ਮੀਂਹ ਵਿਚ ਭੇੱਜੀ ਖੜੀ ਕਪਾਹਾਂ ਵਾਂਗ ਸਲੀਬੀ
ਕਾਇਮ ਰਹਿੰਦੀ ਟਹਿਣੀ ਜਿਹੜੀ ਝੁਕਦੀ ਜਾਵੇ



Academy of the Punjab in North America - APNA: http://www.apnaorg.com



# ਗ਼ਜ਼ਲ

ਸਾਬਰ ਚੌਧਰੀ

ਸੋਚ ਰਿਹਾ ਵਾਂ ਕੁਲ ਦੇ ਪਿੱਛੇ ਤੈਨੂੰ ਵੀ ਮੈਂ ਤਾਰ ਦਿਆਂ
ਇਸ਼ਕ ਦੀ ਰਾਹੇ ਪਾ ਕੇ ਤੈਨੂੰ ਤੇਰਾ ਵਿਚਲਾ ਮਾਰ ਦਿਆਂ

ਮੁੜ ਹਰਫ਼ਾਂ ਦਾ ਜਾਦੂ ਸਿੱਖਾਂ ਕੀਲਾਂ ਅੱਥਰੇ ਵੇਲੇ ਨੂੰ
ਘੁੱਗੂ ਘੋੜੇ ਵਰਗਾ ਕਰ ਕੇ ਉਸਦੇ ਹਥ ਮੁਹਾਰ ਦਿਆਂ

ਅੱਲ੍ਹੜ ਸੋਚਾਂ ਝੋਲੀ ਭਰ ਲਾਂ ਪੀਹ ਕੇ ਚੱਕੀ ਉਲਫ਼ਤ ਦੀ
ਗ਼ਰਜ਼ ਦੇ ਸੰਘਣੇ ਬੂਟਿਆਂ ਹੇਠਾਂ ਭਰ ਭਰ ਬੁੱਕ ਖਿਲਾਰ ਦਿਆਂ

ਤੇਲ ਦੇ ਹੱਥੋਂ ਬੁੱਝੇ ਜੇ ਕਰ ਦੀਵਾ ਭੁੱਖੇ ਮਾੜੇ ਦਾ
ਅਪਣੀ ਰੱਤ ਨਲ ਭਰ ਕੇ ਦੀਵਾ ਉਸਦਾ ਬੁੱਤਾ ਸਾਰ ਦਿਆਂ

ਬੱਦਲ ਬਣ ਕੇ ਅੰਬਰੀਂ ਉੱਡਾਂ ਰੋਕਾਂ ਰਸਤਾ ਸੂਰਜ ਦਾ
ਸੜਦੀ ਬਲਦੀ ਇਸ ਧਰਤੀ ਨੂੰ ਥੋੜੀ ਜਿਹੀ ਤੇ ਠਾਰ ਦਿਆਂ

ਮਿਰਜ਼ਾ ਹਾਂ ਤੇ ਅਣਖ ਮੇਰੀ ਨੂੰ ਕਾਮਾ ਬਣਨਾ ਵਾਰੇ ਨਹੀਂ
ਪਰ ਜੇ ਕੋਈ ਹਿਰਖ ਜਗਾਏ ਉਹਦੀਆਂ ਮੱਝਾਂ ਚਾਰ ਦਿਆਂ

ਮੁਕਦੀ ਗੱਲ ਮੁਕਾ ਦਾਂ ਸਾਬਿਰ ਬਣ ਕੇ ਫੁੱਲ ਚੰਬੇਲੀ ਦਾ
ਉਸਦੇ ਗਲ ਦਾ ਹਾਰ ਬਣਾਂ ਤੇ ਉਸਦਾ ਰੂਪ ਸ਼ਿੰਗਾਰ ਦਿਆਂ

□



Academy of the Punjab in North America - APNA: http://www.apnaorg.com



# ਗ਼ਜ਼ਲ

## ਆਦਿਲ ਸਦੀਕੀ

ਖ਼ੁਸ਼ਬੂ, ਰੰਗ, ਹਵਾ ਤੇ ਚਾਨਣ ਲੱਭਨਾ ਵਾਂ
ਚੇਤਰ ਰੁੱਤ ਦਾ ਰੰਗਲ਼ਾ ਜੋਬਨ ਲੱਭਨਾ ਵਾਂ

ਸ਼ੈਦ ਕਿਤੇ ਦੱਸ ਪੈ ਜਾਵੇ ਹੁਣ ਉਹਨਾਂ ਦੀ
ਮੁੱਦਤਾਂ ਪਹਿਲੋਂ ਵਿਛੜੇ ਸੱਜਣ ਲੱਭਨਾ ਵਾਂ

ਕੌਣ ਇਹ ਮੇਰੇ ਹੋਸ਼ ਗੁਆ ਕੇ ਟੁਰ ਗਿਆ ਏ
ਕੌਣ ਚੁਰਾ ਕੇ ਲੈ ਗਿਆ ਏ ਮਨ, ਲੱਭਨਾ ਵਾਂ

ਜਿਥੋਂ ਲੰਘ ਕੇ ਧੀਦੋ, ਰਾਂਝਾ ਬਣਿਆ ਸੀ
ਮੈਂ ਦਰਿਆ ਦਾ ਉਹੋ ਪੱਤਣ ਲੱਭਨਾ ਵਾਂ

ਧਰਤੀ ਦਾ ਵਸਨੀਕ ਆਂ ਖ਼ਵਾਬੀਂ ਅੰਬਰ ਨੇ
ਖੰਭਾਂ ਬਾਝ ਵੀ ਮੈਂ ਪਿਆ ਉੱਡਣ ਲੱਭਨਾ ਵਾਂ

ਉਸਦੇ ਹਿਜਰ 'ਚ ਖੁਸ ਗਿਆ ਚਾਨਣ ਅੱਖੀਆਂ ਤੋਂ
ਫਿਰ ਵੀ ਦੀਦ ਦਾ ਭੁੱਖਾ ਦਰਸ਼ਨ ਲੱਭਨਾ ਵਾਂ



Academy of the Punjab in North America - APNA: http://www.apnaorg.com

ਆਉਣ ਵਾਲੇ ਵੇਲੇ ਦੀ ਦੱਸ ਪਾਵੇ ਜੋ
ਮੈਂ ਵੇਲੇ ਦਾ ਐਸਾ ਦਰਪਣ ਲੱਭਨਾ ਵਾਂ

ਜੀਹਨੂੰ ਕੁਝ ਚੱਜ ਹੋਵੇ ਵੈਰ ਕਮਾਵਣ ਦਾ
ਉਹ ਰੀਤਾਂ ਦਾ ਰਾਖਾ ਦੁਸ਼ਮਣ ਲੱਭਨਾ ਵਾਂ

ਖ਼ੁਸ਼ ਫ਼ਹਿਮੀ ਏ ਯਾਂ ਫ਼ਿਰ ਕਮਲੀ ਸੱਧਰ ਏ
ਤਪਦੇ ਥਲ ਵਿਚ ਆਸ ਦਾ ਗੁਲਸ਼ਨ ਲੱਭਨਾ ਵਾਂ

ਮੈਨੂੰ ਵਕਤ ਨੇ ਕਿੰਨਾ ਝੱਲਾ ਕਰ ਛੱਡਿਆ
ਵਕਤ ਦੀ ਧੂੜ 'ਚ ਹੱਸਣ ਖੇਡਣ ਲਭਨਾ ਵਾਂ

ਬੀਤਿਆ ਵੇਲਾ ਅੱਜ ਤਕ ਆਦਿਲ ਪਰਤਿਆ ਨਹੀਂ
ਮੈਂ ਖ਼ੌਰੇ ਕਿਉਂ ਅਪਣਾ ਬਚਪਨ ਲਭਨਾ ਵਾਂ

□





Academy of the Punjab in North America - APNA: http://www.apnaorg.com

# ਸਿਆਲ ਦੀ ਇਕ ਸ਼ਾਮ

ਆਸਿਫ਼ ਡਾਰ

ਬੋਗਨਵੀਲਾ ਵਾਲੇ ਬੰਗਲੇ
ਕਿਧਰੇ ਫ਼ਾਟਕ ਕਿਧਰੇ ਜੰਗਲੇ

ਸੜਕਾਂ ਵੀ ਸਨ ਗ਼ੈਰ-ਆਬਾਦ
ਨਾ ਆਦਮ ਨਾ ਆਦਮ ਜ਼ਾਦ

ਪੋਹ ਦੀ ਠੰਡੀ ਸ਼ਾਮ ਸਲੋਣੀ
ਔਖੀ ਹੋ ਗਈ ਗੱਲ ਲੁਕੋਣੀ

ਕਹਾਣੀ ਭਾਵੇਂ ਖ਼ਾਬ ਦੀ ਸੀ
ਸ਼ੀਸ਼ੀ ਲਾਲ ਗੁਲਾਬ ਦੀ ਸੀ

ਉਚੇ ਲੰਮੇ ਰੁੱਖਾਂ ਥੱਲੇ
ਏਹੋਈ ਕੁਝ ਸੀ ਆਪਣੇ ਪੱਲੇ

ਅੱਗੇ ਸੀ ਇਕ ਲੰਮੀ ਰਾਤ
ਚੇਤੇ ਵਿਚ ਸੀ ਇਕ ਬਰਸਾਤ



□



Academy of the Punjab in North America - APNA: http://www.apnaorg.com



# ਗ਼ਜ਼ਲ

ਮੁਦੱਸਰ ਇਕਬਾਲ ਬੱਟ

ਯਾਦਾਂ ਦੇ ਮੈਂ ਖੋਲ੍ਹੇ ਵਰਕੇ
ਪੜ੍ਹ ਬੈਠਾ ਤੇ ਭੁੱਲੇ ਵਰਕੇ

ਮੈਨੂੰ ਰਾਤੀਂ ਸੌਣ ਨਾ ਦਿੰਦੇ
ਫ਼ੂਕ ਦਿਆਂ ਕਿਸ ਚੁੱਲ੍ਹੇ ਵਰਕੇ

ਮੇਰੇ ਵਿਹੜੇ ਵਿਚ ਖਿਲਾਰੇ
ਤੇਜ਼ ਹਵਾ ਦੇ ਬੁੱਲ੍ਹੇ ਵਰਕੇ

ਸੱਜਣ ਮੈਨੂੰ ਤੰਗ ਕਰਨ ਲਈ
ਲਿਖਦਾ ਖੁੱਲ੍ਹੇ ਖੁੱਲ੍ਹੇ ਵਰਕੇ

ਸਾਡੀ ਪਿਆਰ ਕਹਾਣੀ ਬਣ ਕੇ
ਹੋ ਗਏ ਨੇ ਅਣਮੁੱਲੇ ਵਰਕੇ

□

Academy of the Punjab in North America - APNA: http://www.apnaorg.com

ਕਹਾਣੀ



# ਇੱਕ ਹਉਕਾ

## ਗੁਰਚਰਨ ਕੌਰ ਥਿੰਦ

ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲਾ ਕੈਨੇਡਾ ਦਾ ਇੱਕ ਸ਼ਹਿਰ...!

ਉਸ ਸ਼ਹਿਰ ਦੇ ਰਾਜ ਦੀ ਉੱਚ-ਕਚਿਹਰੀ... !!

ਕਚਿਹਰੀ ਵਿੱਚ ਇੱਕ ਸੰਗੀਨ ਜੁਰਮ ਦਾ ਮੁਕੱਦਮਾ... !!!

"ਇੱਕ ਬਾਪ ਨੇ ਆਪਣੀ ਸਤਾਰ੍ਹਾਂ ਵਰ੍ਹਿਆਂ ਦੀ ਧੀ ਨੂੰ ਸਤਾਰਾਂ ਵਾਰ ਚਾਕੂ ਨਾਲ ਕੋਹ ਦਿੱਤਾ" ਸਰਕਾਰੀ ਵਕੀਲ ਇਹ ਕਹਿੰਦਿਆਂ ਜਿਊਰੀ ਨੂੰ ਮੁਖ਼ਾਤਬ ਹੋਇਆ ਅਤੇ ਕੇਸ ਦੀ ਤਫ਼ਸੀਲ ਬਿਆਨ ਕਰਨੀ ਸ਼ੁਰੂ ਕੀਤੀ।

ਕਟਿਹਰੇ ਵਿਚ ਖੜੇ ਨਗਿੰਦਰ ਸਿੰਘ ਨੇ ਓਪਰੀ ਜਿਹੀ ਨਿਗਾਹ ਚੁਫੇਰੇ ਮਾਰੀ ਤੇ ਫ਼ਿਰ ਪਹਿਲਾਂ ਵਾਂਗ ਭਾਵਹੀਣ ਜਿਹਾ ਖੜਾ ਰਿਹਾ, ਇੰਜ ਜਿਵੇਂ ਉਹ ਆਪਣੀ ਧੀ ਮਨੂੰ ਦੇ ਕਤਲ ਦਾ ਦੋਸ਼ੀ ਨਾ ਹੋਵੇ ਸਗੋਂ ਮੁਕੱਦਮੇ ਦੀ ਕਾਰਵਾਈ ਵੇਖਣ ਆਇਆ ਮਹਿਜ਼ ਇੱਕ ਦਰਸ਼ਕ ਹੋਵੇ।

ਕਚਿਹਰੀ ਵਿਚ ਮੁਰਦਨੀ ਛਾਈ ਸੀ। ਜਿਊਰੀ, ਵਕੀਲ, ਕਚਹਿਰੀ ਦੇ ਕਰਮਚਾਰੀ ਅਤੇ ਚੰਦ ਕੁ ਗਵਾਹਾਂ ਦੇ ਸਿਵਾ ਕਮਰੇ ਵਿਚ ਹੋਰ ਕੋਈ ਵਿਅਕਤੀ ਨਹੀਂ ਸੀ, ਕਿਉਂਜੁ ਇਹ ਇਕ ਅਜੀਬ ਕਿਸਮ ਦਾ ਪਰਿਵਾਰਕ ਕੇਸ ਸੀ। ਨਗਿੰਦਰ ਸਿੰਘ ਦੀ ਪਤਨੀ ਰਾਜਦੀਪ (ਮਰਨ ਵਾਲੀ ਦੀ ਮਾਂ) ਬਾਰ ਬਾਰ ਆਪਣੀਆਂ ਗਿੱਲੀਆਂ ਅੱਖਾਂ ਪੂੰਝਦੀ ਬੈਠੀ ਸੀ। ਬੜੀ ਹਸਮੁੱਖ ਤੇ ਮਿਲਾਪੜੀ ਰਾਜਦੀਪ ਇਸ ਵੇਲੇ ਸੋਗ ਦੀ ਮੂਰਤ ਲਗਦੀ ਸੀ। ਉਸਦੀ ਅੰਦਰਲੀ ਕਸ਼ਮਕਸ਼ ਉਸਦੇ ਅੰਗਾਂ ਅਤੇ ਚਿਹਰੇ ਦੇ ਬਦਲਦੇ ਰੂਪ ਤੋਂ ਸਾਫ਼ ਜ਼ਾਹਿਰ ਸੀ... ਕੰਬਦੇ ਬੁੱਲ੍ਹ - ਜਿੰਨ੍ਹਾ ਨੂੰ ਥੋੜ੍ਹੀ ਥੋੜ੍ਹੀ ਦੇਰ ਬਾਅਦ ਉਹ ਦੰਦਾਂ ਨਾਲ ਟੁੱਕਦੀ... ਨੱਕ ਦੀਆਂ ਨਾਸਾਂ ਦਾ ਫ਼ਰਕਦਾ ਹੇਠਲਾ ਮਾਸ... ਲਗਾਤਾਰ ਝਰਦੀਆਂ ਅੱਖਾਂ। ਇਹ ਫ਼ਾਂਸੀ ਦੇ ਤਖ਼ਤੇ ਵੱਲ ਵਧੱਦੇ ਪਤੀ ਲਈ ਸਨ ਜਾਂ ਅੱਗ 'ਚ ਸੜ ਕੇ ਸੁਆਹ ਬਣ ਚੁੱਕੀ ਧੀ ਮਨੂੰ ਲਈ......?

ਰਾਜਦੀਪ ਦਾ ਅੰਦਰਲਾ ਫ਼ੈਸਲਾ ਨਹੀਂ ਸੀ ਕਰ ਪਾ ਰਿਹਾ, ਚੱਕੀ ਦੇ ਦੂੰਹ ਪੁੜਾਂ 'ਚ ਫ਼ੱਸਿਆ ਬਸ ਵਹਿੰਦਾ ਜਾ ਰਿਹਾ ਸੀ। ਉਸਦਾ ਰੀਝਾਂ ਨਾਲ ਬਣਾਇਆ ਆਸ਼ਿਆਨਾ ਵਿੰਹਦਿਆਂ ਵਿੰਹਦਿਆਂ ਤੀਲਾ ਤੀਲਾ ਹੋ ਗਿਆ ਸੀ। ਉਹ ਕੀਹਦੇ ਹੱਕ 'ਚ ਭੁਗਤੇ? ਆਪਣੀ ਕੁੱਖ ਦੇ ਹੱਕ 'ਚ... ਜਾਂ...



Academy of the Punjab in North America - APNA: http://www.apnaorg.com

ਸਿਰ ਦੇ ਸਾਈਂ ਦੇ ਹੱਕ 'ਚ? ਜਦੋਂ ਦੀ ਹੋਣੀ ਵਾਪਰੀ ਸੀ ਉਦੋਂ ਤੋਂ ਲੈ ਕੇ ਹੁਣ ਤੀਕ ਰਾਜਦੀਪ ਸ਼ਸ਼ੋਪੰਜ ਵਿੱਚ ਹੀ ਸੀ।

"ਉਹ ਕੀਹਦੇ ਲਈ ਇਨਸਾਫ਼ ਮੰਗੇ...? ਉਹ ਕੀਹਦੇ ਲਈ ਵਕੀਲ ਕਰੇ...? ਕਾਤਲ ਪਤੀ ਨਗਿੰਦਰ ਲਈ ਜਾਂ ਮਕਤੂਲ ਧੀ ਮਨੂੰ ਲਈ...? "

ਵਕੀਲ ਕਹਿ ਰਿਹਾ ਸੀ...

'ਮਕਤੂਲ ਮਨੂੰ, ਜਿਹਦੀ ਉਮਰ ਸਤਾਰ੍ਹਾਂ ਸਾਲ ਸੀ, ਸੀਨੀਅਰ ਹਾਈ ਸਕੂਲ ਦੀ ਵਿਦਿਆਰਥਣ ਸੀ। ਸਕੂਲ ਵਿੱਚ ਉਹਦੀ ਜਾਣ-ਪਛਾਣ ਆਪਣੇ ਜਮਾਤੀ ਐਡਵਰਡ ਨਾਲ ਹੋਈ, ਜਿਹੜੀ ਹੌਲੀ ਹੌਲੀ ਦੋਸਤੀ ਦਾ ਰੂਪ ਧਾਰਨ ਕਰ ਗਈ।'

ਵਕੀਲ ਦੇ ਮੂੰਹੋਂ ਐਡਵਰਡ ਦਾ ਨਾਂ ਸੁਣ ਕੇ ਰਾਜਦੀਪ ਦੀਆਂ ਭਿੱਜੀਆਂ ਅੱਖਾਂ ਸਾਹਵੇਂ ਬੱਸ ਦਾ ਉਹ ਦ੍ਰਿਸ਼ ਰੂਪਮਾਨ ਹੋ ਗਿਆ ਜਦੋਂ ਉਹ ਤੇ ਮਨੂੰ ਕੰਮ ਤੋਂ ਵਾਪਸ ਆ ਰਹੀਆਂ ਸਨ। ਮਨੂੰ ਨੂੰ ਸਕੂਲ ਵਿੱਚ ਛੁੱਟੀਆਂ ਹੋਣ ਕਾਰਨ ਉਹ ਵੀ ਜਾਬ ਕਰਨ ਲਗ ਪਈ ਸੀ।

ਰਾਜਦੀਪ ਆਪਣੀ ਇਕ ਸਹੇਲੀ ਨਾਲ ਗੱਲਾਂ ਵਿਚ ਮਗਨ ਸੀ। ਜਦ ਉਸਦੀ ਸਹੇਲੀ ਆਪਣੇ ਸਟਾਪ ਤੇ ਬੱਸ ਵਿਚੋਂ ਉਤਰ ਗਈ ਤਾਂ ਉਸਦਾ ਧਿਆਨ ਮਨੂੰ ਵਲ ਗਿਆ ਜੋ ਇਕ ਅੰਗਰੇਜ਼ ਮੁੰਡੇ ਨਾਲ ਹੱਸ ਹੱਸ ਕੇ ਗਲਾਂ ਕਰ ਰਹੀ ਸੀ। ਆਪਣੇ ਸਟਾਪ ਤੇ ਉਤਰ ਕੇ ਉਸ ਮਨੂੰ ਨੂੰ ਪੁਛਿੱਆ ਸੀ, "ਬੇਟੇ ਇਹ ਕੌਣ ਏ? "

"ਮਾਮਾ, ਮੇਰਾ ਕਲਾਸ-ਮੇਟ ਏ - ਐਡਵਰਡ, ਅਚਾਨਕ ਬੱਸ ਵਿਚ ਮਿਲ ਪਿਆ।" ਤੇ ਗਲ ਆਈ ਗਈ ਹੋ ਗਈ।

ਪਰ ਆਉਂਦੇ ਕੁਝ ਦਿਨਾਂ ਵਿੱਚ ਇਹ 'ਅਚਾਨਕ' ਆਮ ਹੋਣ ਲਗਾ ਤਾਂ ਰਾਜਦੀਪ ਨੇ ਧੀ ਨੂੰ ਸੁਚੇਤ ਕਰਦਿਆਂ ਕਿਹਾ, "ਮਨੂੰ ਬੇਟੇ, ਥੋੜਾ ਸੰਭਲ ਕੇ....,ਤੈਨੂੰ ਤੇਰੇ ਡੈਡੀ ਦੇ ਸੁਭਾਅ ਦਾ ਪਤਾ ਏ....., ਉਹਨਾਂ ਇਹੋ ਜਿਹੀਆਂ ਦੋਸਤੀਆਂ ਬਰਦਾਸ਼ਤ ਨਹੀਂ ਕਰਨੀਆਂ...। "

"ਮਾਮਾ ਤੁਸੀਂ ਵੀ ਨਾ ਐਵੇਂ ਈ...... ਹੀ ਇਜ਼ ਮੀਅਰਲੀ ਏ ਕਲਾਸ-ਮੇਟ...... ਨਥਿੰਗ ਐਲਸ......।

ਮਨੂੰ ਨੇ ਇਹ ਕਹਿ ਕੇ ਮੰਮੀ ਨੂੰ ਨਿਸ਼ਚਿੰਤ ਕਰ ਦਿੱਤਾ ਸੀ।

ਤੇ ਹੁਣ.... ਇਹ ਦੋਸਤੀ......ਇਹ ਯਾਰਾਨਾ..... ਕਚਹਿਰੀਆਂ 'ਚ ਨਸ਼ਰ ਹੁੰਦੇ ਪਏ ਨੇ। ...... 'ਮਨੂੰ' ਰਾਜਦੀਪ ਨੇ ਬੁੱਲਾਂ ਵਿਚ ਹੀ ਬੁਦਬੁਦਾਇਆ।

'....ਮਨੂੰ ਦੇ ਮਾਤਾ ਪਿਤਾ ਨੂੰ ਇਹ ਦੋਸਤੀ ਪਸੰਦ ਨਹੀਂ ਸੀ। ਆਪਣੀ ਧੀ ਦੀ ਦੂਸਰੇ ਮਜ਼ਹਬ ਦੇ ਮੁੰਡੇ ਨਾਲ ਦੋਸਤੀ..... ਉਹ ਵੀ ਗੈਰ-ਮੁਲਕੀ...... ਇੱਕ ਅੰਗਰੇਜ਼ ਨਾਲ..... ਉਹਨਾਂ ਨੂੰ ਕਦੇ ਵੀ ਪ੍ਰਵਾਨ ਨਹੀਂ ਸੀ। ਉਹਨਾਂ ਨੇ ਮਨੂੰ ਨੂੰ ਵਰਜਿਆ। ਪਹਿਲਾਂ ਪਿਆਰ ਨਾਲ ਸਮਝਾ ਬੁਝਾ ਕੇ, ਫ਼ਿਰ ਗੁੱਸੇ ਨਾਲ ਦਬਕਾ ਕੇ ਤੇ ਆਖ਼ਰ ਮਨੂੰ ਦੇ ਪਿਤਾ ਨੇ ਇਕ ਦਿਨ.....'

ਵਕੀਲ ਜਿਊਰੀ ਸਾਹਮਣੇ ਕੇਸ ਦੀ ਤਫ਼ਸੀਲ ਬਿਆਨ ਕਰ ਰਿਹਾ ਸੀ। ਆਪਣਾ ਨਾਂ ਸੁਣ ਨਗਿੰਦਰ ਇਕ ਦਮ ਤ੍ਰਭਕਿਆ। ਉਸਨੂੰ ਉਹ ਦਿਨ ਯਾਦ ਆਇਆ ਜਿਸ ਦਿਨ ਕਿਸੇ ਦੇ ਮੂੰਹੋਂ ਉਹ ਆਪਣੀ ਧੀ ਦੀਆਂ ਕਰਤੂਤਾਂ ਸੁਣ ਕੇ ਆਇਆ ਤਾਂ ਕਿਵੇਂ ਘਰ ਵੜਦਿਆਂ ਉਹ ਅੱਗ-ਬਗੂਲਾ ਹੋ ਉਠਿੱਆ ਸੀ -



Academy of the Punjab in North America - APNA: http://www.apnaorg.com

"ਇਹਦੀ ਜੁਰੱਅਤ ਕਿੱਦਾਂ ਪਈ.. ..ਇਹ ਕਾਰਾ ਕਰਨ ਦੀ..... " ਘਰ ਦਾ ਬਾਹਰਲਾ ਦਰਵਾਜ਼ਾ ਬੰਦ ਕਰਦਿਆਂ ਉਸ ਅੱਗ ਉਗਲੀ ਸੀ ਅਤੇ ਰਾਜਦੀਪ ਤੇ ਮਨੂੰ ਦੋਵਾਂ ਨੂੰ ਫ਼ਾਲਨ ਕਰ ਲਿਆ ਸੀ।

"ਤੇਰੀ ਧੀ ਬਾਹਰ ਕੀ ਚੰਦ ਚਾੜ੍ਹਦੀ ਆ...... ਤੈਨੂੰ ਪਤਾ ਵੀ ਹੈ ਕੁਝ..." ਉਹ ਰਾਜਦੀਪ ਨੂੰ ਝਈ ਲੈ ਕੇ ਪਿਆ।

"ਕੀ ਹੋ ਗਿਆ.....? ਕੋਈ ਪਤਾ ਵੀ ਤਾਂ ਲੱਗੇ.......? ਐਵੇਂ ਈ...... " ਰਾਜਦੀਪ ਬੁਖਲਾਈ ਹੋਈ ਬੋਲੀ ਸੀ।

"ਐਂਵੇ ਈ ਦੀ ਬੱਚੀ......" ਉਸ ਗੁੱਸੇ ਨਾਲ ਹੱਥ ਆਪਣੀ ਪਤਨੀ ਵੱਲ ਉਲਾਰਿਆ ਪਰ ਫ਼ਿਰ ਪਤਾ ਨਹੀਂ ਕੀ ਸੋਚ ਅੱਧ ਵਿੱਚ ਹੀ ਰੋਕ ਕੇ ਕੈਰੀ ਅੱਖ ਝਾਕਦਾ ਮਨੂੰ ਵੱਲ ਹੋਇਆ।

"ਤੂੰ ਕੀ ਮੇਰੇ ਸਿਰ ਖੇਹ ਪਾਉਣ ਲੱਗੀ ਏਂ...... ਮਨੂੰ...... ਆਹ ਗੋਰਾ ਈ ਰਹਿ ਗਿਆ ਸੀ......।"

ਗੁੱਸੇ ਨਾਲ ਮੂੰਹੋਂ ਝੱਗ ਸੁੱਟਦਾ, ਅਵਾ ਤਵਾ ਬੋਲਦਾ, ਉਹ ਪੜ੍ਹਿਆ ਲਿਖਿਆ, ਸਮਝਦਾਰ ਤੇ ਸੁਲਝਿਆ ਨਗਿੰਦਰ ਨਹੀਂ ਸੀ ਲਗਦਾ ਜਿਹੜਾ ਵੀਹ ਕੁ ਵਰ੍ਹੇ ਪਹਿਲਾਂ ਅੱਖਾਂ ਵਿੱਚ ਸੁਪਨੇ ਸਜਾਈ ਕੈਨੇਡਾ ਆਇਆ ਸੀ। ਜਿਹਨੇ ਭਰਵੀਂ ਮਿਹਨਤ ਤੇ ਲਗਨ ਸਦਕਾ ਇਕ ਖ਼ੁਸ਼ਹਾਲ ਪਰਿਵਾਰ ਸਿਰਜਿਆ ਸੀ। ਉਸਦਾ ਚੰਗੇ ਬੰਦਿਆਂ ਨਾਲ ਉੱਠਣ ਬਹਿਣ ਸੀ ਅਤੇ ਬਰਾਦਰੀ ਵਿਚ ਵੀ ਭਰਵਾਂ ਸਤਿਕਾਰ ਮਿਲਦਾ ਸੀ ਨਗਿੰਦਰ ਸਿੰਘ ਨੂੰ।

ਪਰ ਉਸ ਦਿਨ...... ਉਸ ਵੇਲੇ...... ਉਹ ਸਗਵੇਂ ਦਾ ਸਗਵਾਂ ਆਪਣੇ ਬਾਪ ਦੀ ਜਗ੍ਹਾ ਖੜ੍ਹਾ ਲਗਦਾ ਸੀ।

ਕੋਈ ਪੱਚੀ ਕੁ ਵਰ੍ਹੇ ਪਹਿਲਾਂ ਉਸਦੇ ਬਾਪ ਨੇ ਉਹਦੀ ਛੋਟੀ ਭੈਣ ਨੂੰ ਸਕੂਲੋਂ ਹਟਾ ਲਿਆ ਸੀ ਕਿਉਂਕਿ ਇਕ ਮੁੰਡਾ ਰੋਜ਼ ਉਸਦਾ ਪਿੱਛਾ ਕਰਦਾ ਸੀ। ਉਹ ਵਿਚਾਰੀ ਬਥੇਰਾ ਰੋਈ ਕਲਪੀ ਸੀ, "ਬਾਪੂ ਜੀ, ਮੇਰਾ ਕਸੂਰ ਤਾਂ ਦਸੋ, ਮੈਨੂੰ ਪੜ੍ਹਨੋਂ ਕਿਉਂ ਹਟਾਉਂਦੇ ਜੇ ? ਉਸ ਮੁੰਡੇ ਦੀਆਂ ਲੱਤਾਂ ਵੱਢੋ ਖਾਂ...... ਕਿਸੇ ਦੇ ਦੋਸ਼ ਦੀ ਸਜ਼ਾ ਮੈਨੂੰ ਨਾ ਦਿਉ...... ਬਾਪੂ ਜੀ, ਮੈਂ ਪੜ੍ਹਨਾ ਚਾਹੁੰਦੀ ਆਂ...... "

ਪਰ ਬਾਪੂ ਜੀ ਨੇ ਇਕ ਨਹੀਂ ਸੀ ਸੁਣੀ ਅਤੇ ਛੇ ਕੁ ਮਹੀਨਿਆਂ ਵਿਚ ਹੀ ਉਸਦਾ ਵਿਆਹ ਕਰ ਉਹਨੂੰ ਸਹੁਰੇ ਤੋਰ ਕੇ ਹੀ ਸਾਹ ਲਿਆ ਸੀ।

ਨਗਿੰਦਰ ਆਪ ਉਦੋਂ ਕਾਲਜ ਪੜ੍ਹਦਾ ਸੀ। ਆਹਰੇ ਬਾਹਰੇ ਦਾ ਵਾਕਫ਼ ਸੀ। ਉਸਨੂੰ ਪਤਾ ਸੀ ਮੁੰਡੇ ਕਿੰਜ ਜਾਣ ਬੁੱਝ ਕੇ ਕੁੜੀਆਂ ਪਿੱਛੇ ਜਾਂਦੇ ਨੇ...... ਰਿਮਾਰਕਸ ਦਿੰਦੇ ਨੇ......। ਉਹ ਖ਼ੁਦ ਵੀ ਤਾਂ ਕਦੇ ਕਦਾਈਂ ਯਾਰਾਂ ਬੇਲੀਆਂ ਨਾਲ ਰਲ ਅੱਖਾਂ ਤੱਤੀਆਂ ਕਰ ਲੈਂਦਾ ਸੀ।

ਪਰ...... ਆਪਣੀ ਭੈਣ ਦੇ ਹੱਕ ਵਿਚ ਉਹ ਇੱਕ ਲਫ਼ਜ਼ ਨਹੀਂ ਸੀ ਬੋਲਿਆ। ਸ਼ਾਇਦ ਆਪਣੇ ਬਾਪ ਦੇ ਦਬਦਬੇ ਕਾਰਨ ਜਾਂ ਫ਼ਿਰ ਫ਼ੋਕੀ ਹਉਮੈਂ, ਝੂਠੀ ਸ਼ਾਨ ਤੇ ਫ਼ੁਕਰੇਪਨ ਕਾਰਨ।

ਉਹ ਉਦੋਂ ਵੀ ਫ਼ੈਸਲਾ ਨਹੀਂ ਕਰ ਸਕਿਆ ਸੀ ਤੇ ਅੱਜ ਵੀ ਵਰ੍ਹਿਆਂ ਪੁਰਾਣੇ ਉਸੇ ਡਾਂਵਾਂਡੋਲ ਮਨ ਕਾਰਨ ਉਹ ਆਪਣੀ ਧੀ ਦੇ ਮੂਹਰੇ ਸੀ।

"ਡੈਡ...... ਉਹ ਮੇਰਾ ਜਮਾਤੀ ਏ......ਮੇਰਾ ਕਲਾਸ-ਮੇਟ...... ਹੀ ਇਜ਼ ਮਾਈ ਫ਼ਰੈਂਡ...... ਇਸਦੇ ਵਿਚ ਕੀ ਬੁਰਾਈ ਏ......" ਮਨੂੰ ਨੇ ਬੜੀ ਸਹਿਜਤਾ ਨਾਲ ਕਿਹਾ ਸੀ।



Academy of the Punjab in North America - APNA: http://www.apnaorg.com

"ਮੈਂ ਤੈਨੂੰ ਸਕੂਲ ਪੜ੍ਹਨ ਭੇਜਿਆ.....ਫ਼ਰੈਂਡ ਬਣਾਉਣ ਲਈ ਨਹੀਂ...... ਖਬਰਦਾਰ! ਜੇ ਮੁੜ ਕੇ ਉਸਦੇ ਨਾਲ ਤੁਰੀ ਫ਼ਿਰਦੀ ਤੈਨੂੰ ਕਿਸੇ ਨੇ ਵੇਖਿਆ...... ਜਾਨੋਂ ਮਾਰਦੂੰ ਮੈਂ...... ਸਮਝੀ ਤੂੰ...... ਮੈਨੂੰ ਇਜ਼ਤ ਪਿਆਰੀ ਆ, ਆਪਣੀ ਇੱਜ਼ਤ......" ਬਿਨਾਂ ਕੋਈ ਦਲੀਲ ਦਿੱਤਿਆਂ, ਬਿਨਾਂ ਕੋਈ ਦਲੀਲ ਸੁਣਿਆ, ਉਹ ਆਪਣਾ ਫ਼ੈਸਲਾ ਸੁਣਾ ਗੁੱਸੇ ਵਿੱਚ ਲਾਲ ਪੀਲਾ ਹੋਇਆ ਆਪਣੇ ਬੈੱਡਰੂਮ ਵਿਚ ਚਲਾ ਗਿਆ ਸੀ।

ਰਾਜਦੀਪ ਨੇ ਉਹਨੂੰ ਬੜੇ ਠਰ੍ਹਮੇਂ ਨਾਲ ਸਮਝਾਇਆ ਸੀ, "ਤੁਹਾਨੂੰ ਕੀ ਹੋ ਗਿਐ? ਚੰਗੇ ਭਲੇ ਸਮਝਦਾਰ ਓ। ਆਪਾਂ ਉਸ ਮੁਲਕ ਚ ਰਹਿਨੇ ਆਂ ਜਿੱਥੇ ਬਚਿੱਆਂ ਦੇ ਬੜੇ ਹੱਕ ਨੇ, ਨਾਲੇ ਇਹੋ ਜਿਹੀ ਦੋਸਤੀ ਤਾਂ ਇਥੋਂ ਦੀ ਸੋਸਾਇਟੀ ਵਿਚ ਆਮ ਜਿਹੀ ਗਲ ਏ।" "ਹੋਵੇਗੀ ਬਾਕੀ ਲੋਕਾਂ ਲਈ, ਮੇਰੇ ਘਰ 'ਚ ਨਈਂ ਇੰਜ ਹੋਣਾ" ਉਸਦਾ ਬੇਦਲੀਲਾ ਜਿਹਾ ਉੱਤਰ ਸੀ।

"ਕੁੜੀ ਨੂੰ ਪਿਆਰ ਨਾਲ ਸਮਝਾਓ, ਆਪਣਾ ਖ਼ੂਨ ਆ... ਮਨੂੰਗੀ ਕਿੰਵੇਂ ਨੀਂ... ਜੇ ਬਹੁਤਾ ਗੁੱਸਾ ਵਿਖਾਇਆਂ ਕੁੜੀ ਨੇ ਪੁਲਿਸ ਸੱਦ ਲਈ ਤਾਂ ਆਪਾਂ ਬੱਧੇ ਨਹੀਂ ਛੁੱਟਣਾ...ਫ਼ਿਰ ਕਿਹੜੀ ਨਮੋਸ਼ੀ ਘੱਟ ਹੋਊ" ਰਾਜਦੀਪ ਨੇ ਸਾਰੇ ਹਾਣ ਲਾਭ ਦਸਦਿਆਂ ਕਿਹਾ ਸੀ।

"ਮੈਨੂੰ ਨਹੀਂ ਕੁਝ ਵੀ ਪਤਾ... ਜਿਵੇਂ ਮਰਜ਼ੀ ਸਮਝਾ... ਬਸ ਕੁੜੀ ਨੂੰ ਸਮਝਾ ਲੈ... ਨਹੀਂ ਤਾਂ ਮੇਰੇ ਹੱਥੋਂ ਕੁਝ ਨਾ ਕੁਝ ਹੋ ਜਾਣੈ।" ਉਹ ਅੱਗ ਨਹੀਂ ਅੱਗ ਦੇ ਭਾਂਬੜ ਵਾਂਗ ਮੱਚਿਆ ਪਿਆ ਸੀ।

"ਖੁੱਲ੍ਹੇ ਡੁੱਲ੍ਹੇ ਵਾਤਾਵਰਣ ਵਿਚ ਪਲੀ, ਆਪਣੇ ਟੀਨਏਜਰਜ਼ ਦੇ ਕਾਨੂੰਨੀ ਹੱਕਾਂ ਤੋਂ ਜਾਣੂ ਮਨੂੰ ਆਪਣੇ ਬਾਪ ਦੀਆਂ ਮਾਣ-ਮਰਿਆਦਾ ਦੀਆਂ ਉਸਾਰੀਆਂ ਵਲਗਣਾਂ ਵਿੱਚ ਰਹਿਣ ਵਾਲੀ ਕਦ ਸੀ। ਨਾਲੇ ਜੇ ਦਲੀਲ ਨਾਲ ਤੇ ਪਿਆਰ ਨਾਲ ਉਸ ਨੂੰ ਸਮਝਾਇਆ ਜਾਂਦਾ ਤਾਂ ਨੌਬਤ ਸ਼ਾਇਦ ਇਥੋਂ ਤਕ ਨਾ ਆਉਂਦੀ।

ਨੈਤਿਕ ਕਦਰਾਂ ਕੀਮਤਾਂ ਸੰਬੰਧੀ ਆਪਣਾ ਨੁਕਤਾ-ਏ-ਨਜ਼ਰ ਕੋਈ ਇਕ ਦਿਨ ਵਿੱਚ ਘੋਟ ਕੇ ਪਿਆਉਣ ਵਾਲੀ ਚੀਜ਼ ਤਾਂ ਨਹੀਂ, ਇਹ ਤਾਂ ਹੌਲੀ ਹੌਲੀ, ਸਹਿਜ ਸਹਿਜ ਜਨਮ ਤੋਂ ਹੀ ਗੱਲੀਂ ਬਾਤੀਂ ਸਮਝਾਉਣ ਵਾਲਾ ਅਹਿਸਾਸ ਹੈ।

ਬੇਲੋੜੇ ਗੁੱਸੇ ਅਤੇ ਫ਼ਜ਼ੂਲ ਦੀਆਂ ਨਸੀਹਤਾਂ ਨੂੰ ਟਿੱਚ ਜਾਣ ਕੇ ਆਖ਼ਰ ਮਨੂੰ ਨੇ ਉਹ ਕਰ ਵਿਖਾਇਆ ਜਿਸਦਾ ਸਹਿੰਸਾ ਹਮੇਸ਼ਾ ਉਸਦੇ ਬਾਪ ਨਗਿੰਦਰ ਸਿੰਘ ਨੂੰ ਸੀ ਤੇ ਹੁਣ ਉਸਦੀ ਮੰਮੀ ਰਾਜਦੀਪ ਨੂੰ ਵੀ ਹੋਣ ਲਗ ਪਿਆ ਸੀ।

ਤੇ... ਇਕ ਦਿਨ ਮਨੂੰ ਆਪਣੇ ਦੋਸਤ ਐਡਵਰਡ ਨਾਲ ਰਹਿਣ ਲਈ ਘਰੋਂ ਚਲੀ ਗਈ...।"

ਵਕੀਲ ਬੜੇ ਵਿਸਥਾਰ ਨਾਲ ਸਾਰੀ ਕਹਾਣੀ ਜਿਊਰੀ ਸਾਹਮਣੇ ਬਿਆਨ ਕਰ ਰਿਹਾ ਸੀ।

'ਇਹ ਗਲ ਮਨੂੰ ਦੇ ਪਰਿਵਾਰ ਤੋਂ ਖ਼ਾਸ ਤੌਰ ਤੇ ਉਸ ਦੇ ਪਿਤਾ ਤੋਂ ਬਰਦਾਸ਼ਤ ਨਹੀਂ ਹੋਈ। ਉਸਨੇ ਇਕ ਪਲੈਨ ਬਣਾਈ। ਮਨੂੰ ਨੂੰ ਇਹ ਝਾਂਸਾ ਦਿੱਤਾ ਕਿ ਤੂੰ ਇੱਕ ਵਾਰ ਘਰ ਆ ਜਾ, ਫ਼ਿਰ ਅਸੀਂ ਤੇਰੀ ਸ਼ਾਦੀ ਵਿਧੀਵਤ ਢੰਗ ਨਾਲ ਐਡਵਰਡ ਨਾਲ ਕਰ ਦਿਆਂਗੇ।'

ਇਸ ਤਰ੍ਹਾਂ ਉਸਨੇ ਮਨੂੰ ਨੂੰ ਘਰ ਆਉਣ ਲਈ ਰਜ਼ਾਮੰਦ ਕਰ ਲਿਆ ਅਤੇ ਜਿਸ ਦਿਨ ਉਸਨੂੰ ਘਰ ਲਿਆਂਦਾ ਜਾ ਰਿਹਾ ਸੀ ਮਨੂੰ ਦੇ ਬਾਪ ਨਗਿੰਦਰ ਸਿੰਘ ਨੇ ਆਪਣੀ ਯੋਜਨਾ ਨੇਪਰੇ ਚਾੜ੍ਹ ਦਿੱਤੀ - ਉਸ ਕਾਰ ਵਿੱਚ ਹੀ ਮਨੂੰ ਤੇ ਤੇਜ਼ ਚਾਕੂ ਨਾਲ ਸਤਾਰ੍ਹਾਂ ਵਾਰ ਕੀਤੇ ਅਤੇ ਫ਼ਿਰ ਕਾਨੂੰਨ ਨੂੰ ਧੋਖਾ ਦੇਣ ਲਈ ਇਸ ਨੂੰ ਐਕਸੀਡੈਂਟ ਦਾ ਰੂਪ ਦੇਣ ਦਾ ਇੱਕ ਹੋਰ ਜੁਰਮ ਕੀਤਾ।



Academy of the Punjab in North America - APNA: http://www.apnaorg.com

ਨਗਿੰਦਰ ਸਿੰਘ ਆਪਣੀ ਸਤਾਰ੍ਹਾਂ ਵਰ੍ਹਿਆਂ ਦੀ ਧੀ ਦਾ ਬੇਰਹਿਮ ਕਾਤਲ ਹੈ। ਮਨੂੰ, ਜਿਸਨੇ ਅਜੇ ਜਿਊਣਾ ਸੀ, ਜ਼ਿੰਦਗੀ ਨੂੰ ਭਰਪੂਰ ਮਾਣਨਾ ਸੀ, ਉਸਨੂੰ ਉਸਦੇ ਅਜ਼ਾਦੀ ਨਾਲ ਜਿਊਣ ਦੇ ਹੱਕ ਤੋਂ ਮਹਿਰੂਮ ਕਰ ਕੇ ਮੌਤ ਦੇ ਹਨੇਰੇ ਖੂਹ 'ਚ ਧੱਕ ਦਿੱਤਾ।

'ਆਨਰੇਬਲ ਜਿਊਰੀ! ਕਾਤਲ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਗੁਜ਼ਾਰਿਸ਼ ਕੀਤੀ ਜਾਂਦੀ ਹੈ ਤਾਂ ਜੋ ਅੱਗੇ ਤੋਂ ਕੋਈ ਬਾਪ ਅਜਿਹਾ ਘਿਨਾਉਣਾ ਜੁਰਮ ਕਰਨ ਦੀ ਜੁਰੱਅਤ ਨਾ ਕਰੇ।'

ਹੇਠਲੀਆਂ ਕਚਹਿਰੀਆਂ ਵਾਂਗ ਇਸ ਉੱਚ-ਅਦਾਲਤ ਵਿੱਚ ਵੀ ਗਵਾਹਾਂ ਦੇ ਬਿਆਨ ਹੋਏ। ਪੁਲਿਸ ਨੇ ਸਬੂਤ ਪੇਸ਼ ਕੀਤੇ। ਵਕੀਲਾਂ ਨੇ ਜਿਰ੍ਹਾ ਕੀਤੀ।

ਨਗਿੰਦਰ ਸਿੰਘ ਤੋਂ ਵਕੀਲ ਨੇ ਕਈ ਸਵਾਲ ਪੁੱਛੇ, ਜਿਹਨਾਂ ਦੇ ਜੁਆਬ ਉਸ ਉਸੇ ਬੇਪਰਵਾਹੀ ਨਾਲ ਦਿੱਤੇ ਜਿਵੇਂ ਉਹ ਹੇਠਲੀਆਂ ਅਦਾਲਤਾਂ ਵਿੱਚ ਦਿੰਦਾ ਆਇਆ ਸੀ।

'ਤੂੰ ਆਪਣੀ ਬੇਟੀ ਨੂੰ ਪਿਆਰ ਕਰਦਾ ਸੀ?' ਵਕੀਲ ਨੇ ਇੰਟਰਪ੍ਰੈਟਰ ਰਾਹੀਂ ਪੁਛਿਆ ਸੀ।

"ਹਾਂ" ਉਸਦਾ ਇੱਕ-ਹਰਫ਼ਾ ਜੁਆਬ ਸੀ।

"ਕਿੰਨਾ ਕੁ ?"

"ਜਿੰਨਾ ਕੁ ਮਾਪੇ ਆਪਣੀਆਂ ਧੀਆਂ ਨੂੰ ਕਰਦੇ ਨੇ।"

"ਫ਼ਿਰ ਤੁਸਾਂ ਆਪਣੀ ਧੀ ਨੂੰ ਚਾਕੂ ਨਾਲ ਕਿਉਂ ਕੋਹਿਆ?" ਵਕੀਲ ਨੇ ਮੁੱਦੇ ਦੀ ਗਲ ਪੁੱਛੀ।

ਨਗਿੰਦਰ ਸਿੰਘ ਕੁਝ ਚਿਰ ਚੁੱਪ ਰਿਹਾ ਅਤੇ ਫ਼ਿਰ ਬੋਲਿਆ -

"ਮਾਣ-ਮਰਿਆਦਾ ਖ਼ਾਤਰ।"

ਜਿਊਰੀ ਇਸ ਦੋ ਹਰਫ਼ੇ ਸ਼ਬਦ ਵਿੱਚ ਉਲਝ ਕੇ ਰਹਿ ਗਈ। ਇੰਟਰਪ੍ਰੈਟਰ ਨੂੰ ਇੰਨਾ ਦੋ ਸ਼ਬਦਾਂ ਦੇ ਅਰਥ ਤੇ ਇੰਨਾ ਵਿੱਚ ਛੁੱਪੀ ਭਾਵਨਾ ਤੇ ਅਹਿਸਾਸ ਨੂੰ ਸਮਝਾਉਣ ਵਿਚ ਬੜੀ ਦਿਕੱਤ ਆ ਰਹੀ ਸੀ।

'ਆਨਰੇਬਲ ਜਿਊਰੀ, ਹੀ ਮੀਨਜ਼ ਟੂ ਸੇ, ਹੀ ਡਿਡ ਇੱਟ ਬਿਕਾਜ਼ ਆਫ਼ ਹਿਜ਼ ਪਰਾਈਡ-ਹਿਜ਼ ਆਨਰ ਐਂਡ ਸੋਸ਼ਲ ਬਾਈਂਡਿੰਗਜ਼।' ਇੰਟਰਪ੍ਰੈਟਰ ਨੇ ਸ਼ਬਦਾਂ ਨੂੰ ਕੇਵਲ ਟ੍ਰਾਂਸਲੇਟ ਹੀ ਕੀਤਾ।

ਜਿਊਰੀ ਇਸ ਗਲ ਨੂੰ ਸਮਝਣ ਤੋਂ ਹੀ ਅਸਮਰਥ ਸੀ ਕਿ,"ਵਾਇ ਏ ਡਾਟਰ ਇਜ਼ ਸਟੈਬਡ ਟੂ ਡੈੱਥ ਜਸਟ ਫ਼ਾਰ ਦਾ ਸੇਕ ਆਫ਼ ਹਿਜ਼ ਓਨ ਪਰਾਈਡ ਐਂਡ ਸੋਸ਼ਲ-ਬਾਈਂਡਿੰਗਜ਼।" ਉਸ ਇਸ ਦਲੀਲ ਨਾਲ ਸਹਿਮਤ ਤਾਂ ਕੀ ਹੋਣਾ ਸੀ।

ਸੋ ਪ੍ਰੋਵਿੰਸ ਦੀ ਸੁਪਰੀਮ ਕੋਰਟ ਨੇ ਪਹਿਲੀ ਸਜ਼ਾ ਬਰਕਰਾਰ ਰਖਦਿਆਂ ਫ਼ੈਸਲਾ ਸੁਣਾਇਆ...

"ਦੋਸ਼ੀ ਨਗਿੰਦਰ ਸਿੰਘ ਨੂੰ ਆਪਣੀ ਧੀ ਮਨੂੰ ਦੇ ਕਤਲ ਦਾ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ ਅਤੇ ਇਸ ਅਤਿ ਘਿਨਾਉਣੇ ਜੁਰਮ ਲਈ ਉਮਰ-ਕੈਦ ਦੀ ਸਜ਼ਾ ਸੁਣਾਈ ਜਾਂਦੀ ਹੈ। ਉਹ ਸੋਲਾਂ ਸਾਲ ਤਕ ਪੈਰੋਲ ਤੇ ਰਿਹਾਈ ਦੀ ਅਰਜ਼ੀ ਵੀ ਨਹੀਂ ਦੇ ਸਕੇਗਾ।"

ਨਗਿੰਦਰ ਸਿੰਘ ਸੁਪਰੀਮ-ਕੋਰਟ ਦਾ ਫ਼ੈਸਲਾ ਸੁਣ ਕੇ ਉਵੇਂ ਹੀ ਬੇਨਿਆਜ਼ ਰਿਹਾ ਜਿਵੇਂ ਹੇਠਲੀਆਂ ਅਦਾਲਤਾਂ ਦਾ ਫ਼ੈਸਲਾ ਸੁਣਕੇ ਹੁੰਦਾ ਸੀ - ਚੁੱਪ, ਅਹਿਲ ਤੇ ਭਾਵਹੀਣ - ਇੰਜ ਜਿੰਵੇਂ ਕੁਝ ਹੋਇਆ ਹੀ ਨਾ ਹੋਵੇ।

ਉਸ ਬਿਨਾ ਕਿਸੇ ਹੀਲ-ਹੁੱਜਤ ਦੇ ਆਪਣੇ ਆਪ ਨੂੰ ਜੇਲ੍ਹ ਦੀ ਕਾਲ ਕੋਠੜੀ ਦੇ ਹਨੇਰਿਆਂ ਦੇ ਹਵਾਲੇ ਕਰ ਦਿੱਤਾ...।



Academy of the Punjab in North America - APNA: http://www.apnaorg.com

ਇੱਕ ਬਿੰਦੂ ਵਲ ਇੱਕ ਟੱਕ ਵਿੰਹਦਿਆਂ ਉਸ ਦੀਆਂ ਅੱਖਾਂ ਧੁੰਧਲਾ ਜਿਹੀਆਂ ਗਈਆਂ। ਉਸ ਆਪਣੇ ਸੱਜੇ ਹੱਥ ਦੇ ਅੰਗੂਠੇ ਤੇ ਵਿਚਕਾਰਲੀ ਉਂਗਲ ਨਾਲ ਅੱਖ ਦੇ ਕੋਇਆਂ ਨੂੰ ਪੋਲਾ ਜਿਹਾ ਰਗੜਿਆ। ਅੱਖ ਦੇ ਇੱਕ ਕੋਨੇ 'ਚੋਂ ਰੋਸ਼ਨੀ ਦਾ ਇੱਕ ਪੀਲਾ ਬਿੰਦੂ ਹਨੇਰੇ ਵਿੱਚ ਟਟਹਿਣੇ ਵਾਂਗ ਚਮਕਿਆ ਜੋ ਹੌਲੀ ਹੌਲੀ ਫ਼ੈਲ ਕੇ ਇੱਕ ਨਿੱਕੀ ਜਿਹੀ ਬੱਚੀ ਦਾ ਰੂਪ ਧਾਰਨ ਕਰ ਕੇ ਉਸਦੀਆਂ ਹਨੇਰੀਆਂ ਅੱਖਾਂ ਸਾਹਮਣੇ ਆ ਖਲੋਤਾ।

ਉਹ ਤ੍ਰਭਕਿਆ। ਇਹ ਤਾਂ ਉਹਦੀ ਨਿੱਕੀ ਜਿਹੀ, ਗੋਭਲੀ ਜਿਹੀ, ਦੁੱਧ ਵਰਗੀ ਚਿੱਟੀ ਮਨੂੰ ਸੀ ਜਿਸਨੂੰ ਉਹ ਆਪਣੀ ਮੇਮ-ਧੀ ਆਖਦਾ ਹੁੰਦਾ ਸੀ...... ਉਹਦੀ ਕਰਮਾਂ ਵਾਲੀ ਧੀ! ਕਿਉਂਜੁ ਉਸਦੇ ਜਨਮ ਤੋਂ ਛੇਤੀ ਬਾਅਦ ਉਹਨਾਂ ਆਪਣਾ ਘਰ ਖ਼ਰੀਦ ਲਿਆ ਸੀ।

ਉਹਦੀਆਂ ਲੱਤਾਂ ਨਾਲ ਚੰਬੜੀ ਮਨੂੰ... ਕੰਮ ਤੋਂ ਥੱਕਿਆ ਆਉਂਦਾ ਤਾਂ ਉਸਨੂੰ ਗੋਦੀ ਵਿਚ ਚੁੱਕ ਕੇ ਸਾਰੀ ਥਕਾਵਟ ਲਹਿ ਜਾਂਦੀ। ਨਿੱਕੀਆਂ ਨਿੱਕੀਆਂ ਦੰਦੀਆਂ ਕੱਢ ਕੇ ਹੱਸਦੀ ਮਨੂੰ... ਹਰ ਇੱਕ ਦਾ ਮਨ ਮੋਹ ਲੈਂਦੀ ਮਨੂੰ... ਸੁਹਣੀ ਸੁਣੱਖੀ ਲ਼ਗਰ ਵਰਗੀ ਮੁਟਿਆਰ ਮਨੂੰ... ਜਿਸਦੀਆਂ ਅੱਖਾਂ ਡੂੰਘੇ ਪਾਣੀ ਵਾਂਗ ਨੀਲੀ ਭਾਅ ਮਾਰਦੀਆਂ।

ਇਸ ਹਨੇਰੇ ਵਿੱਚ ਵੀ ਨਗਿੰਦਰ ਸਿੰਘ ਦੇ ਚਿਹਰੇ ਦੇ ਬਦਲਦੇ ਹਾਵ ਭਾਵ ਪ੍ਰਤੱਖ ਸਨ। ਉਸਦਾ ਚਿਹਰਾ ਕਸਿੱਆ ਗਿਆ। ਮਨੂੰ ਦੀਆਂ ਡਰੀਆਂ ਡਿੰਬਰੀਆਂ ਅੱਖਾਂ-

"ਡੈਡ...ਨੋ...ਨੋ...ਡੈਡ...ਤੁਸੀਂ ਕੀ ਕਰ ਰਹੇ ਹੋ ਡੈਡ..."

ਮਨੂੰ ਦੀਆਂ ਤਰਲਾਂ ਲੈਂਦੀਆਂ ਅੱਖਾਂ...

"ਡੈਡ... ਡੋਂਟ ਕਿਲ ਮੀ, ਡੈਡ... ਆਈ ਵਾਂਟ ਟੂ ਲਿਵ... ਮੈਂ ਜਿਊਣਾ ਚਾਹੁੰਦੀ ਆਂ...ਡੈਡ..."

ਪੀੜ ਨਾਲ ਤੜਫ਼ਦੀ... ਪੀੜ ਨਾਲ ਦੂਹਰੀ ਹੁੰਦੀ ਮਨੂੰ ਦੀਆਂ ਮਿਚੱਦੀਆਂ ਅੱਖਾਂ...

"ਡੈਡ... ਯੂ... ਡਿਸੀਵਡ... ਮੀ ... ਤੁਸੀ... ਮੈਨੂੰ...ਧੋਖਾ... ਦਿੱ... ਤਾ... ਡੈ... ਡ..."

ਨਗਿੰਦਰ ਸਿੰਘ ਨੇ ਹਨੇਰੇ ਵਿੱਚ ਇੱਧਰ ਉੱਧਰ ਹੱਥ ਹਿਲਾਏ, ਜਿੰਵੇਂ ਕੁਝ ਫ਼ੜ ਰਿਹਾ ਹੋਏ।

"ਮਨੂੰ...ਮਨੂੰ...ਤੈਨੂੰ ਇੰਜ ਨਹੀਂ ਸੀ ਕਰਨਾ ਚਾਹੀਦਾ...ਤੂੰ ਮੇਰੀ ਲਾਡੋ ਧੀ ਸੀ...ਮੈਂ ਤੈਨੂੰ ਕਿਨ੍ਹਾਂ ਪਿਆਰ ਕਰਦਾ ਸੀ...। ਮਨੂੰ... ਮੈਂ ਨਹੀਂ... ਤੂੰ ਮੈਨੂੰ ਧੋਖਾ ਦਿੱਤਾ... ਤੂੰ ਮੇਰਾ ਵਿਸ਼ਵਾਸ ਤੋੜਿਆ... ਮੈਂ ਤੈਨੂੰ ਕਿਹਾ ਸੀ ਮੈਂ ਰਾਣੀਆਂ ਵਾਂਗ ਤੇਰੀ ਸ਼ਾਦੀ ਕਰਾਂਗਾ... ਆਪਣੇ ਪਰਿਵਾਰ 'ਚ ਆਪਣੀ ਬਰਾਦਰੀ 'ਚ... ਮਾਣ ਨਾਲ, ਸ਼ਾਨ ਨਾਲ, ਸਿਰ ਉੱਚਾ ਕਰਕੇ ਤੋਰਨਾ ਸੀ ਮੈਂ ਤੈਨੂੰ...

ਮਨੂੰ ਮੈਂ ਤੈਨੂੰ ਮਾਰਨਾ ਨਹੀਂ ਸੀ ਚਾਹੁੰਦਾ...ਕਦੇ ਵੀ ਨਹੀਂ ਸੀ ਚਾਹੁੰਦਾ...ਕਦੇ ਵੀ ਨਹੀਂ...ਪਰ ਤੂੰ ਮਾਣ-ਮਰਿਆਦਾ ਨੂੰ ਪੈਰਾਂ ਵਿੱਚ ਰੋਲ ਦਿੱਤਾ...ਤੂੰ ਮੇਰੀਆਂ ਰੀਝਾਂ ਦਾ ਕਤਲ ਕੀਤਾ...ਮਨੂੰ... ਮੈਂ ਤੈਨੂੰ ਕਤਲ ਕਰ ਦਿੱਤਾ ਮਨੂੰ...ਮੈਂ ਆਪਣੀ ਬੱਚੀ ਨੂੰ ਕਤਲ ਕਰ ਦਿੱਤਾ...ਮੇਰੀ ਮਨੂੰ... ਮੇਰੀ...ਧੀ ਮਨੂੰ...।"

ਤੇ...ਉਹ ਮੂਧੇ ਮੂੰਹ ਕੋਠੜੀ ਦੇ ਫ਼ਰਸ਼ ਤੇ ਡਿੱਗ ਪਿਆ।

ਉੱਧਰ ਕਚਹਿਰੀ ਤੋਂ ਰਾਜਦੀਪ ਪਤਾ ਨਹੀਂ ਕਿਹੜੇ ਹਾਲੀਂ ਘਰ ਪਹੁੰਚੀ ਸੀ। ਉਸਦੀ ਤਾਂ ਦੁਨੀਆਂ ਹੀ ਉਜੱੜ ਗਈ ਸੀ।

ਕਟਹਿਰੇ 'ਚ ਖੜਾ ਬੇਪਛਾਣ ਹੋਇਆ ਨਗਿੰਦਰ ਉਹਨੂੰ ਆਪਣਾ ਪਤੀ ਨਹੀਂ ਸੀ ਲੱਗਾ। ਕਿੱਥੇ ਉਹ ਸੂਟਿਡ-ਬੂਟਿਡ ਬਣਿਆ ਫ਼ਬਿੱਆ ਬਾਂਕਾ ਨੌਜਵਾਨ ਜਿਹੜਾ ਉਸਦੇ ਨਾਲ ਲਾਂਵਾਂ ਲੈ ਉਹਨੂੰ



Academy of the Punjab in North America - APNA: http://www.apnaorg.com

ਆਪਣੀ ਜੀਵਨ-ਸੰਗਨੀ ਬਣਾ ਕੇ ਲਿਆਇਆ ਸੀ। ਉਹ ਫ਼ੁੱਲੀ ਨਹੀਂ ਸੀ ਸਮਾਉਂਦੀ। ਕੈਨੇਡਾ ਜਾਣ ਦਾ ਚਾਅ ਕਿਤੇ ਉਸਦੇ ਕੋਲੋਂ ਚੁੱਕਿਆ ਜਾਂਦਾ ਸੀ!

ਕੈਨੇਡਾ ਆਕੇ ਬੇਸ਼ਕ ਹੱਡ-ਭੰਨਵੀਂ ਕਮਾਈ ਕੀਤੀ, ਪਰ ਜ਼ਿੰਦਗੀ ਰਵਾਂ ਚਲਦੀ ਰਹੀ ਇੰਜ ਜਿਵੇ ਠੰਡੀ ਕੂਲ੍ਹ ਦਾ ਇਕਸਾਰ ਰੁਮਕ ਰੁਮਕ ਵਗਦਾ ਪਾਣੀ। ਮੌਕਾ ਬੇਮੌਕਾ ਉਤਾਰ ਚੜ੍ਹਾਅ ਆਉਂਦੇ ਰਹੇ ਪਰ ਕਦੇ ਵੀ ਕਸ਼ਮਕਸ਼ ਉਹਨਾਂ ਤੇ ਹਾਵੀ ਨਹੀਂ ਸੀ ਹੋਈ। ਵੱਡੀ ਮਨੂੰ ਤੋਂ ਬਾਅਦ ਰੱਬ ਨੇ ਉਹਨਾਂ ਨੂੰ ਪੁੱਤਰ ਦੀ ਦਾਤ ਬਖਸ਼ੀ ਤੇ ਫ਼ਿਰ ਉਸ ਤੋਂ ਛੋਟੀ ਸੋਨੂੰ ਹੋਈ। ਪੜ੍ਹੇ ਲਿੱਖੇ ਮਾਪਿਆਂ ਦੇ ਲਾਇਕ ਬੱਚੇ! ਬਚਿੱਆਂ ਦੀਆਂ ਲੋੜਾਂ ਜੋਗਾ ਵਾਹਿਗੁਰੂ ਦਾ ਦਿੱਤਾ ਸਭ ਕੁਝ।

"ਪਰ... ਆਹ ਕੀ ਭਾਣਾ ਵਾਪਰ ਗਿਆ ਮੇਰੇ ਰੱਬਾ......।" ਬੈੱਡ ਤੇ ਮੂਧੇ ਮੂੰਹ ਪਈ ਰਾਜਦੀਪ ਦੇ ਰੁੰਧੇ ਗਲੇ ਚੋਂ ਟੁੱਕੜੇ ਟੁੱਕੜੇ ਲਫ਼ਜ਼ ਬਾਹਰ ਨਿਕਲੇ।

"ਮਨੂੰ... ਮੈਂ... ਤੈਨੂੰ... ਕਿੰਨਾ... ਵਰਜਿਆ ਸੀ... ਤੂੰ ਮੇਰੀ... ਇੱਕ ਨਾ... ਸੁਣੀ...।"

"ਮਾਮਾ, ਤੁਸੀਂ ਕੈਨੇਡਾ ਵਿੱਚ ਰਹਿ ਕੇ ਵੀ ਅਜੇ ਇੰਡਿਆ ਈ ਤੁਰੇ ਫ਼ਿਰਦੇ ਓ... ਅਸੀਂ ਜਿੱਥੇ ਆਂ ਉਥੋਂ ਦੇ ਹਿਸਾਬ ਨਾਲ ਵੀ ਤਾਂ ਚਲਣਾ ਏ ਨਾ... ਸਾਰਿਆਂ ਦੇ ਫ਼ਰੈਂਡ ਨੇ, ਮੇਰਾ ਵੀ ਇਕ ਫ਼ਰੈਂਡ ਏ... ਇਹ ਕਿਹੜੀ ਅਲੋਕਾਰੀ ਗਲ ਏ..." ਮਨੂੰ ਤੂੰ ਮੈਨੂੰ ਇੰਜ ਕਹਿ ਕੇ ਚੁੱਪ ਕਰਾ ਦਿੰਦੀ ਸੀ।

"ਬੇਟੇ ਇੱਥੇ ਵਣ ਵਣ ਦੀ ਲਕੜੀ ਏ। ਹਰ ਇੱਕ ਕਮਿਊਨਿਟੀ ਦੀ ਆਪੋ ਆਪਣੀ ਕੁਝ ਮਾਣ-ਮਰਿਆਦਾ, ਕੁਝ ਬੰਦਿਸ਼ਾਂ, ਕੁਝ ਤੌਰ ਤਰੀਕੇ ਹੁੰਦੇ ਆ। ਆਪਣੀ ਕੌਮ 'ਚ ਇੰਜ ਵਿਆਹ ਤੋਂ ਪਹਿਲਾਂ ਮੁੰਡਿਆਂ ਕੁੜੀਆਂ ਦੀਆਂ ਦੋਸਤੀਆਂ ਨੂੰ ਪ੍ਰਵਾਨ ਨਹੀਂ ਕਰਦੇ। ਮੇਰੀ ਬੀਬੀ ਧੀ, ਤੂੰ ਐਡਵਰਡ ਨਾਲੋਂ ਦੋਸਤੀ ਦਾ ਸੰਬੰਧ ਤੋੜ ਲੈ। ਉਹ ਤੇਰਾ ਕਲਾਸ-ਮੇਟ ਏ, ਬਸ ਇਥੋਂ ਤਕ ਠੀਕ ਏ। ਮੈਂ ਤੈਨੂੰ ਕਿੰਨਾ ਸਮਝਾਇਆ ਸੀ।

ਮਨੂੰ... ਪਰ ਤੂੰ ਮਨ ਮਰਜ਼ੀ ਕੀਤੀ, ਤੇ ਤੂੰ...ਸਦਾ ਲਈ ਚਲੀ ਗਈ...... ਤੇ... ਤੇਰੇ ਡੈਡ... ਮੇਰੇ ਤੋਂ ਜਿਉਂਦੇ ਜੀਅ ਜੁਦਾ ਹੋ ਗਏ..."

"ਡਰੇ ਸਹਿਮੇ ਤੇਰੇ ਛੋਟੇ ਭੈਣ ਭਰਾ, ਬਰਾਦਰੀ ਦੇ ਲੋਕਾਂ ਦੀਆਂ ਪਾੜਵੀਆਂ ਨਿਗਾਹਾਂ, ਕਮਿਊਨਿਟੀ ਦੀ ਬਹਿਸਾ ਬਹਿਸੀ, ਤਰ੍ਹਾਂ ਤਰ੍ਹਾਂ ਦੀਆਂ ਗੱਲਾਂ, ਤਰ੍ਹਾਂ ਤਰ੍ਹਾਂ ਦੇ ਮਸ਼ਵਰੇ...।

ਮਨੂੰ...ਤੂੰ ਤਾਂ ਮਰ ਕੇ ਛੁੱਟਗੀ...ਤੇਰਾ ਬਾਪ ਜੇਲ੍ਹ ਦੀ ਕੋਠੜੀ 'ਚ ਜਾ ਬੈਠਾ...ਮੈਂ...ਮੈਂ ਕੀ ਕਰਾਂ...ਕੀਹਨੂੰ ਕੀਹਨੂੰ ਜੁਆਬ ਦੇਵਾਂ......ਕੀ ਜੁਆਬ ਦੇਵਾਂ... ਮੈਂ ਕਿੱਥੇ ਚਲੀ ਜਾਵਾਂ...?

ਮਨੂੰ... ਤੂੰ ਮੇਰੇ ਦੁੱਧ ਨੂੰ ਲਾਜ ਲਾ ਗਈ...।"

"ਤੇ...ਤੁਸੀਂ... ਤੁਸੀਂ ਮੈਨੂੰ ਜੀਵਨ ਸਾਥਣ ਬਣਾ ਕੇ ਲਿਆਏ ਸੀ... ਇਹ ਭਾਣਾ ਵਰਤਾਉਣ ਲਗਿਆਂ ਤੁਹਾਨੂੰ ਮੇਰਾ ਰਤੀ ਖ਼ਿਆਲ ਨਾ ਆਇਆ... ਆਪਣੇ ਲਾਟੀ ਦਾ ਆਪਣੀ ਸੋਨੂੰ ਦਾ ਚੇਤਾ ਨਾ ਆਇਆ...? "

ਮਨੂੰ ਮੇਰੇ ਕਾਲਜੇ ਦਾ ਟੁੱਕੜਾ...! ਮੇਰੇ ਜਿਸਮ ਦਾ ਹਿੱਸਾ ...!! ਮਨੂੰ... ਮੇਰੀ ਧੀ...!!!

ਰਾਜਦੀਪ ਦੀ ਹਿੱਕ 'ਚੋਂ ਇੱਕ ਹਉਕਾ ਨਿੱਕਲ ਪੂਰੇ ਘਰ ਵਿੱਚ ਸੋਗ ਵਾਂਗ ਪਸਰ ਮਨੂੰ ਦੇ ਕਮਰੇ ਦੀਆਂ ਦਲ੍ਹੀਜ਼ਾਂ ਟੱਪ ਕਮਰੇ ਦੇ ਅੱਧ ਵਿਚਕਾਰ ਜੜ੍ਹ ਹੋ ਗਿਆ...।

□



Academy of the Punjab in North America - APNA: http://www.apnaorg.com



# ਪੰਡਤ ਦਾ ਨਿਕਾਹ

## ਬੀ· ਐੱਸ· ਬੀਰ

ਅਪ੍ਰੈਲ ਮਹੀਨੇ ਦੀ ਸਵੇਰ। ਦਿਨ ਐਤਵਾਰ ਤੇ ਸਮਾਂ ਹੋਣੈ ਸੱਤ ਕੁ ਵਜੇ ਦਾ। ਸਾਰਾ ਪਰਿਵਾਰ ਸੁਸਤਾਉਣ ਦੇ ਮੂਡ ਵਿਚ ਸੀ ਤੇ ਮੈਂ ਬਿਸਤਰ 'ਤੇ ਬੈਠ ਬੈੱਡ ਦੀ ਪਿੱਠ ਨਾਲ ਢੋਅ ਲਾਈ, ਚਾਹ ਦੀਆਂ ਚੁਸਕੀਆਂ ਲੈ ਰਿਹਾ ਸਾਂ ਤੇ ਨਾਲ ਹੀ ਅਖ਼ਬਾਰ ਪੜ੍ਹ ਰਿਹਾ ਸਾਂ। ਪਤਨੀ ਚਾਹ ਬਣਾ ਕੇ ਮੁੜ ਲੇਟ ਗਈ ਸੀ। ਮੇਰੇ ਦੋਵੇਂ ਲੜਕੇ ਦੂਜੇ ਕਮਰੇ ਵਿਚ ਸੌਂ ਰਹੇ ਸਨ ਤੇ ਮੇਰੀ ਸੱਤ ਸਾਲ ਦੀ ਬੇਟੀ ਆਪਣੀ ਦਾਦੀ ਦੇ ਕਮਰੇ ਵਿਚ ਸੁੱਤੀ ਹੋਈ ਸੀ। ਮੇਰੇ ਮਾਤਾ ਜੀ ਅਕਸਰ ਚਾਰ ਵਜੇ ਉਠ ਜਾਂਦੇ ਹਨ ਤੇ ਸੁਚ-ਪਾਣੀ ਤੋਂ ਵਿਹਲੇ ਹੋ, ਪੰਜ ਇਸ਼ਨਾਨਾ ਕਰ, ਪਾਠ ਕਰਨ ਲਗ ਜਾਂਦੇ ਹਨ ਤੇ ਛੇ ਕੁ ਵਜੇ ਉਹ ਇਸ਼ਨਾਨ ਕਰਦੇ ਹਨ ਤਾਂ ਜੋ ਉਨ੍ਹਾਂ ਦਾ ਸਵਖ਼ਤੇ ਉਠਣਾ ਸਾਡੇ ਆਰਾਮ ਵਿਚ ਖ਼ਲਲ ਨਾ ਪਾਵੇ। ਚਾਹ ਉਹ ਸਾਢੇ ਕੁ ਛੇ ਵਜੇ ਪੀਂਦੇ ਹਨ ਤੇ ਪੋਲੇ ਪੈਰੀਂ ਸਾਡੇ ਕਮਰੇ ਕੋਲ ਖਲੋ, ਸਹਿਜ-ਰੂਪ, ਹੌਲੀ ਜਿਹੀ ਪੁੱਛਣਗੇ- "ਜੱਗੀ ਪੁੱਤਰ, ਜੇ ਚਾਹ ਪੀਣੀ ਏਂ, ਬਣਾ ਲਾਂ? ਸਤਵੰਤ ਧੀਏ ਤੂੰ ਵੀ ਪੀਏਂਗੀ?"

ਮੇਰੀ ਪਤਨੀ ਦਾ ਨਾਂ ਸਤਵੰਤ ਹੈ। ਅਜ ਬੀਜੀ ਦੀ ਤਬੀਅਤ ਕੁਝ ਵਲ ਨਹੀਂ ਹੋਣੀ, ਇਸ ਲਈ ਸਤਵੰਤ ਨੇ ਬੀਜੀ ਅਤੇ ਮੇਰੇ ਲਈ ਚਾਹ ਬਣਾਈ ਤੇ ਆਪ ਉਹ ਚੁਅਰਕਾ ਲੈ ਕੇ ਮੁੜ ਲੰਮੀ ਪੈ ਗਈ ਸੀ। ਚੁਅਰਕਾ ਉਹ ਉਦੋਂ ਲੈਂਦੀ ਹੈ ਜਦੋਂ ਪੇਟ 'ਚ ਦਰਦ ਜਾਂ ਵਟ ਪੈ ਰਿਹਾ ਹੋਵੇ।

ਅਚਾਨਕ ਬੈੱਲ ਵੱਜੀ। ਅਖ਼ਬਾਰ ਪਰੇ ਰਖ, ਮੈਂ ਬਾਹਰ ਗਿਆ ਕਿ ਵੇਖਾਂ ਕੌਣ ਹੈ। ਦਰਵਾਜ਼ਾ ਖੋਲ੍ਹਿਆ ਤਾਂ ਇਕ ਬਜ਼ੁਰਗ ਔਰਤ ਬੀਜੀ ਦੀ ਉਮਰ ਦੀ ਤੇ ਨਾਲ ਇਕ ਖਿੰਡੀ-ਪੁੰਡੀ ਦਾੜ੍ਹੀ ਵਾਲਾ ਅਧਖੜ੍ਹ ਉਮਰ ਦਾ ਵਿਅਕਤੀ ਖੜਾ ਸੀ ਜਿਸ ਨੇ ਸਿਰ ਤੇ ਪੱਗ ਵਲੇਟੀ ਹੋਈ ਸੀ ਤੇ ਸੱਜੀ ਕੱਛ 'ਚ ਬਿਸਾਖੀ ਦਾ ਸਹਾਰਾ ਲਿਆ ਹੋਇਆ ਸੀ। ਮੈਂ ਪੁੱਛਿਆ-

"ਦਸੋ?"

"ਨਾਮੋ ਭੈਣ ਜੀ ਹੈਗੇ?" ਬਾਹਰ ਖੜੀ ਔਰਤ ਨੇ ਸਿਰ ਦਾ ਦੁਪੱਟਾ ਮੱਥੇ ਤਕ ਲਿਆਂਦਿਆਂ ਕਿਹਾ।

"ਹਾਂ, ਪਰ ਅਜ ਉਹ ਢਿੱਲੇ-ਮੱਠੇ ਨੇ। ਤੁਸੀਂ ਕੌਣ?"

"ਮੈਂ ਨੂਰਾਂ···· ਤੇ ਇਹ ਮੇਰਾ ਪੁੱਤਰ ਲਛਮਣ", ਉਸ ਨੇ ਕੁਝ ਮੁਸਕਰਾਉਣ ਦਾ ਯਤਨ ਕੀਤਾ।



Academy of the Punjab in North America - APNA: http://www.apnaorg.com

"ਅੰਦਰ ਲੰਘ ਆਓ।" ਉਨ੍ਹਾਂ ਨੂੰ ਬਰਾਂਡੇ 'ਚ ਬਿਠਾ, ਮੈਂ ਅੰਦਰ ਗਿਆ ਤੇ ਕਿਹਾ-

"ਬੀਜੀ! ਕੋਈ ਨੂਰਾਂ ਤੁਹਾਨੂੰ ਪੁੱਛਦੀ ਏ।"

"ਨੂਰਾਂ ...?...?...? ਅੱਛਾ..... ਨੂਰਾਂ!" ਬੀਜੀ ਨੇ ਪਹਿਲਾਂ ਦਿਮਾਗ਼ 'ਤੇ ਜ਼ੋਰ ਪਾਇਆ ਤੇ ਫ਼ਿਰ ਉਨ੍ਹਾਂ ਨੂੰ ਕੁਝ ਯਾਦ ਜਿਹਾ ਆ ਗਿਆ।

"ਨੂਰਾਂ ਮਰਜਾਣੀ, ਅਜ ਕਿਥੋਂ ਸਿਵਿਆਂ 'ਚੋਂ ਉੱਠ ਕੇ ਆ ਗੀ! ਜੱਗੀ ਪੁੱਤ, ਉਨ੍ਹਾਂ ਨੂੰ ਅੰਦਰ ਬਿਠਾ ਲੈ।"

"ਉਹ ਬਰਾਂਡੇ 'ਚ ਬੈਠੇ ਨੇ...." ਮੈਂ ਕਿਹਾ।

ਬੀਜੀ ਨੂੰ ਚਾਅ ਜਿਹਾ ਚੜ੍ਹ ਗਿਆ। ਕੁਝ ਚਿਰ ਲਈ ਉਹ ਆਪਣੀ ਬਿਮਾਰੀ ਵੀ ਭੁਲ ਗਏ। ਬਿਸਤਰ 'ਚੋਂ ਨਿਕਲ, ਥੋੜ੍ਹਾ ਆਪਣੇ ਆਪ ਨੂੰ ਸੰਵਾਰਿਆ। ਦੁਪੱਟੇ ਦੇ ਉੱਪਰ ਸ਼ਾਲ ਵੀ ਲੈ ਲਈ। ਮੈਂ ਉਨ੍ਹਾਂ ਦੇ ਨਾਲ ਬਰਾਂਡੇ ਤਕ ਗਿਆ। ਨੂਰਾਂ ਨੇ ਹੱਥ ਜੋੜੇ ਤੇ ਪੈਰੀਂ-ਪੈਣਾ ਕਰਨ ਲਗੀ।

"ਨੂਰਾਂ, ਨਾ, ਇਹ ਪਾਪ ਨਾ ਕਰ! ਤੂੰ ਤਾਂ ਮੇਰੀ ਭੈਣ ਏਂ", ਬੀਜੀ ਨੇ ਕਿਹਾ ਤੇ ਇਕ ਅਣ-ਬਿਆਨਿਆ ਚਾਅ ਦੋਹਾਂ ਦੇ ਚਿਹਰਿਆਂ 'ਤੇ ਖਿਲਰ ਗਿਆ ਸੀ। ਦੋਹਾਂ ਨੇ ਇਕ ਦੂਜੇ ਨੂੰ ਗਲਵਕੜੀ 'ਚ ਲੈ ਲਿਆ। ਕਾਫ਼ੀ ਚਿਰ ਦੋਵੇਂ ਗਲਵਕੜੀ ਪਾਈ ਪੱਥਰ ਦੇ ਬੁੱਤ ਮਾਫ਼ਕ ਖੜੀਆਂ ਰਹੀਆਂ। ਬੈਠਣ-ਬਿਠਾਉਣ ਮਗਰੋਂ ਬੀਜੀ ਨੇ ਪੁਛਿਆ।

"ਇਹ ਭਾਈ ਕੌਣ ਏ?"

"ਲੱਛੂ.... ਆਪਣਾ ਲਛਮਣ," ਨੂਰਾਂ ਨੇ ਕਿਹਾ ਤੇ ਲਛਮਣ ਨੇ ਖੱਬੇ ਹੱਥ ਨੂੰ ਬੀਜੀ ਦੇ ਪੈਰਾਂ ਵਲ ਝੁਕਾਇਆ ਕਿਉਂਕਿ ਸੱਜੇ ਪਾਸੇ ਉਸ ਨੇ ਬਿਸਾਖੀ ਦਾ ਸਹਾਰਾ ਲਿਆ ਹੋਇਆ ਸੀ।

"ਰਾਜੀ ਬਾਜੀ ਏਂ, ਲਛਮਣ?", ਬੀਜੀ ਨੇ ਉਸਦੀ ਪਿੱਠ ਪਲੋਸੀ।

"ਠੀਕ ਆਂ... ਬੀਜੀ... ਰੱਬ ਦੀਆਂ ਮਿਹਰਾਂ ਨੇ। ਜੋ ਸਮਾਂ ਲੰਘ ਜਾਏ, ਵਾਹ ਵਾਹ!" ਲਛਮਣ ਨੇ ਖੜੇ-ਖੜੇ ਕਿਹਾ ਤੇ ਮੈਂ ਉਸ ਨੂੰ ਨਾਲ ਪਏ ਮੂੜੇ ਤੇ ਬੈਠਣ ਦਾ ਇਸ਼ਾਰਾ ਕੀਤਾ।

ਉਨ੍ਹਾਂ ਨੂੰ ਬਿਠਾ ਕੇ, ਮੈਂ ਸਤਵੰਤ ਨੂੰ ਕਿਹਾ, "ਅਜ ਬਹਾਦਰ ਤਾਂ ਹੈ ਨੀ... ਬੀਜੀ ਦੀ ਕੋਈ ਬਹੁਤ ਪੁਰਾਣੀ ਸਹੇਲੀ ਆਈ ਏ, ਨਾਲ ਉਸ ਦਾ ਮੁੰਡਾ ਵੀ। ਚਾਹ ਦੀਆਂ ਦੋ ਪਿਆਲੀਆਂ ਬਣਾ ਦੇ।"

ਸਤਵੰਤ ਬਾਹਰ ਚਲੀ ਗਈ ਤੇ ਮੈਂ ਅਖ਼ਬਾਰ 'ਚ ਮੁੜ ਗਵਾਚ ਗਿਆ। ਪਰ ਮੈਨੂੰ ਕੁਝ-ਕੁਝ ਗੱਲਾਂ ਉਨ੍ਹਾਂ ਦੀਆਂ ਸੁਣ ਰਹੀਆਂ ਸਨ। ਦੋਹਾਂ ਦੀਆਂ ਗੱਲਾਂ 'ਚ ਅੰਤਾਂ ਦਾ ਮੋਹ ਤੇ ਅਪਣੱਤ ਝਲਕ ਰਹੀ ਸੀ।

ਚਾਹ ਪੀਣ ਮਗਰੋਂ ਲੱਛੂ ਉੱਥੇ ਬੈਠਾ ਰਿਹਾ ਤੇ ਬੀਜੀ ਬਹੁਤਾ ਚਿਰ ਬੈਠਣ 'ਚ ਤਕਲੀਫ਼ ਮਹਿਸੂਸ ਕਰ ਰਹੇ ਸਨ, ਇਸ ਲਈ ਨੂਰਾਂ ਨੂੰ ਆਪਣੇ ਕਮਰੇ ਵਿਚ ਹੀ ਲੈ ਗਏ।

ਦੋਹੇਂ ਬੇਟਿਆਂ ਨੇ ਸਕੂਲ ਦੀ ਪਿਕਨਿਕ 'ਤੇ ਜਾਣਾ ਸੀ। ਸਤਵੰਤ ਨੇ ਨਾਸ਼ਤਾ ਤਿਆਰ ਕਰ, ਦੋਹਾਂ ਨੂੰ ਖੁਵਾ ਤੋਰਿਆ ਤੇ ਪਿਕਨਿਕ ਲਈ ਆਲੂ ਦੇ ਪਰੌਂਠਿਆਂ ਦਾ ਟਿਫ਼ਨ ਭਰ ਕੇ ਦੇ ਦਿੱਤਾ। ਬੀਜੀ ਤੇ ਨੂਰਾਂ ਨੂੰ ਨਾਸ਼ਤਾ ਅੰਦਰ ਦੇ ਦਿੱਤਾ ਗਿਆ ਤੇ ਲਛਮਣ ਨੂੰ ਬਰਾਂਡੇ ਵਿਚ ਹੀ। ਲਛਮਣ ਆਪਣੇ ਜੂਠੇ ਭਾਂਡੇ ਸ਼ੈਂਕ 'ਚ ਜਦੋਂ ਆਪ ਧੋਣ ਲੱਗਾ ਤਾਂ ਸਤਵੰਤ ਨੇ ਰੋਕ ਦਿੱਤਾ ਤੇ ਕਿਹਾ, "ਰਹਿਣ ਦੇ ਭਾਈ, ਜਿਥੇ ਸਾਡੇ ਆਲੇ ਸਾਫ਼ ਹੋਣਗੇ, ਉੱਥੇ ਤੇਰੇ ਵੀ ਹੋ ਜਾਣੇ ਨੇ।"



Academy of the Punjab in North America - APNA: http://www.apnaorg.com

ਇਹ ਸੁਣ ਕੇ ਲਛਮਣ ਦੀਆਂ ਅੱਖਾਂ ਪਿਆਰ, ਸਤਿਕਾਰ ਤੇ ਅਪਣੱਤ ਦੀ ਚਮਕ ਨਾਲ ਲਿਸ਼ਕਣ ਲੱਗੀਆਂ।

ਮੈਂ ਬੀਜੀ ਤੇ ਨੂਰਾਂ ਦੇ ਜੂਠੇ ਭਾਂਡੇ ਜਦੋਂ ਚੁੱਕਣ ਲੱਗਾ ਤਾਂ ਨੂਰਾਂ ਨੇ ਕਿਹਾ-

"ਮੈਂ ਧਰ ਆਉਂਦੀ ਹਾਂ, ਨਾਲੇ ਸਾਫ਼ ਵੀ ਕਰ ਦੇਨੀਆਂ।"

"ਤੁਸੀਂ ਬੈਠੋ ਆਰਾਮ ਨਾਲ ਤੇ ਗੱਲਾਂ ਕਰੋ" ਮੈਂ ਕਿਹਾ।

ਮੈਂ ਰਸੋਈ 'ਚ ਸਤਵੰਤ ਦੀ ਕੁਝ ਮਦਦ ਕੀਤੀ ਕਿਉਂਕਿ ਉਸ ਨੇ ਆਪਣੀ ਕੁਲੀਗ ਦੇ ਘਰ ਅਖੰਡ ਪਾਠ ਦੇ ਭੋਗ 'ਤੇ ਜਾਣਾ ਸੀ। ਉਸ ਬੇਟੀ ਰਮਨ ਨੂੰ ਵੀ ਤਿਆਰ ਹੋਣ ਲਈ ਕਿਹਾ ਤੇ ਆਪ ਸਿਰਫ਼ ਚਾਹ ਦਾ ਇਕ ਕੱਪ ਤੇ ਇਕ ਬਿਸਕੁਟ ਲੈ, ਰਮਨ ਨੂੰ ਨਾਸ਼ਤਾ ਕਰਵਾ, ਨਾਲ ਲੈ, ਚਲੀ ਗਈ। ਜਾਣਾ ਤੇ ਮੈਂ ਵੀ ਸੀ। ਘਰ ਬਹਾਦਰ ਨਹੀਂ ਸੀ। ਇਸ ਲਈ ਬੀਜੀ ਨੂੰ 'ਕੱਲਾ ਛਡਣਾ ਮੁਨਾਸਿਬ ਨਹੀਂ ਸੀ।

ਦਸ ਕੁ ਵਜੇ ਨੂਰਾਂ ਨੇ ਇਜਾਜ਼ਤ ਮੰਗੀ। ਬੀਜੀ ਨੇ ਕਿਹਾ-

"ਜੱਗੀ ਪੁਤ, ਇਹ ਆਪਣੇ ਕੋਲ ਕੰਮ ਗੋਚਰੇ ਆਏ ਨੇ। ... ਕਿਤੇ ਵਿਚਾਰੇ ਲੱਛੂ ਨੂੰ ਨੌਕਰੀ ਤੇ ਲੁਆ ਦੇ, ਚੌਕੀਦਾਰੀ ਕਰ ਲਊ ਦਫ਼ਤਰ 'ਚ, ਪਹਿਲਾਂ ਰਾਜਗੀਰੀ ਕਰਦਾ ਸੀ। ਤਿਮੰਜ਼ਲੀ ਛੱਤ ਦਾ ਢੁੱਲਾ ਬਣਾਉਂਦੇ, ਕਿਤੇ ਜਾਲੀ ਟੁਟ ਗਈ ਤੇ ਦੋ ਮਜ਼ਦੂਰ ਤੇ ਇਹ ਭੁੰਜੇ ਆ ਡਿੱਗੇ। ਇਕ ਭੱਈਆ ਤਾਂ ਚੋਟਾਂ ਦੀ ਤਾਬ ਨਾ ਸਹਿ ਸਕਿਆ ਤੇ ਚਲ ਵਸਿਆ। ਲੱਛੂ ਤੇ ਦੂਜਾ ਮਜ਼ਦੂਰ ਅਪਾਹਜ ਹੋ ਗਏ।"

ਬੀਜੀ ਨੇ ਇਹ ਸਾਰਾ ਕੁਝ ਨੂਰਾਂ ਤੋਂ ਸੁਣ ਕੇ ਹੀ ਮੈਨੂੰ ਦੋ ਲਫ਼ਜ਼ਾਂ 'ਚ ਦੱਸਿਆ।

ਮੈਂ ਕੁਝ ਸਕਿੰਟਾਂ ਲਈ ਸੋਚਿਆ ਤੇ ਫਿਰ ਕਿਹਾ, "ਲਛਮਣ, ਤੂੰ ਅਗਲੇ ਸੋਮਵਾਰ ਆ ਜਾਈਂ ਇੱਥੇ, ਸਵੇਰੇ ਅਠ ਵਜੇ। ਕੋਈ ਨਾ ਕੋਈ ਇੰਤਜ਼ਾਮ ਕਰਾਂਗਾ।"

ਨੂਰਾਂ ਤੇ ਲਛਮਣ ਦੋਵੇਂ ਇੰਜ ਝੁਕੇ ਜਿਵੇਂ ਦਰਬਾਰੀ ਬਾਦਸ਼ਾਹ ਸਾਹਮਣੇ ਝੁਕਦੇ ਹਨ। ਨੂਰਾਂ ਦੀਆਂ ਅੱਖਾਂ ਸਿੰਮ ਗਈਆਂ ਸਨ।

"ਨੂਰਾਂ, ਨਾ ਭੈਣੇ, ਚਿਤ ਛੋਟਾ ਨਹੀਂ ਕਰੀਦਾ। ਦੁਖ ਸੁਖ ਤਾਂ ਬੰਦੇ ਦੇ ਨਾਲ ਤੁਰੀ ਜਾਂਦੇ ਨੇ", ਬੀਜੀ ਮੈਨੂੰ ਪੁਛ ਸੌ ਰੁਪਏ ਦੇ ਦੋ ਨੋਟ ਨੂਰਾਂ ਨੂੰ ਫੜਾਉਣ ਲਗੇ ਤਾਂ ਨੂਰਾਂ ਨੇ ਲੈਣ ਤੋਂ ਕੁਝ ਹਿਚਕਚਾਹਟ ਵਿਖਾਈ। ਬੀਜੀ ਕਹਿਣ ਲਗੇ-"...ਚਲ ਲਛਮਣ, ਤੂੰ ਲੈ ਲੈ ਪੁਤ। ...ਹੁਧਾਰ ਹੀ ਸਹੀ। ਜਦੋਂ ਨੌਕਰੀ ਲਗੇਂਗਾ , ਮੋੜ ਦੇਈਂ।"

ਬੀਜੀ ਨੇ ਮਾਂ-ਪੁੱਤਰ ਦੀ ਅਣਖ ਨੂੰ ਠੇਸ ਪਹੁੰਚਾਉਣਾ ਮੁਨਾਸਿਬ ਨਹੀਂ ਸਮਝਿਆ ਸੀ।

ਦੋਹਾਂ ਨੂੰ ਤੋਰ, ਬੀਜੀ ਅਰਾਮਦਾਇਕ ਮੂੜ੍ਹੇ ਤੇ ਢੋਅ ਲਾ ਕੇ ਬਰਾਂਡੇ 'ਚ ਬਹਿ ਗਏ ਤੇ ਮੈਂ ਵੀ ਨੇੜੇ ਹੀ ਦੂਜੇ ਕੋਨੇ ਵਿਚ ਪਏ ਅਰਾਮ-ਸੋਫ਼ੇ 'ਤੇ ਜਾ ਆਸਣ ਜਮਾਇਆ। ਅਖ਼ਬਾਰ ਮੇਰੇ ਹੱਥ ਵਿਚ ਸੀ। ਮੈਂ ਮਹਿਸੂਸ ਕੀਤਾ ਬੀਜੀ ਕਿਸੇ ਅਤੀਤ ਵਿਚ ਗੋਤੇ ਲਾ ਰਹੇ ਸਨ ਤੇ ਉਨ੍ਹਾਂ ਦੀਆਂ ਪਲਕਾਂ ਅੱਧੀਆਂ ਖੁਲ੍ਹੀਆਂ ਤੇ ਅੱਧੀਆਂ ਮੀਟੀਆਂ ਸਨ।

ਮੈਂ ਪੁੱਛਿਆ, "ਬੀਜੀ ਤਬੀਅਤ ਤਾਂ ਠੀਕ ਹੈ ਨਾ? ਡਾਕਟਰ ਨੂੰ ਦਿਖਾਉਣੈ ਤਾਂ ਬੁਲਾ ਲਵਾਂ?"

"ਨਹੀਂ ਜੱਗੀ, ਮੈਂ ਬਿਲਕੁਲ ਠੀਕ ਹਾਂ। ਬਸ ਮਨ ਉਵੇਂ ਕੁਝ ਭਾਰਾ ਜਿਹਾ ਹੋ ਗਿਆ ਸੀ, ਪੁਰਾਣੀਆਂ ਗੱਲਾਂ ਯਾਦ ਕਰ ਕੇ।"



Academy of the Punjab in North America - APNA: http://www.apnaorg.com

"ਇਹ ਨੂਰਾਂ ਕੌਣ ਏ ਤੇ ਲਛਮਣ... ਮੈਨੂੰ ਸਮਝ ਨਹੀਂ ਆ ਰਹੀ.... ਇਹ ਸੱਕੇ ਮਾਂ-ਪੁਤ ਨੇ?"

"... ਬਿਲਕੁਲ ਸਗੇ ਮਾਂ-ਪੁਤ। ....ਇਹ ਇਕ ਲੰਮੀ ਕਹਾਣੀ ਏ।"

ਮੈਂ ਅਖ਼ਬਾਰ 'ਚ ਛਪੀ ਕੋਈ ਕਹਾਣੀ ਪੜ੍ਹਨ ਦਾ ਮੂਡ ਪਰੇ ਕਰ ਦਿੱਤਾ ਤੇ ਨੂਰਾਂ ਤੇ ਲਛਮਣ ਦੀ ਜ਼ਿੰਦਗੀ ਦੀ ਕਹਾਣੀ ਬੀਜੀ ਤੋਂ ਸੁਣਨ ਲਈ ਤਿਆਰ ਹੋ ਗਿਆ।

ਬੀਜੀ ਲਈ ਕੋਸੇ ਪਾਣੀ ਦਾ ਗਲਾਸ ਤੇ ਆਪਣੇ ਲਈ ਸਾਦੇ ਪਾਣੀ ਦਾ ਗਲਾਸ ਲਿਆ ਮੇਜ਼ ਤੇ ਰਖ ਦਿੱਤੇ।

ਬੀਜੀ ਦੱਸਣ ਲਗੇ-"ਹੱਲਿਆਂ ਵੇਲੇ ਦੀ ਗੱਲ ਏ। ਮੈਨੂੰ ਤਲਵੰਡੀ ਭਾਈ ਕੇ ਵਿਆਹ ਕਰਵਾ ਕੇ ਆਇਆਂ ਦੋ ਕੁ ਸਾਲ ਹੋਏ ਸਨ। ... ਤੇਰਾ ਵੱਡਾ ਵੀਰ ਕਨੇਡਾ ਵਾਲਾ ਮੇਰੀ ਗੋਦੀ 'ਚ ਸੀ। ਹੋਣੈ ਤਿਨ-ਚਾਰ ਮਹੀਨਿਆਂ ਦਾ। ਸਾਡੇ ਪਿੰਡ 'ਚ ਹਿੰਦੂ, ਮੁਸਲਮਾਨ, ਸਿੱਖ ਪਿਆਰ ਨਾਲ, ਇਕ ਲਾਣੇ ਵਾਂਗ ਰਹਿੰਦੇ। ਕੋਈ ਝਗੜਾ ਨਹੀਂ ਸੀ। ਸਾਡੇ ਗੁਆਂਢ 'ਚ ਪੰਡਤ ਦੇਵ ਸਰੂਪ... ਭਾਰਦਵਾਜ ਦਾ ਘਰ ਸੀ। ਹੱਥ 'ਚ ਮਾਲਾ ਚੌਵੀ ਘੰਟੇ ਫ਼ੇਰਦਾ ਰਹਿੰਦਾ। ... ਜੰਤਰੀ-ਟੇਵੇ ਦਾ ਕੰਮ ਵੀ ਕਰਦਾ। ਲੋਕ ਉਸ ਤੋਂ ਸੰਗਰਾਂਦ-ਮੱਸਿਆ, ਤਿਥ-ਤਿਉਹਾਰ ਤੇ ਸ਼ਗਨ-ਅਪਸ਼ਗਨ ਬਾਰੇ ਪੁੱਛਣ ਆਉਂਦੇ। ਪੁੱਛਾਂ ਵੀ ਲੈਂਦੇ। ਵਿਆਹ ਦੇ ਸਾਹੇ ਵੀ ਉਹ ਕੱਢਦਾ। ... ਉਸ ਦਾ ਮੁੰਡਾ ਸੀ ਬ੍ਰਹਮ ਸਰੂਪ।

ਦੇਵ ਸਰੂਪ ਨੇ ਬੜਾ ਜ਼ੋਰ ਲਾਇਆ ਕਿ ਬ੍ਰਹਮ ਸਰੂਪ ਵੀ ਉਸ ਦਾ ਕਿੱਤਾ ਅਪਣਾਵੇ। ... ਪਰ ਉਸ ਨੂੰ ਬਾਪ ਦਾ ਕਿੱਤਾ ਫ਼ੁੱਟੀ ਅੱਖੀਂ ਨਹੀਂ ਸੀ ਭਾਉਂਦਾ। ... ਉਸਦਾ ਦੋਸਤ ਮਿਸਤਰੀਆਂ ਦਾ ਇਕ ਮੁੰਡਾ ਸੀ। ਉਸਦੇ ਨਾਲ ਰਲ ਉਸਦੇ ਬਾਪ ਤੋਂ ਰਾਜਗੀਰੀ ਦਾ ਕੰਮ ਸਿਖ ਲਿਆ ਤੇ ਕਹਿੰਦਾ ਕਹਾਉਂਦਾ ਰਾਜ-ਮਿਸਤਰੀ ਬਣ ਗਿਆ। ਉਸਦਾ ਨਾਂ ਰੂਪਾ ਮਿਸਤਰੀ ਪੈ ਗਿਆ। ਕੋਈ ਵਿਰਲਾ ਹੀ ਉਸ ਨੂੰ ਪੰਡਤ ਰੂਪਾ ਜਾਂ ਰੂਪਾ ਪੰਡਤ ਕਹਿੰਦਾ। ਤੇਈ-ਚੌਵੀ ਸਾਲ ਦਾ ਹੋ ਗਿਆ। ਕੋਈ ਪੰਡਤ ਆਪਣੀ ਕੁੜੀ ਦਾ ਰਿਸ਼ਤਾ ਉਸ ਨਾਲ ਨਾ ਕਰੇ। ਸਾਰੇ ਆਖਣ - ਇਹ ਕਾਹਦਾ ਬਾਮ੍ਹਣ...! ਦੂਜੇ ਉਸ ਨੂੰ ਬਾਮ੍ਹਣ ਸਮਝ ਸਾਕ ਨਾ ਕਰਨ। ਦੇਵ ਸਰੂਪ ਖੱਪਦਾ ਮਰ ਗਿਆ... ਉਹਦੀ ਤੀਵੀਂ ਸੀ ਸੀਲ-ਗਊ। ਵਿਚਾਰੀ ਪਤੀ ਨੂੰ ਪਰਮੇਸ਼ਵਰ ਜਾਣ, ਉਸ ਨਾਲ ਵੀ ਸੰਤੋਖੀ ਰਹਿੰਦੀ ਤੇ ਪੁੱਤਰ ਰੂਪਾ ਕਮਾਉਣ ਲੱਗਾ ਤਾਂ ਉਸ ਨਾਲ ਵੀ ਸੰਤੋਖਣ ਮਾਂ...। ਪਰ ਇਕ ਗ਼ਮ ਵੱਢ-ਵੱਢ ਖਾਵੇ ਕਿ ਰੂਪੇ ਦਾ ਸਾਕ ਕਿਵੇਂ ਹੋ ਜਾਏ।.... ਉਧਰੋਂ ਹੱਲੇ ਸ਼ੁਰੂ ਹੋ ਗਏ। ਮਾੜੀਆਂ ਖ਼ਬਰਾਂ ਆਉਣ ਲਗੀਆਂ। ਕੋਈ ਕਹੇ ਤਲਵੰਡੀ ਭਾਈਕੇ ਵੀ ਪਾਕਿਸਤਾਨ 'ਚ ਰਲ ਜਾਣੈ।

ਉਂਜ ਤਾਂ ਆਪਣੀ ਭਾਈਕੇ ਦੀ ਹਵੇਲੀ ਵੀ ਤਕੜੀ ਸੀ। ਤੇਰੇ ਨੰਬਰਦਾਰ ਦਾਦੇ ਨੇ ਮੋਗੇ ਵੀ ਇਕ ਹਵੇਲੀ ਲੈ ਕੇ ਰਖ 'ਤੀ....। ਸਾਰੇ ਪਿੰਡ 'ਚ ਭਾਈਚਾਰਾ ਸੀ। ... ਇਕ ਮਾੜੇ ਦਿਨ ਸੱਠ-ਸੱਤਰ ਫ਼ਸਾਦੀਏ ਦੂਜੇ ਪਿੰਡਾਂ ਤੋਂ 'ਕੱਠੇ ਹੋ ਕੇ ਆ ਪਏ - ਆਖਣ ਇਕ ਵੀ ਮੁਸਲਮਾਨ ਨਹੀਂ ਛਡਣਾ... ਉਧਰ ਪਾਕਿਸਤਾਨ 'ਚ ਸਾਡੇ ਹਿੰਦੂ-ਸਿੱਖ ਭਰਾ ਮਾਰੇ ਜਾ ਰਹੇ ਨੇ....। ਹੱਥ 'ਚ ਕਿਰਪਾਨਾਂ, ਨੇਜ਼ੇ, ਛਵ੍ਹੀਆਂ। ਸਿਰ ਤੇ ਖ਼ੂਨ-ਸਵਾਰ - ਭੂਤਰੇ ਹੋਏ ਸਾਨ੍ਹ ਵਾਂਗ। ਪਿੰਡ ਵਾਲਿਆਂ ਨੇ ਸਮਝਾਉਣ ਦੀ ਬਥੇਰੀ ਕੋਸ਼ਿਸ਼ ਕੀਤੀ। ਪਿੰਡ ਵਾਲਿਆਂ ਨੇ ਮੁਸਲਮਾਨਾਂ ਦੇ ਚਾਰ-ਪੰਜ ਪਰਿਵਾਰ ਪਹਿਲੋਂ ਹੀ ਫ਼ਿਰੋਜ਼ਪੁਰ ਭੇਜ ਦਿੱਤੇ ਸਨ ਤੇ ਉਥੋਂ ਉਹ ਪਾਕਿਸਤਾਨ ਚਲੇ ਗਏ। ਪੰਜ-ਛੇ ਪਰਿਵਾਰ ਆਖਣ-

"ਅਸੀਂ ਜੀਉਣਾ ਮਰਨਾ ਇੱਥੇ ਹੈ... ਅਸੀਂ ਨਹੀਂ ਜਾਣਾ ਆਪਣਾ ਜੱਦੀ ਪਿੰਡ ਛਡ ਕੇ।" ...



Academy of the Punjab in North America - APNA: http://www.apnaorg.com

ਫ਼ਸਾਦੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਕੋਹ-ਕੋਹ ਕੇ ਬੱਚੇ, ਤੀਵੀਆਂ, ਜਵਾਨ, ਅਧਖੜ, ਬੁੱਢੇ, ਬੁੱਢੀਆਂ ਸਭ ਮਾਰ ਦਿੱਤੇ ਜਾਂ ਸਾੜ ਦਿੱਤੇ....। ... ਇਹ ਮਰਜਾਣੀ ਨੂਰਾਂ ਭੱਜ ਕੇ... ਰੂਪੇ ਦੇ ਘਰ ਜਾ ਵੜੀ...." ਬੀਜੀ ਨੇ ਪਾਣੀ ਦਾ ਘੁਟ ਪੀਤਾ, ਸਾਹ ਲਿਆ ਤੇ ਫ਼ਿਰ ਕਹਾਣੀ ਜਾਰੀ ਰਖੀ-

"ਰੂਪੇ ਦੀ ਮਾਂ ਨੇ ਇਸ ਨੂੰ ਆਪਣੇ ਘਰ ਅੰਦਰ ਲੁਕੋ ਲਿਆ। ... ਰੂਪਾ ਦਿਹਾੜੀ ਕਰਨ ਗਿਆ ਹੋਇਆ ਸੀ। ਨੂਰਾਂ ਦਾ ਪੇਕਾ-ਸਹੁਰਾ ਇਕੋ ਪਰਿਵਾਰ ਸੀ - ਇਹ ਤਾਏ ਦੇ ਮੁੰਡੇ ਨਾਲ ਵਿਆਹੀ ਸੀ। ਫ਼ਸਾਦੀਆਂ ਨੇ ਸਾਰੇ ਮਾਰ ਦਿੱਤੇ....। .... ਨਰਕ ਪੈਣਿਆਂ ਨੇ ਇਕ ਵੀ ਨਾ ਛਡਿਆ। ਨੂਰਾਂ ਦਾ ਖ਼ਾਵੰਦ ਵਾਂਢੇ ਗਿਆ ਹੋਇਆ ਸੀ। .... ਦੂਜਾ ਇਸ ਦੇ ਪੇਟ 'ਚ ... ਪਹਿਲੇ ਹਮਲ ਦੀ ਹਲਚਲ....। ਮਮਤਾ 'ਚ ਮੋਈ... ਦੂਜੀ ਗੱਲ ਖ਼ਾਵੰਦ ਦੇ ਬਚਣ ਦੀ ਆਸ। ਰੂਪੇ ਨੇ ਆ ਕੇ ਆਪਣੀ ਮਾਂ ਨੂੰ ਦਸਿਆ ਕਿ ਨੂਰਾਂ ਦਾ ਖ਼ਾਵੰਦ ਵੀ ਰਾਹ ਵਿਚ ਫ਼ਸਾਦੀਆਂ ਨੇ ਵਢ 'ਤਾ...। ਨੂਰਾਂ ਨੂੰ ਪਤਾ ਲੱਗਾ ਤਾਂ ਇਹ ਵੀ ਜਾਨ ਦੇਣ ਲੱਗੀ...। ਪੰਡਤਾਂ ਦੇ ਵਿਹੜੇ 'ਚ ਲਗੇ ਪਿੱਪਲ ਦੇ ਟਾਹਣੇ ਨਾਲ ਦੁਪੱਟਾ ਬੰਨ੍ਹ ਕੇ ਫ਼ਾਹ ਲੈਣ ਲਗੀ ਤਾਂ ਉਪਰੋਂ ਰੂਪਾ ਆ ਗਿਆ। ਰੂਪੇ ਦੀ ਮਾਂ ਪਹਿਲਾਂ ਹੀ ਹਾਲ-ਦੁਹਾਈ ਪਾ ਰਹੀ ਸੀ। ਮਾਂ-ਪੁੱਤਰ - ਦੋਹਾਂ ਨੇ ਬਚਾਇਆ। ਰੂਪੇ ਦੀ ਮਾਂ ਆਖੇ- "ਪੰਡਤਾਂ ਦੇ ਘਰੇ, ਬ੍ਰਹਮਾ ਦੇਵਤੇ ਪਿੱਪਲ ਦੇ ਨਾਲ ਫ਼ਾਹੇ ਲਗ, ਸਾਨੂੰ ਨਰਕਾਂ ਦਾ ਭਾਗੀ ਕਿਉਂ ਬਣਾਉਣ ਲਗੀ ਏਂ, ਕਰਮ-ਜਲੀ!" ... ਰੂਪਾ ਕਹਿਣ ਲਗਾ- "ਮੈਂ ਤੇਰੇ ਪਾਕਿਸਤਾਨ ਜਾਣ ਦਾ ਇੰਤਜ਼ਾਮ ਕਰ ਦੇਨਾਂ।".. ਨੂਰਾਂ ਆਖੇ...

"ਉੱਥੇ ਮੇਰਾ ਕੌਣ ਏ...? ਨਾ ਭੈਣ-ਨਾ ਭਾਈ, ਨਾ ਸੱਸ, ਨਾ ਮਾਂ, ਨਾ ਮਾਸੀ, ਨਾ ਚਾਚਾ - ਨਾ ਚਾਚੀ...। ਮੈਨੂੰ ਮਰ ਲੈਣ ਦਿਉ।" ਰੂਪੇ ਦੀ ਮਾਂ ਨੇ ਕਿਹਾ-

"ਨੂਰਾਂ ਤੂੰ ਆਪਣੇ ਲਈ ਨਾ ਸਹੀ, ਉਸ ਜੀਅ ਦਾ ਖ਼ਿਆਲ ਕਰ ਜੋ ਤੇਰੇ ਢਿਡ 'ਚ ਪਲ ਰਿਹੈ.... ਜੇ ਤੂੰ ਆਪਣੇ ਨਾਲ ਕੁਝ ਕਰ ਲਿਆ ਤਾਂ ਯਾਦ ਰਖ ਦੋਜ਼ਖ਼ ਦੀ ਅੱਗ 'ਚ ਸੜੇਂਗੀ।"

ਨੂਰਾਂ ਨੇ ਦਿਲ ਤੇ ਪੱਥਰ ਰਖ ਲਿਆ। ਦੋ ਦਿਨ ਮਗਰੋਂ ਫ਼ਸਾਦੀ ਫ਼ਿਰ ਆ ਗਏ। ਹੁਣ ਉਹ ਪੰਜ-ਸਤ ਸਨ। ਕਹਿਣ ਲੱਗੇ ਅਸੀਂ ਮੁਸਲਮਾਣਨੀ ਨੂੰ ਲੈ ਕੇ ਜਾਣੈ। ਬਾਹਰ ਕਢੋ ਜਿਹੜੀ ਤੁਸੀਂ ਲੁਕੋ ਰਖੀ ਏ...। ਰੂਪੇ ਦੀ ਮਾਂ ਹੱਥ ਜੋੜੇ, ਲਿਲੜੀਆਂ ਕੱਢੇ। ਪਰ ਉਹ ਸਾਰੇ ਅੜੇ ਰਹੇ। ਇੰਨੇ ਨੂੰ ਰੂਪਾ ਆ ਗਿਆ। ਉਸ ਨੇ ਵੀ ਸਮਝਾਉਣ ਲਈ ਟਿਲ ਲਾਈ, ਪਰ ਉਹ ਨਾ ਸਮਝੇ। ਸਗੋਂ ਰੂਪੇ ਨੂੰ ਵੀ ਪੈ ਗਏ...।

"ਤੇਰੀ ਭੈਣ ਲਗਦੀ ਏ ਕਿ ਜੋਰੂ...?"

ਰੂਪਾ ਤਕੜੇ ਜੁੱਸੇ ਦਾ ਮਾਲਕ ਸੀ। ਅੰਦਰ ਗਿਆ ਤੇ ਛਵ੍ਹੀ ਕਢ ਲਿਆਇਆ ਤੇ ਵੰਗਾਰਿਆ....

"ਜਿਹੜਾ ਵੀ ਅੰਦਰ ਵੜਿਆ, ਗਿੱਚੀ ਲਾਹ ਕੇ ਧਰ ਦੂੰ....। ਆਂਦਰਾਂ ਕੱਢ ਕੇ ਕੁੱਤਿਆਂ ਨੂੰ ਪਾ ਦੂੰ.....। ਥੋਨੂੰ ਮਾਰ ਕੇ ਮਰੂੰ।"

... ਬੀਜੀ ਕੁਝ ਪਲਾਂ ਲਈ ਚੁੱਪ ਹੋ ਗਏ। ਮੈਂ ਵੇਖਿਆ ਉਨ੍ਹਾਂ ਦੀਆਂ ਅੱਖਾਂ ਵਿਚ ਰੋਹ ਵੀ ਸੀ ਤੇ ਚਿੰਤਾ ਵੀ।

ਫ਼ਿਰ ਬੋਲੇ, "ਫ਼ਸਾਦੀ ਜਾਂ ਧਾੜਵੀ ਉਦੋਂ ਤਕ ਆਪਣੀ ਦਹਿਸ਼ਤ ਜ਼ੁਲਮ ਜਾਰੀ ਰਖਦੇ ਹਨ ਜਦ ਤਕ ਉਨ੍ਹਾਂ ਨੂੰ ਵੰਗਾਰਨ ਵਾਲਾ ਕੋਈ ਨਹੀਂ ਮਿਲਦਾ। ਫ਼ਸਾਦੀ ਲਾਲਚੀ ਹੁੰਦੇ ਨੇ ਤੇ ਲਾਲਚੀ ਇਨਸਾਨ ਹਮੇਸ਼ਾ ਕੰਮਜ਼ੋਰ ਤੇ ਡਰਪੋਕ ਹੁੰਦੈ।


Academy of the Punjab in North America - APNA: http://www.apnaorg.com

ਫ਼ਸਾਦੀਆਂ ਨੇ ਇਕ-ਦੂਜੇ ਨਾਲ ਅੱਖਾਂ ਹੀ ਅੱਖਾਂ 'ਚ ਵਿਚਾਰ-ਵਟਾਂਦਰਾ ਕੀਤਾ ਤੇ ਮੁੜ ਗਏ ਤੇ ਮੁੜਦੇ ਹੋਏ ਆਖਣ-

"ਚੰਗਾ ਬਾਮ੍ਹਣਾ ... ਤੈਨੂੰ ਫ਼ਿਰ ਨਜਿੱਠਾਂਗੇ।"

ਫ਼ਿਰ ਕੀਹਨੇ ਆਉਣਾ ਸੀ। ਕੁਝ ਠੱਲ੍ਹ ਪੈ ਗਈ। ਪਿੰਡ ਦੇ ਕੁਝ ਦਲੇਰ ਤੇ ਭਲੇ ਲੋਕਾਂ ਨੇ ਰੂਪੇ ਦੀ ਪਿਠ ਠੋਕੀ। ਪਿੰਡ ਦੇ ਕੁਝ ਲੋਕ ਗੱਲਾਂ ਵੀ ਬਣਾਉਣ। .... ਆਖ਼ਰ ਰੂਪੇ ਨੇ ਤੰਗ ਆ ਕੇ ਫ਼ਿਰੋਜ਼ਪੁਰ ਜਾ ਕੇ ਨੂਰਾਂ ਨਾਲ ਵਿਆਹ ਕਰ ਲਿਆ ਤੇ ਐਲਾਨ ਕਰ ਦਿੱਤਾ ਕਿ ਨੂਰਾਂ ਉਹਦੀ ਜਨਾਨੀ ਏ। ਕੋਈ ਇਸਦੇ ਵਲ ਅੱਖ ਚੁੱਕ ਕੇ ਵੇਖੇ ਤਾਂ ਸਹੀ।

ਸਾਰੇ ਪਿੰਡ ਵਿਚ ਤੇ ਲਾਗੇ ਦੇ ਪਿੰਡਾਂ 'ਚ ਖ਼ਬਰ ਅੱਗ ਵਾਂਗ ਫ਼ੈਲ ਗਈ ਕਿ ਰੂਪੇ ਪੰਡਤ ਨੇ ਮੁਸਲਮਾਣਨੀ ਨਾਲ ਨਿਕਾਹ ਪੜ੍ਹਾ ਲਿਐ। ... ਰੂਪਾ ਇਸ ਖ਼ਬਰ ਦੀ ਨਾ ਤਾਈਦ ਕਰਦਾ ਤੇ ਨਾ ਹੀ ਡਾਈਦ। ... ਉਹ ਆਪਣੇ ਕੰਮ 'ਚ ਮਸਤ ਰਹਿੰਦਾ। ... ਪੰਜ ਮਹੀਨੇ ਮਗਰੋਂ ਨੂਰਾਂ ਨੇ ਜੌੜੇ ਬੱਚਿਆਂ ਨੂੰ ਜਨਮ ਦਿੱਤਾ - ਇਕ ਮੁੰਡਾ ਤੇ ਇਕ ਕੁੜੀ। ਰੂਪੇ ਨੇ ਮੁੰਡੇ ਦਾ ਨਾਂ ਅਨਵਰ ਤੇ ਕੁੜੀ ਦਾ ਨਾਂ ਰਜ਼ੀਆ ਰਖਵਾਇਆ।

ਬੀਜੀ ਨੇ ਪਾਣੀ ਦਾ ਘੁੱਟ ਮੁੜ ਪੀਤਾ ਤੇ ਕਹਿਣ ਲੱਗੇ-ਕਿ ਨੂਰਾਂ ਨੇ ਅਜ ਦਸਿਐ ਕਿ ਉਨ੍ਹਾਂ ਵਿਆਹ ਬੇਦੀ ਤੇ ਹੀ ਕਰਵਾਇਆ ਸੀ ਤੇ ਰੂਪਾ ਇਕ ਸਾਲ ਉਸਦੇ ਨੇੜੇ ਨਾ ਢੁੱਕਾ, ਜਦ ਤਾਈਂ ਜੁਆਕ ਚਾਰ-ਪੰਜ ਮਹੀਨਿਆਂ ਦੇ ਨਾ ਹੋ ਗਏ। ਰੂਪਾ ਅਨਵਰ ਤੇ ਰਜ਼ੀਆ ਨੂੰ ਆਪਣੇ ਜੁਆਕਾਂ ਵਾਂਗ ਲਾਡ ਲਡਾਉਂਦਾ...। ਉਸ ਨੇ ਨੂਰਾਂ ਨੂੰ ਰੋਜ਼ੇ ਰਖਣ ਦੀ ਤੇ ਨਮਾਜ਼ ਪੜ੍ਹਨ ਦੀ ਵੀ ਛੂਟ ਦਿਤੀ ਹੋਈ ਸੀ। ਬੱਚਿਆਂ ਦੇ ਨਾਂ ਉਸ ਨੇ ਉਨ੍ਹਾਂ ਦੇ ਵਾਲਿਦ ਦੇ ਨਾਂ ਤੇ ਸਕੂਲ ਵਿਚ ਲਿਖਵਾਏ। ਉਹ ਆਪ ਕਿਸੇ ਮੰਦਿਰ ਜਾਂ ਗੁਰਦੁਆਰੇ ਘਟ ਹੀ ਜਾਂਦਾ। ਉਸ ਦੀ ਦਿਹਾੜੀ ਤੇ ਮਿਹਨਤ ਮੁਸ਼ੱਕਤ ਉਸ ਦਾ ਇਸ਼ਟ ਬਣਿਆ ਹੋਇਆ ਸੀ। ਬੁਰਕੀ ਮੂੰਹ ਵਿਚ ਪਾਉਣ ਤੋਂ ਪਹਿਲਾਂ ਬਸ "ਹਰੀ ਓਮ....'" ਆਖ ਅੰਨਦਾਤੇ ਦੇ ਸਾਹਮਣੇ ਸਿਰ ਝੁਕਾਉਂਦਾ। ਨਹਾਉਣ ਵੇਲੇ ਕਹਿੰਦਾ- 'ਜਲ ਮਿਲਿਆ, ਪਰਮੇਸ਼ਵਰ ਮਿਲਿਆ।' ਬਿਮਾਰੀ ਤੇ ਔਖ ਵੇਲੇ- 'ਵਾਹਗੁਰੂ ਵਾਹਗੁਰੂ' ਵੀ ਕਹਿੰਦਾ ਤੇ 'ਹਰੀ ਓਮ' ਵੀ।

ਬੀਜੀ ਸੁਣਾਉਂਦੇ ਰਹੇ ਤੇ ਲਾਗੇ ਰਸੋਈ 'ਚੋਂ ਮੈਂ ਦੋ ਕਪ ਚਾਹ ਬਣਾ ਲਿਆਇਆ ਸਾਂ। ਬੀਜੀ ਨੇ ਚਾਹ ਦਾ ਕਪ ਫ਼ੜ ਕਹਾਣੀ ਜਾਰੀ ਰਖੀ।

"ਰੂਪਾ ਤੇ ਨੂਰਾਂ ਨੂੰ ਕਦੇ ਕੋਈ ਔਖਿਆਈ ਨਾ ਆਈ। ਰੂਪੇ ਨੇ ਕਦੇ ਵੀ ਉਹਨੂੰ ਜਾਂ ਉਸ ਦੇ ਬੱਚਿਆਂ ਨੂੰ ਮਿਹਣਾ ਨਹੀਂ ਸੀ ਮਾਰਿਆ ਤੇ ਨਾ ਹੀ ਰੂਪੇ ਦੀ ਮਾਂ ਨੇ। ਤਿੰਨ ਸਾਲ ਦੇ ਜਦੋਂ ਅਨਵਰ ਤੇ ਰਜ਼ੀਆ ਹੋ ਗਏ ਤਾਂ ਨੂਰਾਂ ਨੇ ਇਕ ਇਕ ਕਰਕੇ ਦੋ ਹੋਰ ਜੁਆਕਾਂ ਨੂੰ ਜਨਮ ਦਿੱਤਾ। ਰੂਪੇ ਦੀ ਮਾਂ ਨੇ ਉਨ੍ਹਾਂ ਦੇ ਨਾਂ ਸਵਿਤਰੀ ਤੇ ਲਛਮਣ ਰੱਖੇ। ਰੂਪੇ ਦੀ ਮਾਂ ਧੰਨ ਹੋ ਗਈ। ... ਪਰ ਸਵਿਤਰੀ ਤੇ ਲਛਮਣ ਜਦੋਂ ਚਾਰ-ਪੰਜ ਸਾਲ ਦੇ ਹੋਏ ਤਾਂ ਇਕ ਰਾਤ ਰੂਪੇ ਦੀ ਮਾਂ ਬਿਸਤਰ 'ਚ ਪਈ ਜਾਗੀ ਹੀ ਨਾ। ਸੰਤਾਂ ਦੀ ਮੌਤ, ਸੁਰਗਾਂ ਨੂੰ ਗਈ ਹੋਊ।"

ਚਾਹ ਦਾ ਘੁਟ ਭਰਦੇ ਬੀਜੀ ਦਸਣ ਲਗੇ। "ਰੂਪੇ ਤੇ ਨੂਰਾਂ ਨੂੰ ਮੁਸ਼ਕਿਲ ਉਦੋਂ ਪੇਸ਼ ਹੋਈ ਜਦੋਂ ਜੁਆਕ ਵੱਡੇ ਹੋ ਗਏ... ਵਿਆਹੁਣ ਜੋਗੇ ਹੋ ਗਏ। ਰੂਪੇ ਨੇ ਬੜੀ ਨਠ-ਭਜ ਕਰ ਕੇ ਅਨਵਰ ਤੇ ਰਜ਼ੀਆ ਦੇ ਨਿਕਾਹ ਮਲੇਰਕੋਟਲੇ ਮੁਸਲਮਾਨ ਪਰਿਵਾਰਾਂ ਵਿਚ ਕਰਵਾਏ। ਅਨਵਰ ਦੀ ਪਤਨੀ ਮਾਂ-ਪਿਓ ਦੀ ਇਕੋ-ਇਕ ਧੀ ਸੀ। ਇਸ ਲਈ ਅਨਵਰ ਸਹੁਰਿਆਂ ਜੋਗਾ ਹੋ ਕੇ ਰਹਿ ਗਿਐ। ਰਜ਼ੀਆ


Academy of the Punjab in North America - APNA: http://www.apnaorg.com

ਨੂੰ ਆਪਣੇ ਘਰ ਖ਼ੁਸ਼ ਵੇਖ, ਰੂਪਾ ਬਹੁਤ ਖ਼ੁਸ਼ ਹੁੰਦਾ। ਨੂਰਾਂ ਤਾਂ ਅੱਲ੍ਹਾ ਦਾ ਸ਼ੁਕਰ ਕਰਦੀ ਨਾ ਥਕਦੀ। ਦੋਹਾਂ ਦੇ ਵਿਆਹ ਕਰਨ ਮਗਰੋਂ ਕੁਝ ਚਿਰ ਠੀਕ-ਠਾਕ ਚਲਿਆ। ਦੋ ਸਾਲ ਮਗਰੋਂ ਹੈਜ਼ੇ ਨੇ ਰੂਪੇ ਨੂੰ ਨਿਗਲ ਲਿਆ। ਨੂਰਾਂ ਕੋਲ ਰਹਿ ਗਏ ਲਛਮਣ ਤੇ ਸਵਿਤਰੀ। ਲਛਮਣ ਵੀ ਪਿਓ ਵਾਂਗ ਚੰਗਾ ਰਾਜ ਮਿਸਤਰੀ ਬਣ ਨਿਕਲਿਆ। ਪੰਡਤ ਹੁੰਦਿਆਂ ਸੁੰਦਿਆਂ, ਕੋਈ ਵੀ ਇੰਨਾ ਨੂੰ ਪੰਡਤ ਨਾ ਸਮਝਦਾ। ਨੂਰਾਂ ਦੀ ਗੱਲ ਕੋਈ ਵੀ ਪੰਡਤ ਜਾਂ ਹਿੰਦੂ ਪਰਿਵਾਰ ਸੁਣਨ ਲਈ ਤਿਆਰ ਨਹੀਂ ਸੀ। ਨੂਰਾਂ ਚਾਹੁੰਦੀ ਸੀ ਕਿ ਲਛਮਣ ਤੇ ਸਵਿਤਰੀ ਦੇ ਵਿਆਹ ਪੰਡਤਾਂ ਦੇ ਘਰ ਹੋਣ। ··· ਘਟੋ-ਘਟ ਹਿੰਦੂਆਂ ਦੇ ਘਰ ਤਾਂ ਹੋਣ···। ਰੂਪੇ ਨੇ ਅਨਵਰ ਤੇ ਰਜ਼ੀਆ ਦੇ ਵਿਆਹ ਮੁਸਲਮਾਣਾਂ ਦੇ ਘਰ ਕਰਕੇ ਆਪਣੇ ਸਿਰ ਤੋਂ ਕਰਜ਼ ਜਿਹਾ ਲਾਹਿਆ ਸੀ ਤੇ ਹੁਣ ਨੂਰਾਂ ਲਛਮਣ ਤੇ ਸਵਿਤਰੀ ਨੂੰ ਪੰਡਤਾਂ ਦੇ ਘਰ ਵਿਆਹ ਕੇ ਆਪਣੇ ਮਨ ਦਾ ਬੋਝ ਹਲਕਾ ਕਰਨਾ ਚਾਹੁੰਦੀ ਸੀ। ਪਰ ਕੋਈ ਵੀ ਪੰਡਤ ਪਰਿਵਾਰ ਤਿਆਰ ਨਾ ਹੋਇਆ। ਉਸ ਨੂੰ ਮੁਸਲਮਾਣਨੀ ਆਖ ਤ੍ਰਿਸਕਾਰ ਦਿੰਦੇ। ਆਖ਼ਰ ਲਛਮਣ ਦਾ ਇਕ ਮਿਸਤਰੀ ਦੋਸਤ ਸੀ, ਦੁਹਾਜੂ ਜਿਸ ਦੀ ਪਤਨੀ ਦੋ ਨਿਆਣਿਆਂ ਨੂੰ ਛਡ ਗੁਜ਼ਰ ਗਈ ਸੀ। ਸਵਿਤਰੀ ਉਸ ਨਾਲ ਵਿਆਹ ਕੇ ਨੂਰਾਂ ਨੇ ਕੁਝ ਸੁਖ ਦਾ ਸਾਹ ਲਿਆ। ··· ਪਰ ਲਛਮਣ ਦਾ ਸਾਕ ਨਾ ਹੋਣ ਦਾ ਝੋਰਾ ਨੂਰਾਂ ਨੂੰ ਹੁਣ ਵੀ ਵੱਢ ਵੱਢ ਖਾਈ ਜਾ ਰਿਹੈ।·· ਹੁਣ ਲੱਛੂ ਚਾਲੀ-ਇਕਤਾਲੀ ਸਾਲ ਦਾ ਹੋ ਗਿਐ ਤੇ ਨਾਲੇ ਅਪਾਹਜ। ਕਹਿ ਰਹੀ ਸੀ-

"ਹੁਣ ਕਿਹੜਾ ਕਰੂ ਲਛਮਣ ਨਾਲ ਸਾਕ?"

ਬੀਜੀ ਇਹ ਕਹਾਣੀ ਸੁਣਾ ਕੇ ਹਲਕੇ-ਹਲਕੇ ਮਹਿਸੂਸ ਕਰ ਰਹੇ ਸਨ। ··· ਪਰ ਇਹ ਕਹਾਣੀ ਸੁਣ ਕੇ ਮੇਰਾ ਸਿਰ, ਮੇਰਾ ਅੰਦਰਲਾ ਰੂਪੇ ਤੇ ਨੂਰਾਂ ਨੂੰ ਪ੍ਰਣਾਮ ਕਰ ਰਿਹਾ ਸੀ, ਸਿਜਦਾ ਕਰ ਰਿਹਾ ਸੀ। ··· ਤੇ ਮੈਂ ਬੀਜੀ ਨਾਲ ਆਪਣੇ ਮਨ ਹੀ ਮਨ 'ਚ ਲਏ ਫ਼ੈਸਲੇ ਨੂੰ ਸਾਂਝਾ ਕਰਨਾ ਅਜੇ ਠੀਕ ਨਹੀਂ ਸਮਝਿਆ। ਮੈਂ ਆਪਣੇ-ਆਪ 'ਚ ਫ਼ੈਸਲਾ ਕੀਤਾ ਹੈ ਕਿ ਨੂਰਾਂ ਨੂੰ ਇਸ ਦੁਨੀਆ ਤੋਂ ਮਨ ਤੇ ਇਹ ਬੋਝ ਲੈ ਕੇ ਰੁਖ਼ਸਤ ਨਹੀਂ ਹੋਣ ਦਿਆਂਗਾ।

□





Academy of the Punjab in North America - APNA http://www.apnaorg.com



# ਮੁਰਦਾ ਤਾਰੀ

**ਜ਼ੁਬੈਰ ਅਹਿਮਦ**

ਫ਼ੇਰ ਇਹ ਹੋਇਆ ਪਈ ਉਹ ਘਰ ਚੇਤੇ ਵਿੱਚ ਈ ਰਹਿ ਗਿਆ। ਸੁਫ਼ਨਿਆਂ ਵਿਚ ਈ ਉਹਨੂੰ ਮੋਇਆਂ ਦੇ ਸੁਫ਼ਨੇ ਆਉਣੇ ਤਾਂ ਉਹੋ ਘਰ ਹੋਣਾ, ਜਿਊਂਦਿਆਂ ਦੇ ਤਾਂ ਵੀ ਉਹੋ। ਸਾਰੀਆਂ ਵਾਪਰੀਆਂ ਓਸੇ ਘਰ ਸਾਹਮਣੇ, ਗੁਆਂਢ ਦੀਆਂ ਗਲੀਆਂ ਵਿਚ, ਜਾਂ ਆਲ ਦਵਾਲੇ ਈ ਹੋਣੀਆਂ ਕਈ ਥਾਵਾਂ ਬਦਲੀਆਂ ਉਸਨੇ। ਕਈ ਘਰਾਂ ਵਿੱਚ ਰਿਹਾ। ਪ੍ਰਦੇਸ ਵੀ ਫ਼ਿਰ ਆਇਆ। ਪਰ ਪ੍ਰਦੇਸ ਦੇ ਸੁਫ਼ਨਿਆਂ ਵਿਚ ਵੀ ਉਹੋ ਘਰ ਤੇ ਗਲੀਆਂ ਸਨ। ਉਸ ਘਰ ਦੇ 21 ਵਰ੍ਹੇ ਹਯਾਤੀ ਉਹਦੀ ਦੇ ਸਾਰੇ ਵਰ੍ਹਿਆਂ ਨੂੰ ਖਾ ਗਏ। ਪਰ ਅਸਲ ਦੁਖਾਂਤ ਇਹ ਵੇ ਪਈ ਉਹ ਉਸਦਾ ਘਰ ਨਹੀਂ ਸੀ ਤੇ ਏਸੇ ਪਾਰੋਂ ਛੱਡਣਾ ਵੀ ਪਿਆ।

ਕਈ ਵਰ੍ਹੇ ਉਸ ਘਰੋਂ ਨਿਕਲ ਕੇ ਉਹ ਮੁੜ ਨਾ ਪਰਤਿਆ। ਰਹਿੰਦੇ ਉਹਨੂੰ ਬੁਲਾਂਦੇ ਰਹੇ। ਫ਼ਿਰ ਉਹ ਆਪ ਵੀ ਨਾ ਰਹੇ, ਨਵਾਂ ਆਇਆ ਵੀ ਨਾ ਰਿਹਾ। ਫ਼ਿਰ ਇਕ ਹੋਰ ਆਇਆ ਤੇ ਉਹ ਵੀ ਨਾ ਰਿਹਾ ਤੇ ਅਖ਼ੀਰ ਮੁੜ ਜਿਹੜਾ ਆਇਆ ਉਸ ਨੇ ਘਰ ਢਾਹ ਕੇ ਨਵਾਂ ਉਸਾਰਿਆ। ਸਾਢੇ ਛੇ ਮਰਲੇ ਦੇ ਘਰ ਨੂੰ ਇੰਜ ਬਣਾਇਆ ਪਈ ਉਸ 'ਚੋਂ 20 ਮਰਲੇ ਜਿਨੀ ਥਾਂ ਕੱਢ ਲਈ। ਕਈ ਮੰਜ਼ਿਲਾ, ਵੱਡਾ ਗੇਟ ਲਾ ਕੇ, ਸੁਹਣਾ ਨਕਸ਼ਾ ਬਣਾ ਕੇ ਉਸਨੇ ਘਰ ਤੱਕਿਆ ਤੇ ਉਸਦੇ ਧੁਰ ਅੰਦਰ ਅਚੇਤ ਸੁੱਤੀ, ਸਦਾ ਦੀ ਜਾਣੂੰ ਪੀੜ ਜਾਗ ਪਈ। ਉਸਨੇ ਠੰਡਾ ਸਾਹ ਭਰਿਆ। ਪੁਰਾਣਾ ਉੱਕਾ ਹੋਰ ਸੀ। ਥੱਲੇ ਤਿੰਨ ਕਮਰੇ ਸਨ। ਇਕ ਪਾਸੇ ਰਸੋਈ। ਨਿੱਕਾ ਜੇਹਾ ਵਿਹੜਾ ਤੇ ਦੂਜੀ ਮੰਜ਼ਿਲ ਨੂੰ ਜਾਂਦੀਆਂ ਪੌੜੀਆਂ, ਹੇਠ ਗ਼ੁਸਲ ਖ਼ਾਨਾ। ਟੱਟੀ ਪਿਸ਼ਾਬ ਲਈ ਥਾਂ ਸੀ ਧੁਰ ਕੋਠੇ। ਦੂਜੀ ਮੰਜ਼ਲੇ ਸੱਜੇ ਪਾਸੇ ਸੀ ਇਕ ਵੱਡਾ ਕਮਰਾ ਤੇ ਖੱਬੇ ਮੁੜ ਰਸੋਈ ਤੇ ਇਕ ਨਿੱਕਾ ਕਮਰਾ।

ਨਵੇਂ ਘਰ ਨੂੰ ਤਕਦੇ ਉਸਦੇ ਚਿੱਤ ਵਿੱਚ ਸੀ ਪੁਰਾਣਾ ਈ। ਉਹ ਨਵੇਂ ਨੂੰ ਪੁਰਾਣੇ ਰਾਹੀਂ ਈ ਵੇਂਹਦਾ ਪਿਆ ਸੀ ਤੇ ਜਦ ਉਹ ਨਵੇਂ ਦੀ ਥਾਂ ਪੁਰਾਣੇ ਨੂੰ ਈ ਚਿਤਾਰੀ ਗਿਆ ਤਾਂ ਮੁੜ ਹੋਰ ਦੁਖੀ ਹੋ ਗਿਆ। ਅੱਜ ਕਿੰਨੇ ਈ ਵਰ੍ਹਿਆਂ ਮਗਰੋਂ ਸ਼ਹਿਰ ਵਿਚ ਰਹਿੰਦੇ ਆਪਣੇ ਪੁਰਾਣੇ ਮੁਹੱਲੇ ਤੇ ਪੁਰਾਣੇ ਘਰ ਨੂੰ ਵੇਖਣ ਈ ਤਾਂ ਆਇਆ ਸੀ ਉਹ।

ਸਾਡਾ ਦੁਖਾਂਤ ਈ ਇਹ ਵੇ ਪਈ ਆਪਣੀ ਥਾਂ ਤੇ ਰਹਿਣ ਨਹੀਂ ਦਿੱਤਾ ਜਾਂਦਾ ਸਾਨੂੰ - ਜਿਥੇ ਅਸੀਂ ਰਹਿਨੇ ਆਂ, ਜਿਥੇ ਜਮਨੇ ਆਂ ਅਸੀਂ, ਜਿਥੋਂ ਦੇ ਸੁਫ਼ਨੇ ਅੱਖਾਂ ਦੇ ਚੇਤੇ ਵਿਚ ਸਦਾ ਜਗਦੇ ਘਰ



Academy of the Punjab in North America - APNA: http://www.apnaorg.com

ਬਣਾ ਬਹਿ ਜਾਂਦੇ ਨੇ। ਪੌਂਦ ਨੀਲੇ ਅਸਮਾਨ ਵਰਗਾ ਹੁੰਦਾ ਏ ਜਿਸਨੂੰ ਵੇਲਾ ਘਸਮੈਲਾ ਕਰ ਦਿੰਦਾ ਏ। ਪਰ ਯਾਦ ਉਸ ਨੂੰ ਸਲੇਟੀ ਸ਼ਾਮ ਬਣਾ ਦਿੰਦੀ ਏ। ਸੁਫ਼ਨੇ ਤੇ ਅਸਲ ਵਿਚਕਾਰ ਕੋਈ ਹੋਰ ਮੁਕਾਮ ਏ ਜਿੱਥੇ ਅਸੀਂ ਜਿਉਂਦੇ ਤੁਰਦੇ ਰਹਿੰਦੇ ਆਂ।

ਥੋੜਾ ਚਿਰ ਈ ਹੋਇਆ ਏ ਮੀਂਹ ਮੁੱਕਿਆ ਏ। ਪਰ ਤ੍ਰਿੱਖੀ ਝੁਲਦੀ ਹਵਾ ਵਿਚ ਅਜੇ ਵੀ ਪਾਣੀ ਦਾ ਹਥ ਏ ਜਿਹੜੀ ਉਸਦੇ ਮੂੰਹ ਨੂੰ ਵੱਜਦੀ, ਜ਼ਰਾ ਜਿਹਾ ਸਿਲ੍ਹਾ ਕਰਦੀ ਵਗਾਂਦੀ ਲੱਗੀ ਜਾਂਦੀ ਏ। ਸਾਰਾ ਜਹਾਨ ਈ ਬਦਲ ਗਿਆ ਏ, ਬਦਲਦਾ ਲੱਗੀ ਜਾਂਦਾ ਏ। ਮੋਕਲੀਆਂ ਗਲੀਆਂ ਸੌੜੀਆਂ ਹੁੰਦੀਆਂ ਜਾਂਦੀਆਂ ਨੇ ਤੇ ਸੌੜੀਆਂ ਅੱਤ ਸੌੜੀਆਂ। ਸਾਰੇ ਪੁਰਾਣੇ ਘਰ ਢਹਿੰਦੇ, ਨਵੇਂ ਉਸਰਦੇ ਪਏ ਨੇ। ਗਲੀਆਂ ਉੱਚੀਆਂ ਹੋ ਗਈਆਂ ਨੇ ਤੇ ਪੁਰਾਣੇ ਘਰ ਨਵੇਂ ਤੇ ਨਵੇਂ ਹੋਰ ਉਚੇ। ਦੋ-ਦੋ ਚਾਰ-ਮਰਲੇ ਆਲਿਆਂ ਦੇ ਤਾਂ ਘਰ ਈ ਗ਼ੈਬ ਹੋ ਗਏ ਨੇ। ਜਿਹਨਾਂ ਘਰਾਂ 'ਚੋਂ ਅਣਝਕ ਆਈ ਜਾਈਦਾ ਸੀ, ਕਿੰਨੇ ਓਪਰੇ, ਕਿੰਨੇ ਦੁਰਾਡੇ ਤੇ ਅੱਪੜ ਤੋਂ ਬਾਹਰੇ ਜਾਪਦੇ ਨੇ।

ਚੁੱਪ ਗਲੀ ਵਿਚ ਪਾਣੀ ਨਾਲ ਭਿੱਜੀ ਹਵਾ ਸ਼ਾਂ ਸ਼ਾਂ ਕਰਦੀ ਵਗਦੀ ਜਾਂਦੀ ਏ। ਐਵੇਂ ਕੋਈ ਮੋਟਰ ਸੈਕਲ ਯਾਂ ਗੱਡੀ ਪਾਣੀ ਦੇ ਸ਼ਰਲਾਟੇ ਮਾਰਦੀ ਕੋਈ ਮੋੜ ਮੁੜ ਜਾਂਦੀ ਏ। ਮੁਹੱਲਿਆਂ ਦੇ ਪੁਰਾਣੇ ਫ਼ੇਰੀ-ਬਾਜ਼ ਅੱਜ ਖ਼ੌਰੇ ਕਿੱਥੇ ਚਲੇ ਗਏ ਨੇ।

ਗਲੀ ਤੋਂ ਪਹਿਲੇ ਮੋੜ ਉੱਤੇ ਜ਼ਰਾ ਵੱਡੀ ਸੜਕ ਹੁਣ ਬਜ਼ਾਰ ਬਣਦੀ ਜਾਂਦੀ ਏ। ਪਹਿਲੇ ਤਾਂ ਬਰਗਰ ਲਾਉਣ ਆਲਾ ਆਇਆ, ਫ਼ਿਰ ਮੋਟਰ ਸੈਕਲਾਂ ਠੀਕ ਕਰਨ ਦੀ ਨਿੱਕੀ ਮਕੈਨਿਕ ਸ਼ਾਪ, ਮੁੜ ਗੱਡੀਆਂ ਦੀ ਵਰਕਸ਼ਾਪ ਤੇ ਫ਼ਿਰ ਪਰਚੂਨ ਦੀ ਹੱਟੀ। ਫ਼ਿਰ ਕਾਪੀ ਪੈਨਸਲਾਂ ਦੀ ਹੱਟੀ ਤੇ ਜਦ ਪਾਨ ਸਿਗਰਟ ਦਾ ਖੋਖਾ ਬਣਿਆ ਤਾਂ ਗਲੀ ਦਾ ਮੁੰਡੀਰ ਸਦਾ ਉੱਥੇ ਨਜ਼ਰ ਆਉਣ ਲੱਗ ਪਿਆ। ਪਰ ਇਹ ਸਾਡੇ ਘਰ ਛੱਡਣ ਤੋਂ ਕਈ ਵਰ੍ਹੇ ਪਿੱਛੋਂ ਦੀ ਗੱਲ ਏ, ਕਈ ਵਰ੍ਹੇ ਪਿੱਛੋਂ ਦੀ। ਓਦੋਂ ਮੁਹੱਲੇ ਵਿਚ ਇਕ ਅੱਧ ਹੱਟੀ ਹੋਣੀ ਤੇ ਉਥੋਂ ਈ ਸਾਰੇ ਸੌਦੇ ਲੱਭਣੇ, ਸੂਈ ਤੋਂ ਲੈ ਕੇ ਸਿਗਰਟ ਤੀਕ। ਲਗਦਾ ਏ ਇਹ ਨਵੇਂ ਵੱਡੇ-ਵੱਡੇ ਸ਼ਾਨਦਾਰ ਵਾਲ ਮਾਲ ਸਟੋਰ ਕਿਤੇ ਸਾਡੀਆਂ ਉਨ੍ਹਾਂ ਸਾਂਝੀਆਂ ਪੁਰਾਣੀਆਂ ਹੱਟੀਆਂ ਦੀ ਨਕਲ ਤਾਂ ਨਹੀਂ ?

ਇਕ ਬਹੁੰ ਪੁਰਾਣੀ ਸਭ ਤੋਂ ਸਸਤੀ ਗੱਡੀ ਰੁਮਕੇ ਰੁਮਕੇ ਤੁਰਦੀ ਜਿਵੇਂ ਖਲੋਣ ਲੱਗੀ ਹੋਵੇ ਪਰ ਮੁੜ ਬਹੁੰ ਹੌਲੀ ਹੁੰਦੀ ਵੀ ਖਲੋਂਦੀ ਨਹੀਂ ਤੇ ਉਸਦੇ ਕੋਲੋਂ ਲੰਘ ਜਾਂਦੀ ਏ। ਅੱਗੇ ਇਕ ਗੱਭਰੂ ਮੁੰਡਾ ਤੇ ਉਹਦੀ ਵਹੁਟੀ ਬੈਠੀ ਏ ਤੇ ਪਿੱਛੇ ਦੋ ਬਾਲ ਤੇ ਮਾਈ ਜਿਹੀ ਇਕ ਜ਼ਨਾਨੀ ਦਾ ਉਹਨੂੰ ਝੌਲਾ ਪੈਂਦਾ ਏ। ਉਹ ਉਸ ਮਾਈ ਜਿਹੀ ਯਾਂ ਖ਼ੌਰੇ ਅਧਖੜ ਜਿਹੀ ਨੂੰ ਈ ਤਕੀ ਜਾਂਦਾ ਏ। ਇਕ ਪਲ ਦੋਏ ਪਹਿਲੇ ਇਕ ਦੂਜੇ ਨੂੰ ਵੇਖ ਹੈਰਾਨ ਹੁੰਦੇ ਮੁੜ ਦੁਖੀ ਹੁੰਦੇ ਮੁੜ ਉਭਾ ਸਾਹ ਭਰੇਂਦੇ ਨੇ ਜਿਸ ਵਿੱਚ ਹਉਕਾ ਜਿਹਾ ਵੀ ਏ ਤੇ ਅਖ਼ੀਰ ਤੱਕਦੇ ਨੂੰ ਅਣਤੱਕ ਕਰ ਜਾਂਦੇ ਨੇ ਯਾਂ ਮਤੇ ਨਹੀਂ ਕਰਦੇ!

ਜੇ ਇਕ ਪਲ ਗੱਡੀ ਖਲ੍ਹਾਰ ਕੇ ਸੁਖ ਸਾਂਦ ਕਰ ਲੈਂਦੀ ਤਾਂ ਕਿਸੇ ਉਹਨੂੰ ਗੋਲੀ ਮਾਰ ਦੇਣੀ ਸੀ? ਵੱਡੀ ਨਖ਼ਰਿਆਂ ਮਾਰੀ। ਇਸ ਤੋਂ ਚੰਗੀ ਗੱਡੀ ਤਾਂ ਹੁਣ ਮੇਰੇ ਕੋਲ ਆ ਪਰ ਉਦੋਂ ਤਾਂ ਨੱਕ ਉੱਤੇ ਮੱਖੀ ਨਾ ਬੈਠਣ ਦਿੰਦੀ ਸੀ। ਕਈ ਵਰ੍ਹਿਆਂ ਤੋਂ ਦੋ ਤਿੰਨ ਜਵਾਨ ਧੀਆਂ ਲੈ ਆਪੀਂ ਤਾਂ ਬੁੱਢੀ ਹੋ ਈ ਗਈ ਏ ਉਹਨਾਂ ਨੂੰ ਵੀ ਕਰੀ ਜਾਂਦੀ ਏ ਬਿਨ ਵਿਆਹੀਂ ਅਸੀਂ ਤਾਂ ਨਾ ਹੋਵਣ ਹਾਰ ਸਾਂ। ਉਦੋਂ ਇਕ ਦੋ ਘਰਾਂ ਨੂੰ ਛੱਡ ਕੇ ਮਾਠੇ ਈ ਸੁਣ ਕੇ ਸਾਰੇ ਮੁੰਡੇ ਕਿੰਨੀਆਂ ਈ ਰਾਤਾਂ ਤੇ ਕਿੰਨੀਆਂ ਈ ਸਵੇਰਾਂ ਰੱਜ ਉਸਦਾ ਮੁਖ ਅੰਦਰ ਵਸਾਇਆ, ਉਸਦੇ ਪਿੰਡੇ ਦੀ ਇਕ ਇਕ ਲਹਿਰ ਦੇ ਸੁਫ਼ਨੇ ਸਨ ਮਾਣੇ, ਪਰ ਉਸ ਇਕ ਵਾਰੀ ਵੀ ਗੱਲ ਨਾ ਕੀਤੀ ਉਸਦੇ ਨਾਲ।



Academy of the Punjab in North America - APNA: http://www.apnaorg.com

ਸਵੇਰਾਂ ਸ਼ਾਮਾਂ ਕੀਤੀਆਂ ਓਹਦੇ ਘਰ ਅੱਗੇ। ਕਿੱਡਾ ਮਾਣ ਸੀ ਉਸ ਨੂੰ ਆਪਣੇ ਸੁਹੱਪਣ ਉੱਤੇ, ਰੁਤਬੇ ਉੱਤੇ। ਕਿੰਨੇ ਅਮੀਰ ਲਗਦੇ ਸੀ ਉਸ ਵੇਲੇ ਉਹ ਉਸਦਾ ਪਿਓ! ਇਕ ਸਰਕਾਰੀ ਮਹਿਕਮੇ ਦਾ ਨਿੱਕਾ ਜਿਹਾ ਮਾਮੂਲੀ ਅਫ਼ਸਰ ਈ ਸੀ ਨਾ ਮੋਟਰ ਸੈਕਲ ਈ ਸੀ ਨਾ ਉਨ੍ਹਾਂ ਕੋਲ। ਪੂਰੇ ਮੁਹੱਲੇ ਵਿਚ ਉਨ੍ਹਾਂ ਕੋਲ ਈ ਸੀ ਮੋਟਰ ਸੈਕਲ। ਦੂਜਿਆਂ ਤੋਂ ਉਹ ਸਨ ਸੌਖੇ ਈ। ਕੀ ਨਹੀਂ ਅੱਜ? ਉਨ੍ਹਾਂ ਤੋਂ ਕਿਤੇ ਅੱਜ ਉਹ ਸੌਖਾ ਸੀ। ਪਰ ਉਸ ਨੂੰ ਪਤਾ ਸੀ ਕਿੰਨਾਂ ਵੀ ਸੌਖਾ ਹੋ ਜਾਵੇ ਉਹ ਨਹੀਂ ਮਿਲਣੀ। ਪਹਿਲੋਂ ਇਸ ਲਈ ਨਾ ਮਿਲੀ ਪਈ ਉਹ ਹੇਠਾਂ ਸੀ ਤੇ ਹੁਣ ....... ਵੇਲੇ ਦੀ ਵਿੱਥ ਏ! ਵੇਲਾ ਉਸ ਬਾਜ਼ੀ ਲੱਗੇ ਕਬੂਤਰ ਹਾਰ ਏ ਜਿਹੜਾ ਮੁੜ ਪਰਤ ਕੇ ਤੁਹਾਡੇ ਕੋਠੇ ਨਹੀਂ ਲਹਿੰਦਾ।

ਲੱਭਦਾ ਕੀ ਏ ਸਾਨੂੰ ਹੇਠਾਂ ਉਤਾਂਹ ਹੋ ਕੇ, ਵਿਛੋੜਾ, ਨਿੱਤ ਦਾ ਵਿਛੋੜਾ।

ਸ਼ਾਮ ਲੱਥ ਪਈ ਏ। ਕਿੰਨੇ ਚਿਰ ਤੂੰ ਉਹ ਆਪਣੇ ਪੁਰਾਣੇ ਮੁਹੱਲੇ ਫਿਰੀ ਜਾਂਦਾ ਏ, ਫ਼ਿਰਦਾ ਏ ਪਿਆ। ਅੱਜ ਉਸ ਨੂੰ ਇਕ ਵੀ ਪੁਰਾਣਿਆਂ ਵਿਚੋਂ ਨਹੀਂ ਮਿਲਿਆ। ਮੀਂਹ ਨੇ ਪੁਰਾਣੇ ਘਰਾਂ ਦੀ ਭੁਰਦੀ ਸਫ਼ੈਦੀ ਨੂੰ ਹੋਰ ਨਿਤਰਾ ਦਿੱਤਾ ਏ ਤੇ ਹੇਠੋਂ ਮਿੱਟੀ-ਰੰਗੀਆਂ ਅੱਤ ਪੁਰਾਣੀਆਂ ਨਿਕਲੀਆਂ ਇੱਟਾਂ ਇੰਜ ਤੱਕਦੀਆਂ ਪਈਆਂ ਨੇ ਜਿਵੇਂ ਵੇਲੇ ਨੇ ਉਨ੍ਹਾਂ ਦਾ ਭਰਮ ਲਾਹ ਦਿੱਤਾ ਹੋਵੇ।

ਚੁੱਪ ਗਲੀਆਂ ਵਿੱਚ ਹੌਲੀ ਹੌਲੀ ਆਵਾ ਜਾਵੀ ਜਿਹੀ ਹੁੰਦੀ ਏ, ਅੱਚਨਚੇਤ ਤੇਜ਼ ਹੁੰਦੀ ਏ ਪਰ ਛੇਤੀ ਮੁੱਕ ਜਾਂਦੀ ਏ। ਮੀਂਹਾਂ ਨੇ ਲੋਕਾਂ ਨੂੰ ਕੁਝ ਹੌਲਾ ਜਿਹਾ ਕਰ ਦਿੱਤਾ ਏ, ਸੱਖਣਾ, ਹੱਥਲ ਜਿਹਾ ਤੇ ਤਿੱਖੀ ਝੁਲਦੀ ਹਵਾ ਨੇ ਗਲੀਆਂ ਨੂੰ ਸੁੰਞਾ ਕਰ ਦਿੱਤਾ ਏ। ਅਨ੍ਹੇਰੇ ਦੀ ਲੋਈ ਸਹਿਜੇ ਈ ਹਰ ਸ਼ੈ ਨੂੰ ਬੁੱਕਲ ਮਾਰਨ ਦੀ ਕਰਦੀ ਏ ਤੇ ਘਰਾਂ ਦੇ ਬੂਹੇ ਬਾਰੀਆਂ ਵਿਚੋਂ ਨਿੰਮਾ ਨਿੰਮਾ ਚਾਨਣ ਰੁਮਕਣ ਲੱਗ ਪੈਂਦਾ ਏ। ਦੋ ਹੌਲੀ ਉਮਰ ਦੇ ਮੁੰਡੇ ਤ੍ਰਿਖਾ ਤੁਰਦੇ ਤੇ ਉੱਚੀ ਉੱਚੀ ਗੱਲਾਂ ਕਰਦੇ ਇਕ ਪਲ ਉਹਨੂੰ ਵੇਖ ਅੜਕਦੇ ਨੇ ਪਰ ਮੁੜ ਨਾ ਸਿਅਣਨ ਪਾਰੋਂ ਆਪਣੀ ਮੌਜ ਵਿਚ ਅਗਾਂਹ ਲੰਘ ਜਾਂਦੇ ਨੇ। ਕਿੰਨਾ ਈ ਚਿਰ ਹੋ ਗਿਆ ਏ ਉਹਨੂੰ ਐਵੇਂ ਫ਼ਿਰਦੇ ਨੂੰ ਤੇ ਨਾਲੇ ਹੁਣ ਅਨੈਰਾ ਵੀ ਲੱਥ ਆਇਆ ਏ ਬੈਠੇਂਗਾ' ਜਾ ਹੁਣ ਆਪਣੇ ਘਰ ਚਲਾ ਜਾ' ਆਪਣੇ'? ਐਵੇਂ ਉਸਦੇ ਅੰਦਰੋਂ ਕੋਈ ਕਹਿੰਦਾ ਏ। ਉਹ ਪੁਰਾਣੇ ਘਰ੍ਹ ਨੂੰ ਤੱਕਦਾ ਏ ਜਿਥੇ ਹੁਣ ਨਵਾਂ ਘਰ ਖਲੋਤਾ ਏ। ਤੈਨੂੰ ਸੀਹਾਨਦਾ ਤਾਂ ਹੈ ਕੋਈ ਨਹੀਂ! ਕਿੰਨੀ ਰਾਤ ਹੋ ਗਈ ਏ ਐਵੇਂ ਕਿਸੇ ਢੱਕ ਪੁਛ ਪ੍ਰਤੀਤ ਕਰ ਲਈ ਤਾਂ ਗੰਵਾ ਬੈਠੇਂਗਾ ਸਾਰਾ ਭਰਮ।

ਰਾਤ ਨਿੱਠ ਕੇ ਗਲੀਆਂ ਵਿਚ ਟਿਕੀ ਹੋ ਗਈ ਏ। ਡਰ ਦੀ ਹਵਾ ਉਹਨੂੰ ਸਿਲ੍ਹਾ ਕਰਦੀ ਦਿਲ ਅੰਦਰੋਂ ਲੰਘ ਲੰਘ ਜਾਂਦੀ ਏ। ਜੇ ਐਵੇਂ ਕਿਸੇ ਪੁਛ ਲਿਆ ਪਈ ਕਾਹਦੇ ਲਈ ਫ਼ਿਰਦਾ ਪਿਆ ਏਂ! ਕਿਸ ਘਰ ਜਾਣਾ ਏਂ? ਕਿਸ ਨੂੰ ਮਿਲਣਾ ਏਂ! ਡਰ ਦੀ ਸਿਲ੍ਹੀ ਹਵਾ ਧੁਰ ਅੰਦਰ ਨੂੰ ਠਾਰ ਦਿੰਦੀ ਏ। ਉਹ ਕੰਬ ਜਿਹਾ ਜਾਂਦਾ ਏ। ਡਰ, ਡਰ ਅਣ-ਸਿਹਾਣੇ ਹੋਵਣ ਦਾ ਡਰ! ਰਾਤ, ਡਰ ਤੇ ਸੀਤ ਹਵਾ, ਪ੍ਰਦੇਸ ਦੀ ਲੰਘਾਈ ਉਹ ਰਾਤ ਅੱਖੀਂ ਹਾਜ਼ਰ ਕਰ ਦਿੰਦੀ ਏ ਜੋ ਉਸ ਪਾਰਕ ਸੌਂ ਲੰਘਾਈ। ਉਹ ਰਾਤ ਸਗਵੀਂ, ਸਬੂਤੀ, ਅਣ ਲੰਘੀ, ਪੂਰੀ ਦੀ ਪੂਰੀ ਆਪਣੇ ਡਰ ਦੇ ਉਹੋ ਪੁਰਾਣੇ ਰੰਗਾਂ ਨਾਲ ਸਾਹਮਣੇ ਹੋ ਖਲੋਂਦੀ ਏ।

29 ਵਰ੍ਹੇ ਪਹਿਲੋਂ ਦੀ ਉਹ ਰਾਤ ਜਦ ਉਹ ਕੁਝ ਬੇਲੀਆਂ ਨਾਲ ਘਰ ਦੀ ਭੁੱਖ ਤੋਂ ਨੱਸ, ਯੂਰਪ ਵੱਸ ਕਮਾਈਆਂ ਕਰਨ ਦੇ ਲੋਭ ਵਿਚ ਲਹਿੰਦੇ ਦੇ ਇਕ ਸ਼ਹਿਰ ਰੋਮ ਵਿਚ ਸੀ ਫ਼ਸ ਕੇ ਰਹਿ ਗਿਆ। ਕਈ ਮਹੀਨੇ ਫ਼ੁੱਟਪਾਥਾਂ ਤੇ ਰੇਲ ਗੱਡੀ ਦੇ ਅੰਡਰ ਗਰਾਊਂਡ ਮੈਟਰੋ ਵਿਚ ਸੌਣ ਮਗਰੋਂ ਉਸ ਰਾਤ ਉਸਨੇ ਘਰ ਦੇ ਮੰਜੇ ਉੱਤੇ ਸੌਣਾ ਸੀ। ਇਹ ਘਰ ਉਹਨੂੰ ਮਹਸੂਦ ਨੇ ਦਿੱਤਾ ਸੀ ਮਹਸੂਦ ਵੀ ਉਸ ਹਾਰ ਲਹੌਰ ਦਾ ਤੇ ਮੁੜ ਉਸਦੇ ਮੁਹੱਲੇ ਕ੍ਰਿਸ਼ਨ ਨਗਰ ਦਾ ਨਿਕਲ ਆਇਆ ਤੇ ਕਈ ਵਰ੍ਹਿਆਂ ਤੋਂ



Academy of the Punjab in North America - APNA: http://www.apnaorg.com

ਉੱਥੇ ਰਹਿੰਦਾ ਰੋਮ ਦਾ ਈ ਹੋ ਗਿਆ ਸੀ। ਪਰ ਜਦ ਉਹ ਦਾਰੂ ਪੀ ਕੇ ਟੁੰਨ ਹੋ ਜਾਂਦਾ ਤਾਂ ਵਾਰ ਵਾਰ ਦੋ ਗੱਲਾਂ ਦੁਹਰਾਂਦਾ "ਮੈਂ ਇੱਥੇ ਰੋਮ ਵਿੱਚ ਰਹਿਣ ਨਹੀਂ ਆਇਆ ਸਾਂ। ਮੈਂ ਜਾਂ ਵਲੈਤ ਚਲੇ ਜਾਣਾ ਯਾਂ ਅਮਰੀਕਾ। ਰੋਮ ਤੇ ਮੈਂ ਐਵੇਂ ਈ ਫ਼ਸ ਗਿਆਂ ਆਂ" ਪਰ ਉਸ ਨੂੰ ਕਿੰਨੇ ਈ ਵਰ੍ਹੇ ਹੋ ਗਏ ਸਨ ਇੱਥੇ ਰਹਿੰਦੇ ਨੂੰ। ਸੁਣਿਆ ਸੀ ਵਲੈਤ ਉਹਦੀ ਮਾਸੀ ਰਹਿੰਦੀ ਸੀ ਪਰ ਖ਼ੌਰੇ ਉਹ ਉਹਨੂੰ ਕਿਉਂ ਨਹੀਂ ਸੀ ਬੁਲਾਂਦੀ! ਦੂਜੇ, ਉਹਨੂੰ ਮਾਂ ਰੱਜ ਚੇਤੇ ਆਉਣੀ ਜਿਹੜੀ ਅਜੇ ਵੀ ਇਕੱਲੀ ਲਹੌਰ ਕ੍ਰਿਸ਼ਨ ਨਗਰ ਦੇ ਕਿਸੇ ਨਿੱਕੇ ਕਿਰਾਏ ਦੇ ਕਮਰੇ ਰਹਿੰਦੀ ਹੋਣੀ ਏਂ ਤੇ ਜਿਹਨੂੰ ਉਹ ਵਰ੍ਹੇ ਛਿਆਹੀਂ ਕੁਝ ਡਾਲਰ ਘੱਲੀ ਰੱਖਦਾ ਸੀ। ਪਿਓ ਦਾ ਮੈਂ ਵੀ ਕਦੀ ਨਹੀਂ ਸੀ ਪੁੱਛਿਆ ਤੇ ਨਾ ਉਸ ਨੂੰ ਚੇਤੇ ਸੀ। ਨਹੀਂ ਤਾਂ ਉਹਦੀ ਗੱਲ ਤਾਂ ਕਦੀ ਕਰਦਾ, ਟੁੰਨ ਹੋ ਕੇ ਉਸ ਆਖੀ ਜਾਣਾ ਮੇਰੀ ਮਾਂ ਇਕੱਲੀ ਹੋਣੀ ਏਂ, ਉਹ ਇਕੱਲੀ ਹੋਣੀ ਏ, ਉਹ ਮੇਰਾ ਵਿਆਹ ਕਰਨਾ ਚਾਹੁੰਦੀ ਸੀ ਉਹ ਮੈਨੂੰ ਉਡੀਕਦੀ ਹੋਣੀ ਏ।

ਤੇਤੀ ਪੈਂਤੀ ਦੇ ਨੇੜੇ ਤੇੜੇ ਦਾ ਸੀ ਮਹਸੂਦ ਤੇ ਮੈਂ ਅਜੇ ਵੀਹਾ ਵੀ ਪੂਰੇ ਨਹੀਂ ਕੀਤੇ ਸਨ।

ਮਹਸੂਦ ਮੈਨੂੰ ਪਿਆਜ਼ਾ ਨੋਵਨਾ ਈ ਮਿਲਿਆ ਸੀ। ਅਸੀਂ ਗਰਮੀਆਂ ਵਿੱਚ ਸਾਂ ਰੋਮ ਆਏ ਪਰ ਹੁਣ ਡਾਢੀ ਠੰਡ ਹੋਣ ਲੱਗ ਪਈ ਸੀ। ਅਸੀਂ ਸਾਂ ਤਿੰਨ ਬੇਲੀ ਤੇ ਇਉਂ ਬਿਨਾ ਕਿਸੇ ਨਕਸ਼ੇ ਤੇ ਖਿਆਲ ਵਿਚਾਰ ਦੇ ਕੁਝ ਸੌ ਡਾਲਰ ਲੈ ਮੂੰਹ ਚੁਕ ਸੜਕੋ ਸੜਕੀਂ ਅਫ਼ਗਾਨਿਸਤਾਨ, ਈਰਾਨ, ਤੁਰਕੀ ਤੋਂ ਹੁੰਦੇ ਇਸਤੰਬੋਲ ਤੋਂ ਓਰੀਐਂਟ ਐਕਸਪ੍ਰੈਸ ਵਿਚ ਬਹਿ ਯੋਗੋਸਲਾਵੀਆ ਤੋਂ ਪੰਜ ਦਿਨ ਦਾ ਵੀਜ਼ਾ ਲੈ ਰੋਮ ਆ ਗਏ ਸਾਂ। ਸ਼ੌਕੀ ਜਹਾਜ਼ ਤੇ ਨੌਕਰੀ ਕਰਨ ਤੁਰ ਗਿਆ ਪਰ ਮੈਨੂੰ ਨਜ਼ਰ ਦੀ ਐਨਕ ਪਾਰੋਂ ਇਨਕਾਰੀ ਹੋ ਗਈ। ਮਜ਼ਲੀ ਨੂੰ ਕਿਸੇ ਘਰ ਨੌਕਰੀ ਲੱਭ ਗਈ ਤੇ ਉਹ ਆਪਣੇ ਨਾਲ ਕੰਮ ਕਰਦੀ ਇੱਕ ਫ਼ਿਲਪੀਨੀ ਨਾਲ ਮਸਤ ਹੋ ਗਿਆ।

ਪਿਆਜ਼ਾ ਨੋਵਨਾ ਰੋਮ ਵਿੱਚ ਇੱਕ ਮਸ਼ਹੂਰ ਸੈਲੀਆਂ ਦੀ ਥਾਂ ਏ। ਇਕ ਬਹੂੰ ਵੱਡਾ ਅਹਾਤਾ ਏ ਤੇ ਜਿਸ ਵਿਚਕਾਰ ਗੋਲ ਚੱਕਰ ਵਿੱਚ ਪੱਥਰਾਂ ਦੀਆਂ ਬਹੂੰ ਸੋਹਣੀਆਂ ਮੂਰਤਾਂ ਬਣੀਆਂ ਹੋਈਆਂ ਨੇ। ਇਸ ਅਹਾਤੇ ਦੁਆਲੇ ਸੋਹਣੀਆਂ ਪੁਰਾਣੀਆਂ ਇਮਾਰਾਤਾਂ ਦੀ ਵਲਗਣ ਏਂ। ਪੁਰਾਣੀਆਂ ਸਲੇਟੀ ਰੰਗ ਇੱਟਾਂ ਦਾ ਬਹੂੰ ਚੌੜਾ ਵਿਹੜਾ ਏ ਜਿਸ ਉੱਤੇ ਕਈ ਸੌ ਸਲੇਟੀ ਕਬੂਤਰ ਉੱਡੇ ਰਹਿੰਦੇ , ਚੋਗਾ ਚੁਗਦੇ ਰਹਿੰਦੇ ਸਨ। ਚਹੁੰ ਪਾਸੇ ਪਾਲੋ ਪਾਲ ਕੈਫ਼ੇ , ਰੈਸਟੋਰਾਂ ਤੇ ਬਾਰਾਂ ਨੇ ਜਿਥੇ ਸਾਰਾ ਦਿਨ ਸੈਲੀ ਬੈਠੇ ਧੁੱਪਾਂ ਸੇਕਦੇ ਰਹਿੰਦੇ ਨੇ। ਮੈਂ ਐਵੇਂ ਇਕ ਦਿਨ ਭੌਂਦਾ ਫਿਰਦਾ ਇਸ ਥਾਂ ਆ ਬੈਠਾ ਤੇ ਮੁੜ ਰੋਜ਼ ਈ ਆਉਣ ਲੱਗ ਪਿਆ।

ਹਿੱਪੀ ਲਹਿਰ ਸਿਖਰ ਉੱਤੇ ਹੋਵੇ। ਇੱਥੇ ਈ ਜੰਗੀ ਵੀ ਟੱਕਰਿਆ ਜਿਹੜਾ ਕਰਾਚੀਉਂ ਸੀ ਤੇ ਏਥੇ ਰੇੜ੍ਹੀ ਲਾਂਦਾ ਸੀ ਸ਼ਾਮ ਨੂੰ। ਪਰ ਇਹ ਰੇੜ੍ਹੀ ਸੀ ਬਿਨਾਂ ਮਨਜ਼ੂਰੀ ਤੋਂ ਤੇ ਕਦੀ ਕਦੀ ਸ਼ਾਮ ਨੂੰ ਕਾਰਪੋਰੇਸ਼ਨ ਦਾ ਛਾਪਾ ਵੀ ਪੈ ਜਾਣਾ। ਤੇ ਮੈਨੂੰ ਲਹੌਰ ਸ਼ਹਿਰ ਦੇ ਕਾਰਪੋਰਸ਼ਨ ਆਲਿਆਂ ਦੇ ਛਾਪੇ ਚੇਤੇ ਆ ਜਾਣੇ। ਜੰਗੀ ਏਥੇ ਆਪਣੇ ਟੱਬਰ ਨਾਲ ਕਈ ਵਰ੍ਹਿਆਂ ਤੋਂ ਸੀ ਰਹਿੰਦਾ ਪਿਆ। ਉਸ ਦੀ ਵਹੁਟੀ ਸਾਰਾ ਦਿਨ ਹੱਥੀਂ ਘਰ ਵਿੱਚ ਬਾਲਾਂ ਦੇ ਖਿਡੌਣੇ ਬਣਾਉਣੇ ਜੋ ਜੰਗੀ ਸ਼ਾਮੀਂ ਪਿਆਜ਼ਾ ਨੋਵਨਾ ਵਿਚ ਰੇੜ੍ਹੀ ਲਾ ਕੇ ਵੇਚਣੇ।

ਲੀਰਾਂ ਦੀਆਂ ਰੰਗ ਬਰੰਗੀਆਂ ਕਾਤਰਾਂ ਦੇ ਬਣੇ ਇਹ ਪਟੋਲੇ ਪਟੋਲੀਆਂ ਬੜੇ ਮਨ ਖਿਚਵੇਂ ਸਨ ਜਿਨ੍ਹਾਂ ਨਾਲ ਈ ਪਏ ਇਕ ਗੱਤੇ ਉੱਤੇ ਲਿਖਿਆ ਹੁੰਦਾ ਸੀ "ਹੈਂਡ ਮੇਡ"

ਜਦ ਉਹ ਰੇੜ੍ਹੀ ਲਾਂਦਾ ਤੇ ਮੈਂ ਸਾਰੇ ਦਿਨ ਦਾ ਵਿਹਲ ਮਾਰਿਆ ਉਸ ਕੋਲ ਜਾ ਖਲੋਂਦਾ। ਨਾ ਕੋਈ ਸੌਣ ਦੀ ਥਾਂ ਸੀ ਨਾ ਰੋਟੀ ਰੁਜ਼ਗਾਰ। ਚਰਚ ਚੋਂ ਮੁਫ਼ਤ ਰੋਟੀ ਲੱਭ ਜਾਂਦੀ ਤੇ ਹਿਪੀਆਂ ਦੇ ਖ਼ਾਲੀ ਭੁੰਨੇ



Academy of the Punjab in North America - APNA: http://www.apnaorg.com

ਘਰਾਂ ਵਿੱਚ ਜਾ ਸੌਂਦੇ ਬਹੁਤੇ ਹਿੱਪੀ ਅਜੇ ਘਰਾਂ ਵਿੱਚ ਈ ਰਹਿੰਦੇ ਸਨ। ਉਹ ਕਈ ਚਿਰ ਤੋਂ ਬੰਦ ਘਰ ਨੂੰ ਤੋੜ ਕੇ ਮਲ ਮਾਰ ਲੈਂਦੇ ਸਨ ਤੇ ਮੁੜ ਉੱਥੇ ਰਹਿਣ ਲੱਗ ਪੈਂਦੇ ਸਨ

ਜੰਗੀ ਨੇ ਈ ਮੈਨੂੰ ਵੇਲਾ ਵੇਖ ਕੇ ਆਪਣੇ ਨਾਲ ਕੰਮ ਕਰਨ ਦੀ ਸਲਾਹ ਦਿੱਤੀ ਜੋ ਮੈਂ ਝੱਟ ਮੰਨ ਲਈ। ਉਸ ਸਗੋਂ ਆਪਣੀ ਰੇੜ੍ਹੀ ਈ ਮੈਨੂੰ ਦੇ ਦਿੱਤੀ ਤੇ ਆਪੀਂ ਹੋਰ ਰੇੜ੍ਹੀ ਲਾਉਣ ਲੱਗ ਪਿਆ। ਪਰ ਰਹਿਣ ਦਾ ਠਿਕਾਣਾ ਅਜੇ ਵੀ ਨਹੀਂ ਸੀ ਬਣਿਆ। ਕਿਸੇ ਥਾਂ ਰਹਿਣ ਲਈ ਪਾਸਪੋਰਟ ਜਾਂ ਹੋਰ ਕਾਗਤ ਲੋੜੀਦੇ ਸਨ ਜਿਸ ਦਾ ਪੁਲਸੀਏ "ਡਾਕੋਮਨਟੀ" ਆਖ ਪੁੱਛਦੇ ਸਨ। ਮੇਰਾ ਪਾਸਪੋਰਟ ਪਹਿਲਾਂ ਈ ਪੁਲਸ ਕੋਲ ਸੀ ਤੇ ਉਹ ਇਸ ਤਾੜ ਵਿਚ ਸਨ ਪਈ ਜਿਸ ਦਿਨ ਇਸ ਕੋਲੋਂ ਹਵਾਈ ਟਿਕਟ ਜੋਗੇ ਪੈਸੇ ਲੱਭੇ ਇਸ ਨੂੰ ਡਿਪੋਰਟ ਕਰ ਦਿਆਂਗੇ। ਇਸ ਲਈ ਹੁਣ ਮੇਰੇ ਕੋਲ ਕੰਮ ਕਰਨ ਪਾਰੋਂ ਚਾਰ ਪੈਸੇ ਤਾਂ ਹੋ ਗਏ ਪਰ ਰਹਿਣ ਨੂੰ ਕੋਈ ਥਾਂ ਨਹੀਂ ਸੀ। ਜੰਗੀ ਮੈਨੂੰ ਰੋਜ਼ ਕਹਿੰਦਾ ਮੈਂ ਤੈਨੂੰ ਘਰ ਤਾਂ ਲੈ ਖੜਾਂ, ਪਰ ਮੇਰੀ ਵਹੁਟੀ ਨੂੰ ਚੰਗਾ ਨਹੀਂ ਲੱਗਣਾ।

ਫ਼ਿਰ ਇਕ ਦਿਨ ਜੰਗੀ ਨੇ ਮੈਨੂੰ ਮਹਸੂਦ ਨਾਲ ਲਹੌਰੀ ਹੋਵਣ ਦੇ ਪਾਰੋਂ ਮਿਲਾਇਆ ਤੇ ਅੱਗੋਂ ਅਸੀਂ ਆਪਣੇ ਮੁਹੱਲੇ ਕ੍ਰਿਸ਼ਨ ਨਗਰ ਦੀ ਸਾਂਝ ਲੱਭ ਲਈ। ਮਹਸੂਦ ਇਕ ਬਹੁੰ ਸਸਤੀ ਜਿਹੀ ਥਾਂ ਉੱਤੇ ਰਹਿੰਦਾ ਸੀ ਪਰ ਫ਼ਿਰ ਵੀ ਉਸ ਦਾ ਕਿਰਾਇਆ ਉਸ ਕੋਲੋਂ ਨਹੀਂ ਸੀ ਦਿੱਤਾ ਜਾਂਦਾ। ਹੁਣ ਉਸ ਨੂੰ ਇਹ ਆਸ ਸੀ ਪਈ ਅਸੀਂ ਅੱਧੋ ਅੱਧ ਕਿਰਾਇਆ ਕਰ ਲਵਾਂਗੇ। ਅਗਲੇ ਦਿਨ ਉਸ ਚਾਨਣ ਵਿੱਚ ਮੈਨੂੰ ਮਿਲ ਕੇ ਉਹ ਥਾਂ ਵੀ ਵਿਖਾ ਦਿੱਤੀ। ਉਹ ਸੀ ਇਕ ਬਹੁੰ ਪੁਰਾਣਾ ਜਿਹਾ ਸਟੋਰ ਤੇ ਥਾਂ ਥਾਂ ਤੋਂ ਪਲਸਤਰ ਤੇ ਸਫ਼ੈਦੀ ਉਖੜੀ ਹੋਈ ਸੀ। ਇਕ ਪਾਸੇ ਪੁਰਾਣਾ ਜਿਹਾ ਬੈੱਡ ਤੇ ਹੋਰ ਇਕ ਲੋਹੇ ਦਾ ਬੈੱਡ ਹੈਸੀ ਜਿਸ ਉੱਤੇ ਕੁਝ ਵੀ ਨਹੀਂ ਸੀ ਵਿਛਿਆ ਹੋਇਆ। ਇਹੋ ਸੀ ਮੇਰਾ ਬਿਸਤਰ ਜਿਸ ਉੱਤੇ ਉਸ ਕਿਤੋਂ ਕੱਢ ਕਢਾ ਕੇ ਮੈਲਾ ਜਿਹਾ ਫ਼ੋਮ ਤੇ ਚਦਰ ਵਿਛਾ ਦਿੱਤੀ ਤੇ ਇਕ ਪੁਰਾਣਾ ਕੰਬਲ ਵੀ ਦੇ ਦਿੱਤਾ। ਉਹ ਮੇਰਾ ਪ੍ਰਦੇਸ ਵਿਚ ਤੁਸੀਂ ਪਹਿਲਾ ਘਰ ਆਖ ਸਕਦੇ ਹੋ। ਉਹ ਉੱਥੇ ਮੈਂ ਕਈ ਮਹੀਨੇ ਰਿਹਾ ਪਰ ਪਹਿਲੀ ਰਾਤ ਮੈਂ ਰਾਹ ਭੁਲ ਗਿਆ ਸਾਂ।

ਪਿਆਜ਼ਾ ਨੋਵਨਾ ਵਿਚ ਜੰਗੀ ਨਾਲ ਲੇਖਾ ਜੋਖਾ ਕਰਦੇ ਰਾਤ ਦੇ ਬਾਰਾਂ ਇਕ ਤਾਂ ਐਵੇਂ ਵੱਜ ਜਾਂਦੇ ਸਨ ਤੇ ਨਾਲੇ ਰੇੜ੍ਹੀ ਵੀ ਉਸਦੇ ਹਵਾਲੇ ਕਰਨੀ ਹੁੰਦੀ ਸੀ ਜਿਹੜੀ ਸਟੀਲ ਦੀ ਬਣੀ ਹੋਈ ਸੀ ਤੇ ਮੁੜ ਵਿੰਗੀ ਚੱਬੀ ਹੋ ਕੇ ਕਾਰ ਦੀ ਡਿੱਗੀ ਵਿਚ ਆ ਜਾਂਦੀ ਸੀ। ਹਿਸਾਬ ਕਿਤਾਬ ਕਰਕੇ ਜਦ ਵਿਹਲਾ ਹੋ ਟੇਸ਼ਣ ਲਾਗੇ ਇਕ ਸਾਰੀ ਰਾਤ ਖੁੱਲੀ ਬਾਰ ਵਿਚ ਦੋ ਚਾਰ ਅੰਦਰ ਸੁਟ ਜਦ ਮੈਂ ਮਹਸੂਦ ਦੀ ਦੱਸੀ ਥਾਂ ਉੱਤੇ ਬੱਸ ਤੋਂ ਉਤਰਿਆ ਤਾਂ ਮੈਨੂੰ ਰਤਾ ਕੁ ਵੀ ਖ਼ਿਆਲ ਨਹੀਂ ਸੀ ਪਈ ਮੈਂ ਘਰ ਭੁਲ ਜਾਣਾ ਏਂ ਯਾਂ ਸੌਣ ਆਲੀ ਥਾਂ ਭੁਲ ਜਾਣੀ ਏਂ। ਆਪਣੇ ਹਿਸਾਬ ਸਿਰ ਮੈਂ ਜਿਹੜੀ ਥਾਂ ਅਪੜਿਆ ਉੱਥੇ ਉਹ ਘਰ ਈ ਨਾ ਲੱਭੇ ਜਿਹੜਾ ਸਵੇਰੇ ਮਹਸੂਦ ਨੇ ਮੈਨੂੰ ਵਿਖਾਇਆ ਸੀ ਇਕ ਵੱਡਾ ਜਿਹਾ ਖੁੱਲ੍ਹਾ ਗੇਟ ਨੁਮਾ ਬੂਹਾ ਸੀ ਤੇ ਮੁੜ ਨਿੱਕੇ ਜਿਹੇ ਸੌੜੇ ਵਰਾਂਡੇ ਵਿਚੋਂ ਲੰਘ ਕੇ ਖੱਬੇ ਹਥ ਹੇਠਾਂ ਪੌੜੀਆਂ ਉਤਰ ਕੇ ਇਕ ਸਟੋਰ ਜਿਹਾ ਕਮਰਾ ਸੀ। ਪਰ ਮੈਨੂੰ ਉਹ ਗੇਟ ਵਰਗਾ ਬੂਹਾ ਲੱਭਦਾ ਤਾਂ ਫ਼ਿਰ ਗੱਲ ਸੀ।

ਇਕ ਵਾਰੀ ਤਾਂ ਮੇਰਾ ਸਾਹ ਉਤਾਂਹਾ ਹੇਠਾਂ ਹੋ ਗਿਆ। ਰਾਤ ਦਾ ਅੱਧ ਪਹਿਰ ਸੀ। ਪੁਲਸੀਆਂ ਦੀਆਂ ਕਾਰਾਂ ਹੌਲੀ ਜਿਹੀਆਂ ਹੋ ਮੇਰੇ ਕੋਲੋਂ ਲੰਘ ਜਾਂਦੀਆਂ। ਆਪਣੇ ਵੱਲੋਂ ਫ਼ਿਰਦਾ ਫ਼ਿਰਾਂਦਾ ਮੈਂ ਅਖ਼ੀਰ ਇਕ ਅਜਿਹੀ ਥਾਂ ਜਾ ਖਲੋਤਾ ਜਿਥੋਂ ਮੈਨੂੰ ਪੱਕ ਸੀ ਬਈ ਮਹਸੂਦ ਮਿਲ ਜਾਏਗਾ। ਮਹਸੂਦ ਨੇ ਮੈਨੂੰ ਕਮਰੇ ਦੀ ਕੁੰਜੀ ਦੇ ਦਿੱਤੀ ਸੀ ਪਈ ਜਦ ਮੈਂ ਚਾਹਵਾਂ ਆ ਕੇ ਸੌਂ ਜਾਵਾਂ ਤੇ ਆਪ ਉਹ ਵੀ ਰਾਤੀਂ ਚਿਰਕੇ ਈ ਪਰਤਦਾ ਸੀ। ਕਿੰਨਾ ਈ ਚਿਰ ਲੰਘ ਗਿਆ ਪਰ ਮਹਸੂਦ ਨਾ ਨਜ਼ਰੀਂ ਪਿਆ



Academy of the Punjab in North America - APNA: http://www.apnaorg.com

ਤੇ ਮੈਨੂੰ ਪੱਕ ਹੋ ਗਿਆ ਮੈਂ ਥਾਂ ਤੇ ਗਲੀ ਵੀ ਕਿੰਨਾ ਖੁੰਝਾ ਬੈਠਾਂ। ਸ਼ੂੰ ਕਰ ਕੇ ਕਾਰਾਂ ਖਲੋਂਦੀਆਂ ਸਨ ਤੇ ਉਨ੍ਹਾਂ ਵਿਚੋਂ ਨਸ਼ਿਆਏ ਜੋੜੇ ਉੱਥੇ ਖਲੋਤੇ ਖਲੋਤੇ ਇਕ ਦੂਜੇ ਨੂੰ ਜੱਫ਼ੀਆਂ ਪਾ ਪਾ ਚੁੰਮੀ ਜਾਂਦੇ ਸਨ। ਤੈ ਮੈਨੂੰ ਹੋਰ ਡਰ ਆਉਣ ਲੱਗ ਪੌਂਦਾ ਸੀ। ਜੇ ਇੰਨ੍ਹਾ ਵਿਚੋਂ ਕਿਸੇ ਪੁਲਸ ਨੂੰ ਫ਼ੋਨ ਕਰ ਦਿੱਤਾ ਪਈ ਇਕ ਏਸ਼ਿਆਈ ਅੱਧ ਰਾਤ ਨੂੰ ਗਲੀ ਵਿਚ ਨਜ਼ਰੀਂਦਾ ਮਸ਼ਕੂਕ ਖੜਾ ਏ ਤੇ.....ਇਸ ਲਈ ਮੈਂ ਚੁੱਪ ਕਰ ਕੇ ਤੁਰਨ ਲੱਗ ਪੌਂਦਾ ਸਾਂ ਕਿਉਂ ਜੇ ਤੁਰਦਾ ਨਜ਼ਰੀਂਦਾ ਈ ਮੈਂ ਪੁਲਸ ਤੋਂ ਯਾਂ ਕਿਸੇ ਸ਼ੱਕ ਸ਼ੁਬ੍ਹੇ ਤੋਂ ਬਚ ਸਕਨਾ ਸਾਂ।

ਇੰਜ ਤੁਰਦਾ ਤੁਰਦਾ ਮੈਂ ਪਤਾ ਨਹੀਂ ਕਿੱਥੇ ਦਾ ਕਿੱਥੇ ਨਿਕਲ ਆਇਆ। ਤੇ ਅਖ਼ੀਰ ਪੈਂਡਾ ਕਰਦਾ ਇਕ ਵੱਡੀ ਸੜਕ ਉੱਤੇ ਅਪੜ ਪਿਆ। ਦੋ-ਪਾਸੀ ਸੜਕ ਉੱਤੇ ਕੁਝ ਆਵਾ-ਜਾਵੀ ਵੀ ਸੀ। ਚੁਫ਼ੇਰੇ ਰੱਜ ਚਾਨਣ ਸੀ ਯਾਂ ਖ਼ੌਰੇ ਰਾਤ ਮੁੱਕਣ ਆਲੀ ਸੀ। ਦੂਰੋਂ ਮੈਨੂੰ ਇੱਕ ਪਾਰਕ ਨਜ਼ਰੀਂ ਪਿਆ। ਇਹ ਯੂਰਪ ਵਿਚ ਉਹ ਵੇਲਾ ਸੀ ਯਾਂ ਘੱਟੋ ਘੱਟ ਰੋਮ ਵਰਗੇ ਸ਼ਹਿਰਾਂ ਵਿਚ ਜਦ ਤੁਸੀਂ ਰਾਤ ਪਾਰਕ ਵਿੱਚ ਲੰਘਾ ਸਕਦੇ ਸਉ ਤੇ ਪੁਲਸ ਤੁਹਾਨੂੰ ਕੁਝ ਨਹੀਂ ਆਖਦੀ ਸੀ। ਮੈਂ ਭਾਵੇਂ ਚੋਖਾ ਤੁਰ ਤੁਰ ਕੇ ਥੱਕ ਹਾਰ ਬੈਠਾ ਸਾਂ ਪਰ ਪਾਰਕ ਦੀ ਆਸ ਨੇ ਮੇਰੇ ਪੈਰ ਤ੍ਰਿਖੇ ਕਰ ਦਿੱਤੇ। ਪਰ ਉਹ ਪਾਰਕ ਨਹੀਂ ਸੀ ਐਵੇਂ ਥਾਂ ਖ਼ਾਲੀ ਰੱਖ ਕੇ ਚੌਂਕ ਜਿਹਾ ਬਣਿਆ ਹੋਇਆ ਸੀ। ਪਰ ਮੈਥੋਂ ਹੁਣ ਖਲੋਇਆ ਵੀ ਨਹੀਂ ਸੀ ਜਾਂਦਾ ਪਿਆ ਤੇ ਮੈਂ ਉੱਥੇ ਘਾਹ ਉੱਤੇ ਈ ਬਹਿ ਗਿਆ। ਜਦ ਬੰਦਾ ਭੁੱਖਾ ਹੋਵੇ ਤਾਂ ਪਾਨੀ ਪੀਣ ਦਾ ਵੀ ਸਵਾਦ ਆਂਦਾ ਏ। ਅਖ਼ੀਰ ਮੈਂ ਇਕ ਖੰਬੇ ਨਾਲ ਟੇਕ ਲਾਈ ਤਾਂ ਉੱਥੇ ਈ ਸੌਂ ਗਿਆ। ਉਸ ਰਾਤ ਮੇਰਾ ਘਰ ਉਹੋ ਥਾਂ ਸੀ।

ਪੁਰਾਣੇ ਮੁਹੱਲੇ ਤੁਰਦੇ ਤੁਰਦੇ ਮੈਨੂੰ ਇੱਕ ਪਲ ਲਗਦਾ ਏ। ਮੈਂ ਤਾਂ ਉਸਦੇ ਘਰ ਅੱਗੇ ਈ ਖਲਾ ਹਾਂ। ਉਦੋਂ ਕਿੱਡਾ ਵੱਡਾ ਲਗਦਾ ਹੁੰਦਾ ਸੀ ਤੇ ਹੁਣ ਨਿਰਾ ਅਠ ਦਸ ਮਰਲੇ ਦਾ ਘਰ ਏ। ਪੁਰਾਣਾ ਜਿਹਾ ਜਿਸ ਉੱਤੇ ਕਿਨੇ ਵਰ੍ਹੇ ਹੋ ਗਏ ਨੇ ਕਿਸੇ ਟਕਾ ਨਹੀਂ ਲਾਇਆ। ਵੰਡ ਤੋਂ ਅਗਦੋਂ ਦਾ ਬਣਿਆ ਘਰ ਏ ਤੇ ਦਰਜ਼ਾਂ ਵਿਚੋਂ ਮਿੱਟੀ ਭੁਰਦੀ ਰਹਿੰਦੀ ਏ।

ਰਾਤ ਕਿੰਨੀ ਗੂੜ੍ਹੀ ਹੋ ਗਈ ਏ! ਗਿੱਲੀ ਹਵਾ ਨੇ ਰਾਤ ਦੇ ਅਤਿ ਅਨ੍ਹੇਰ ਵਿਚ ਪਾਣੀ ਦੀ ਅਣਡਿੱਠੀ ਡਿੱਠੀ ਅਣਛੋਹੀ ਤਾਰ ਜਿਹੀ ਬਣਾਈ ਹੋਈ ਏ। ਯਾਦ ਦੀ ਨੀਲੀ ਲਾਟ ਨੇ ਅੰਦਰ ਪਈ ਹਰ ਸ਼ੈਅ ਨੂੰ ਭਖਾ ਦਿੱਤਾ ਏ। ਪੁਰਾਣੇ ਵੇਲਿਆਂ ਵਿਚ ਜਦ ਉਹ ਚਿਰਕੇ ਘਰ ਆਂਦਾ ਸੀ ਤੇ ਐਵੇਂ ਇਕ ਪਲ ਉਹਦੀ ਬਾਰੀ ਅੱਗੇ ਅੜਕ ਜਾਂਦਾ ਸੀ ਤੇ ਯਾਰ ਬੇਲੀ ਅੱਗੇ ਲੰਘ ਜਾਂਦੇ ਸਨ। ਉਹਨੂੰ ਲੱਗਣਾ ਜਿਵੇਂ ਬਾਰੀ ਪਿੱਛੇ ਕੋਈ ਜਾਗਦਾ ਪਿਆ ਏ।

ਪੌਂਦ ਨੀਲ ਅਸਮਾਨ ਹੁੰਦਾ ਏ ਪਰ ਵੇਲਾ ਉਸਨੂੰ ਘਸਮੈਲਾ ਕਰ ਦਿੰਦਾ ਏ। ਯਾਦ ਉਸਨੂੰ ਸਲੇਟੀ ਸ਼ਾਮ ਕਰ ਦੇਂਦੀ ਏ, ਗੂੜ੍ਹੀ ਰਾਤ ਬਣਾ ਦੇਂਦੀ ਏਂ। ਕੋਈ ਮੁਕਾਮ ਏਂ ਅਸਲ ਤੇ ਸੁਫ਼ਨੇ ਵਿਚਕਾਰ ਜਿਥੇ ਅਸੀਂ ਜੀਉਂਦੇ ਮਰਦੇ ਰਹਿਨੇ ਆਂ......

ਇੱਕ ਪਲ ਜਾਪਦਾ ਏ ਜਿਵੇਂ ਉਸਦੇ ਘਰ ਦੀ ਬਾਰੀ ਖੁੱਲ੍ਹੀ ਏ ਪਹਿਲੀ ਤੇ ਛੇਕੜਲੀ ਵਾਰ। ਤੇ ਚਾਨਣ ਦੀ ਇਕ ਲੰਮੀ ਜਿਹੀ ਲਕੀਰ ਸਿੱਧੀ ਗਲੀ ਦੀ ਪੱਕੀ ਸੜਕ ਉੱਤੇ ਖਲੋ ਗਈ ਏ। ਮੀਂਹ ਨਾਲ ਭਿੱਜੀ ਸੜਕ ਨੂੰ ਚਾਨਣ ਦੀ ਇਹ ਲਕੀਰ ਸ਼ੀਸ਼ਾ ਕਰ ਦਿੰਦੀ ਏ। ਬਾਰੀ ਉਹਲੇ ਜਿਥੋਂ ਚਾਨਣ ਦੀ ਲਕੀਰ ਛੂੰਹਦੀ ਏ ਇਕ ਵਾਜ ਜਿਹੀ ਉਹਦੀ ਕੰਨੀਂ ਪੈਂਦੀ ਏ:

"ਬੇਰੀ! ਜਾ ਘਰ ਜਾ ਕੇ ਸੌਂ ਜਾ"!

☐



Academy of the Punjab in North America - APNA: http://www.apnaorg.com



# ਇਕ ਸ਼ਰਤ

## ਮੁਹੰਮਦ ਅਫ਼ਜ਼ਲ ਸ਼ਾਹਿਦ

ਕੋਈ ਸੱਤਰ ਸਾਲਾਂ ਦੇ ਗਾਮੇ ਦੇ ਕੰਮਾਂ ਕਾਰਾਂ ਤੋਂ ਇੰਜ ਲਗਦਾ ਸੀ ਪਈ ਜਾਂ ਤਾਂ ਅਗਲੇ ਦਿਨ ਉਹ ਵੱਡਾ ਅਮੀਰ ਹੋ ਜਾਏਗਾ ਜਾਂ ਫ਼ਿਰ ਉੱਕਾ ਕੰਗਾਲ। ਹਰ ਵੇਲੇ ਸੋਨਾ ਬਨਾਉਣ ਦੀਆਂ ਅਟਕਲਾਂ ਤੇ ਆਹਰ। ਪਨਸਾਰੀਆਂ ਦੀਆਂ ਦੁਕਾਨਾਂ ਤੇ ਦੂਜੇ ਠਰਕੀਆਂ ਨਾਲ ਹਰ ਵੇਲੇ ਕੁਸ਼ਤਿਆਂ ਤੇ ਨੁਸਖ਼ਿਆਂ ਦੀਆਂ ਗੱਲਾਂ। ਹਰ ਦੂਜੇ ਤਰੀਜੇ ਦਿਨ ਇਕ ਦੋ ਤੋਲੇ ਪਾਰਾ ਸੋਨਾ ਬਨਾਉਣ ਦੇ ਟੋਟਕਿਆਂ ਵਿਚ ਅੱਗਾਂ ਵਿਚ ਉਡਾਉਣਾ ਉਹਦੀ ਹਿੰਮਤ ਤੇ ਪਸਲੀਉਂ ਬਾਹਰ ਸੀ। ਉਸਦਾ ਇਹ ਸੋਨਾ ਬਨਾਉਣ ਦਾ ਚਸਕਾ ਕਿੱਥੋਂ ਸ਼ੁਰੂ ਹੋਇਆ। ਇਹ ਵੀ ਇਕ ਸਵਾਦੀ ਕਹਾਣੀ ਏਂ। ਇਹ ਕਹਾਣੀ ਗਾਮੇ ਨੇ ਇੰਜ ਸੁਣਾਈ ਸੀ:-

ਕਿੰਨੇ ਈ ਸਾਲ ਪਹਿਲਾਂ ਇਕ ਦਿਨ ਅਸੀਂ ਪਿੰਡ ਦੇ ਪੰਜ ਛੇ ਮੁੰਡੇ ਫ਼ੀਲੇ ਲੁਹਾਰ ਦੀ ਹੱਟੀ ਤੇ ਬੈਠੇ ਗੱਪਾਂ ਸ਼ੱਪਾਂ ਮਾਰਦੇ ਪਏ ਸਾਂ। ਹਾੜ੍ਹ ਦੀਆਂ ਗਰਮੀਆਂ ਦੇ ਦਿਨ ਸਨ। ਕੜਕਦੀ ਦੁਪਹਿਰ ਵੇਲੇ ਇਕ ਗੇਰੂ ਰੰਗ ਦੇ ਚੋਲੇ ਵਾਲਾ ਸੈਲਾਨੀ ਸੰਨਿਆਸੀ ਹੱਟੀ ਤੇ ਆਇਆ। ਅਸੀਂ ਸਾਰੇ ਮੁੰਡੇ ਉਸਦੇ ਧਿਆਨੇ ਲੱਗ ਪਏ। ਗਰਮੀ ਪਾਰੋਂ ਉਸਨੂੰ ਚੋਖੀ ਤ੍ਰੇਹ ਲੱਗੀ ਹੋਈ ਸੀ। ਉਸਨੇ ਪੀਣ ਲਈ ਘੜੇ ਦਾ ਠੰਡਾ ਪਾਣੀ ਮੰਗਿਆ। ਸ਼ੇਰੂ ਨੇ ਉਠ ਕੇ ਘੜਵੰਜੀ ਤੇ ਪਈ ਘੜੀ ਵਿੱਚੋਂ ਚੰਗੀ ਤਰ੍ਹਾਂ ਕੌਲਾ ਹੰਘਾਲ ਕੇ ਵਿਚ ਉਹਨੂੰ ਪਾਣੀ ਲਿਆ ਦਿੱਤਾ। ਫ਼ਿਰ ਉਹ ਜੋਗੀ ਵੀ ਮੁੰਡਿਆਂ ਦੀਆਂ ਗੱਲਾਂ ਵਿਚ ਹਾਂ ਨਾਲ ਹਾਂ ਰਲਾਉਣ ਲੱਗ ਪਿਆ ਤੇ ਮੁੰਡਿਆਂ ਨਾਲ ਮਖ਼ੌਲ ਸ਼ਖ਼ੌਲ ਕਰਨ ਲੱਗ ਪਿਆ। ਪਤਾ ਨਹੀਂ ਗੱਲ ਕਿਵੇਂ ਸੋਨਾ ਬਨਾਉਣ ਵੱਲ ਟੁਰ ਪਈ। ਸਾਡੇ ਵਿੱਚੋਂ ਕਿਸੇ ਨੇ ਆਖਿਆ ਪਈ ਸੁਣਿਆ ਏ ਕੁਝ ਸੰਨਿਆਸੀ ਇਸ ਦਾ ਵੱਲ ਜਾਣਦੇ ਨੇ। ਪਰ ਸਾਡੇ ਭਾਣੇ ਤਾ ਇਹ ਸਾਰੀਆਂ ਸੁਣੀਆਂ ਸੁਣਾਈਆਂ ਗੱਲਾਂ ਹਨ। ਕਿਸੇ ਨੇ ਅੱਜ ਤੀਕਰ ਸੋਨਾ ਬਣਦਾ ਅੱਖੀਂ ਨਹੀਂ ਵੇਖਿਆ। ਆਖਦੇ ਨੇ ਪਾਰੇ ਤੋਂ ਸੋਨਾ ਬਣ ਜਾਂਦਾ ਏ ਪਰ ਇੰਜ ਸੋਨਾ ਬਨਾਉਣ ਵਾਲੇ ਕੋਈ ਟਾਵੇਂ ਟਾਵੇਂ ਈ ਸੰਨਿਆਸੀ ਹਨ। ਇੰਜ ਉਰ੍ਹਾਂ ਪਰ੍ਹਾਂ ਦੀਆਂ ਗੱਲਾਂ ਬਾਤਾਂ ਹੁੰਦੀਆਂ ਰਹੀਆਂ।

ਅੱਚਨਚੇਤੀ ਆਉਣ ਵਾਲੇ ਸੰਨਿਆਸੀ ਨੇ ਆਖਿਆ “ਜਾਉ ਕੋਈ ਇਕ ਦੋ ਤੋਲੇ ਪਾਰਾ ਲਿਆਓ”। ਸ਼ੇਰੂ ਭੱਜ ਕੇ ਗਿਆ ਤੇ ਪੰਸਾਰੀ ਦੀ ਹੱਟੀ ਤੋਂ ਡੂਢ ਤੋਲੇ ਪਾਰਾ ਗੀਠੇ ਵਿਚ ਲੈ ਆਇਆ। ਸੰਨਿਆਸੀ ਨੇ ਆਖਿਆ ਹੁਣ ਗੋਹਿਆਂ ਦੀਆਂ ਚਾਰ ਪਾਥੀਆਂ ਵੀ ਲੈ ਆਉ। ਪਰ



Academy of the Punjab in North America - APNA: http://www.apnaorg.com

ਉਹ ਪਾਥੀਆਂ ਜੰਗਲੀ ਹੋਣੀਆਂ ਚਾਹੀਦੀਆਂ ਨੇ। ਮੋਖਾ ਗਿਆ ਤੇ ਥੱਬਾ ਸਾਰਾ ਪਾਥੀਆਂ ਵੀ ਲੈ ਆਇਆ। ਸੰਨਿਆਸੀ ਨੇ ਉਨ੍ਹਾਂ ਵਿੱਚੋਂ ਚਾਰ ਪਾਥੀਆਂ ਕੱਢੀਆਂ। ਇਕ ਪਾਥੀ ਵਿਚ ਉਸਨੇ ਇਕ ਛੋਟੀ ਜਿਹੀ ਖੁੱਤੀ ਬਣਾਈ ਤੇ ਰੀਠੇ ਵਿੱਚੋਂ ਪਾਰੇ ਨੂੰ ਉਸ ਖੁੱਤੀ ਵਿਚ ਪਲਟ ਦਿੱਤਾ। ਫ਼ਿਰ ਆਪਣੇ ਥੈਲੇ ਵਿੱਚੋਂ ਇਕ ਡੱਬੀ ਕੱਢੀ ਜਿਸਦੇ ਵਿਚ ਕਾਲੀ ਜਿਹੀ ਮਲ੍ਹਮ ਸੀ। ਇਕ ਦੂਜੀ ਡੱਬੀ ਕੱਢੀ ਜਿਸ ਵਿਚ ਲਾਲ ਰੰਗ ਦੀ ਮਿੱਟੀ ਜਿਹੀ ਸੀ। ਉਸਨੇ ਭੋਏਂ ਤੋਂ ਇਕ ਕੱਖ ਚੁਕ ਕੇ ਥੋੜੀ ਜਿਹੀ ਮਲ੍ਹਮ ਤੇ ਥੋੜੀ ਜਿਹੀ ਰੱਤੀ ਮਿੱਟੀ ਪਾਰੇ ਦੇ ਉੱਤੇ ਧੂੜੀ। ਮੁੜ ਉਸਨੇ ਇਕ ਪਾਥੀ ਦੇ ਤਿਨ ਚਾਰ ਟੋਟੇ ਕਰਕੇ ਥੋੜਾ ਜਿਹਾ ਪਰਾਂਹ ਜਾਕੇ ਟੁੱਟੀਆਂ ਪਾਥੀਆਂ ਦੇ ਉੱਤੇ ਪਾਰੇ ਵਾਲੀ ਪਾਥੀ ਰੱਖੀ ਤੇ ਉਸਦੇ ਉੱਤੇ ਦੋ ਹੋਰ ਪਾਥੀਆਂ ਰੱਖ ਦਿਤੀਆਂ। ਲੁਹਾਰਾਂ ਦੀ ਭੱਠੀ ਵਿਚੋਂ ਇਕ ਪਾਥੀ ਨੂੰ ਅੱਗ ਨਾਲ ਬਾਲ ਕੇ ਉਸ ਪਾਥੀਆਂ ਦੀ ਢੇਰੀ ਉੱਤੇ ਧਰ ਕੇ ਹੌਲੀ ਹੌਲੀ ਝੱਲਣ ਲੱਗ ਪਿਆ। ਜਦੋਂ ਧੂਣੀ ਵਾਂਗੂੰ ਅੱਗ ਟੁਰ ਪਈ ਤਾਂ ਸਾਡੇ ਕੋਲ ਆ ਬੈਠਾ ਤੇ ਹੁੱਕਾ ਛਿੱਕਣ ਲੱਗ ਪਿਆ।

ਥੋੜੇ ਚਿਰ ਪਿਛੋਂ ਆਖਣ ਲੱਗਾ ਪਈ ਮੈਂ ਜ਼ਰਾ ਬਾਹਰ ਹੋ ਆਵਾਂ। ਮੇਰੇ ਪਰਤ ਕੇ ਆਉਣ ਤੀਕਰ ਕੋਈ ਵੀ ਇੰਨਾ ਨੂੰ ਨਾ ਛੇੜੇ। ਇਹ ਆਖ ਕੇ ਸੰਨਿਆਸੀ ਟੁਰਦਾ ਹੋਇਆ ਤੇ ਅਸੀਂ ਸਾਰੇ ਮੁੰਡੇ ਖੁੰਡੇ ਕੋਈ ਪੰਦਰਾਂ ਵੀਹ ਕਦਮ ਦੂਰ ਧੁਖਦੇ ਹੋਏ ਪਾਥੀਆਂ ਦੇ ਢੇਰ ਨੂੰ ਵੇਖਣ ਲੱਗ ਪਏ।

ਵਾਹਵਾ ਚਿਰ ਲੰਘ ਗਿਆ ਪਰ ਸੰਨਿਆਸੀ ਨਾ ਪਰਤਿਆ। ਅਸਾਂ ਸੋਚਿਆ ਪਈ ਹੁਣੇ ਆ ਵੈਸੀ। ਪਰ ਚੋਖੇ ਚਿਰ ਪਿਛੋਂ ਵੀ ਉਹ ਵਾਪਸ ਨਾ ਪਰਤਿਆ। ਅਸੀਂ ਇਕ ਦੂਜੇ ਨੂੰ ਸ਼ਰਾਰਤੀ ਅੱਖੀਆਂ ਨਾਲ ਵੇਖਦੇ ਹੋਏ ਟੋਕਾ ਲਾਉਣ ਅਤੇ ਮਖ਼ੌਲ ਕਰਨ ਲੱਗ ਪਏ ਪਈ ਅੱਜ ਤੇ ਇਕ ਰਾਹ ਜਾਂਦਾ ਸੰਨਿਆਸੀ ਸਾਨੂੰ ਸਾਰਿਆਂ ਨੂੰ ਚੰਗੀ ਤਰ੍ਹਾਂ ਉੱਲੂ ਬਣਾ ਗਿਆ ਏ। ਸਗੋਂ ਪਾਰੇ ਦੇ ਪੈਸੇ ਵੀ ਗਏ ਤੇ ਭੱਜ ਦੌੜ ਤੇ ਖੇਚਲ ਵੱਖਰੀ।

ਹੁਣ ਵਿਚਾਰ ਇਹ ਸੀ ਪਈ ਸਵਾਹੀਆਂ ਪਾਥੀਆਂ ਦੇ ਢੇਰ ਨੂੰ ਕੀ ਕਰੀਏ। ਛੱਡੀਏ ਜਾਂ ਉਹਦੀ ਪੜਚੋਲ ਕਰੀਏ ਪਈ ਇਸਦੇ ਵਿਚ ਹੁਣ ਸਵਾਹ ਤੋਂ ਅੱਡ ਕੀ ਏ। ਅਖ਼ੀਰ ਸਲਾਹ ਇਹ ਹੋਈ ਪਈ ਫੀਲਾ ਲੁਹਾਰ ਜਾਏ ਤੇ ਸਵਾਹ ਫ਼ੋਲ ਕੇ ਵੇਖੇ ਪਈ ਉਸਦੇ ਵਿਚ ਕੀਹ ਐ। ਫੀਲੇ ਨੇ ਅੱਗ ਹੁਥਲਣ ਵਾਲੀ ਖੂੰਡੀ ਫ਼ੜੀ ਤੇ ਜਾ ਕੇ ਹੌਲੀ ਹੌਲੀ ਬੜੇ ਪ੍ਰੇਮ ਨਾਲ ਪਾਥੀਆਂ ਦੀ ਸਵਾਹ ਨੂੰ ਫ਼ਰੋਲਣ ਲੱਗ ਪਿਆ। ਅਸੀਂ ਸਾਰੇ ਇਕ ਦਾਇਰੇ ਵਿਚ ਉੜ ਉੜ ਕੇ ਉੱਤੋਂ ਝਾਕਣ ਲੱਗ ਪਏ। ਅਚਨਚੇਤੀ ਉਹਦੀ ਖੂੰਡੀ ਨੂੰ ਇਕ ਠੀਪਾ ਜਿਹੀ ਸ਼ੈਅ ਲੱਗੀ। ਉਸਨੇ ਖੂੰਡੀ ਨਾਲ ਧਰੂ ਕੇ ਉਸ ਠੀਪੇ ਨੂੰ ਸਵਾਹ ਤੋਂ ਬਾਹਰ ਕੱਢਿਆ। ਹਥ ਫ਼ੜਿਆ ਤਾਂ ਉਹ ਕੋਸਾ ਕੋਸਾ ਲੱਗਿਆ ਧੁੱਪ ਵਿਚ ਜੁ ਪਿਆ ਹੋਇਆ ਸੀ। ਉਹਨੂੰ ਜ਼ਰਾ ਸਾਫ਼ ਕਰਕੇ ਵੇਖਿਆ ਤੇ ਅਸੀਂ ਸਾਰੇ ਹੈਰਾਨ ਰਹਿ ਗਏ। ਉਹ ਸੱਚੀ ਮੁੱਚੀ ਇਕ ਸੋਨੇ ਦੀ ਡਲੀ ਸੀ।

ਫ਼ਿਰ ਕੀ ਜੀ, ਅਸੀਂ ਉਸ ਸੰਨਿਆਸੀ ਨੂੰ ਲੱਭਣ ਲਈ ਦੌੜ ਪਏ। ਹਰ ਪਾਸੇ ਲੱਭਿਆ। ਹਰ ਆਉਣ ਜਾਣ ਵਾਲੇ ਕੋਲੋਂ ਵੀ ਉਸਦਾ ਮੁਹਾਂਦਰਾ ਤੇ ਨਿਸ਼ਾਨੀਆਂ ਸਮਝਾ ਕੇ ਪੁੱਛਿਆ ਪਰ ਉਹ ਤਾਂ ਚਿਰੋਕਣਾ ਟੁਰ ਗਿਆ ਸੀ। ਉਸਨੇ ਨਾ ਲੱਭਣਾ ਸੀ ਤੇ ਨਾ ਲੱਭਿਆ।

ਇਹ ਗੱਲ ਸੁਣਾ ਕੇ ਗਾਮੇ ਨੇ ਆਖਿਆ ਪਈ ਮੈਂ ਅੱਖੀਂ ਡਿੱਠਾ ਇਹ ਸਮਾਂ ਅਜੇ ਵੀ ਨਹੀਂ ਭੁੱਲਿਆ। ਤੇ ਉਸੇ ਦਿਨ ਤੂੰ ਸੋਨਾ ਬਨਾਉਣ ਦਾ ਇਹ ਚਸਕਾ ਮੈਨੂੰ ਵੀ ਪੈ ਗਿਆ।

ਮੈਂ ਨੌਵੀਂ ਜਮਾਤ ਵਿਚ ਪੜ੍ਹਦਾ ਸਾਂ। ਇਕ ਦਿਨ ਸਕੂਲੋਂ ਪਰਤ ਕੇ ਘਰ ਰੋਟੀ ਸ਼ੋਟੀ ਖਾ ਕੇ

Academy of the Punjab in North America - APNA: http://www.apnaorg.com

ਆਪਣੇ ਯਾਰ ਗੁੱਡੂ ਵੱਲ ਖੇਡਣ ਲਈ ਟੁਰ ਗਿਆ। ਉਨ੍ਹਾਂ ਦੀ ਬੈਠਕ ਵਿਚ ਵਾਹਵਾ ਇਕੱਠ ਹੋਇਆ ਹੋਇਆ ਸੀ। ਪਤਾ ਲੱਗਿਆ ਪਈ ਗੁੱਡੂ ਦੇ ਅੱਬਾ ਜੀ ਦਾ ਇਕ ਮਾਸਟਰ ਉਨ੍ਹਾਂ ਦੇ ਘਰ ਆਇਆ ਹੋਇਆ ਏ ਤੇ ਰਾਤ ਉਨ੍ਹਾਂ ਕੋਲ ਈ ਰਵ੍ਹੇਗਾ। ਉਹਨੂੰ ਵੀ ਸੋਨਾ ਬਨਾਉਣ ਦਾ ਠਰਕ ਸੀ। ਉਹਨੂੰ ਮਿਲਣ ਲਈ ਹੋਰ ਵੀ ਕਿੰਨੇ ਈ ਠਰਕੀ ਬੈਠਕ ਵਿਚ ਬੈਠੇ ਹੋਏ ਸਨ। ਤੇ ਗੁੱਡੂ ਨੂੰ ਉਸਦੇ ਅੱਬਾ ਜੀ ਨੇ ਕਿਸੇ ਕੰਮ ਲਈ ਬੈਠਕ ਵਿਚ ਰਹਿਣ ਲਈ ਆਖਿਆ ਸੀ। ਮੈਂ ਆਇਆ ਤੇ ਉਨ੍ਹਾਂ ਨੇ ਮੈਨੂੰ ਵੀ ਰੋਕ ਲਿਆ।

ਉੱਥੇ ਜ਼ੋਰਾਂ ਦੀ ਬਹਿਸ ਚੱਲ ਰਹੀ ਸੀ। ਮਾਸਟਰ ਸਾਹਿਬ ਆਖ ਰਹੇ ਸਨ ਪਈ ਜੇ ਕੋਈ ਨੀਲੇ ਥੋਥੇ ਵਿੱਚੋਂ ਤਾਂਬਾ ਕੱਢ ਲਵੇ ਤਾਂ ਉਸ ਤਾਂਬੇ ਦਾ ਸੋਨਾ ਬਨਾਉਣਾ ਖੱਬੇ ਹੱਥ ਦਾ ਕੰਮ ਏ। ਇਹ ਗੱਲ ਸੁਣ ਕੇ ਮੇਰੇ ਕੰਨ ਵੀ ਖਲੋ ਗਏ। ਤਿੰਨ ਦਿਨ ਪਹਿਲਾਂ ਆਪਣੀ ਕੈਮਿਸਟਰੀ ਦੀ ਕਲਾਸ ਵਿਚ ਮੈਂ ਇਹੋ ਈ ਪੜ੍ਹਿਆ ਸੀ।

ਥੋੜਾ ਚਿਰ ਝਕਣ ਪਿੱਛੋਂ ਮੈਂ ਡਰਦਿਆਂ ਡਰਦਿਆਂ ਆਖਿਆ "ਮਾਸਟਰ ਜੀ ਸੋਨਾ ਬਣਾਇਆ ਜਾ ਸਕਦਾ ਏ ਪਰ ਉਹ ਤਾਂਬੇ ਤੋਂ ਨਹੀਂ। ਪਾਰੇ ਤੋਂ ਬਣਾਉਣਾ ਜ਼ਰਾ ਸੌਖਾ ਏ। ਸਾਰੇ ਹੈਰਾਨ ਹੋਕੇ ਮੇਰੇ ਵੱਲ ਵੇਖਣ ਲੱਗ ਪਏ। ਜਿਵੇਂ ਮੈਂ ਕੋਈ ਅਨਹੋਣੀ ਗੱਲ ਆਖ ਬੈਠਾਂ ਜਾਂ ਉਨ੍ਹਾਂ ਨੂੰ ਯਕੀਨ ਨਾ ਆਇਆ ਹੋਵੇ। ਮਾਸਟਰ ਸਾਹਿਬ ਆਖਣ ਲੱਗੇ "ਗ਼ੁਲਾਮ ਮੁਹੰਮਦ ਨੇ ਪਿਛਲੇ ਚਾਲੀਆਂ ਵਰ੍ਹਿਆਂ ਵਿਚ ਖ਼ਬਰੇ ਕਿੰਨੇ ਸੇਰ ਪਾਰਾ ਅੱਗ ਵਿਚ ਉਡਾ ਦਿੱਤਾ ਏ! ਪੁੱਛ ਖਾਂ ਜ਼ਰਾ ਗਾਮੇ ਕੋਲੋਂ। ਮੁੰਡਿਆ ਤੂੰ ਕਿਵੇਂ ਆਖਨਾ ਏਂ ਪਈ ਪਾਰੇ ਤੋਂ ਸੋਨਾ ਬਣ ਸਕਦਾ ਏ।

ਮੈਂ ਉਨ੍ਹਾਂ ਨੂੰ ਸਾਂਈਸ ਦੀਆਂ ਗੱਲਾਂ ਦੱਸਣ ਲਗ ਪਿਆ। ਪਈ ਸੋਨੇ ਦੇ ਤੇ ਪਾਰੇ ਦੇ ਐਟਮਾਂ ਵਿਚ ਬਹੁੰ ਥੋੜਾ ਫ਼ਰਕ ਏ। ਸਾਂਈਸਦਾਨਾਂ ਨੇ ਇਸ ਫ਼ਰਕ ਨੂੰ ਕੱਢਣ ਵਾਲੀਆਂ ਮਸ਼ੀਨਾਂ ਬਣਾਈਆਂ ਹੋਇਆਂ ਨੇ। ਉਨ੍ਹਾਂ ਮਸ਼ੀਨਾਂ ਨਾਲ ਪਾਰੇ ਤੋਂ ਸੋਨਾ ਤਾਂ ਬਣ ਜਾਂਦਾ ਏ ਪਰ ਉਹ ਸੋਨੇ ਤੋਂ ਵੀ ਮਹਿੰਗਾ ਪੈਂਦਾ ਏ। ਸਿੱਟਾ ਇਹ ਵੇ ਪਈ ਕੁਸ਼ਤਿਆਂ-ਸ਼ੁਸਤਿਆਂ ਨਾਲ ਪਾਰੇ ਤੋਂ ਸੋਨਾ-ਸ਼ੋਨਾ ਨਹੀਂ ਬਣ ਸਕਦਾ।

ਉਨ੍ਹਾਂ ਵਿੱਚੋਂ ਇਕ ਬੋਲਿਆ ਪਈ ਤਰੀਖ਼ ਵਿਚ ਪੜ੍ਹਿਆ ਏ ਹਜ਼ਰਤ ਮੂਸਾ ਨੇ ਬਣਾਇਆ ਸੀ। ਮੈਂ ਆਖਿਆ ਉਹ ਤਾਂ ਅੱਲਾ ਦੇ ਇਕ ਨਬੀ ਤੇ ਪੈਗ਼ੰਬਰ ਸਨ ਤੇ ਅੱਲਾ ਅਪਣੇ ਉਚੇਚੇ ਬੰਦਿਆਂ ਨੂੰ ਉਚੇਚੀਆਂ ਤਾਕਤਾਂ ਬਖਸ਼ਦਾ ਏ। ਉਹ ਵਸਬ ਤੇ ਤਾਕਤਾਂ ਆਮ ਮਹਾਤੜ ਬੰਦਿਆਂ ਕੋਲ ਨਹੀਂ ਹੁੰਦੀਆਂ।

ਫ਼ਿਰ ਮੈਂ ਉਨ੍ਹਾਂ ਨੂੰ ਆਖਿਆ ਮੈਨੂੰ ਇਕ ਜਾਚ ਆਉਂਦੀ ਏ। ਮੈਂ ਹੁਣੇ ਮਾਸਟਰ ਸਾਹਿਬ ਕੋਲੋਂ ਸੁਣਿਆ ਸੀ ਪਈ ਜੇ ਕੋਈ ਨੀਲੇ ਥੋਥੇ ਵਿੱਚੋਂ ਤਾਂਬਾ ਕੱਢ ਲਵੇ ਤਾਂ ਉਸ ਤਾਂਬੇ ਦਾ ਸੋਨਾ ਬਣ ਸਕਦਾ ਏ। ਚਲੋ ਮੇਰੇ ਨਾਲ ਇਕ ਸ਼ਰਤ ਲਾਉ। ਮੈਂ ਤੁਹਾਡੇ ਸਾਹਮਣੇ ਨੀਲੇ ਥੋਥੇ ਵਿੱਚੋਂ ਤਾਂਬਾ ਕੱਢਨਾਂ ਤੇ ਤੁਸੀਂ ਮੈਨੂੰ ਉਸ ਦਾ ਸੋਨਾ ਬਣਾ ਕੇ ਵਿਖਾਉ। ਜੇ ਤੁਸੀਂ ਉਸ ਦਾ ਸੋਨਾ ਨਾ ਬਣਾ ਸਕੇ ਤਾਂ ਫ਼ਿਰ ਮੇਰੇ ਨਾਲ ਵਾਅਦਾ ਕਰੋ ਪਈ ਤੁਸੀਂ ਸੋਨਾ ਬਨਾਉਣ ਦੇ ਠਰਕ ਨੂੰ ਛੱਡ ਦਿਉਗੇ। ਉਨ੍ਹਾਂ ਸਾਰਿਆਂ ਇਕ ਦੂਜੇ ਵੱਲ ਇੰਜ ਵੇਖਿਆ ਜਿਵੇਂ ਮੈਂ ਪਾਗਲ ਹੋ ਗਿਆ ਹੋਵਾਂ ਜਾਂ ਫ਼ਿਰ ਉਨ੍ਹਾਂ ਨੂੰ ਯਕੀਨ ਨਾ ਹੋਵੇ ਮੁੰਡਾ ਕਹਿੰਦਾ ਕੀ ਪਿਆ ਏ। ਮਾਸਟਰ ਸਾਹਿਬ ਕਹਿਣ ਲੱਗੇ ਚਲੋ ਸਾਨੂੰ ਤੇਰੀ ਸ਼ਰਤ ਮਨਜ਼ੂਰ ਏ।

ਨੀਲਾ ਥੋਥਾ ਲੈ ਆਂਦਾ। ਮੈਂ ਸ਼ੀਸ਼ੇ ਦੇ ਇਕ ਗਲਾਸ ਵਿਚ ਪਾਣੀ ਪਾਇਆ। ਉਸ ਪਾਣੀ ਵਿਚ ਨੀਲੇ ਥੋਥੇ ਦੀਆਂ ਪੀਠੀਆਂ ਹੋਇਆਂ ਨਿੱਕੀਆਂ ਨਿੱਕੀਆਂ ਡਲੀਆਂ ਸਿਟੀਆਂ ਤੇ ਇਹਨਾਂ ਨੂੰ ਪਾਣੀ



Academy of the Punjab in North America - APNA: http://www.apnaorg.com

ਵਿਚ ਘੋਲਣ ਲਈ ਇਕ ਲੰਮੇ ਤੀਲੇ ਨਾਲ ਹਿਲਾਉਣ ਲੱਗ ਪਿਆ। ਪਾਣੀ ਦਾ ਰੰਗ ਵੀ ਨੀਲੇ ਥੋਥੇ ਵਾਂਗਰ ਨੀਲਾ ਹੋ ਗਿਆ। ਮੈਂ ਆਖਿਆ ਹੁਣ ਲੋਹੇ ਦੀਆਂ ਵੱਡੀਆਂ ਵੱਡੀਆਂ ਕਿੱਲਾਂ ਲਿਆਉ। ਕਿੱਲ ਆ ਗਏ। ਉਹ ਕਿੱਲ ਵੀ ਮੈਂ ਨੀਲੇ ਥੋਥੇ ਦੇ ਪਾਣੀ ਵਾਲੇ ਗਲਾਸ ਵਿਚ ਪਾ ਛੱਡੇ ਤੇ ਪਾਣੀ ਨੂੰ ਹਲਾਉਣ ਲੱਗ ਪਿਆ। ਥੋੜੇ ਚਿਰ ਪਿੱਛੋਂ ਜਦੋਂ ਉਹ ਕਿੱਲਾਂ ਬਾਹਰ ਕੱਢੀਆਂ ਤੇ ਉਨ੍ਹਾਂ ਉੱਤੇ ਤਾਂਬਾ ਚੜ੍ਹਿਆ ਹੋਇਆ ਸੀ। ਸਾਰੇ ਹੈਰਾਨ ਰਹਿ ਗਏ। ਉਸ ਤਾਂਬੇ ਨੂੰ ਕਿੱਲਾਂ ਤੋਂ ਖੁਰਚ ਕੇ ਲਾਹ ਲਿਆ। ਇਸ ਤਰ੍ਹਾਂ ਮੈਂ ਤਾਂ ਆਪਣੀ ਸ਼ਰਤ ਪੂਰੀ ਕਰ ਦਿੱਤੀ ਪਰ ਇੰਜ ਲਗਦਾ ਏ ਪਈ ਮਾਸਟਰ ਸਾਹਿਬ ਤੇ ਦੂਜੇ ਵੱਡਿਆਂ ਦਾ ਸ਼ਰਤ ਵਾਲਾ ਹਿੱਸਾ ਅੱਜ ਤੀਕਰ ਪੂਰਾ ਨਹੀਂ ਹੋਇਆ।

ਹਾਲੇ ਵੀ ਜਦੋਂ ਰਾਹ ਜਾਂਦਿਆਂ ਗਾਮੇ ਨਾਲ ਮੇਰਾ ਟਾਕਰਾ ਹੁੰਦਾ ਏ ਤੇ ਉਹ ਹੱਸਦਿਆਂ ਹੱਸਦਿਆਂ ਆਖਦਾ ਏ :-

"ਤੇਰੀ ਸ਼ਰਤ ਪਾਰੇ ਦੀ ਤਾਂ ਨਹੀਂ ਸੀ ?"



Academy of the Punjab in North America - APNA: http://www.apnaorg.com



# ਗ਼ਜ਼ਲਾਂ

ਡਾ.ਐਸ. ਤਰਸੇਮ

(1)

ਤੁਹਾਨੂੰ ਬਾਗ਼ ਦੀ ਹਾਲਤ ਕਿਵੇਂ ਲੱਗੀ ਪਤਾ ਦੇਣਾ
ਕਿਵੇਂ ਰੂਹਾਂ ਦੀ ਮਾਲੀ ਨਾਲ ਹੈ ਨਿਭਦੀ, ਪਤਾ ਦੇਣਾ

ਏਵੇਂ ਜੇ ਲਕੜਹਾਰੇ ਨਾਲ ਮਾਲੀ ਦੀ ਰਹੀ ਯਾਰੀ
ਕਿਵੇਂ ਫ਼ਿਰ ਰੁੱਖ ਰਾਖੀ ਕਰਨਗੇ ਆਪਣੀ, ਪਤਾ ਦੇਣਾ

ਜਦੋਂ ਖੜ-ਸੁੱਕ ਨਿਪਤਰੇ ਰੁੱਖ ਨਿਕਾਰੇ ਸੈਂਕੜੇ ਛੱਡ ਕੇ
ਕਦੋਂ ਤੇ ਕਿਉਂ ਗਏ ਕੱਟੇ ਹਰੇ ਰੁੱਖ ਵੀ ਪਤਾ ਦੇਣਾ

ਜਦੋਂ ਤੋਤੇ ਹੀ ਤੋਤੇ ਬਾਗ਼ ਦੇ ਮਾਲਕ ਸੀ ਬਣ ਬੈਠੇ
ਉਦੋਂ ਸਭ ਬੇਰੀਆਂ ਦੇ ਨਾਲ ਕੀ ਬੀਤੀ, ਪਤਾ ਦੇਣਾ

ਕਦੇ ਜਿਸ ਬਾਗ਼ ਅੰਦਰ ਤਿਤਲੀਆਂ ਦੀ ਭੀੜ ਹੁੰਦੀ ਸੀ
ਹੁਣ ਉਸ ਵਿਚ ਕਿਉਂ ਨਹੀਂ ਜਾਂਦੀ ਕੋਈ ਤਿਤਲੀ ਪਤਾ ਦੇਣਾ

ਕਦੋਂ ਇਹ ਬਾਗ਼ ਵਿਚ ਆਵੇ, ਕਦੋਂ ਇਹ ਬਾਗ਼ ਚੋਂ ਜਾਵੇ
ਕਿਵੇਂ ਫ਼ੁੱਲਾਂ ਦਾ ਰਸ ਚੂਸੇ ਮਧੂਮੱਖੀ, ਪਤਾ ਦੇਣਾ

ਕਦੇ ਤਰਸੇਮ ਵੀ ਉਸ ਥਾਂ ਗਿਆ ਸੀ ਬੀਜ ਕੇ ਸੂਰਜ
ਉਹ ਚਾਨਣ ਦੇ ਰਹੇ ਰੁੱਖ ਕਿ ਨਹੀਂ, ਇਹ ਵੀ ਪਤਾ ਦੇਣਾ।



Academy of the Punjab in North America - APNA: http://www.apnaorg.com

(2)

ਘਰ 'ਚ ਹਾਂ ਪਰ ਕੋਈ ਵੀ ਘਰ ਦਾ ਨਹੀਂ ਹੈ
ਜਿਸਨੂੰ ਸਮਝਾਂ ਆਪਣਾ, ਅਪਣਾ ਨਹੀਂ ਹੈ

ਸ਼ਹਿਰ ਵਿਚ ਧੂਏਂ ਦੀ ਤਾਂ ਉਸਤਤ ਬੜੀ ਹੈ
ਸ਼ਹਿਰ ਵਿਚ ਪਰ ਮਹਿਕ ਦਾ ਚਰਚਾ ਨਹੀਂ ਹੈ

ਘੁੰਮ ਫ਼ਿਰ ਕੇ ਵੇਖਿਆ ਬਾਜ਼ਾਰ ਸਾਰਾ
ਆਦਮੀ ਤੋਂ ਵੱਧ ਕੋਈ ਸਸਤਾ ਨਹੀਂ ਹੈ

ਤਿਤਲੀਆਂ ਦੇ ਪਰ ਤਾਂ ਹੁੰਦੇ ਨੇ ਹਮੇਸ਼ਾ
ਤਿਤਲੀਆਂ ਦਾ ਪਰ ਕੋਈ ਪਰਦਾ ਨਹੀਂ ਹੈ

ਹੰਝ ਹੈ ਇਹ, ਮੋਤੀ ਹੈ ਇਹ ਹੰਸ ਖ਼ਾਤਰ
ਅੱਖ 'ਚੋਂ ਗਿਰਿਆ ਕੋਈ ਕਤਰਾ ਨਹੀਂ ਹੈ

ਸਾਉਣ ਵੀ ਹੈ ਤੇ ਘਟਾ ਘਣਘੋਰ ਵੀ ਹੈ
ਮੋਰ ਪਰ ਕੋਈ ਬਾਗ਼ ਵਿਚ ਨਚਦਾ ਨਹੀਂ ਹੈ

ਫ਼ੁੱਲ ਹਰ ਇਕ ਰੰਗ ਦੇ ਨੇ, ਫ਼ੇਰ ਵੀ ਕਿਉਂ
ਬਾਗ਼ ਮੇਰੀ ਅੱਖ ਨੂੰ ਜਚਦਾ ਨਹੀਂ ਹੈ

ਧੌਲਿਆਂ ਸੰਗ ਭਾਵੇਂ ਮੂਹ ਸਿਰ ਭਰ ਗਿਆ ਹੈ
ਪਰ ਅਜੇ ਤਰਸੇਮ ਨੂੰ ਖ਼ਤਰਾ ਨਹੀਂ ਹੈ।

□



Academy of the Punjab in North America - APNA: http://www.apnaorg.com



# ਗੀਤ

## ਇੰਦਰਜੀਤ ਹਸਨਪੁਰੀ

ਇੱਕ ਵਾਹਗਿਉਂ ਆਰ ਰਹੇ ਤੇ ਇਕ ਵਾਹਗਿਉਂ ਪਾਰ ਰਹੇ
ਮੇਰੇ ਦੋਨਾਂ ਵੀਰਾਂ ਦਾ ਓ ਰੱਬਾ ਬਣਿਆ ਪਿਆਰ ਰਹੇ!

ਆ ਨੀ ਨੂਰਾਂ, ਆ ਨੀ ਚੰਨੀ ਰਲ ਕੇ ਤੀਆਂ ਲਾਈਏ
ਕਿਸੇ ਦੀ ਨਹੀਉਂ ਧਰਤੀ ਜਿਹੜੀ ਉੱਥੇ ਨੱਚੀਏ ਗਾਈਏ
ਮਹਿਕ ਮੁਹਬੱਤ ਦੀ ਵੰਡਦੀ ਇਹ ਝਾਂਜਰ ਦੀ ਛਣਕਾਰ ਰਹੇ
ਮੇਰੇ ਦੋਨਾਂ ਵੀਰਾਂ ਦਾ ਓ ਰੱਬਾ ਬਣਿਆ ਪਿਆਰ ਰਹੇ!

ਪੀਂਘ ਚੜ੍ਹਾ ਕੇ ਹਿੰਦ-ਪਾਕ ਨੂੰ ਆਪਾਂ ਆਈਏ ਜਾਈਏ
ਪੀਲੀ ਚੁੰਨੀ, ਹਰਾ ਦੁਪੱਟਾ ਅੰਬਰ ਤੇ ਲਹਿਰਾਈਏ
ਸਰਹੱਦਾਂ ਦੀ ਰਾਖੀ ਕਰਦਾ ਬੈਠਾ ਚੌਕੀਦਾਰ ਰਹੇ
ਮੇਰੇ ਦੋਨਾਂ ਵੀਰਾਂ ਦਾ ਓ ਰੱਬਾ ਬਣਿਆ ਪਿਆਰ ਰਹੇ!

ਦੋਵੇਂ ਹੀ ਘਰ ਸੁੱਖੀਂ ਵੱਸਣ, ਦੋਵੇਂ ਲੁੱਟਣ ਮੌਜਾਂ
ਕਿਸੇ ਦੇ ਸਿਰ ਦਾ ਸਾਂਈਂ ਮਰੇ ਨਾ, ਲੜਨ ਕਦੇ ਨਾ ਫ਼ੌਜਾਂ
ਦਿਲਾਂ ਦੇ ਅੰਦਰ ਨਫ਼ਰਤ ਚੰਦਰੀ ਦਾ ਭੋਰਾ ਨਾ ਭਾਰ ਰਹੇ
ਮੇਰੇ ਦੋਨਾਂ ਵੀਰਾਂ ਦਾ ਓ ਰੱਬਾ ਬਣਿਆ ਪਿਆਰ ਰਹੇ!

ਹਸਨਪੁਰੀ ਸਭ ਕੁੜੀਆਂ ਚਿੜੀਆਂ ਘੁੱਗੀਆਂ ਹੀ ਬਣ ਜਾਈਏ
ਜੰਗ ਕਦੇ ਨਾ ਹੋਵੇ ਜੱਗ ਤੇ ਅਮਨ ਅਮਨ ਕੁਰਲਾਈਏ
ਪਿਆਰ 'ਚ ਭਿੱਜੀਆਂ ਬਾਹਵਾਂ ਦਾ ਹੀ ਗਲਾਂ 'ਚ ਪੈਂਦਾ ਹਾਰ ਰਹੇ
ਮੇਰੇ ਦੋਨਾਂ ਵੀਰਾਂ ਦਾ ਓ ਰੱਬਾ ਬਣਿਆ ਪਿਆਰ ਰਹੇ



Academy of the Punjab in North America - APNA: http://www.apnaorg.com



# ਰੁਬਾਈਆਂ

ਗੁਰਦਿੱਤ ਸਿੰਘ ਕੰਗ

(1)

ਭੋਲੀ ਭਾਲੀ ਸੁੰਦਰ ਸ਼ਰਧਾ, ਫ਼ਰਸ਼ਾਂ ਤੇ ਪੱਥਰ ਕੁਟਦੀ ਦੇਖੀ,
ਐਨ ਇੰਨਾ ਹੀ ਫ਼ਰਸ਼ਾਂ 'ਤੇ, ਕਈ ਨੰਗਿਆਂ ਭੁੱਖਿਆਂ ਦੀ ਜਿੰਦ ਟੁੱਟਦੀ ਵੇਖੀ,
ਪਰਚਾਰ ਤਾਂ ਧਰਮ ਦਾ ਹੁੰਦਾ ਹੀ ਰਹਿੰਦਾ ਹੈ ਰਾਤ ਦਿਨ,
ਪਰਚਾਰਕਾਂ ਹੱਥੋਂ ਕਈ ਮਾਸੂਮਾਂ, ਦੀ ਪੱਤ ਲੁੱਟਦੀ ਦੇਖੀ।

(2)

ਬੁੱਤ ਤੇਰਾ ਚੰਨੀਏ ਕੋਈ ਨਾਲ ਰੀਝਾਂ ਭਰ ਗਿਆ
ਚਿੱਤਰ ਵਾਹੁਣ ਲੱਗਿਆਂ ਸੋਨੇ ਸੁਹਾਗਾ ਕਰ ਗਿਆ
ਰੂਪ ਤੇਰਾ ਦੇਖ ਕੇ ਹੈ ਚੰਨ ਵੀ ਸ਼ਰਮਾ ਗਿਆ
ਕੱਖੋਂ ਹੌਲਾ ਹੋ ਗਿਆ ਤੇ ਅੰਬਰੀਂ ਜਾ ਠਹਿਰ ਗਿਆ।

□



Academy of the Punjab in North America - APNA: http://www.apnaorg.com



# ਕਦੇ ਸੁਣਿਆ ਹੈ ਕਿਸੇ ?

ਮਨੁ ਸ਼ਰਮਾ ਸੋਹਲ

ਨੌਂਹੁ ਨੋਚਿਆ ਜਾਵੇ
ਇਕ ਉਂਗਲ ਦਾ ਜੇਕਰ
ਤਾਂ ਟੀਸ ਪੈਂਦੀ ਹੈ
ਸਾਰੀਆਂ ਉਂਗਲਾਂ ਵਿਚ -
ਕਿਉਂਕਿ ਉਂਗਲਾਂ ਭਾਵੇਂ ਪੰਜ
ਪਰ ਹਥੇਲੀ ਤਾਂ ਇਕ ਹੈ
ਗਿਣ ਲਵੋ ਚਾਹੇ
ਦੋ ਉਂਗਲਾਂ ਸੱਜੇ ਪਾਸੇ
ਜਾਂ ਤਿੰਨ ਖੱਬੇ ਪਾਸੇ!

ਪੈ ਜਾਵੇ ਜੇ ਕੱਖ
ਕਿਤੇ ਇਕ 'ਚ ਤਾਂ
ਵੱਗਣ ਲਗਦਾ ਹੈ ਪਾਣੀ
ਦੂਜੀ ਅੱਖ ਚੋਂ ਵੀ,
ਕਿਉਂ ਜੋ
ਅੱਖਾਂ ਭਾਵੇਂ ਦੋ ਨੇ
ਪਰ ਰੋਸ਼ਨੀ ਦਾ ਸੋਮਾ ਤੇ
ਇਕ ਹੀ ਹੈ ਦੋਵਾਂ ਲਈ!

ਜੇ ਗਿਰਦੀ ਹੈ ਇਕ 'ਚ
ਰੱਤ ਦੀ ਛਿੱਟ, ਤਾਂ ਕਿਵੇਂ
ਸੂਹਾ ਹੋ ਜਾਂਦਾ ਹੈ ਪਾਣੀ
ਪੰਜੇ ਦਰਿਆਵਾਂ ਦਾ
ਕਿਉਂ ਜੋ ਦਰਿਆ ਭਾਵੇਂ ਪੰਜ ਨੇ
ਕਹਿ ਲਵੋ ਚਾਹੇ
ਦੋ ਦਰਿਆ ਇਕ ਪਾਸੇ
ਤੇ ਤਿੰਨ ਦੂਜੇ ਬੰਨੇ
ਪਰ ਧਰਤ ਥੱਲੇ
ਪਾਣੀ ਦਾ ਸੋਮਾਂ ਤੇ
ਇਕ ਹੀ ਹੈ ਸਭਨਾ ਲਈ!

ਬਲਦਾ ਹੈ ਬਾਰੂਦ
ਜੇ ਇਕ ਪਾਸੇ
ਤਾਂ ਗੰਧ ਉਸਦੀ
ਆ ਜਾਂਦੀ ਹੈ ਝੱਟ
ਕਰ ਪਾਰ ਸਰਹੱਦਾਂ
ਤੇ ਭਰ ਜਾਂਦੀ ਹੈ


Academy of the Punjab in North America - APNA: http://www.apnaorg.com

ਚਾਰ-ਚੁਫ਼ੇਰੇ,
ਕਿਉਂ ਜੋ ਵਾਹ ਲਵੋ
ਕਿੰਨੀਆ ਵੀ ਸਰਹੱਦਾਂ
ਅਸਮਾਨ ਤਾਂ ਇਕ ਹੈ
ਸਭਨਾ ਦਾ ਸਾਂਝਾ!

ਜੇ ਫ਼ਟਦੇ ਨੇ ਬੰਬ
ਧਰਤ ਦੇ ਇਕ ਬੰਨੇ
ਤਾਂ
ਕੰਬ ਜਾਂਦਾ ਹੈ ਕਾਲਜਾ
ਦੂਜੇ ਬੰਨੇ ਵੀ ਧਰਤ ਮਾਂ ਦਾ

ਕਿਉਂਕਿ
ਹੋ ਕੇ ਪਰਦੇਸੀ ਵੀ
ਹਮਵਤਨ ਹਾਂ ਅਸੀਂ
ਜਾਏ ਹੋਏ ਹਾਂ ਅਸੀਂ
ਇਕ ਹੀ ਅਮੜੀ ਦੇ!

ਕੌਣ ਵੰਡ ਸਕਦਾ ਹੈ
ਪਾਣੀਆਂ ਨੂੰ ਪੌਣਾਂ ਨੂੰ
ਕੌਣ ਵੰਡ ਸਕਦਾ ਹੈ
ਅਸਮਾਨ ਜਾਂ ਦਰਿਆਵਾਂ ਨੂੰ,
ਕਦੇ ਸੁਣਿਆ ਹੈ ਕਿਸੇ
ਵੰਡਦਿਆਂ ਮਾਵਾਂ ਨੂੰ ?




Academy of the Punjab in North America - APNA: http://www.apnaorg.com

# ਗੀਤ

ਜਤਿੰਦਰ ਕੌਰ

## ਪਰਵਾਜ਼

ਟੈਰੇਸ ਤੇ ਬੋਲੇ ਕਾਂ
ਜਾਂ ਪੰਛੀ ਕੋਈ ਕਾਂ ਜਿਹਾ
ਸੋਚਦੀ ਆਂ ਆਵੇਗਾ ਕੋਈ ਪ੍ਰਾਹੁਣਾ

ਇਹ ਕੈਸੀ ਸਿੱਕ ਹੈ ਕਿਹੀ ਉਡੀਕ
ਖਾਰਾ ਪਾਣੀ ਸਾਗਰ ਵਾਲਾ
ਦੂਰ ਦਿਸਹੱਦੇ ਤੀਕ

ਜੀਣ ਜੋਗਿਆ
ਵੇ ਕਾਂਵਾਂ ਜਾਂ ਕਾਂ ਵਰਗਿਆ
ਵੀਜ਼ਾ ਨਾ ਕੋਈ ਸੁਨੇਹੜਾ
ਅੱਜ ਆਏਗਾ ਪ੍ਰਾਹੁਣਾ ਕਿਹੜਾ
ਸੁੰਨਾ ਵੇ ਇਸ ਹਾਊਸ ਦਾ ਵਿਹੜਾ

ਮਾਂ ਬਾਬਲ ਦੇ ਦੇਸ ਦੀ ਜਾਈ
ਮੈਂ ਪਰਦੇਸਣ ਦੂਰ ਕਿਉਂ ਆਈ

ਸਾਰੇ ਦੇ ਸਾਰੇ ਸੱਤ ਸਮੁੰਦਰ
ਮੈਂ ਲੰਘ ਆਈ
ਮਾਂ ਨੇ ਤੋਰੀ ਬਾਪ ਨਾ ਹੋੜੀ
ਪ੍ਰੀਤ ਸੱਜਣ ਦੀ ਤਾਂਘ ਵਸਲ ਦੀ
ਮੈਂ ਪਰਦੇਸਣ ਦੂਰ ਵੇ ਆਈ

ਕਲੀਆਂ ਬਣ ਬਣ ਅੱਥਰੂ ਡੁਲ੍ਹੇ ਸਾਗਰ ਘੁਲੇ
ਹੋਰ ਦੁਰਾਡੇ ਹੋਏ ਕਿਨਾਰੇ
ਪਹਿਲਾਂ ਕਿੱਥੇ ਸਨ ਸਾਗਰ ਖਾਰੇ

ਇਹ ਦੂਹਰਾ ਬਨਵਾਸ ਵੇ ਕਾਗਾ
ਇਹ ਕੈਸਾ ਬਨਵਾਸ
ਸੀਤਾ ਦੇ ਸੰਗ ਰਾਮ ਉਦਾਸ
ਖੰਭ ਵਿਕੰਦੜੇ ਮਿਲਦੇ ਕਾਗਾ
ਨਹੀਂ ਮਿਲਦੀ ਪਰਵਾਜ਼ !



Academy of the Punjab in North America - APNA: http://www.apnaorg.com

ਕਹਾਣੀ



**ਪਹਿਲੀ ਕਿਸ਼ਤ**

# ਮੁਹੱਬਤ ਦਾ ਸਫ਼ਰਨਾਮਾ

**ਸਲੀਮ ਪਾਸ਼ਾ**

ਸਾਰਕ ਰਾਈਟਰਜ਼ ਫ਼ਾਊਂਡੇਸ਼ਨ ਦੀ ਚੇਅਰਪਰਸਨ ਅਜੀਤ ਕੌਰ ਜੀ ਦਾ ਸੱਦਾ ਮੈਨੂੰ ਪੰਦਰਾਂ ਦਿਨ ਪਹਿਲੋਂ ਈ ਮੇਲ ਰਾਹੀਂ ਮਿਲ ਚੁੱਕਾ ਸੀ। ਜਿਸ ਵਿੱਚ ਉਨ੍ਹਾਂ ਮੈਨੂੰ ਨੌਜਵਾਨਾਂ ਲਈ ਪੰਜਾਬੀ ਸ਼ਾਇਰੀ ਸੈਮੀਨਾਰ ਵਿਚ ਸ਼ਾਮਲ ਹੋਣ ਲਈ ਆਖਿਆ ਸੀ। ਅਜੀਤ ਕੌਰ ਹੋਰੀਂ ਹਰ ਤੀਜੇ ਚੌਥੇ ਮਹੀਨੇ ਭਾਰਤ-ਪਾਕ ਬੁੱਧੀਜੀਵੀਆਂ ਦੇ ਇਕੱਠ ਕਰਦੇ ਰਹਿੰਦੇ ਨੇ ਜਿਥੇ ਦੋਹਾਂ ਪਾਸਿਆਂ ਦੇ ਲਿਖਾਰੀਆਂ ਦੇ ਆਪਸ ਵਿਚ ਮਿਲ ਬੈਠਣ ਤੇ ਇਕ ਦੂਜੇ ਨੂੰ ਸੁਣਨ ਸੁਣਾਉਣ ਦਾ ਮੌਕਾ ਵੀ ਮਿਲ ਜਾਂਦਾ ਏ। ਸਾਰਕ ਦੱਖਣੀ ਏਸ਼ਿਆਈ ਮੁਲਕਾਂ ਦੇ ਵਿਚਕਾਰ ਬਣਾਈ ਗਈ ਇਕ ਵੱਡੀ ਸੰਸਥਾ ਏ ਜਿਸ ਦਾ ਮਕਸਦ ਆਪਣੇ ਇਲਾਕਾਈ ਮਸਲਿਆਂ ਨੂੰ ਆਪਸ ਵਿਚ ਬੈਠ ਕੇ ਹੱਲ ਕਰਨਾ ਏ।

ਮੇਰੇ ਬਚਪਨ ਦੇ ਮਿੱਤਰ ਸੱਜਾਦ ਕਰੀਮ ਅੰਜੁਮ ਜਿਹੜੇ ਪੱਤਰਕਾਰੀ ਵਿਚ ਆਪਣੇ ਪੈਰ ਪੀਡੇ ਕਰ ਚੁੱਕੇ ਨੇ, ਉਨ੍ਹਾਂ ਨੇ ਲਹੌਰ ਤੋਂ ਦਿੱਲੀ ਦਾ ਮੇਰਾ ਟਿਕਟ ਓ.ਕੇ. ਕਰਾ ਕੇ ਮੈਨੂੰ ਟੈਲੀਫ਼ੋਨ ਤੇ ਦੱਸ ਦਿੱਤਾ ਕਿ ਮੈਂ 19 ਫ਼ਰਵਰੀ ਦੀ ਸਵੇਰ ਨੂੰ ਪਾਕਿਸਤਾਨ ਟੂਰਇਜ਼ਮ ਡਿਵੈਲਪਮੈਂਟ ਦੀ ਬੱਸ ਤੇ ਬੈਠ ਕੇ ਆਪਣੇ ਸਫ਼ਰ ਦਾ ਮੁੱਢ ਬੰਨ੍ਹਣਾ ਏਂ। ਬੰਦੇ ਦਾ ਸਫ਼ਰ ਤੇ ਘਰੋਂ ਨਿਕਲਦਿਆਂ ਈ ਸ਼ੁਰੂ ਹੋ ਜਾਂਦਾ ਏ। ਵੈਸੇ ਇਹ ਸਫ਼ਰ ਬੰਦੇ ਦੇ ਜੰਮਦਿਆਂ ਹੀ ਸ਼ੁਰੂ ਹੋ ਚੁੱਕਿਆ ਹੈ। ਮੈਂ ਜਿਸ ਦਿਨ ਰਾਵਲਪਿੰਡੀ ਆਪਣੇ ਘਰੋਂ ਟੁਰਿਆ ਸਾਂ ਉਹ ਦਿਨ ਪਾਕਿਸਤਾਨ ਦੇ ਇਤਿਹਾਸ ਵਿਚ ਇਕ ਯਾਦਗਾਰ ਦਿਨ ਸੀ ਜਦੋਂ ਪੂਰੀ ਕੌਮ ਅਪਣੀ ਨਵੀਂ ਲੀਡਰਸ਼ਿਪ ਦੀ ਚੋਣ ਕਰਨ ਲਈ ਵੋਟ ਪਾ ਰਹੀ ਸੀ। ਤੇ ਮੈਂ ਇਸਲਾਮਾਬਾਦ ਡਾਈਵੋ ਸਰਵਿਸ ਤੋਂ ਲਹੌਰ ਲਈ ਟੁਰ ਪਿਆ।

ਸਵੇਰੇ ਚਾਰ ਵਜੇ ਟੀ.ਡੀ.ਸੀ.ਪੀ ਦੇ ਟਰਮੀਨਲ ਤੇ ਅੱਪੜ ਕੇ ਬੱਸ ਵਿੱਚ ਬਹਿੰਦਿਆਂ ਟੁਰਦਿਆਂ ਘੜੀ ਤੇ ਛੇ ਵੱਜ ਗਏ। ਬੱਸ ਦੇ ਅੱਗੇ ਪਿੱਛੇ ਹੂਟਰ ਵਾਲੀਆਂ ਪੁਲਿਸ ਦੀਆਂ ਗੱਡੀਆਂ ਸਾਨੂੰ ਵਾਹਗਾ ਬਾਡਰ ਤੀਕ ਲੈ ਗਈਆਂ। ਉੱਥੇ ਸਭ ਤੋਂ ਪਹਿਲਾਂ ਟੀ.ਡੀ.ਸੀ.ਪੀ ਦੇ ਗੰਦੇ ਤੇ ਸਸਤੇ ਜਿਹੇ ਮਾਹੌਲ ਵਿਚ ਨਾਸ਼ਤੇ ਦਾ ਪ੍ਰਬੰਧ ਕੀਤਾ ਗਿਆ ਸੀ। ਨਾਸ਼ਤਾ ਕੀ ਸੀ ਸਿਰਫ਼ ਡਬਲ-ਰੋਟੀ ਦੇ ਸਲਾਈਸ ਤੇ ਫ਼ਰਾਈ ਆਂਡੇ, ਕੁਝ ਰਕਾਬੀਆਂ ਵਿਚ ਜਾਮ ਵੀ ਪਾ ਕੇ ਮੇਜ਼ਾਂ ਤੇ ਰੱਖਿਆ ਹੋਇਆ ਸੀ। ਤੁਸੀਂ ਲਹੌਰ ਦੇ ਪਰਾਹੁਣਿਆਂ ਨੂੰ ਲਹੌਰੀ ਨਾਸ਼ਤਾ ਤੇ ਦਿਓ। ਇੰਨਾਂ ਗ਼ੈਰ-ਮਿਆਰੀ ਪ੍ਰਬੰਧ ਪਾਕਿਸਤਾਨ ਦੇ ਸਿਆਹਤ ਦੇ ਮਹਿਕਮੇ ਨੂੰ ਕਰਦਿਆਂ ਹੋਇਆਂ ਸ਼ਰਮ ਆਉਣੀ ਚਾਹੀਦੀ ਏ। ਇੰਟਰਨੈਸ਼ਨਲ


Academy of the Punjab in North America - APNA: http://www.apnaorg.com

ਟੂਰਿਸਟਸ ਨਾਲ ਇਹ ਕੀ ਸਲੂਕ ਕਰ ਰਹੇ ਓ? ਖ਼ਬਰੇ ਇਹੋ ਈ ਗੱਲ ਏ ਜੇ ਗ਼ੈਰ-ਮੁਲਕੀ ਯਾਤਰੀ ਸਾਡੇ ਮੁਲਕ ਵਲ ਮੂੰਹ ਨਹੀਂ ਕਰਦੇ। ਮੈਂ ਦਿਲ ਵਿੱਚ ਪਾਕਿਸਤਾਨੀ ਸਰਕਾਰੀ ਅਦਾਰੇ ਨੂੰ ਬੁਰਾ ਭਲਾ ਕਹਿੰਦਿਆਂ ਹੋਇਆਂ ਬੱਸ ਵਿੱਚ ਜਾ ਬੈਠਾ। ਪਰ ਇਹ ਵਿਚਾਰ ਉਸ ਦਿਨ ਬਦਲ ਗਏ ਜਦੋਂ ਮੈਂ ਦਿੱਲੀ ਤੋਂ ਵਾਪਸ ਲਹੌਰ ਲਈ ਬੱਸ ਵਿੱਚ ਬੈਠਾ ਤੇ ਸਾਨੂੰ ਜੋ ਨਾਸ਼ਤਾ ਕਰਵਾਇਆ ਗਿਆ, ਉਹ ਤਾਂ ਲਹੌਰੀ ਨਾਸ਼ਤੇ ਦੇ ਪਾਸਕੂ ਵੀ ਨਹੀਂ ਸੀ।

ਵਾਹਗਾ ਬਾਡਰ ਤੇ ਇਮੀਗਰੇਸ਼ਨ ਲਈ ਤਾਜ਼ੀ ਬਣਾਈ ਗਈ ਬਿਲਡਿੰਗ ਵਿਚ ਵੜ ਕੇ ਇੰਜ ਲੱਗਾ ਜਿਵੇਂ ਅਸੀਂ ਕਿਸੇ ਏਅਰਪੋਰਟ ਤੇ ਆ ਗਏ ਆਂ। ਇੰਨਾਂ ਸੁਹਣਾ ਤੇ ਸਾਫ਼ ਸੁਥਰਾ ਮਾਹੌਲ ਵੇਖ ਕੇ ਮੇਰੇ ਨਾਲ ਦੇ ਇੰਡੀਅਨ ਯਾਤਰੀਆਂ ਨੇ ਵੀ ਚੰਗੇ ਸ਼ਬਦਾਂ ਵਿਚ ਸਲਾਹਿਆ। ਨਾਲ ਈ ਉਨ੍ਹਾਂ ਆਪਣੇ ਸ਼ਾਸਨ ਦੀਆਂ ਖ਼ਰਾਬੀਆਂ ਵੀ ਗਿਣਵਾਈਆਂ ਜਿਸ ਦਾ ਸਬੂਤ ਮੈਂ ਵਾਹਗਾ ਬਾਰਡਰ ਪਾਰ ਕਰਦਿਆਂ ਇੰਡੀਅਨ ਇਮੀਗਰੇਸ਼ਨ ਦੀ ਬਿਲਡਿੰਗ ਵਿਚ ਵੜਦਿਆਂ ਈ ਵੇਖ ਲਿਆ। ਕਿਸੇ ਪਿੰਡ ਦੇ ਸਰਕਾਰੀ ਹਸਪਤਾਲ ਦਾ ਨਕਸ਼ਾ ਨਜ਼ਰ ਆ ਰਿਹਾ ਸੀ। ਇੱਥੇ ਆ ਕੇ ਟਾਈਮ ਕੁੱਝ ਬਹੁਤਾ ਲੱਗ ਗਿਆ। ਸਾਡੇ ਇਕ ਹਮਸਫ਼ਰ ਦੇ ਕੁਝ ਕਾਰੋਬਾਰੀ ਅਜ਼ਾਇਮ ਵੀ ਨਜ਼ਰ ਆਏ ਜਿਸਨੇ ਇਮੀਗਰੇਸ਼ਨ ਪ੍ਰਬੰਧਕਾਂ ਨਾਲ ਛਿੰਝ ਪਾਈ ਰੱਖੀ ਤੇ ਪੂਰੀ ਬੱਸ ਨੂੰ ਦੋ ਘੰਟੇ ਤੀਕ ਬਾਰਡਰ ਤੇ ਉਡੀਕ ਦੀ ਸੂਲੀ ਉੱਤੇ ਟੰਗੀ ਬਹੁਤਾ ਅੱਲਾ ਅੱਲਾ ਕਰਕੇ ਉਥੋਂ ਜਾਨ ਛੁੱਟੀ।

ਇਮੀਗਰੇਸ਼ਨ ਦੀ ਬਿਲਡਿੰਗ ਵਿਚੋਂ ਬਾਹਰ ਆ ਕੇ ਮੈਂ ਬਾਕੀ ਦੇ ਮੁਸਾਫ਼ਰਾਂ ਵਾਂਗ ਬੱਸ ਦੇ ਲਾਗੇ ਬਿਲਡਿੰਗ ਦੇ ਕੋਲ ਬੈਂਚ ਤੇ ਬਹਿ ਗਿਆ, ਪਰ ਆਰਾਮ ਕਿਥੋਂ ਸੀ? ਮੇਰੇ ਦਿਲ ਵਿੱਚ ਅੰਮ੍ਰਿਤਸਰ ਦੀ ਧਰਤੀ ਤੇ ਪੈਰ ਧਰਦਿਆਂ ਈ ਵਰ੍ਹਿਆਂ ਦੇ ਸੁੱਤੇ ਚਾਅ ਉਘੜ ਖਲੋਤੇ ਸਨ ਤੇ ਮੇਰੀਆਂ ਨਜ਼ਰਾਂ ਆਸੇ ਪਾਸੇ ਦੇ ਲੋਕਾਂ, ਰਹਿਤਲ ਅਤੇ ਮਾਹੌਲ ਨੂੰ ਰੱਜ ਰੱਜ ਕੇ ਵੇਖੀ ਜਾ ਰਹੀਆਂ ਸਨ। ਬਾਰਡਰ ਦੇ ਇਸ ਪਾਰ ਵੀ ਮੈਨੂੰ ਉਹੋ ਈ ਲੋਕ ਅਮੀਰੀ ਤੇ ਗ਼ਰੀਬੀ ਦੇ ਨਿਖੇੜੇ ਨਾਲ ਦਿਸੇ ਜਿਹੜੇ ਮੈਂ ਪਿੱਛੇ ਛੱਡ ਕੇ ਆਇਆ ਸਾਂ। ਉਹੋ ਬੇਪਰਵਾਹ ਰੱਬ ਮੈਨੂੰ ਅਸਮਾਨਾਂ ਤੇ ਬੈਠਾ ਨਜ਼ਰੀਂ ਆਇਆ ਜਿਹੜਾ ਮੇਰੇ ਦੇਸ ਦਾ ਵੀ ਰੱਬ ਏ। ਉਂਜੇ ਈ ਫ਼ਸਲਾਂ ਦੀ ਹਰਿਆਲੀ ਤੇ ਮਿੱਟੀ ਦਾ ਰੰਗ ਜਿਹੜਾ ਮੈਂ ਬਚਪਨ ਤੋਂ ਈ ਵੇਖਦਾ ਆ ਰਿਹਾ ਸਾਂ। ਜੇ ਕੋਈ ਵੱਖਰੀ ਸ਼ੈਅ ਹੈ ਸੀ ਤਾਂ ਉਹ ਸੀ ਇੱਥੇ ਦੀ ਸਰਕਾਰ। ਇਹੋ ਫ਼ਰਕ ਮੇਰੇ ਖ਼ਿਆਲ ਵਿਚ ਇਧਰੋਂ ਜਾਣ ਵਾਲੀਆਂ ਨੂੰ ਵੀ ਸਾਡੇ ਪਾਸੇ ਨਜ਼ਰ ਆਉਂਦਾ ਹੋਣਾ ਏਂ।

ਦੋ ਸਿੱਖ ਕੁੱਲੀ ਮਾੜੇ ਜਿਹੇ ਕੱਪੜਿਆਂ ਨਾਲ ਮੇਰੇ ਵੱਲ ਵਧੇ। ਉਨ੍ਹਾਂ ਮੇਰੇ ਹੱਥੋਂ ਬੈਗ ਲੈ ਲਿਆ ਤੇ ਬੱਸ ਵਿੱਚ ਰੱਖ ਕੇ ਮੈਨੂੰ ਆਖਣ ਲੱਗੇ ਮਹਾਰਾਜ ਪੈਸੇ ਦਿਉ। ਮੈਨੂੰ ਆਪਣੇ ਲਈ ਇਹ ਸ਼ਬਦ ਸੁਣ ਕੇ ਹੈਰਾਨੀ ਹੋਈ ਤੇ ਮੈਂ ਪੰਜਾਹ ਰੁਪਏ ਬਾਬਾ ਜੀ ਦੀ ਤਲੀ ਉੱਤੇ ਰੱਖ ਦਿੱਤੇ। ਉਨ੍ਹਾਂ ਆਖਿਆ ਇਹ ਥੋੜੇ ਨੇ ਮਹਾਰਾਜ, ਪੂਰਾ ਸੌ ਰੁਪਈਆ ਦਿਉ। ਮੈਨੂੰ ਵੱਟ ਚੜ੍ਹ ਗਿਆ ਜੋ ਮੈਂ ਉਨ੍ਹਾਂ ਤੇ ਤਰਸ ਖਾ ਕੇ ਪੰਜਾਹ ਰੁਪਏ ਦਿੱਤੇ ਸਨ। ਚਾਹੇ ਮੈਨੂੰ ਨਾ ਤਾਂ ਕੁੱਲੀ ਦੀ ਲੋੜ ਸੀ ਤੇ ਨਾ ਹੀ ਮੇਰੇ ਕੋਲ ਏਨਾ ਭਾਰ ਸੀ ਜਿਸ ਨੂੰ ਚੁੱਕਣ ਲਈ ਕੁੱਲੀ ਦੀ ਮਦਦ ਦੀ ਲੋੜ ਹੋਵੇ।

ਖ਼ੈਰ, ਬੱਸ ਟੁਰ ਪਈ। ਹੁਣ ਸਾਡਾ ਸਫ਼ਰ ਜੀ.ਟੀ. ਰੋਡ ਤੇ ਚੜ੍ਹਦੇ ਪੰਜਾਬ ਵਿਚੋਂ ਲੰਘਦਿਆਂ ਤੋੜ ਦਿੱਲੀ ਤੀਕ ਸੀ। ਬਹੁਤ ਸੁਹਣਾ ਲੱਗਾ ਪੰਜਾਬ ਦੇ ਹਰੇ ਭਰੇ ਖੇਤਾਂ ਨੂੰ ਅਪਣੀ ਗੱਡੀ ਦੇ ਸੱਜੇ ਖੱਬੇ ਨਾਲ ਨਾਲ ਟੁਰਦਿਆਂ ਵੇਖ ਕੇ। ਛੋਟੇ ਛੋਟੇ ਸਿੱਖ ਬਾਲਾਂ ਦੇ ਸਿਰ ਤੇ ਜੂੜਾ ਜਾਂ ਪੱਗ ਬੰਨ੍ਹੀ ਹੋਈ ਤੇ ਭੱਜਦੇ ਫ਼ਿਰਦੇ। ਮੇਰੀਆਂ ਨਜ਼ਰਾਂ ਗੋਲਡਨ ਟੈਂਪਲ ਨੂੰ ਲੱਭ ਰਹੀਆਂ ਸਨ। ਭਾਵੇਂ ਸਾਡਾ ਸਫ਼ਰ ਜੀ.ਟੀ. ਰੋਡ ਤੇ ਅੰਮ੍ਰਿਤਸਰ ਸ਼ਹਿਰ ਤੋਂ ਬਾਹਰੋ ਬਾਹਰ ਸੀ ਪਰ ਐਡੀ ਅਜ਼ੀਮ ਬਿਲਡਿੰਗ ਦੇ ਕੁਝ ਗੁੰਬਦ ਮੁਨਾਰੇ



Academy of the Punjab in North America - APNA: http://www.apnaorg.com

> **ਪੰਜਾਬੀ ਜ਼ੁਬਾਨ ਬਾਰੇ ਲੋਕਾਂ ਦੀ ਗ਼ਲਤ ਰਾਏ ਦੀ ਨਿੰਦਿਆ ਕਰਦਿਆਂ ਹੋਇਆਂ ਰਾਬਿੰਦਰ ਨਾਥ ਟੈਗੋਰ ਹੁਰਾਂ ਆਖਿਆ ਜਿਹੜੀ ਜ਼ੁਬਾਨ ਵਿਚ ਗੁਰੂ ਨਾਨਕ, ਵਾਰਿਸ ਸ਼ਾਹ ਤੇ ਬੁਲ੍ਹੇ ਸ਼ਾਹ ਹੋਰੀ ਹੋਵਣ ਉਹ ਉਜੱਡ ਕਿਵੇਂ ਹੋ ਸਕਦੀ ਏ।**

ਤੇ ਨਜ਼ਰੀਂ ਆਉਣ ਦੀ ਦਿਲ ਵਿੱਚ ਤਾਂਘ ਭਰੀ ਰਹਿ ਗਈ। ਅੰਮ੍ਰਿਤਸਰ ਜਿਸ ਨੂੰ ਮੈਂ ਸੁਫ਼ਨਿਆਂ ਵਿਚ ਵੇਖਦਾ ਸਾਂ ਜਿਸ ਦੀਆਂ ਗਲੀਆਂ ਬਾਜ਼ਾਰ ਗੋਲਡਨ ਟੈਂਪਲ ਤੇ ਜਲ੍ਹਿਆਂਵਾਲਾ ਬਾਗ਼ ਨੂੰ ਮੈਂ ਇੰਟਰਨੈੱਟ ਤੇ ਫ਼ਲਿਕਰ ਡਾਟ ਕਾਮ ਤੇ ਕਈ ਵਾਰੀ ਖੋਲ੍ਹ ਕੇ ਵੇਖੀਆਂ ਅੱਜ ਉਸ "ਅੰਬਰਸਰ" ਦੇ ਕੋਲੋਂ ਲੰਘਦਿਆਂ ਦਿਲ ਨੂੰ ਮੁੱਠ ਜਿਹੀ ਭਰੀਚੀ ਜਾ ਰਹੀ ਸੀ। ਮੈਂ ਗੱਡੀ ਤੋਂ ਲਹਿ ਕੇ ਕਿਸੇ ਪੰਜਾਬੀ ਭਰਾ ਨਾਲ ਕਿਤੇ ਗੱਲ ਨਹੀਂ ਕਰ ਸਕਦਾ ਸਾਂ। ਕਿਸੇ ਖੇਤ ਦੀ ਫ਼ਸਲ ਦੇ ਹਰੇ ਬਿਸਤਰ ਵਰਗੇ ਪਿੰਡੇ ਤੇ ਹਥ ਨਹੀਂ ਸਾਂ ਫ਼ੇਰ ਸਕਦਾ। ਚੜ੍ਹਦੇ ਪੰਜਾਬ ਦੇ ਕਿਸੇ ਬਜ਼ੁਰਗ ਸਰਦਾਰ ਤੇ ਸਰਦਾਰਨੀ ਨੂੰ ਸਲਾਮ ਨਹੀਂ ਕਰ ਸਕਦਾ ਸਾਂ।

ਪਾਕਿਸਤਾਨ ਟੂਰਿਜ਼ਮ ਦੀ ਬੱਸ ਅੱਗੇ ਅੱਗੇ ਰਾਜਧਾਨੀ ਵੱਲ ਹੂਟਰਾਂ ਵਾਲੀਆਂ ਇੰਡੀਅਨ ਪੁਲੀਸ ਦੀਆਂ ਗੱਡੀਆਂ ਦੇ ਪਹਿਰੇ ਵਿਚ ਰਵਾਂ ਦਵਾ ਸੀ ਤੇ ਜਿਥੇ ਕਿਸੇ ਥਾਂ ਤੇ ਚੌਕ ਯਾ ਕਰਾਸਿੰਗ ਰੋਡ ਆਉਂਦੀ ਸੀ ਉੱਥੇ ਦੋਹਾਂ ਪਾਸਿਆਂ ਦੇ ਲੋਕੀਂ ਹੂਟਰ ਦੀ ਵਾਜ ਨੂੰ ਸੁਣ ਕੇ ਧਿਆਨ ਤੇ ਹੈਰਾਨੀ ਨਾਲ ਪਾਕਿਸਤਾਨੀ ਹਰੇ ਝੰਡੇ ਵਾਲੀ ਵੱਡੀ ਬੱਸ ਨੂੰ ਤੱਕੀ ਜਾਂਦੇ ਸਨ। ਮੈਨੂੰ ਉਸ ਵੇਲੇ ਉਡੀਕ ਵਿਚ ਖਲੋਤੀ ਬੇ-ਬੱਸ ਮਖ਼ਲੂਕ ਨੂੰ ਵੇਖ ਕੇ ਆਪਣੇ ਪਾਕਿਸਤਾਨੀ ਲੀਡਰ ਯਾਦ ਆ ਗਏ ਜਿੰਨਾ ਸਾਡੇ ਰਾਵਲਪਿੰਡੀ ਸ਼ਹਿਰ ਦੇ ਏਅਰਪੋਰਟ ਰੋਡ ਨੂੰ ਇਹੋ ਸਜ਼ਾ ਦਿੱਤੀ ਹੋਈ ਏ। ਏਅਰਪੋਰਟ ਰੋਡ ਦੇ ਲਾਗੇ ਰਹਿਣ ਵਾਲੇ ਨੁਕਸਾਨਾਂ ਵਿਚੋਂ ਦੋ ਬਹੁਤ ਬੁਰੇ ਨੇ। ਇਕ ਤੇ ਕਿਸੇ ਵੇਲੇ ਵੀ ਕਿਸੇ ਵੀ.ਆਈ.ਪੀ. ਦੇ ਲੰਘਣ ਵੇਲੇ ਸਾਰੇ ਆਮ ਲੋਕਾਂ ਨੂੰ ਹਰ ਗਲੀ ਦੀ ਨੁੱਕਰ ਤੋਂ ਪਰੇ ਧੱਕ ਕੇ ਰੋਕ ਦਿੱਤਾ ਜਾਂਦਾ ਏ ਤੇ ਪੁਲਿਸ ਉਨ੍ਹਾਂ ਤੇ ਬੰਦੂਕ ਤਾਣ ਕੇ ਖਲੋ ਜਾਂਦੀ ਏ। ਜਦੋਂ ਤਕ ਉਹ ਵੀ.ਆਈ.ਪੀ ਲੰਘ ਨਾ ਜਾਏ ਕੋਈ ਬੰਦਾ ਚੱਲ ਨਹੀਂ ਸਕਦਾ। ਫ਼ਿਰ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਅੱਜ ਅਪਣੀ ਉਡੀਕ ਵਿਚ ਖਲੋਤਿਆਂ ਵੇਖ ਕੇ ਇਕ ਅਫ਼ਸੋਸ ਦੁਖ ਤੇ ਨਾਲ ਈ ਇਕ ਲੀਡਰਾਨਾ ਆਕੜ ਦਾ ਅਹਿਸਾਸ ਹੋਇਆ। ਇਹ ਦੋਵੇਂ ਗੱਲਾਂ ਪਤਾ ਨਹੀਂ ਕੀ ਸਨ ਜਿਨ੍ਹਾਂ ਮੈਨੂੰ ਖ਼ੁਸ਼ੀ ਤੇ ਗ਼ਮ ਦੋਵੇਂ ਚੀਜ਼ਾਂ ਬਰਾਬਰ ਦੇ ਦਿੱਤੀਆਂ।

ਰਾਹ ਦੇ ਵਿੱਚ ਕਿੰਨੇ ਈ ਸੋਹਣੇ ਸ਼ਹਿਰਾਂ ਦੇ ਨਜ਼ਾਰੇ ਵੇਖਣ ਨੂੰ ਮਿਲੇ। ਜਲੰਧਰ, ਲੁਧਿਆਣਾ, ਅੰਬਾਲਾ, ਪਾਣੀਪਤ ਸਟਾਪ ਦਰ ਸਟਾਪ ਲੰਘਦੇ ਗਏ। ਸਰਹੰਦ ਵਿਚ ਜਾ ਕੇ ਬੱਸ ਇਕ ਨਹਿਰ ਕਿਨਾਰੇ ਹੋਟਲ ਤੇ ਰੁਕੀ। ਪੂਰੇ ਹੋਟਲ ਦੇ ਦੁਆਲੇ ਸਿਕਿਉਰਿਟੀ ਵਾਲਿਆਂ ਘੇਰਾ ਪਾ ਲਿਆ ਤੇ ਸਾਨੂੰ ਸਾਰੇ ਮੁਸਾਫ਼ਰਾਂ ਨੂੰ ਵਗਦੀ ਨਹਿਰ ਦੇ ਪਾਣੀ ਵਿੱਚ ਆਪਣੇ ਭਰੋਸੇ ਤੇ ਕਾਰੀਗਰਾਂ ਦੀ ਮੁਹਾਰਤ ਨਾਲ ਖਲੋਤੇ ਹੋਏ ਰੈਸਤੁਰਾਂ ਵਿੱਚ ਜਿਥੇ ਰੋਟੀ ਪਾਣੀ ਦਾ ਆਹਰ ਕੀਤਾ ਹੋਇਆ ਸੀ, ਲਿਜਾਇਆ ਗਿਆ। ਇਸ ਰੈਸਤੁਰਾਂ ਦੇ ਵਿਚਕਾਰ ਇਕ ਛੋਟਾ ਜਿਹਾ ਹਾਲ ਸੀ ਜਿਸ ਵਿੱਚ ਖਾਣਾ ਬੁਫ਼ੇ ਦੀ ਸ਼ਕਲ ਵਿਚ ਲੱਗਿਆ ਹੋਇਆ ਸੀ। ਇਸ ਹਾਲ ਤੋਂ ਬਾਹਰ ਹਾਲ ਦੇ ਆਲ ਦੁਆਲੇ ਮੇਜ਼ਾਂ ਕੁਰਸੀਆਂ ਲਾ ਕੇ ਵਗਦੇ ਪਾਣੀ ਦੇ ਨਜ਼ਾਰਿਆਂ ਵਿਚ ਰੋਟੀ ਖਾਣ ਦਾ ਇਕ ਅਪਣਾ ਸਵਾਦ ਸੀ। ਰੋਟੀ ਦੇ ਮੀਨੋ ਵਿਚ ਦਾਲ



Academy of the Punjab in North America - APNA: http://www.apnaorg.com

ਚੌਲ, ਸਬਜ਼ੀ ਰੋਟੀ, ਸਲਾਦ ਤੇ ਰਾਇਤਾ। ਦਾਲ ਤੇ ਉਬਲੇ ਚੌਲ ਤੁਹਾਨੂੰ ਪੂਰੇ ਹਿੰਦੁਸਤਾਨ ਵਿਚ ਹਰ ਖਾਣੇ ਦੀ ਥਾਂ ਤੇ ਮਿਲਣਗੇ। ਰੋਟੀ ਤੋਂ ਮਗਰੋਂ ਕਾਊਂਟਰ ਤੇ ਚਾਹ ਦਾ ਵੀ ਪ੍ਰਬੰਧ ਸੀ ਜਿਥੇ ਪਲਾਸਟਿਕ ਦੀਆਂ ਟਰਾਂਸਪੇਅਰੰਟ ਕੌਲੀਆਂ ਮੂਧੀਆਂ ਪਈਆਂ ਹੋਈਆਂ ਸਨ। ਮੈਂ ਇਕ ਕੌਲੀ ਚੁਕ ਕੇ ਕਾਊਂਟਰ ਤੇ ਖਲੋਤੀ ਕੁੜੀ ਵੱਲ ਵਧਾਈ ਤੇ ਉਸ ਨੇ ਥਰਮਸ ਦੀ ਨਾਬ ਨੂੰ ਦਬਾਅ ਕੇ ਚਾਹ ਨਾਲ ਭਰ ਦਿੱਤੀ।

ਸ਼ਾਮ ਤੋਂ ਬਾਅਦ ਕੋਈ ਅੱਠ ਵਜੇ ਨਾਲ ਬੱਸ ਦਿੱਲੀ ਅੱਪੜ ਗਈ। ਜਿਥੇ ਜਾ ਕੇ ਬਸ ਖਲੋਤੀ ਉਸ ਥਾਂ ਦਾ ਨਾਂ ਦਿੱਲੀ ਗੇਟ ਸੀ। ਦਿੱਲੀ ਗੇਟ ਦੇ ਨਾਲ 'ਡੀ.ਟੀ ਸੀ' ਦਿੱਲੀ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਦਾ ਦਫ਼ਤਰ ਏ ਜਿਥੋਂ ਦਿੱਲੀ-ਲਹੌਰ ਬੱਸ ਚੱਲਦੀ ਏ। ਇੱਥੇ ਬੱਸ ਤੂੰ ਲਹਿੰਦਿਆਂ ਸਾਰ ਈ ਸਭ ਦੇ ਸਾਮਾਨ ਨੂੰ ਵੀ ਬੱਸ ਤੋਂ ਲਾਹ ਦਿੱਤਾ ਗਿਆ ਤੇ ਸਾਰੇ ਅਪਣਾ ਅਪਣਾ ਸਾਮਾਨ ਚੁੱਕ ਕੇ ਅਪਣੀ ਅਪਣੀ ਠਾਹਰ ਵੱਲ ਨਿਕਲ ਪਏ। ਮੈਂ ਅੱਖਾਂ ਪਾੜ ਪਾੜ ਕੇ ਦਿੱਲੀ ਦੇ ਲੋਕਾਂ ਤੇ ਮਾਹੌਲ ਨੂੰ ਵੇਖ ਰਿਹਾ ਸਾਂ। ਮੈਨੂੰ ਅਜੀਤ ਕੌਰ ਜੀ ਨੇ ਦਿੱਲੀ ਵਿਚ ਸਿਰੀ ਫ਼ੋਰਟ ਦੇ ਇਲਾਕੇ ਵਿਚ ਅਪੜਨ ਬਾਰੇ ਦੱਸਿਆ ਹੋਇਆ ਸੀ। ਮੈਂ ਉਨ੍ਹਾਂ ਨਾਲ ਆਪਣੇ ਇਸਲਾਮਾਬਾਦ ਤੋਂ ਨਿਕਲਣ ਤੋਂ ਪਹਿਲਾਂ ਟੈਲੀਫ਼ੋਨ ਤੇ ਗੱਲ ਕਰ ਕੇ ਪੂਰਾ ਪਤਾ ਸਿਰਨਾਵਾਂ ਲੈ ਲਿਆ ਹੋਇਆ ਸੀ। ਫ਼ੇਰ ਉਨ੍ਹਾਂ ਦੇ ਆਖਣ ਮੂਜਬ ਅੱਡੇ ਤੋਂ ਬਾਹਰ ਆ ਕੇ ਆਟੋ ਰਿਕਸ਼ਾ ਹਾਇਰ ਕੀਤਾ ਜਿਸ ਨੂੰ ਸਿਰੀ ਫ਼ੋਰਟ ਆਡੀਟੋਰੀਅਮ ਬਾਰੇ ਪਤਾ ਦਸ ਕੇ ਪੈਸੇ ਪੁੱਛੇ। ਚਾਲ੍ਹੀ ਰੁਪਏ ਵਿਚ ਗੱਲ ਮੁੱਕ ਗਈ। ਪਰ ਰਿਕਸ਼ਾ ਡਰਾਈਵਰ ਦਿੱਲੀ ਵਿਚ ਮੇਰੇ ਨਾਲੋਂ ਵੀ ਚੋਖਾ ਬੇ-ਖ਼ਬਰਾ ਸੀ, ਖ਼ਾਸ ਤੌਰ ਤੇ ਮੇਰੀ ਮੰਜ਼ਿਲ ਬਾਰੇ। ਮੇਰੀ ਤੇ ਇਹ ਪਹਿਲੀ ਵਾਰੀ ਸੀ ਪਰ ਉਹ ਨਾ-ਮੁਰਾਦ ਤਾਂ ਦਿੱਲੀ ਵਿਚ ਈ ਰਿਕਸ਼ਾ ਵਾਹੁੰਦਾ ਸੀ। ਹਰ ਮੋੜ ਤੇ ਮੈਨੂੰ ਬਾਹਰ ਨਿਕਲ ਕੇ ਆਉਂਦੇ ਜਾਂਦੇ ਕੋਲੋਂ ਪਤਾ ਪੁੱਛਣਾ ਪੈਂਦਾ। ਤੇ ਜਿਹੜਾ ਪੈਂਡਾ ਚਾਲ੍ਹੀ ਰੁਪਏ ਵਿਚ ਹੋਣਾ ਸੀ ਉਹ ਪੂਰੇ ਅੱਸੀ ਰੁਪਈਆਂ ਦੇ ਸਿਰੇ ਚੜ੍ਹਿਆ, ਕਿਉਂਜੋ ਮੀਟਰ ਦੀ ਮਾਰ ਵੀ ਵਿਚ ਰਲ ਗਈ ਸੀ।

ਅਜੀਤ ਕੌਰ ਜੀ ਦੇ ਦਫ਼ਤਰ ਦੀ ਲਾਲ ਬਿਲਡਿੰਗ ਦੇ ਸਾਹਮਣੇ ਅੱਪੜਦਿਆਂ ਰਾਤ ਦੇ ਦੱਸ ਵੱਜ ਚੁਕੇ ਸਨ। ਮੈਂ ਗੇਟ ਨੂੰ ਖੜਕਾਉਣ ਲੱਗ ਪਿਆ। ਮੇਰਾ ਬੈਗ ਗੇਟ ਦੇ ਲਾਗੇ ਪਿਆ ਮੇਰੇ ਵਾਂਗ ਅੰਦਰੋਂ ਕਿਸੇ ਆਦਮਜ਼ਾਦ ਦੀ ਆਮਦ ਨੂੰ ਉਡੀਕ ਰਿਹਾ ਸੀ। ਬਾਹਰ ਕੋਈ ਘੰਟੀ ਵੀ ਨਹੀਂ ਸੀ। ਅੱਚਣ-ਚੇਤੀ ਇਕ ਬੰਦਾ ਕੋਈ ਸਾਮਾਨ ਚੁੱਕੀ ਬਿਲਡਿੰਗ ਦੇ ਇਕ ਪਾਸਿਓਂ ਨਿਕਲ ਕੇ ਦੂਜੇ ਕਿਸੇ ਹੋਰ ਪਾਸੇ ਵਲ ਜਾਂਦਾ ਵੇਖ ਕੇ ਮੈਂ ਉਸ ਨੂੰ ਜ਼ੋਰ ਜ਼ੋਰ ਨਾਲ ਹਥ ਉੱਚੇ ਕਰਕੇ ਵਾਜਾਂ ਮਾਰਨੀਆਂ ਸ਼ੁਰੂ ਕੀਤੀਆਂ। ਉਸ ਨੇ ਮੇਰੇ ਵੱਲ ਵੇਖ ਕੇ ਗੇਟ ਕੋਲ ਵੱਲ ਆ ਕੇ ਪੁੱਛਿਆ, "ਕੀ ਗੱਲ ਐ?" ਮੈਂ ਉਸ ਨੂੰ ਆਪਣੇ ਦਿੱਲੀ ਵਿਚ ਪਧਾਰਣ ਦੀ ਬਰੇਕਿੰਗ ਨਿਊਜ਼ ਦਿੱਤੀ ਜਿਸ ਨੇ ਉਸ ਨੂੰ ਬਿਲਕੁਲ ਬਰੇਕ ਨਾ ਕੀਤਾ। ਉਸ ਨੇ ਜਵਾਬ ਵਿੱਚ ਆਖਿਆ "ਦਫ਼ਤਰ ਹੁਣ ਬੰਦ ਹੋ ਚੁੱਕਿਆ ਏ, ਸੁਬਾਹ ਆਉਣਾ।" ਮੇਰੇ ਹੱਥਾਂ ਦੇ ਤੋਤੇ ਛੱਡ ਕੇ ਕਬੂਤਰ ਵੀ ਉੱਡ ਗਏ। ਠੰਡੀ ਠਾਰ ਰਾਤ, ਪਰਦੇਸ ਮੁਲਕ ਦਾ ਬਿਗਾਨਾ ਸ਼ਹਿਰ। ਇਸ ਵਿਚ ਆਪਣੇ ਬੈਗ ਤੇ ਕਿਤਾਬਾਂ ਦੇ ਗੰਢੜ ਨਾਲ ਮੈਂ ਕਿੱਥੇ ਜਾਵਾਂਗਾ। ਕਿਹੜੀ ਮਾਂ ਨੂੰ ਮਾਸੀ ਕਵ੍ਹਾਂਗਾ। ਮੈਂ ਫ਼ੇਰ ਉੱਥੇ ਤਰਲਿਆਂ ਤੇ ਆ ਗਿਆ ਤੇ ਉਸ ਨੂੰ ਬੂਹਾ ਖੋਲ੍ਹਣ ਲਈ ਆਖਣਾ ਸ਼ੁਰੂ ਕੀਤਾ ਪਰ ਉਹ ਵੀ ਅਜੀਬ ਆਜ਼ਾਦ ਮਰਦਿ -ਨਾਤਵਾਂ ਤੇ ਇਰਾਦਿਆਂ ਦਾ ਪੱਕਾ ਸੀ। ਉਸ ਨੇ ਮੇਰੇ ਤੇ ਬਸ ਇਹੋ ਕਿਰਪਾ ਕੀਤੀ ਜੇ ਇਕ ਬੰਦੇ ਦਾ ਫ਼ੋਨ ਨੰਬਰ ਦੇ ਦਿੱਤਾ ਜਿਹੜਾ ਅਜੀਤ ਕੌਰ ਜੀ ਦਾ ਮੈਨੇਜਰ ਸੀ। ਮੈਂ ਆਪਣੇ ਹਿੱਸੇ ਦੀ ਮੁਰਾਦ ਯਾਅਨੀ ਟੈਲੀਫ਼ੋਨ ਨੰਬਰ ਲੈ ਕੇ ਪੀ.ਸੀ.ਓ ਦੀ ਭਾਲ ਵਿਚ ਟੁਰ ਪਿਆ। ਇਕ ਹੋਰ ਰਿਕਸ਼ੇ ਤੇ ਪੀ.ਸੀ.ਓ ਤੇ ਪਹੁੰਚਿਆ ਤੇ ਉਥੋਂ ਜਨਾਬ ਮੈਨੇਜਰ ਸਾਹਿਬ ਨੂੰ ਕਾਲ ਕੀਤੀ। ਉਨ੍ਹਾਂ ਨੇ ਮੈਨੂੰ ਇਹੋ ਦੱਸਿਆ ਕਿ ਮੈਂ ਸਵੇਰੇ ਰਾਬਤਾ ਕਰਾਂ। ਮੈਂ ਅਪਣੀ ਮੁਸ਼ਕਿਲ ਦੱਸੀ ਕਿ



Academy of the Punjab in North America - APNA: http://www.apnaorg.com

ਮੇਰਾ ਦਿੱਲੀ ਵਿਚ ਕੋਈ ਜਾਣੂੰ ਨਹੀਂ ਤੇ ਅੱਜ ਦੀ ਰਾਤ ਮੈਨੂੰ ਠਾਹਰ ਚਾਹੀਦੀ ਏ।

ਮੇਰੀ ਗੱਲ ਸੁਣ ਕੇ ਉਨ੍ਹਾਂ ਮੈਨੂੰ ਇਕ ਅਦਾਰੇ ਦਾ ਠਿਕਾਣਾ ਦੱਸਿਆ ਜਿਸ ਦਾ ਨਾਂ ਲਾਜਪਤ ਭਵਨ ਸੀ। ਉਨ੍ਹਾਂ ਇਹ ਵੀ ਇਨਕਸ਼ਾਫ਼ ਕੀਤਾ ਕਿ ਪਾਕਿਸਤਾਨ ਤੋਂ ਆਏ ਹੋਏ ਦੋ ਲਹੌਰੀ ਸ਼ਾਇਰ ਉੱਥੇ ਈ ਠਹਿਰਾਏ ਗਏ ਨੇ। ਉਸ ਅਦਾਰੇ ਦਾ ਠਿਕਾਣਾ ਵਿਕਰਮ ਹੋਟਲ ਦੇ ਗਵਾਂਢ ਸੀ। ਮੈਂ ਇਕ ਹੋਰ ਰਿਕਸ਼ਾ ਕਰਕੇ ਵਿਕਰਮ ਹੋਟਲ ਦੇ ਗੇਟ ਤੇ ਅਪੜਿਆ। ਹੋਟਲ ਦੇ ਗੇਟ ਤੇ ਖਲੋਤੇ ਮੁਲਾਜ਼ਮਾਂ ਨੇ ਮੇਰਾ ਭਰਵਾਂ ਸਵਾਗਤ ਕਰਕੇ ਮੇਰਾ ਸਾਮਾਨ ਆਪ ਚੁਕ ਕੇ ਹੋਟਲ ਦੀ ਰਿਸੈਪਸ਼ਨ ਤੇ ਪਹੁੰਚਾਇਆ ਤੇ ਨਾਲ ਈ ਰਿਕਸ਼ੇ ਦਾ ਮੇਰਾ ਬਿੱਲ ਵੀ ਕੋਲੋਂ ਦੇ ਦਿੱਤਾ। ਮੈਂ ਜਦੋਂ ਉਨ੍ਹਾਂ ਨੂੰ ਇਹ ਦੱਸਿਆ ਕਿ ਮੈਂ ਉਨ੍ਹਾਂ ਦੇ ਤਾਰਿਆਂ ਵਾਲੇ ਹੋਟਲ ਦੇ ਲਾਗੇ ਇਕ ਖ਼ਰੈਤੀ ਅਦਾਰੇ ਵਿਚ ਜਾਣਾ ਏਂ ਤਾਂ ਉਨ੍ਹਾਂ ਮੁਲਾਜ਼ਮਾਂ ਨੇ ਮੇਰੇ ਲਈ ਰਿਕਸ਼ੇ ਵਾਲੇ ਦਿੱਤੇ ਗਏ ਪੈਸੇ ਵੀ ਮੈਨੂੰ ਮਸਕੀਨ ਜਾਣ ਕੇ ਮੁਆਫ਼ ਕਰ ਦਿਤੇ ਤੇ ਮੈਨੂੰ ਲਾਜਪਤ ਭਵਨ ਦਾ ਰਾਹ ਵਿਖਾ ਦਿੱਤਾ। ਮੈਂ ਰਾਤ ਦੇ 11 ਵਜੇ ਹੁਣ ਲਾਜਪਤ ਭਵਨ ਦੀਆਂ ਰਾਹਦਾਰੀਆਂ ਵਿਚ ਭੂਤਾਂ ਵਾਂਗਰ ਭਟਕਦਾ ਫ਼ਿਰ ਰਿਹਾ ਸਾਂ ਤੇ ਮੈਨੂੰ ਕਿਧਰੋਂ ਆਸ ਉਮੀਦ ਦੀ ਡੋਰ ਹਿਲਦੀ ਨਜ਼ਰ ਨਹੀਂ ਸੀ ਆ ਰਹੀ। ਏਨੇ ਵਿਚ ਇਕ ਅੱਖਰ 'ਕਿਸ਼ਨ' ਨਾਂ ਦਾ ਮੇਰੇ ਕੰਨਾਂ ਨੇ ਸੁਣਿਆ ਜਿਹੜਾ ਇਸ ਅਦਾਰੇ ਦਾ ਨਿਗਰਾਨ ਸੀ। ਮੈਂ ਉਸ ਦੀ ਭਾਲ ਵਿਚ ਕੋਈ ਦੋ ਤਿੰਨ ਬੂਹੇ ਖੜਕਾਏ ਤੇ ਅਖ਼ੀਰ ਉਸ ਕਿਸ਼ਨ ਨਾਂ ਦੇ ਦੇਵਤੇ ਨਾਲ ਮੁਲਾਕਾਤ ਹੋ ਈ ਗਈ। ਉਸ ਨੂੰ ਮੈਂ ਦੱਸਿਆ ਕਿ ਮੈਂ ਪਾਕਿਸਤਾਨ ਤੋਂ ਆਇਆ ਹਾਂ ਤੇ ਅਜੀਤ ਕੌਰ ਜੀ ਦਾ ਪ੍ਰਾਹੁਣਾ ਹਾਂ। ਇਸ ਭਵਨ ਵਿਚ ਪਹਿਲੋਂ ਵੀ ਦੋ ਪਾਕਿਸਤਾਨੀ ਸ਼ਾਇਰ ਰੁਕੇ ਹੋਏ ਨੇ ਤੇ ਇਕ ਨਿੱਕਾ ਜਿਹੀ ਸ਼ਾਇਰ ਹੋਰ ਸਹੀ। ਕਿਧਰੇ ਮਾਅਕੂਲ ਜਿਹੀ ਥਾਂ ਤੇ ਮੈਨੂੰ ਵੀ ਟਿਕਾ ਦਿਉ। ਉਹ ਤੇ ਪੈਰਾਂ ਤੇ ਮੁੱਕਰ ਗਿਆ। ਆਖਣ ਲੱਗਾ ਮੈਂ ਤਾਂ ਪਹਿਲਾਂ ਈ ਉਨ੍ਹਾਂ ਦੋਹਾਂ ਤੋਂ ਤੰਗ ਆਂ, ਅੱਗੋਂ ਤੁਸੀਂ ਕਿਥੋਂ ਆ ਗਏ ਓ? ਮੇਰੇ ਤੇ ਕਿਰਪਾ ਕਰੋ ਤੇ ਇਥੋਂ ਟੁਰਦੇ ਫ਼ਿਰਦੇ ਨਜ਼ਰ ਆਉ। ਮੇਰੇ ਪੈਰਾਂ ਥਲੋਂ ਰਹੀ ਸਹੀ ਜ਼ਮੀਨ ਵੀ ਖਿਸਕ ਗਈ।

ਰੱਬਾ ਕੀ ਕਰਮ ਕਮਾਏ ਹੋਏ ਨੀ ਕਿਸ਼ਨ ਵਰਗੇ ਜੱਲਾਦ ਨਿਗਰਾਨ ਬਣਾਏ ਹੋਏ ਨੀ।

ਫ਼ਿਰ ਮੈਂ ਪਾਕਿਸਤਾਨੀ ਸ਼ਾਇਰਾਂ ਤੀਕ ਅੱਪੜ ਗਿਆ। ਦੋਵੇਂ ਪੱਕੇ ਲਹੌਰੀ ਤੇ ਠੇਠ ਪੰਜਾਬੀ ਹਸਨ ਅੱਬਾਸੀ ਸਾਹਿਬ ਤੇ ਇਕਰਾਮੁੱਲਾ ਬਸਰਾ ਨੇ ਮੇਰਾ ਭਰਵਾਂ ਸਵਾਗਤ ਕੀਤਾ। ਇੰਨਾ ਦੋਹਾਂ ਸ਼ਾਇਰ ਭਰਾਵਾਂ ਨਾਲ ਇਥੇ ਕੋਈ ਚੰਗਾ ਸਲੂਕ ਨਹੀਂ ਸੀ ਹੋ ਰਿਹਾ। ਦੋਵੇਂ ਸੋਲਾਂ ਤਰੀਕ ਦੇ ਦਿੱਲੀ ਵਿਚ ਪਧਾਰੇ ਹੋਏ ਸਨ ਤੇ ਅੱਜ ਲਾਜਪਤ ਭਵਨ ਵਿਚ ਉਨ੍ਹਾਂ ਦੀ ਆਖ਼ਰੀ ਰਾਤ ਸੀ। ਇਸ ਰਾਤ ਦੀ ਖ਼ੁਸੂਸੀ ਪੇਸ਼ਕਸ਼ ਦੇ ਤੌਰ ਤੇ ਉਨ੍ਹਾਂ ਕੋਲੋਂ ਕਮਰੇ ਦੀ ਸਹੂਲਤ ਖੋਹ ਕੇ ਰਾਹਦਾਰੀ ਵਿਚ ਮੰਜੇ ਡਾਹ ਕੇ ਸੁੱਟਿਆ ਹੋਇਆ ਸੀ। ਅਜੀਤ ਕੌਰ ਜੀ ਦਾ ਇਕ ਨੁਮਾਇੰਦਾ ਆਸਿਫ਼ ਨਾਂ ਦਾ ਬੀਬਾ ਜਿਹਾ ਬੰਦਾ ਦੋਹਾਂ ਮਸਕੀਨ ਸ਼ਾਇਰਾਂ ਲਈ ਰਾਤ ਦੇ ਭੋਜਨ ਦਾ ਪ੍ਰਬੰਧ ਕਰਕੇ ਲਿਆਇਆ ਹੋਇਆ ਸੀ ਤੇ ਰੋਟੀ ਖੁਲ੍ਹਣ ਦੇ ਮੌਕੇ ਤੇ ਮੈਂ ਵੀ ਅਪੱੜ ਗਿਆ ਸਾਂ। ਉਨ੍ਹਾਂ ਤਿੰਨਾਂ ਰਲ ਕੇ ਮੈਨੂੰ ਧੱਕੋ ਧੱਕੀ ਰੋਟੀ ਖਵਾਈ, ਜਿਸ ਦੀ ਭੁੱਖ ਮੈਨੂੰ ਕਾਈ ਨਹੀਂ ਸੀ। ਖ਼ੈਰ ਕੁਝ ਬੁਰਕੀਆਂ ਖਾ ਕੇ ਆਪਣੇ ਅਸਲ ਮਕਸਦ ਰਾਤ ਗੁਜ਼ਾਰਣ ਵਲ ਆਇਆ। ਇਥੋਂ ਫ਼ੇਰ ਇਕ ਤਿੰਨ ਮੈਂਬਰੀ ਵਫ਼ਦ ਕਿਸ਼ਨ ਮਹਾਰਾਜ ਦੀ ਸੇਵਾ ਵਿਚ ਹਾਜ਼ਰ ਹੋਇਆ ਮੇਰਾ ਮੁਕੱਦਮਾ ਲੈ ਕੇ ਤੇ ਇਸ ਸ਼ਰਤ ਉੱਤੇ ਇਕ 6x6 ਦਾ ਕਮਰਾ ਨਾਲ ਮੰਜੀ ਇਨਾਇਤ ਹੋਇਆ ਕਿ ਮੈਂ ਸਵੇਰੇ ਆਪਣੇ ਦਾਅਵਤਨਾਮੇ ਦੀ ਕਾਪੀ ਦਿਆਂਗਾ ਤਾਂ ਜੇ ਪੁਲਿਸ ਉਨ੍ਹਾਂ ਕੋਲੋਂ ਪੁੱਛੇ ਤਾਂ ਉਹ ਦੱਸ ਸਕਣ। ਮੈਨੂੰ ਮੰਜੀ ਚਾਹੀਦੀ ਸੀ। ਮਿਲੀ ਤੇ ਇੰਜ ਲੱਗਾ ਜਿਵੇਂ ਕੋਈ ਗਵਾਚੀ ਸ਼ੈਅ ਲੱਭ ਗਈ ਹੋਵੇ। ਫ਼ਿਰ ਮੈਂ ਉਸ ਉੱਤੇ ਇੰਜ ਡਿੱਗਾ ਕਿ ਮੈਨੂੰ ਸਵੇਰੇ ਅਠ ਵਜੇ ਹੋਸ਼ ਆਈ।



Academy of the Punjab in North America - APNA: http://www.apnaorg.com

ਸਾਰਕ ਦਾ ਸੈਮੀਨਾਰ ਪ੍ਰੋਗਰਾਮ ਹਿੰਦੁਸਤਾਨ ਦੀ ਦੂਜੀ ਨੁੱਕਰ ਦੀ ਰਿਆਸਤ ਉੜੀਸਾ ਵਿਚ ਸੀ ਜਿਥੇ ਅਪੜਨ ਲਈ 24 ਘੰਟੇ ਦਾ ਘੱਟ ਤੋਂ ਘੱਟ ਰੇਲ ਗੱਡੀ ਦਾ ਸਫ਼ਰ ਏ। ਸਵੇਰੇ ਉਠ ਕੇ ਤਿੰਨਾਂ ਮੁਤਾਸਰੀਨ ਸ਼ਾਇਰਾਂ ਨੇ ਇਹ ਫ਼ੈਸਲਾ ਕੀਤਾ ਕਿ ਕਿਉਂ ਨਾ ਅਸੀਂ ਪਹਿਲਾਂ ਅਪਣੀ ਵਾਪਸੀ ਦੀਆਂ ਟਿਕਟਾਂ ਓ.ਕੇ. ਕਰਵਾ ਲਈਏ ਤਾਂ ਜੋ ਵਾਪਸੀ ਤੇ ਟਿਕਟ ਲਈ ਖੱਜਲ ਖ਼ਵਾਰੀ ਨਾ ਹੋਵੇ। ਦੂਜੇ ਦਿਨ ਸਵੇਰੇ ਸਵੇਰੇ ਨਾਸ਼ਤਾ ਕੀਤੇ ਬਗ਼ੈਰ ਦਿੱਲੀ ਗੇਟ ਇੰਡੀਅਨ ਟੂਰਿਜ਼ਮ ਡਿਵੈਲਪਮੈਂਟ ਦੇ ਦਫ਼ਤਰ ਅੱਪੜ ਗਏ ਤੇ ਉਨ੍ਹਾਂ ਨੂੰ ਆਪਣੀਆਂ ਵਾਪਸੀ ਦੀਆਂ ਟਿਕਟਾਂ ਲਈ ਆਖਿਆ। ਉਨ੍ਹਾਂ ਆਖਿਆ ਪਈ ਸਾਡੇ ਕੋਲ 4 ਮਾਰਚ ਤੋਂ ਪਹਿਲਾਂ ਦੀ ਕੋਈ ਸੀਟ ਖ਼ਾਲੀ ਨਹੀਂ। ਇਹ ਸੁਣ ਕੇ ਸਾਡੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਮੇਰੇ ਦੋਹਾਂ ਸਾਥੀਆਂ ਦਾ ਤੇ ਵੀਜ਼ਾ ਪਹਿਲੀ ਮਾਰਚ ਨੂੰ ਮੁੱਕ ਰਿਹਾ ਸੀ। ਇੱਥੇ ਹੋਰ ਵਖ਼ਤ ਪੈ ਗਿਆ। ਟਿਕਟ ਬਾਬੂ ਨੇ ਆਖਿਆ ਕਿ ਦੋ ਵੀ.ਆਈ.ਪੀ ਸੀਟਾਂ ਦੇ ਖ਼ਾਲੀ ਹੋ ਜਾਣ ਦਾ ਆਸ ਮੌਜੂਦ ਏ ਤੁਸੀਂ ਕਲ੍ਹ ਕਿਸੇ ਬੰਦੇ ਨੂੰ ਭੇਜ ਕੇ ਇਹ ਬੁਕਿੰਗ ਕਰਾ ਲਵੋ, ਤੁਹਾਨੂੰ 29 ਮਈ ਦੀਆਂ ਦੋ ਟਿਕਟਾਂ ਮਿਲ ਜਾਣਗੀਆਂ। ਇੰਨਾਂ ਦੋਹਾਂ ਦਾ ਮਸਅਲਾ ਤਾਂ ਹੱਲ ਹੋ ਗਿਆ ਪਰ ਮੈਂ ਕੱਲਮ-ਕੱਲਾ ਰਹਿ ਗਿਆ। ਮੈਨੂੰ ਚਾਰ ਮਾਰਚ ਦੀ ਟਿਕਟ ਖ਼ਰੀਦਨੀ ਪਈ। ਇਹ ਸੋਚ ਕੇ ਕਿਧਰੇ ਇਹ ਵੀ ਨਾ ਹੱਥੋਂ ਜਾਂਦੀ ਰਵ੍ਹੇ, ਮੈਂ ਉਹ ਟਿਕਟ ਹੱਥ ਵਿਚ ਕਰ ਲਈ ਤੇ ਇਸ ਵਾਅਦੇ ਨਾਲ ਪਈ ਹੋ ਸਕਦਾ ਏ ਜੇ ਕਿਸੇ ਬੰਦੇ ਅਪਣੀ ਟਿਕਟ ਕੈਂਸਲ ਕਰਵਾਈ ਤਾਂ ਪਹਿਲੀਆਂ ਤਰੀਕਾਂ ਦੀ ਸੀਟ ਮਿਲ ਜਾਏਗੀ। ਹੁਣ ਅਸੀਂ ਟਿਕਟ ਵੱਲੋਂ ਸੰਤੁਸ਼ਟ ਹੋ ਕੇ ਅਜੀਤ ਕੌਰ ਜੀ ਦੇ ਦਫ਼ਤਰ ਵੱਲ ਜਾਣ ਲਈ ਰਿਕਸ਼ੇ ਤੇ ਬੈਠ ਕੇ ਸਿਰੀ ਫ਼ੋਰਟ ਅੱਪੜ ਗਏ। ਅੱਜ ਲਾਲ ਰੰਗ ਦੀ ਬਿਲਡਿੰਗ ਦੇ ਅੰਦਰ ਵੜਨ ਦਾ ਮੈਨੂੰ ਪਹਿਲੀ ਵਾਰੀ ਮੌਕਾ ਮਿਲ ਰਿਹਾ ਸੀ।

ਬਹੁਤ ਸੁਹਣਾ ਸਾਰਾ ਕੁਝ ਲੱਗ ਰਿਹਾ ਸੀ। ਬਿਲਡਿੰਗ ਦੇ ਅੰਦਰ ਹਰ ਸ਼ੈਅ ਸੁਚੱਜ ਨਾਲ ਸਜੀ ਸਜਾਈ। ਇਕ ਪਾਸੇ ਅਜੀਤ ਕੌਰ ਜੀ ਦੀ ਧੀ ਦੀਆਂ ਚਿੱਤਰਕਾਰੀਆਂ ਦੇ ਨਮੂਨੇ ਅਪਣਾ ਰੰਗ ਖਿਲਾਰ ਰਹੇ ਸਨ ਤੇ ਦੂਜੇ ਪਾਸੇ ਕਿਤਾਬਾਂ ਦਾ ਇਕ ਸਮੁੰਦਰ ਤੇ ਚਾਕੋ-ਚੌਬੰਦ ਅਮਲਾ ਜਿਹੜੇ ਆਪਣੇ ਆਪਣੇ ਕੰਮ ਵਿਚ ਰੁੱਝੇ ਹੋਏ ਸਨ। ਉਨ੍ਹਾਂ ਸਾਨੂੰ ਜੀ ਆਇਆਂ ਨੂੰ ਆਖਿਆ, ਚਾਹ ਪਾਣੀ ਪੁੱਛਣ ਤੋਂ ਮਗਰੋਂ ਸਾਨੂੰ ਦੁਪਹਿਰ ਦਾ ਖਾਣਾ ਖਵਾਉਣ ਲਈ ਇਕ ਬੰਦੇ ਨੂੰ ਆਖ ਦਿੱਤਾ। ਕਿਚਨ ਦਫ਼ਤਰ ਦੇ ਨਾਲ ਈ ਇਕ ਪਾਸੇ ਬਣਿਆ ਹੋਇਆ ਸੀ। ਬਾਵਰਚੀ ਸਾਡੇ ਲਈ ਖਾਣਾ ਲੈ ਆਇਆ। ਇਕ ਥਾਲੀ ਵਿੱਚ ਕੁਝ ਕੌਲੀਆਂ ਰੱਖੀਆਂ ਹੋਈਆਂ, ਇਕ ਕੌਲੀ ਵਿਚ ਥੋੜੀ ਜਿਹੀ ਦਾਲ, ਦੂਜੀ ਵਿਚ ਆਲੂ ਮਟਰ ਦੀ ਸਬਜ਼ੀ, ਇਕ ਵਿਚ ਥੋੜੇ ਜਿਹੇ ਚਿੱਟੇ ਚੌਲ ਤੇ ਇਕ ਵਿਚ ਦਹੀ। ਰੋਟੀਆਂ ਦੀ ਗੱਲ ਨਿਵੇਕਲੀ ਸੀ। ਸਾਈਜ਼ ਵਿਚ ਬਾਲਾਂ ਦੀ ਗੁੱਲੀ ਤੋਂ ਵੀ ਛੋਟੀਆਂ ਤੇ ਕਾਗ਼ਜ਼ ਵਾਂਗ ਪਤਲੀਆਂ। ਦੋ ਰੋਟੀਆਂ ਸਾਹਮਣੇ ਰੱਖ ਕੇ ਮੁੰਡਾ ਵਾਪਸ ਚੱਲਿਆ ਤਾਂ ਮੈਂ ਆਖਿਆਂ ਇਹੋ ਜਿਹੀਆਂ ਪੰਜ ਛੇ ਹੋਰ ਰੱਖ ਦੇ। ਉਸਨੇ ਮੇਰੇ ਵੱਲ ਹੈਰਾਨੀ ਨਾਲ ਵੇਖਿਆ ਪਰ ਉਸ ਦੇ ਖਲੋਤਿਆਂ ਮੈਂ ਜਦੋਂ ਰੋਟੀਆਂ ਨੂੰ ਦੋ ਚਾਰ ਬੁਰਕੀਆਂ ਵਿਚ ਨਿਬੇੜਿਆ ਤਾਂ ਉਸਨੇ ਹੋਰ ਦੇ ਦਿੱਤੀਆਂ।

ਰੋਟੀ ਨਾਲ ਨਿੱਬੜ ਕੇ ਮੈਂ ਇੰਟਰਨੈੱਟ ਤੇ ਬੈਠ ਕੇ ਆਪਣੀਆਂ ਕੁਝ ਈ.ਮੇਲਾਂ ਚੈੱਕ ਕੀਤੀਆਂ। ਇਕ ਅਟੈਨਸ਼ਨ ਵਾਲੀ ਕੈਫ਼ੀਅਤ ਪੂਰੇ ਦਫ਼ਤਰ ਵਿੱਚ ਪੈਦਾ ਹੋਈ ਜਦੋਂ ਇਕ ਵਡੇਰੀ ਜਿਹੀ ਔਰਤ ਆਪਣੇ ਪੋਲੇ ਪੋਲੇ ਪੈਰ ਚੁੱਕਦੀ ਦਫ਼ਤਰ ਵਿੱਚ ਆਈ ਤੇ ਸਾਰੇ ਓਠ ਖਲੋਤੇ। ਮੇਰੇ ਨਾਲ ਦੇ ਦੋ ਪਾਕਿਸਤਾਨੀ ਸ਼ਾਇਰਾਂ ਬਸਰਾ ਤੇ ਹਸਨ ਅੱਬਾਸੀ ਨੇ ਅਪਣੀਆਂ ਟਿਕਟਾਂ ਬਾਰੇ ਉਸ ਖ਼ਾਤੂਨ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅੱਗੋਂ ਇਕ ਝਿੜਕ ਨਾਲ ਉਨ੍ਹਾਂ ਆਖਿਆ "ਵੇਖੋ ਮੈਂ ਕੋਈ ਚੁਲ੍ਹਾ



Academy of the Punjab in North America - APNA: http://www.apnaorg.com

ਚੌਂਕਾ ਕਰਨ ਵਾਲੀ ਘਰੇਲੂ ਔਰਤ ਨਹੀਂ। ਮੈਨੂੰ ਤੇ ਪੰਜ ਹਜ਼ਾਰ ਕੰਮ ਹੁੰਦੇ ਨੇ। ਤੁਸੀਂ ਆਪਣੇ ਕੰਮ ਆਪ ਨਬੇੜੋ ਯਾਂ ਕੁਝ ਚਿਰ ਠਹਿਰ ਜਾਉ, ਮੈਂ ਕੁਝ ਕਰਨੀ ਆਂ।" ਇਹ ਅਜੀਤ ਕੌਰ ਸੀ। ਜਿਸ ਨਾਲ ਮੈਂ ਟੈਲੀਫ਼ੋਨ ਤੇ ਇੰਟਰਨੈੱਟ ਰਾਹੀਂ ਬਹੁਤ ਦਫ਼ਾ ਗੱਲ ਕੀਤੀ ਪਰ ਵੇਖਣ ਦਾ ਵੇਲਾ ਪਹਿਲੀ ਵਾਰੀ ਆਇਆ ਸੀ। ਮੈਂ ਬਹੁਤ ਦੇਰ ਤੀਕ ਚੁੱਪ ਕਰਕੇ ਵੇਖਦਾ ਰਿਹਾ। ਬੜੀ ਰੁਅਬਦਾਰ ਤੇ ਮੁਨੱਜ਼ਮ ਸ਼ਖ਼ਸੀਅਤ ਜਿਸ ਨੇ ਆਉਂਦਿਆਂ ਸਾਰੇ ਦਫ਼ਤਰ ਦੇ ਲੋਕਾਂ ਨੂੰ ਆਪਣੇ ਡਿਸਿਪਲਨ ਦੇ ਸ਼ਿਕੰਜੇ ਵਿਚ ਕੀਲ ਲਿਆ।


ਸਲੀਮ ਗੱਬੀ-ਪਾਸ਼ਾ

ਮੈਡਮ ਆਪਣੇ ਹੁਕਮ ਪੂਰੇ ਕਰਕੇ ਛੇਤੀ ਨਾਲ ਦਫ਼ਤਰ ਦੀ ਉੱਪਰ ਵਾਲੀ ਮੰਜ਼ਿਲ ਵਿਚ ਆਪਣੀ ਰਿਹਾਇਸ਼ ਵਾਲੇ ਹਿੱਸੇ ਤੇ ਜਾਣ ਲਈ ਪੌੜੀਆਂ ਚੜ੍ਹ ਕੇ ਟੁਰ ਗਈ ਤੇ ਅਸੀਂ ਤਿਨੋਂ ਹੁਣ ਉਸ ਦਫ਼ਤਰ ਵਿਚੋਂ ਬਾਹਰ ਨਿਕਲ ਆਏ ਤਾਂ ਜੋ ਆਪਣੇ ਕਮਰੇ ਵਿੱਚ ਜਾ ਕੇ ਸ਼ਾਮ ਨੂੰ 5 ਵਜੇ ਵਾਲੀ ਟਰੇਨ ਨੂੰ ਸਟੇਸ਼ਨ ਤੋਂ ਫੜਨ ਲਈ ਤਿਆਰੀਆਂ ਕਰ ਲਈਏ। ਮੈਂ ਅਜੇ ਗੇਟ ਤੀਕ ਨਹੀਂ ਸਾਂ ਅਪੜਿਆ ਕਿ ਇਕ ਨੌਕਰ ਮੁੰਡਾ ਭੱਜਦਾ ਹੋਇਆ ਆਇਆ ਤੇ ਆਖਣ ਲੱਗਾ ਮੈਡਮ ਅਜੀਤ ਜੀ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਨੇ। ਮੈਂ ਵਾਪਸ ਪਰਤਿਆ ਤੇ ਦਫ਼ਤਰ ਵਿਚ ਜਾ ਕੇ ਵੇਖਿਆ ਪਰ ਅਜੀਤ ਜੀ ਨਹੀਂ ਸਨ। ਉਸ ਮੁੰਡੇ ਦੱਸਿਆ ਕਿ ਟੈਲੀਫ਼ੋਨ ਤੇ ਗੱਲ ਕਰੋ। ਮੈਂ ਫ਼ੋਨ ਦਾ ਚੋਂਗਾ ਚੁਕ ਕੇ ਮੂੰਹ ਨਾਲ ਲਾ ਲਿਆ। ਮੈਡਮ ਦੀ ਅਵਾਜ਼ ਆਈ "ਤੂੰ ਸਲੀਮ ਪਾਸ਼ਾ ਏਂ?" ਮੈਂ ਆਖਿਆ "ਜੀ!" "ਤਾਂ ਫ਼ਿਰ ਮੈਨੂੰ ਤੂੰ ਦੱਸਿਆ ਕਿਉਂ ਨਹੀਂ? ਉਠ ਕੇ ਮੈਨੂੰ ਜੱਫ਼ੀ ਕਿਉਂ ਨਹੀਂ ਪਾ ਲਈ? ਮੈਂ ਵੀ ਆਖਾਂ ਇਸ ਮੁੰਡੇ ਨੂੰ ਮੈਂ ਪਹਿਲੇ ਵੇਖਿਆ ਹੋਇਆ ਏ ਕਿਧਰੇ।" ਮੈਂ ਆਖਿਆ ਮੈਡਮ ਤੁਸੀਂ ਆਉਂਦੀਆਂ ਅਹਕਾਮਾਤ ਦੇਣ ਲੱਗ ਗਏ ਸਾਓ ਤੇ ਮੈਂ ਵੇਖਣ ਲੱਗ ਪਿਆ ਫ਼ੇਰ ਇਹ ਸਾਰਾ ਨਿਜ਼ਾਮ। ਉਹ ਕਹਿਣ ਲੱਗੀ "ਫ਼ਿਰ ਕੀ ਹੋਇਆ, ਤੁਸੀਂ ਮੈਨੂੰ ਦੱਸਣਾ ਤਾਂ ਸੀ। ਖ਼ੈਰ, ਹੁਣ ਤੁਹਾਡੇ ਨਾਲ ਉੜੀਸਾ ਦੇ ਸ਼ਹਿਰ ਭੁਬਨੇਸ਼ਵਰ ਵਿਚ ਮੁਲਾਕਾਤ ਹੋਵੇਗੀ।"

ਸ਼ਾਮ ਨੂੰ ਚਾਰ ਵਜੇ ਨਾਲ ਅਸੀਂ ਤਿੰਨੇ ਪਾਕਿਸਤਾਨੀ ਸ਼ਾਇਰ ਦਿੱਲੀ ਰੇਲਵੇ ਸਟੇਸ਼ਨ ਵੱਲ ਆਟੋ ਰਿਕਸ਼ਾ ਤੇ ਬੈਠੇ ਭੱਜ ਰਹੇ ਸਾਂ ਤਾਂ ਜੇ ਉੱਥੇ ਜਾਕੇ ਇੰਡੀਅਨ ਰੇਲਵੇ ਦੀ ਰਾਣੀ ਰਾਜਧਾਨੀ ਐਕਸਪ੍ਰੈਸ ਨੂੰ ਫ਼ੜ ਸਕੀਏ ਜਿਸ ਦੀਆਂ ਤਾਰੀਫ਼ਾਂ ਸੁਣ ਸੁਣ ਕੇ ਉਸ ਨੂੰ ਵੇਖਣ ਦਾ ਚਾਅ ਹੱਦੋਂ ਵੱਧ ਚੁੱਕਿਆ ਸੀ। ਇਹ ਜਹਾਜ਼ ਵਾਂਗਰ ਤੇਜ਼ ਤੇ ਰੋਟੀ ਪਾਣੀ ਦੀਆਂ ਸੌਖਤਾਂ ਵਾਲੀ ਏ। ਇਸ ਲਈ ਇਸ ਨੂੰ ਬੇਫ਼ਿਕਰ ਐਕਸਪ੍ਰੈਸ ਵੀ ਆਖਿਆ ਜਾ ਸਕਦਾ ਏ।

ਸਾਡਾ ਰਿਕਸ਼ਾ ਨਵੀਂ ਦਿੱਲੀ ਦੀਆਂ ਸੜਕਾਂ ਤੇ ਇੰਜ ਭੱਜ ਰਿਹਾ ਸੀ ਜਿਵੇਂ ਜੇਮਜ਼ ਬਾਂਡ ਦੀ ਫ਼ਿਲਮ ਆਕਟੋਪਸੀ ਵਿਚ ਰਾਜਰਮੋਰ ਰਿਕਸ਼ੇ ਵਿਚ ਬੈਠਾ ਹਿੰਦੁਸਤਾਨੀ ਸੜਕਾਂ ਵਿਚ ਕਬੀਰ ਬੇਦੀ ਕੋਲੋਂ ਨਸਦਿਆਂ ਹੋਇਆਂ ਰਿਕਸ਼ੇ ਦਾ ਸਫ਼ਰ ਕਰਦਾ ਏ। ਨਵੀਂ ਦਿੱਲੀ ਦੀਆਂ ਸੜਕਾਂ ਚੰਗੀਆਂ ਖੁਲ੍ਹੀਆਂ ਨੇ। ਦਿੱਲੀ ਰੇਲਵੇ ਸਟੇਸ਼ਨ ਬਹੁਤ ਵੱਡੇ ਰੇਲ ਨਿਜ਼ਾਮ ਦਾ ਨਜ਼ਾਰਾ ਵਿਖਾਉਂਦਾ ਏ। ਇਸ ਨੂੰ ਵੇਖ ਕੇ ਲਹੌਰ ਦਾ ਰੇਲਵੇ ਸਟੇਸ਼ਨ ਚੇਤੇ ਆ ਜਾਂਦਾ ਏ। ਪਲੇਟਫ਼ਾਰਮ ਨੰਬਰ 2 ਤੇ ਅਪੜਨਾ ਸੀ।


Academy of the Punjab in North America - APNA: http://www.apnaorg.com


ਸਲੀਮ ਪਾਸ਼ਾ, ਜੌਲੀ ਸਿੰਘ, ਬਸਰਾ, ਪ੍ਰੇਮ ਸਿੰਘ

ਇਕ ਕੁਲੀ ਨੇ ਮੇਰੇ ਸੰਗੀਆਂ ਦੇ ਅਟੈਚੀ-ਕੇਸ ਸਿਰ ਤੇ ਰੱਖ ਲਏ ਤੇ ਵੱਗ ਤੱਗ ਨੰਬਰ 2 ਵੱਲ ਚੱਲ ਪਿਆ। ਨਵੀਂ ਦਿੱਲੀ ਰੇਲਵੇ ਸਟੇਸ਼ਨ ਤੇ ਰੰਗ ਬਰੰਗੇ ਲੋਕਾਂ ਦਾ ਹੜ੍ਹ ਆਇਆ ਦਿਸਦਾ ਸੀ। ਜਿਧਰ ਵੇਖੋ ਸਿਰ ਈ ਸਿਰ ਤੇ ਪੂਰੇ ਪੂਰੇ ਟੱਬਰ ਨਾਲੋ ਨਾਲ!

ਅਸੀਂ ਦਸ ਨੰਬਰ ਸਟੇਸ਼ਨ ਤੇ ਅਪਣਾ ਸਾਮਾਨ ਰੱਖ ਕੇ ਖਲੋ ਗਏ। ਮੇਰੇ ਸੰਗੀ ਇਕਰਾਮ ਬਸਰਾ ਤੇ ਅੱਬਾਸੀ ਦੋਵੇਂ ਆਪਣੇ ਕੈਮਰੇ ਦਾ ਢਿੱਡ ਭਰਨ ਲਈ ਇਧਰ ਉਧਰ ਸਟੇਸ਼ਨ ਦੁਆਲੇ ਖਿਲਰ ਗਏ। ਏਨੀ ਦੇਰ ਵਿਚ ਮੈਂ ਇਕ ਸਰਦਾਰ ਹੁਰਾਂ ਨੂੰ ਡਿੱਠਾ ਜਿਨ੍ਹਾਂ ਚਮ ਚਮ ਕਰਦੀ ਪੁਸ਼ਾਕ ਜ਼ੇਬਿ-ਤੰਨ ਕੀਤੀ ਹੋਈ ਸੀ ਤੇ ਸਿਰ ਉੱਤੇ ਆਪਣੇ ਗੁਰੂ ਦੀ ਪੱਗ ਤਾਜ ਵਾਂਗਰ ਤਹਿਵਾਂ ਨਾਲ ਸਜੀ ਸਜਾਈ। ਉਹ ਮੇਰੇ ਕੋਲ ਆਣ ਖਲੋਤੇ। ਮੈਂ ਇਕ ਫ਼ੱਟੇ ਤੇ ਥੱਪੀ ਰਿਜ਼ਰਵੇਸ਼ਨ ਦੀ ਲਿਸਟ ਵਿਚੋਂ ਅਪਣਾ ਨਾਂ ਵੇਖ ਰਿਹਾ ਸਾਂ ਤੇ ਅੱਚਣਚੇਤੀ ਮੈਂ ਅਪਣਾ ਨਾਂ ਲਿਸਟ ਵਿਚ ਵੇਖ ਉਸ ਤੇ ਉਂਗਲ ਰੱਖ ਦਿੱਤੀ। ਸਰਦਾਰ ਜੀ ਨੇ ਨੇੜੇ ਆ ਕੇ ਮੈਨੂੰ ਪੁੱਛਿਆ ਤੁਸੀਂ ਸਲੀਮ ਪਾਸ਼ਾ ਓ। ਮੈਂ ਆਖਿਆ ਜੀ ਸਰਦਾਰ ਜੀ ਤੇ ਫ਼ੇਰ ਉਨ੍ਹਾਂ ਮੈਨੂੰ ਜੱਫੀ ਪਾ ਲਈ ਤੇ ਨਾਲ ਈ ਉਚੀ ਜਿਹੀ ਬੋਲੇ ਯਾਰ ਪਾਸ਼ਾ ਮੈਂ ਜੌਲੀ ਆਂ। ਮੈਨੂੰ ਤੇ ਇਹ ਸ਼ਬਦ ਸੁਣ ਕੇ ਚਾਅ ਚੜ੍ਹ ਗਏ ਕਿਉਂਜੇ ਜੌਲੀ ਜੀ ਨਾਲ ਮੈਂ ਟੈਲੀਫ਼ੋਨ ਤੇ ਗੱਲਬਾਤ ਕਰ ਚੁੱਕਾ ਸਾਂ ਤੇ ਇੰਨਾ ਮੈਨੂੰ ਇਸ ਸੈਮੀਨਾਰ ਵਿਚ ਰਲਤ ਲਈ ਉਚੇਚਾ ਪਾਕਿਸਤਾਨ ਫ਼ੋਨ ਤੇ ਰਾਬਤਾ ਕਰਕੇ ਆਖਿਆ ਸੀ। ਉਨ੍ਹਾਂ ਦੱਸਿਆ ਕਿ ਹੁਣ ਮੈਂ ਦਿੱਲੀ ਤੋਂ ਉੜੀਸਾ ਦੇ ਸ਼ਹਿਰ ਭੁਬਨੇਸ਼ਵਰ ਤੀਕ ਸਭ ਸ਼ਾਇਰਾਂ ਨੂੰ ਨਾਲ ਲੈ ਕੇ ਜਾਵਾਂਗਾ। ਸਾਡੀ ਟ੍ਰੇਨ ਦਾ ਨਾਂ ਮੈਂ ਦਸ ਚੁੱਕਿਆ ਵਾਂ ਰਾਜਧਾਨੀ ਐਕਸਪ੍ਰੈਸ ਸੀ। ਉਸਦੇ ਆਉਣ ਵਿਚ ਹੁਣ ਕੋਈ ਟਾਈਮ ਨਹੀਂ ਸੀ ਰਹਿ ਗਿਆ। ਟ੍ਰੇਨ ਆ ਗਈ। ਬਾਹਰੋਂ ਵੇਖ ਕੇ ਕੋਈ ਵੀ ਖ਼ਾਸ ਮੁਤਾਸਿਰ ਨਾ ਹੋਇਆ, ਕਿਉਂਜੇ ਸਾਨੂੰ ਇਸ ਗੱਡੀ ਦੀਆਂ ਲਗਜ਼ਰਜ਼ੀ ਬਾਰੇ ਪਾਕਿਸਤਾਨ ਵਿੱਚ ਤੇ ਫ਼ਿਰ ਦਿੱਲੀ ਆਉਣ ਤੋਂ ਬਾਅਦ ਵੀ ਸੱਜਿਓਂ ਖੱਬਿਓਂ ਬਰਾਬਰ ਦੱਸਿਆ ਜਾਂਦਾ ਰਿਹਾ।

ਗੱਡੀ ਦੇ ਅੰਦਰ ਵੜੇ ਤਾਂ ਹਿੰਦੂਆਂ ਦੇ ਮੁਹੱਲੇ ਗਲੀਆਂ ਵਾਂਗ ਇੱਥੇ ਵੀ ਬੜੀ ਸੌੜੀ ਤੇ ਤੰਗ ਸੂਰਤਹਾਲ ਵੇਖਣ ਨੂੰ ਲੱਭੀ। ਸੀਟਾਂ ਤੇ ਬੈਠੇ ਤਾਂ ਗੋਡਿਆਂ ਨੇ ਆਪਣੇ ਸਾਹਮਣੇ ਗੋਡਿਆਂ ਨਾਲ ਗਲਵਕੜੀ ਜਿਹੀ ਪਾ ਲਈ। ਸਾਡੇ ਪਾਕਿਸਤਾਨ ਦੀਆਂ ਟ੍ਰੇਨਾਂ ਦੀਆਂ ਸੀਟਾਂ ਖੁਲ੍ਹੀਆਂ ਡੁੱਲ੍ਹੀਆਂ ਨੇ। ਜਦੋਂ ਸਾਰੇ ਆਪਣੀਆਂ ਸੀਟਾਂ ਵਿਚ ਸੈੱਟ ਹੋ ਕੇ ਬੈਠ ਗਏ ਤਾਂ ਚਾਹ ਪਾਣੀ ਆ ਗਿਆ। ਨਾਲ ਈ ਸੈਂਡਵਿਚ ਤੇ ਇਕ ਡੱਬੀ ਵਿਚ ਮਿਠਾਈ ਦੀ ਟੁਕੜੀ ਵੀ ਪੈਕ ਸ਼ਕਲ ਵਿਚ ਲੱਭੀ। ਇਕ ਛੋਟਾ ਜਿਹਾ ਸਮੋਸਾ ਜਿਸਨੂੰ ਸਾਡੇ ਪਾਕਿਸਤਾਨੀ ਸਮੋਸੇ ਦਾ ਤੀਜਾ ਹਿੱਸਾ ਕਹਿ ਸਕਦੇ ਓ। ਹੈਰਤ ਦੀ ਗੱਲ ਏ ਇੱਥੇ ਪੂਰੇ ਇੰਡੀਆ ਵਿਚ ਇਸੇ ਸਾਈਜ਼ ਦੇ ਸਮੋਸੇ ਇਸੇ ਸਾਈਜ਼ ਦੀ ਰੋਟੀ ਜਾਂ ਫ਼ੁਲਕੇ ਦਾ ਰਿਵਾਜ ਐ। ਤੁਸੀਂ ਇੰਨਾ ਨੂੰ ਇੱਥੋਂ ਦੇ ਸਟੈਂਡਰਡ ਸਾਈਜ਼ ਸਮੋਸੇ ਵੀ ਕਹਿ ਸਕਦੇ ਓ। ਸਰਦਾਰ ਜੌਲੀ ਜੀ ਹੁਰਾਂ ਦੱਸਿਆ ਪਈ ਉਨ੍ਹਾਂ ਦੇ ਪੰਜਾਬ ਦੀ ਸੂਰਤ ਇਸ ਤੋਂ ਵੱਖਰੀ ਏ। ਪੰਜਾਬ ਦਾ ਨਾਸ਼ਤਾ ਪਰਾਂਠੇ ਲੱਸੀ ਤੇ ਚਾਹ ਦੇ ਵੱਡੇ ਕੱਪ। ਨਾਨ ਛੋਲੇ ਤੇ ਖਾਬੇ ਆਪਣੇ ਈ ਅੰਦਾਜ਼ ਦੇ ਨੇ ਜਿਹੜੇ ਬਾਕੀ ਇੰਡੀਆ



Academy of the Punjab in North America - APNA: http://www.apnaorg.com

ਨਾਲ ਮੇਲ ਨਹੀਂ ਖਾਂਦੇ।

ਗੱਡੀ ਵਿੱਚ ਚਾਹ ਇਕ ਫ਼ੁਲ ਮਗ ਵਿਚ ਗਰਮ ਪਾਣੀ, ਟੀ.ਬੈਗ ਤੇ ਦੁੱਧ ਚੀਨੀ ਨਾਲ ਵਰਤਾਈ ਜਾਂਦੀ ਰਹੀ ਪਰ ਬਾਹਰ ਹੋਟਲਾਂ ਅਤੇ ਖੋਖਿਆਂ ਉੱਤੇ ਚਾਹ ਖ਼ਰੀਦੋ ਤਾਂ ਇੰਨਾ ਨੇ ਇੱਥੇ ਬੜੀ ਅਜੀਬ ਜਿਹੀ ਕਰਾਕਰੀ ਰੱਖੀ ਹੋਈ ਏ। ਮੋਮੀ ਕਾਗ਼ਜ਼ ਨਾਲੋਂ ਪਤਲੀਆਂ ਪਲਾਸਟਿਕ ਦੀਆਂ ਕੌਲੀਆਂ ਜਿਨ੍ਹਾਂ ਦਾ ਸਾਈਜ਼ ਪਿੰਡ ਦੇ ਸਕੂਲ ਜਾਣ ਵਾਲੇ ਬੱਚੇ ਦੀ ਦਵਾਤ ਜਿੱਡਾ ਸੀ। ਉਸ ਵਿਚ ਵੀ ਅੱਧੀ ਕੌਲੀ ਨਾਲੋਂ ਥੋੜੀ ਜਿਹੀ ਉੱਚੀ ਚਾਹ ਦੀ ਤਹਿ ਲਾ ਕੇ ਕਸਟਮਰ ਨੂੰ ਦਿੱਤੀ ਜਾਂਦੀ ਏ ਜਿਸ ਦੀ ਕੀਮਤ ਚਾਰ 'ਇੰਡੀਅਨ ਰੁਪਏ' ਹੁੰਦੀ ਐ। ਜਾਂ ਇਕ ਛੋਟੀ ਜਿਹੀ ਸ਼ੀਸ਼ੇ ਦੀ ਗਲਾਸੀ ਜਿਸ ਦੀ ਸ਼ਕਲ ਕੋਨ ਆਈਸ-ਕਰੀਮ ਵਰਗੀ ਹੁੰਦੀ ਏ ਤੇ ਸਾਈਜ਼ ਉਸ ਤੋਂ ਅੱਧਾ। ਜੌਲੀ ਸਾਹਿਬ ਨੇ ਤਾਂ ਉਸ ਗਲਾਸੀ ਨੂੰ ਵੇਖ ਕੇ ਚਾਹ ਪੀਣ ਤੋਂ ਈ ਇਹ ਆਖਦਿਆਂ ਨਾਂਹ ਕਰ ਦਿੱਤੀ ਕਿ ਮੇਰਾ ਨੱਕ ਇਸ ਗਲਾਸੀ ਵਿਚ ਫ਼ਸ ਜਾਂਦਾ ਏ। ਗੱਲ ਠੀਕ ਸੀ "ਜਿਨ੍ਹਾਂ ਖਾਧਾ ਕੁਨਾਲੀਆਂ ਉਨ੍ਹਾਂ ਕੀ ਲੱਗਣ ਥਾਲੀਆਂ"।

ਜੌਲੀ ਹੋਰੀਂ ਨਾਂ ਦੇ ਈ ਨਹੀਂ ਸਗੋਂ ਗੱਲਾਂ ਬਾਤਾਂ ਤੇ ਆਪਣੇ ਤੌਰ ਤਰੀਕਿਆਂ ਵਿਚ ਵੀ ਬਹੁਤ ਮਜ਼ੇ ਦੀ ਸ਼ਖ਼ਸੀਅਤ ਨੇ। ਆਪ ਅੰਮ੍ਰਿਤਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਨੇ। ਆਪ ਨੇ ਪਾਕਿਸਤਾਨੀ ਪੰਜਾਬੀ ਅਦਬ ਵਿਚ ਪੀ ਐਚ ਡੀ ਕੀਤੀ ਹੋਈ ਏ ਤੇ ਉਨ੍ਹਾਂ ਦੀ ਧਰਮ ਪਤਨੀ ਜਗਜੀਤ ਕੌਰ ਹੁਰਾਂ ਨੇ ਵੀ ਪਾਕਿਸਤਾਨੀ ਫ਼ਿਕਸ਼ਨ ਵਿਚ ਪੀ.ਐਚ.ਡੀ ਕੀਤੀ ਹੋਈ ਏ। ਇਸ ਤਰ੍ਹਾਂ ਤੁਸੀਂ ਇੰਨਾ ਨੂੰ ਪਾਕਿਸਤਾਨੀ ਵੀ ਕਹਿ ਸਕਦੇ ਓ। ਉਂਜ ਤੇ ਜੌਲੀ ਜੀ ਹੁਰਾਂ ਨੂੰ ਅਮਬੈਸੇਡਰ ਆਫ਼ ਪੀਸ ਦਾ ਵਰਲਡ ਐਵਾਰਡ ਮਿਲ ਚੁੱਕਿਆ ਏ ਤੇ ਉਹ ਵਰਲਡ ਲੈਜੰਡਜ਼ ਪਾਰਲੀਮੈਂਟ ਦੇ ਵੀ ਮੈਂਬਰ ਨੇ ਜਿਸ ਦਾ ਹੈੱਡ ਆਫ਼ਿਸ ਵਾਸ਼ਿੰਗਟਨ ਡੀ.ਸੀ. ਵਿਚ ਹੈ। ਉਨ੍ਹਾਂ ਨੂੰ ਇਸ ਆਰਗਨਾਈਜ਼ੇਸ਼ਨ ਨੇ ਪੂਰੀ ਦੁਨੀਆ ਦੇ ਮਸ਼ਹੂਰ legends ਨਾਲ ਰਲਾ ਕੇ ਪੂਰੀ ਦੁਨੀਆ ਦਾ ਦੌਰਾ ਕਰਾਇਆ ਜਿਸ ਦੌਰਾਨ ਉਨ੍ਹਾਂ ਨੂੰ ਵਾਈਟ ਹਾਊਸ ਵਿਚ ਸਦਰ ਰੀਗਨ ਨਾਲ ਤੇ ਰੋਮ ਵਿਚ ਪਾਪਾਏ ਰੋਮ ਨਾਲ ਵੀ ਮਿਲਾਇਆ ਗਿਆ।

ਬਾਕੀ ਖ਼ੂਬੀਆਂ ਮੈਂ ਨਾਲ ਨਾਲ ਦਸਦਾ ਰਵ੍ਹਾਂਗਾ ਕਿਉਂਜੇ ਜੌਲੀ ਸਾਹਿਬ ਦੀ ਸੰਗਤ ਵਿਚ ਸਾਡਾ 28 ਘੰਟਿਆਂ ਦੇ ਸਫ਼ਰ ਦਾ ਸਟਾਰਟ ਦਿੱਲੀ ਦੇ ਰੇਲਵੇ ਸਟੇਸ਼ਨ ਤੋਂ ਸ਼ਾਮ ਪੰਜ ਵਜੇ ਤੋਂ ਸ਼ੁਰੂ ਹੋ ਚੁੱਕਿਆ ਸੀ। ਸਫ਼ਰ ਲੰਮਾ ਹੋਵੇ ਤਾਂ ਸਾਰੇ ਡੱਬੇ ਦੇ ਮੁਸਾਫ਼ਰ ਆਪਸ ਵਿਚ ਇਕੋ ਟੱਬਰ ਦੇ ਮੈਂਬਰ ਜਿਹੇ ਬਣ ਜਾਂਦੇ ਨੇ। ਪਰ ਅਸੀਂ ਸਾਰੇ ਇਸ ਡੱਬੇ ਵਿੱਚ ਬੈਠੇ ਹੋਏ ਸਾਰਕ ਰਾਈਟਰਜ਼ ਫ਼ਾਊਂਡੇਸ਼ਨ ਦੇ ਸੱਦੇ ਗਏ ਪ੍ਰਾਹੁਣੇ ਸਾਂ ਜਿਨ੍ਹਾਂ ਨੂੰ ਇੰਡੀਆ ਦੇ ਅਖ਼ੀਰੀ ਕੋਨੇ ਵੈਸਟ ਬੰਗਾਲ ਤੋਂ ਵੀ ਅੱਗੇ ਉੜੀਸਾ ਸਟੇਟ ਦੇ ਰਾਜਧਾਨੀ ਭੁਬਨੇਸ਼ਵਰ ਖੜਿਆ ਜਾ ਰਿਹਾ ਸੀ।


ਸਲੀਮ - ਸੂਰਜ ਮੰਦਿਰ

ਇੱਥੇ ਹਿੰਦੁਸਤਾਨ ਦੇ ਬੜੇ ਬੜੇ ਤਾਰੀਖ਼ੀ ਮੰਦਰ ਨੇ ਜਿਨ੍ਹਾਂ ਦੀ ਉਮਰ ਹਜ਼ਾਰਾਂ ਸਾਲ ਤੋਂ ਵੀ ਵੱਧ ਏ। ਮਸਲਨ ਕੋਨਾਰਕ ਸ਼ਹਿਰ ਦਾ ਸੂਰਯਾ ਮੰਦਰ ਬਾਰ੍ਹਾਂ ਸੌ ਸਾਲ ਪੁਰਾਣਾ ਤੇ ਪੁਰੀ ਵਿੱਚ ਜਗਨਨਾਥ ਮੰਦਰ ਦੀ ਉਮਰ ਪੰਦਰਾਂ ਸੌ ਸਾਲ ਤੋਂ ਵੀ ਚੋਖੀ ਏ। ਇਹ ਮੰਦਰਾਂ, ਮੂਰਤੀਆਂ, ਸਮੁੰਦਰ, ਟੂਰਿਸਟ,



Academy of the Punjab in North America - APNA: http://www.apnaorg.com

ਨਾਰੀਅਲ ਤੇ ਕੇਲੇ ਦੇ ਬਾਗ਼ਾਂ ਤੇ ਮਿਹਨਤੀ ਪਰ ਖ਼ੁਸ਼ਹਾਲ ਉੜੀਸੀ ਲੋਕਾਂ ਦੀ ਧਰਤੀ ਏ।

ਰੇਲ ਗੱਡੀ ਵਿੱਚ ਸਫ਼ਰ ਨੇ ਸਭ ਲੋਕਾਂ ਦੇ ਭੇਤ ਖੋਲ੍ਹਣ ਵਿਚ ਅਪਣਾ ਕਿਰਦਾਰ ਅਦਾ ਕੀਤਾ। ਅਸੀਂ ਸਾਰੇ ਪਾਕਿਸਤਾਨੀ, ਦੂਜੇ ਲਫ਼ਜ਼ਾਂ ਵਿਚ ਪੰਜਾਬੀ। ਜੌਲੀ ਸਾਹਿਬ ਸਾਡੇ ਨਾਲ ਬੈਠੇ। ਗੱਲਾਂ ਬਾਤਾਂ, ਸ਼ਾਇਰੀ, ਲਤੀਫ਼ੇ, ਤੇ ਗਿਆਨ ਦੀਆਂ ਪੋਥੀਆਂ ਖੁਲ੍ਹੀਆਂ। ਇਕ ਦੂਜੇ ਨੂੰ ਰੱਜ ਕੇ ਸੁਣਿਆ ਗਿਆ। ਨਾਲ ਦੀਆਂ ਸੀਟਾਂ ਤੇ ਦਿੱਲੀ ਤੋਂ ਸ਼ਾਮਿਲ ਹੋਵਣ ਵਾਲੇ ਸ਼ਾਇਰ ਆਸਿਫ਼ ਖ਼ਾਨ ਤੇ ਅਮੀਰ ਮਨਜ਼ਰ ਸਾਹਿਬ ਬੈਠੇ ਸਨ ਜਿਨ੍ਹਾਂ ਦਾ ਤਅਲੁੱਕ ਦਿੱਲੀ ਦੀ ਮਸ਼ਹੂਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੇ ਜਾਮੀਆ ਮਿਲੀਆ ਨਾਲ ਸੀ। ਦੋਵੇਂ ਉਰਦੂ ਦੇ ਮਸ਼ਹੂਰ ਲਿਖਾਰੀ। ਇੰਨ੍ਹਾ ਤੋਂ ਅੱਡ ਅਫ਼ਗਾਨਿਸਤਾਨ ਤੋ ਆਏ ਹੋਏ ਸ਼ਾਇਰ ਨੌਜਵਾਨ ਸ਼ੁਕਰੱਲਾ ਤੇ ਉਨ੍ਹਾਂ ਦਾ ਮੁਤਰੱਜਮ ਦੋਸਤ ਵੀ ਸਨ।

ਜਿਥੇ ਰੇਲ ਗੱਡੀ ਦਾ ਸਟਾਪ ਦਸ ਪੰਦਰਾਂ ਮਿੰਟ ਦਾ ਹੁੰਦਾ ਸੀ ਅਸੀਂ ਸਟੇਸ਼ਨ ਤੇ ਲਹਿ ਕੇ ਹਿੰਦੁਸਤਾਨ ਦੇ ਉਸ ਥਾਂ ਨੂੰ ਤੇ ਲੋਕਾਂ ਨੂੰ ਗ਼ੌਰ ਨਾਲ ਵੇਖਦੇ। ਇਹ ਪੈਂਡਾ 28 ਘੰਟੇ ਬਾਅਦ ਜਾ ਕੇ ਮੁੱਕਿਆ। ਅਸੀਂ ਰਾਤ 8 ਵਜੇ ਉੜੀਸਾ ਸਟੇਟ ਦੀ ਰਾਜਧਾਨੀ ਭੁਬਨੇਸ਼ਵਰ ਅੱਪੜ ਗਏ। ਸਟੇਸ਼ਨ ਕੀ ਸੀ ਇਕ ਮਿਊਜ਼ੀਅਮ ਜਾਪਦਾ ਸੀ। ਉੜੀਸਾ ਮੰਦਰਾਂ ਤੇ ਦੇਵਤਿਆਂ, ਪੁਰਾਣੀਆਂ ਕਦਰਾਂ, ਰਸਮਾਂ ਤੇ ਧਰਮਾਂ ਦਾ ਅਸਥਾਨ। ਇੱਥੇ ਦੀ ਹਰਿਆਲੀ, ਕੁਦਰਤੀ ਨਜ਼ਾਰੇ ਤੇ ਸਮੁੰਦਰ ਦਾ ਜਾਦੂ ਆਉਣ ਵਾਲਿਆਂ ਦੇ ਸਿਰ ਚੜ੍ਹ ਕੇ ਬੋਲਦਾ ਏ। ਪੂਰੀ ਦੁਨੀਆ ਦੇ ਟੂਰਿਸਟ ਇੱਥੇ ਖਿੱਚੇ ਆਉਂਦੇ ਨੇ। ਉੜੀਸੀ ਨਾਚ ਜਿਸ ਨੂੰ ਵੇਖ ਕੇ ਬੰਦਾ ਤਾਰੀਖ਼ ਦੀ ਉਸ ਪੁਰਾਣੀ ਗੁੱਠ ਵਿਚ ਅੱਪੜ ਜਾਂਦਾ ਏ ਜਿਥੋਂ ਵਾਪਸ ਆਉਣਾ ਕਿਸੇ ਬੰਦੇ ਦੇ ਆਪਣੇ ਇਖ਼ਤਿਆਰ ਵਿਚ ਨਹੀਂ ਰਹਿ ਜਾਂਦਾ ਜਦੋਂ ਤੀਕ ਕਿ ਕੋਈ ਨਾਲ ਦਾ ਬੰਦਾ ਉਸ ਦਾ ਮੋਢਾ ਹਿਲਾ ਕੇ ਉਸ ਨੂੰ ਵਾਪਸ ਅਪਣੀ ਦੁਨੀਆ ਵਿੱਚ ਨਾ ਪਰਤਾ ਲਿਆਵੇ।

ਸਾਡੇ ਗਰੁੱਪ ਨੂੰ ਇੱਥੇ ਦੀਆਂ ਲਗਜ਼ਰੀ ਗੱਡੀਆਂ ਵਿੱਚ ਬਿਠਾ ਕੇ ਹੋਟਲ ਪੰਥ ਨਿਵਾਸ ਵਿਚ ਲਿਆਂਦਾ ਗਿਆ। ਇਹ ਇਕ ਚੰਗਾ ਤੇ ਸਾਫ਼ ਸੁਥਰਾ ਹੋਟਲ ਸੀ ਜਿਸ ਵਿੱਚ ਕਮਰੇ ਡਬਲ ਬੈੱਡ ਏਅਰਕੰਡੀਸ਼ੰਡ ਤੇ ਪੁਰਸਕੂਨ ਮਾਹੌਲ ਵਾਲੇ ਸਨ। ਸਾਨੂੰ ਦੱਸਿਆ ਗਿਆ ਕਿ ਇਕ ਕਮਰੇ ਵਿਚ ਦੋ ਦੋ ਬੰਦੇ ਬਸੇਰਾ ਕਰਨਗੇ। ਮੈਂ ਤੇ ਡਾਕਟਰ ਜੌਲੀ ਹੁਰਾਂ ਨੇ ਸੰਗਤ ਕਰ ਲਈ। ਜੌਲੀ ਜੀ ਰਹਿੰਦੇ ਅੰਮ੍ਰਿਤਸਰ ਵਿਚ ਨੇ ਤੇ ਦਿਲ ਉਨ੍ਹਾਂ ਦਾ ਪਾਕਿਸਤਾਨ ਵਿੱਚ ਧੜਕਦਾ ਏ। ਉਨ੍ਹਾਂ ਦਾ ਟੱਬਰ 1947 ਈ. ਵਿਚ ਵੰਡ ਵੇਲੇ ਰਾਵਲਪਿੰਡੀ ਦੇ ਲਾਗੇ ਪਿੰਡ ਚੌਂਤਰਾ ਵਿਚੋਂ ਹਿਜਰਤ ਕਰਕੇ ਹਿੰਦੁਸਤਾਨ ਅਪੜਿਆ ਸੀ। ਜੌਲੀ ਜੀ ਦੱਸਦੇ ਨੇ ਕਿ ਉਨ੍ਹਾਂ ਦੇ ਦਾਦਾ ਤੇ ਦਾਦੀ ਆਪਣੇ ਖ਼ਾਨਦਾਨ ਨਾਲ ਜਦੋਂ ਮੁਹਾਜਰ ਕੈਂਪ ਵਿਚ ਆਣ ਬੈਠੇ ਤਾਂ ਸਾਰੇ ਪਾਸੇ ਉੱਜੜੇ ਪੁੱਜੜੇ ਲੋਕਾਂ ਦੀਆਂ ਵੱਖੋ ਵੱਖ ਕਹਾਣੀਆਂ ਸੁਣਾਉਂਦੇ ਮੂੰਹ ਈ ਮੂੰਹ ਦਿਸਦੇ ਸਨ। ਨਾਲ ਦੇ ਤੰਬੂ ਦੇ ਸ਼ਰਨਾਰਥੀ ਕੋਲੋਂ ਮਿੱਟੀ ਦੀ ਹਾਂਡੀ ਮੰਗ ਕੇ ਜੌਲੀ ਹੁਰਾਂ ਦੀ ਦਾਦੀ ਨੇ ਢਿੱਡ ਦੀ ਅੱਗ ਨੂੰ ਮੱਠਾ ਕਰਨ ਲਈ ਦਾਲ ਚਾੜ੍ਹਨ ਦਾ ਆਹਰ ਕੀਤਾ। ਤਰੈ ਇਟਾਂ ਜੋੜ ਕੇ ਚੁੱਲ੍ਹਾ ਬਣਾਇਆ। ਅਜੇ ਦਾਲ ਕੱਚੀ ਸੀ ਕਿ ਗਵਾਂਢੀ ਮੁਹਾਜਰਾਂ ਦਾ ਬੰਦਾ ਅਪਣੀ ਹਾਂਡੀ ਵਾਪਸ ਲੈਣ ਲਈ ਆ ਗਿਆ। ਦਾਦੀ ਹੁਰਾਂ ਨੇ ਉਸ ਦੀ ਤਕਰਾਰ ਤੋਂ ਤੰਗ ਆਕੇ ਹਾਂਡੀ ਚੁਕ ਕੇ ਅਪਣੀ ਚੁੰਨੀ ਵਿਚ ਮੂਧੀ ਕਰ ਲਈ ਤੇ ਉਨ੍ਹਾਂ ਦੀ ਹਾਂਡੀ ਮੋੜ ਦਿੱਤੀ। ਏਡੀ ਅਣਖ ਵਾਲੀ ਅਪਣੀ ਬਜ਼ੁਰਗ ਹਸਤੀ ਦੀ ਗੱਲ ਕਰਦਿਆਂ ਜੌਲੀ ਜੀ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਤੇ ਉਨ੍ਹਾਂ ਨੇ ਬੇ-ਇਖ਼ਤਿਆਰ ਹਿਚਕੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਉਨ੍ਹਾਂ ਦਾ ਹੱਥ ਫ਼ੜ ਕੇ ਉਨ੍ਹਾਂ ਦੇ ਇਸ ਦਰਦ ਨੂੰ ਸਾਂਝਾ ਕੀਤਾ।



Academy of the Punjab in North America - APNA: http://www.apnaorg.com

ਉੜੀਸਾ ਦੇ ਸ਼ਹਿਰ ਭੁਵਨੇਸ਼ਵਰ ਵਿਚ ਅਪਣੀ ਪਹਿਲੀ ਰਾਤ ਗੁਜ਼ਾਰ ਚੁੱਕਣ ਦੇ ਬਾਅਦ ਸਵੇਰੇ ਵਾਸ਼ਰੂਮ ਵਿੱਚ ਨਹਾਏ ਤੇ ਕੱਪੜੇ ਬਦਲ ਲਏ। ਡਾਈਨਿੰਗ ਹਾਲ ਵਿਚ ਸਾਰੇ ਡੈਲੀਗੇਟਸ ਨਾਸ਼ਤੇ ਲਈ ਅਪੜ ਚੁਕੇ ਸਨ ਤੇ ਅਸੀਂ ਵੀ ਆਪਣੇ ਕਮਰੇ ਵਿਚੋਂ ਨਿਕਲਣ ਦੀ ਸੋਚ ਈ ਰਹੇ ਸਾਂ ਜਦੋਂ ਦਰਵਾਜ਼ਾ ਖੜਕਿਆ ਤੇ ਘੜੱਮ ਕਰਕੇ ਦੋ ਬੰਦੇ ਅੰਦਰ ਆ ਵੜੇ। ਇੰਨਾ ਵਿਚੋਂ ਇਕ ਬਾਬਾ ਜਿਸਨੇ ਸ਼ਾਹ ਕਾਲੇ ਰੰਗ ਦੀ ਸ਼ਰਟ ਪੈਂਟ ਥੱਲੇ ਸਲੀਪਰ ਪਾਏ ਹੋਏ ਸਨ ਜਿਸ ਦੀ ਇਕ ਵਧਰੀ ਟੁੱਟੀ ਹੋਈ ਸੀ। ਉਸ ਨੇ ਅਪਣਾ ਤਆਰੁਫ਼ ਕਰਾਇਆ "ਮੈਂ ਪ੍ਰੋਫ਼ੈਸਰ ਰਾਬਿੰਦਰ ਨਾਥ ਹਾਂ ਤੇ ਇੱਥੇ ਰਾਵਿਨਸ਼ਾ ਕਾਲਜ ਵਿਚ ਪੜ੍ਹਾਉਂਦਾ ਹਾਂ। ਤੁਹਾਨੂੰ ਸਾਰੇ ਸਾਰਕ ਦੇ ਪਰਾਹੁਣਿਆਂ ਨੂੰ 'ਜੀ ਆਇਆਂ ਨੂੰ' ਤੇ ਹੁਣ ਸਾਰੇ ਛੇਤੀ ਨਾਸ਼ਤੇ ਲਈ ਥੱਲੇ ਹਾਲ ਵਿਚ ਅੱਪੜ ਜਾਉ।" ਮੈਂ ਤੇ ਜੌਲੀ ਜੀ ਹੈਰਾਨ ਪਰੇਸ਼ਾਨ ਕਿ ਇਹ ਕਿਸ ਟਾਈਪ ਦਾ ਪ੍ਰੋਫ਼ੈਸਰ ਏ ਜਿਸ ਦਾ ਹੁਲੀਆ ਤਾਂ ਫ਼ੁੱਟਪਾਥ ਤੇ ਟੂਣੇ ਕਰਨ ਵਾਲੇ ਪ੍ਰੋਫ਼ੈਸਰਾਂ ਨਾਲੋਂ ਵੀ ਮਾੜਾ ਏ। ਪਰ ਬਾਬਾ ਚੀਕ ਚੀਕ ਕੇ ਸਾਨੂੰ ਛੇਤੀ ਕਰਨ ਲਈ ਆਖ ਰਿਹਾ ਸੀ। ਇੰਜ ਜਿਵੇਂ ਕਿਧਰੇ ਜੰਗ ਲੱਗ ਗਈ ਹੋਵੇ ਤੇ ਸਾਨੂੰ ਉੱਥੇ ਅੱਪੜ ਕੇ ਅਪਣਾ ਹਿੱਸਾ ਪਾਉਣਾ ਪਵੇ! ਇਹ ਮਗਰੋਂ ਪਤਾ ਚੱਲਿਆ ਕਿ ਉਹ ਪ੍ਰੋਫ਼ੈਸਰ ਬੋਲਾ ਸੀ। ਉੱਚਾ ਸੁਣਨ ਵਾਲਾ ਹਮੇਸ਼ਾਂ ਆਪ ਵੀ ਉੱਚਾ ਈ ਬੋਲਦਾ ਏ। ਉਸਦੇ ਭਾਣੇ ਸਾਰੀ ਦੁਨੀਆ ਉਸਦੇ ਨਾਲ ਦੀ ਹੁੰਦੀ ਏ।

ਨਾਸ਼ਤੇ ਵਾਲੇ ਹਾਲ ਵਿਚ ਸਾਰੇ ਸਾਰਕ ਮੁਲਕਾਂ ਦੇ ਨੌਜਵਾਨ ਸ਼ਾਇਰ ਆ ਕੇ ਬੈਠੇ ਹੋਏ ਸਨ। ਨਾਸ਼ਤਾ ਬੁਫ਼ੇ ਸਿਸਟਮ ਸੀ। ਤਿੰਨ ਕੰਟੇਨਰ ਰੱਖੇ ਸਨ ਟੇਬਲ ਤੇ। ਇਕ ਵਿਚ ਪੂੜੀਆਂ, ਦੂਜੇ ਵਿੱਚ ਹਲਵਾ ਤੇ ਤੀਜੇ ਵਿਚ ਦਾਲ ਤੇ ਆਲੂ। ਮੈਂ ਚਾਈਂ ਚਾਈਂ ਪੂੜੀਆਂ ਤੇ ਹਲਵਾ ਪਾ ਲਿਆ ਤੇ ਅਪਣੀ ਟੇਬਲ ਤੇ ਜਾ ਬੈਠਾ। ਇਹ ਕਿਹੋ ਜਿਹਾ ਹਲਵਾ ਏ ਜਿਸ ਵਿੱਚ ਸਬਜ਼ ਮਿਰਚਾਂ ਵੀ ਨੇ। ਮੈਂ ਇਕ ਚਮਚ ਚੱਖਿਆ ਤੇ ਇਸ ਗੱਲ ਦਾ ਜਵਾਬ ਵੀ ਮਿਲ ਗਿਆ ਕਿਉਂਜੋ ਸ਼ਕਲ ਹਲਵੇ ਵਰਗੀ ਏ ਪਰ ਇਸ ਸ਼ੈਅ ਨੂੰ ਹਲਵਾ ਨਹੀਂ ਉਪਮਾ ਬੋਲਦੇ ਨੇ ਤੇ ਇਸ ਵਿੱਚ ਖੰਡ ਸ਼ੱਕਰ ਦੀ ਥਾਂ ਤੇ ਲੂਣ ਮਿਰਚ ਪਾਇਆ ਜਾਂਦਾ ਏ। ਲੌ ਜੀ ਨਾਸ਼ਤੇ ਤੋਂ ਅਸੀਂ ਵਿਹਲੇ ਹੋ ਗਏ ਪਰ ਜੌਲੀ ਜੀ ਦੇ ਆਖਣ ਤੇ ਦਾਲ ਆਲੂ ਦੀ ਸਬਜ਼ੀ ਲੈ ਕੇ ਪੂੜੀਆਂ ਉਸਦੇ ਨਾਲ ਖਾ ਲਈਆਂ ਤੇ ਅਖ਼ੀਰ ਤੇ ਚਾਹ ਪੀਣ ਲਈ ਆਖਿਆ। ਪਲਾਸਟਿਕ ਦੀਆਂ ਨਿੱਕੀਆਂ ਨਿੱਕੀਆਂ ਕੌਲੀਆਂ ਵਿਚ ਚਾਹ ਅੱਗੇ ਰੱਖ ਦਿੱਤੀ ਗਈ। ਇੰਜ ਲਗਦਾ ਸੀ ਇਹ ਕੌਲੀਆਂ ਚਾਹ ਦਾ ਮਿੱਠਾ ਚੱਖਣ ਲਈ ਰੱਖੀਆਂ ਗਈਆਂ ਨੇ।

ਬਾਹਰ ਬੱਸਾਂ ਖਲੋਤੀਆਂ ਸਨ ਜੋ ਸਾਨੂੰ ਸਾਰਕ ਦੇ ਮੁੱਢਲੇ ਫ਼ੰਕਸ਼ਨ ਵਿਚ ਰਲਤ ਲਈ ਲੈ ਜਾਣ ਲਈ ਆਈਆਂ ਸਨ। ਸੂਰਯਾਵੰਸ਼ ਨਾਂ ਦੇ ਸ਼ਹਿਰ ਦੇ ਇਕ ਵੱਡੇ ਹੋਟਲ ਵਿਚ ਸਜੇ ਸਜਾਏ ਹਾਲ ਵਿਚ ਸਾਨੂੰ ਖੜਿਆ ਗਿਆ। ਸਾਡਾ ਇਸਤਕਬਾਲ ਦੋਹਾਂ ਪਾਸੇ ਖਲੋਤੀਆਂ ਉੜੀਸਾ ਦੀਆਂ ਨਾਰੀਆਂ ਨੇ ਫ਼ੁੱਲਾਂ ਦੀਆਂ ਪੱਤੀਆਂ ਨਾਲ ਕੀਤਾ ਤੇ ਅਸੀਂ ਹਾਲ ਵਿਚ ਦਾਖ਼ਲ ਹੋ ਗਏ। ਹਾਲ ਵਿਚ ਕੋਈ ਤਿੰਨ ਸੌ ਸੀਟਾਂ ਲਾਈਆਂ ਗਈਆਂ ਸਨ ਤੇ ਸਟੇਜ ਤੇ ਉੜੀਸਾ ਦੇ ਗਵਰਨਰ ਹੋਰੀਂ ਅਜੀਤ ਕੌਰ ਜੀ ਤੇ ਬਾਕੀ ਉਚੇਚੇ ਪਰਾਹੁਣਿਆਂ ਨਾਲ ਬੈਠੇ ਹੋਏ ਸਨ। ਸਭ ਤੋਂ ਪਹਿਲਾਂ ਗਵਰਨਰ ਸਾਹਿਬ ਨੇ ਸਾਰਕ ਦਾ ਲੈਂਪ ਬਾਲ ਕੇ ਇਸ ਸੈਮੀਨਾਰ ਦਾ ਉਦਘਾਟਨ ਕੀਤਾ। ਇਸ ਤੋਂ ਮਗਰੋਂ ਸਭ ਨੇ ਆਪਣੀਆਂ ਆਪਣੀਆਂ ਗੱਲਾਂ ਵਿੱਚ ਨੌਜਵਾਨ ਸ਼ਾਇਰਾਂ ਨੂੰ ਜੀ ਆਇਆਂ ਨੂੰ ਆਖਿਆ। ਕੁਲ ਮਿਲਾ ਕੇ 66 ਨੌਜਵਾਨ ਸ਼ਾਇਰ ਇਸ ਸੈਮੀਨਾਰ ਵਿਚ ਰਲਤੀ ਸਨ ਜਿਨ੍ਹਾਂ ਦਾ ਤਅਲੁੱਕ ਸਾਰਕ ਦੇ ਸੱਤ ਮੁਲਕਾਂ ਨਾਲ ਸੀ। ਇੰਨਾ ਨੂੰ ਵਾਰੋ ਵਾਰੀ ਅਪਣਾ ਕਲਾਮ ਸੁਣਾਉਣ ਲਈ ਸਟੇਜ ਤੇ ਸੱਦਿਆ ਗਿਆ। ਇਸ ਸੈਸ਼ਨ ਤੋਂ ਮਗਰੋਂ ਸਾਰੇ ਡੈਲੀਗੇਟਸ ਨੂੰ ਇਕ ਪੁਰ-ਤਕੱਲੁਫ਼ ਲੰਚ ਦਿੱਤਾ ਗਿਆ। ਜਿਹੜਾ ਉੜੀਸਾ ਦੇ ਗਵਰਨਰ ਵੱਲੋਂ



Academy of the Punjab in North America - APNA: http://www.apnaorg.com

ਸੀ। ਫ਼ਿਰ ਸਭ ਪਰਾਹੁਣਿਆਂ ਨੂੰ ਬੱਸਾਂ ਤੇ ਬਿਠਾ ਕੇ ਉੜੀਸਾ ਦੇ ਤਾਰੀਖ਼ੀ ਖੰਡਗਿਰੀ ਦੇ ਪਹਾੜਾਂ ਤੇ ਮਹਾਵੀਰ ਦੇ ਮੰਦਰ - ਜਿਹੜੇ ਇਕ ਪਹਾੜੀ ਸਿਲਸਿਲੇ ਤੇ ਨੇ - ਵਿਖਾਉਣ ਲਈ ਲੈ ਜਾਇਆ ਗਿਆ। ਸੜਕ ਤੋਂ ਲੈ ਕੇ ਪਹਾੜੀਆਂ ਦੇ ਦਾਮਨ ਤੀਕ ਇਕ ਵੱਡਾ ਤੇ ਲੰਮਾ ਜਿਹਾ ਬਜ਼ਾਰ ਸੀ ਜਿਸ ਦੇ ਆਸੇ ਪਾਸੇ ਕਿਸੇ ਮੇਲੇ ਨੂੰ ਜਾਂਦੇ ਰਸਤੇ ਵਾਂਗ ਦੁਕਾਨਾਂ ਨਾਲ ਸਜਾਇਆ ਗਿਆ ਸੀ। ਯਾਤਰੀਆਂ ਦੀਆਂ ਟੋਲੀਆਂ ਤੇ ਟੱਬਰ ਬਾਲ ਬੱਚਿਆਂ ਨੂੰ ਲੈ ਕੇ ਇਸ ਰਾਹ ਤੇ ਟੁਰਦੇ ਹੋਏ ਪਹਾੜੀਆਂ ਵੱਲ ਅੱਗੇ ਅੱਗੇ ਜਾ ਰਹੇ ਸਨ। ਪਹਾੜੀਆਂ ਦੇ ਉੱਤੇ ਚੜ੍ਹਨ ਲਈ ਪੱਥਰਾਂ ਦੀਆਂ ਪੌੜੀਆਂ ਬਣਾਈਆਂ ਗਈਆਂ ਸਨ ਜਿਨ੍ਹਾਂ ਦੇ ਲਾਗੇ ਫ਼ਕੀਰ ਆਪਣੀਆਂ ਕੋੜੀਆਂ ਤੇ ਕਾਲੀਆਂ ਸ਼ਕਲਾਂ ਲੈ ਕੇ ਹੱਥ ਵਿਚ ਭਾਂਡੇ ਫ਼ੜ ਕੇ ਆਉਂਦੇ ਜਾਂਦਿਆਂ ਅੱਗੇ ਹਾੜੇ ਪਾ ਰਹੇ ਸਨ।

ਉੜੀਸਾ ਦੀ ਅਪਣੀ ਧਰਤੀ ਵਿੱਚ ਵੀ ਬੜੇ ਚੰਗੇ ਨੌਜਵਾਨ ਸ਼ਾਇਰ ਜਨਮ ਲੈ ਰਹੇ ਨੇ। ਇੰਨਾ ਵਿਚੋਂ ਦੋ ਅਦਦ ਜਵਾਨ ਤੇ ਪਿਆਰੀਆਂ ਸ਼ਾਇਰ ਕੁੜੀਆਂ ਸ੍ਰਿਸ਼ਟੀ ਤੇ ਰਜਨੀ ਵੀ ਨੇ। ਰਜਨੀ ਦਾ ਤੇ ਮਜਮੂਆ ਵੀ ਛਪ ਚੁੱਕਿਆ ਏ ਤੇ ਉਹ ਬਹੁਤ ਨਾਜ਼ੁਕ ਜਜ਼ਬਿਆਂ ਤੇ ਅਹਿਸਾਸ ਰੱਖਣ ਵਾਲੀ ਕੁੜੀ ਜਾਪੀ। ਸ੍ਰਿਸ਼ਟੀ ਨੂੰ ਮੈਂ ਇਕ ਕਮਲੀ ਰੂਹ ਨਾਲ ਤਸ਼ਬੀਹ ਦੇਣਾ ਚਾਹੁੰਦਾ ਹਾਂ। ਉਸ ਨੂੰ ਪਾਕਿਸਤਾਨ ਦੇ ਲੋਕਾਂ ਨਾਲ ਮਿਲਣ ਤੇ ਗੱਲ ਕਰਨ ਦਾ ਬਹੁਤ ਚਾਅ ਸੀ। ਉਸ ਨੇ ਦੱਸਿਆ ਮੈਨੂੰ ਪਾਕਿਸਤਾਨੀ ਕੁੜੀਆਂ ਬਹੁਤ ਚੰਗੀਆਂ ਲਗਦੀਆਂ ਨੇ। ਉਨ੍ਹਾਂ ਦੀਆਂ ਸੇਬਾਂ ਵਰਗੀਆਂ ਗਲ੍ਹਾਂ ਤੇ ਚਿੱਟਾ ਦੁੱਧ ਰੰਗ ਮੈਨੂੰ ਆਪਣੇ ਵੱਲ ਖਿੱਚਦਾ ਏ। ਜੌਲੀ ਜੀ ਨਾਲ ਅੰਮ੍ਰਿਤਸਰ ਤੋਂ ਪਾਕਿਸਤਾਨ ਦਾ ਇਕ ਸ਼ਾਇਰ ਜੋੜਾ, ਜਨਾਬ ਤਾਰਿਕ ਆਜ਼ਮ ਤੇ ਉਨ੍ਹਾਂ ਦੀ ਬੀਵੀ ਅੰਜੁਮ ਕੁਰੇਸ਼ੀ ਹੋਰੀਂ ਵੀ ਇਸ ਸੈਮੀਨਾਰ ਵਿਚ ਆਏ ਹੋਏ ਸਨ। ਸ੍ਰਿਸ਼ਟੀ ਨੇ ਅੰਜੁਮ ਕੁਰੇਸ਼ੀ ਹੁਰਾਂ ਦੇ ਰੰਗ ਰੂਪ ਤੇ ਉਨ੍ਹਾਂ ਦੇ ਕੱਪੜਿਆਂ ਵਿਚ ਖ਼ਾਸ ਦਿਲਚਸਪੀ ਲਈ। ਸਾਡੇ ਬਾਕੀ ਦੋਵੇਂ ਨੌਜਵਾਨ ਸ਼ਾਇਰ ਜਨਾਬ ਇਕਰਾਮ ਬਸਰਾ ਤੇ ਹਸਨ ਅੱਬਾਸੀ ਨੇ ਤਾਂ ਆਪਣੇ ਚੋਂਦੇ ਕਲਾਮ ਨਾਲ ਸਾਰੇ ਹਾਲ ਦੇ ਲੋਕਾਂ ਦੇ ਦਿਲਾਂ ਨੂੰ ਲੁਟ ਲਿਆ ਸੀ। ਸ੍ਰਿਸ਼ਟੀ ਤੇ ਰਜਨੀ ਦੀ ਪਾਕਿਸਤਾਨੀ ਕੈਂਪ ਦੇ ਵਿੱਚ ਮੌਜੂਦਗੀ ਇਸੇ ਜਾਦੂ ਦਾ ਅਸਰ ਸੀ ਜਿਹੜਾ ਸਿਰ ਚੜ੍ਹ ਕੇ ਬੋਲ ਰਿਹਾ ਸੀ। ਹਸਨ ਅੱਬਾਸੀ ਹੁਰਾਂ ਦੀਆਂ ਨਜ਼ਮਾਂ ਤੇ ਗ਼ਜ਼ਲਾਂ ਨੇ ਦੋਹਾਂ ਕੁੜੀਆਂ ਦੇ ਦਿਲ ਮੋਹ ਲਏ ਸਨ। ਸ੍ਰਿਸ਼ਟੀ ਡਾਢੀ ਸਾਂਵਲੀ ਸਲੋਣ, ਮੋਟੀਆਂ ਅੱਖਾਂ ਤੇ ਕਾਲੇ ਵਾਲ, ਉਤੋਂ ਕਾਲੇ ਰੰਗ ਦੀ ਸਾੜ੍ਹੀ ਨਾਲ ਪੂਰੀ ਮਹਿਫ਼ਲ ਵਿਚ ਚਮ ਚਮ ਕਰਦੀ ਫ਼ਿਰ ਰਹੀ ਸੀ। ਇਹ ਦੋਵੇਂ ਕੁੜੀਆਂ ਅਪਣੀ ਸ਼ਾਇਰੀ ਸਾਨੂੰ ਪਾਕਿਸਤਾਨੀ ਸ਼ਾਇਰਾਂ ਨੂੰ ਸੁਣਾਉਂਦੀਆਂ ਤੇ ਸਾਡੇ ਕੋਲੋਂ ਕਲਾਮ ਸੁਣਦੀਆਂ ਰਹਿੰਦੀਆਂ ਸਨ।

ਮੰਦਰਾਂ ਦੀ ਯਾਤਰਾ ਇੰਜ ਸੀ ਜਿਵੇਂ ਅਸੀਂ ਪੂਰੇ ਸ਼ਹਿਰ ਨੂੰ ਕਿਸੇ ਮੁਨਾਰੇ ਤੇ ਖਲੋ ਕੇ ਵੇਖ ਰਹੇ ਹਾਂ। ਉੜੀਸਾ ਦੀ ਰਿਆਸਤ ਬਹੁਤ ਸਰ-ਸਬਜ਼ ਫ਼ੁੱਲਦਾਰ ਤੇ ਫਲਾਂ ਵਾਲੀ ਏ। ਇੱਥੇ ਕੇਲੇ, ਨਾਰੀਅਲ, ਕਾਜੂ ਦੀਆਂ ਫ਼ਸਲਾਂ ਬਹੁਤ ਹੁੰਦਿਆਂ ਨੇ। ਜਿਹੜਾ ਕਾਜੂ ਸਾਨੂੰ ਪਾਕਿਸਤਾਨ ਵਿੱਚ 1000 ਰੁਪਏ ਤੋਂ ਵੱਧ ਦਾ ਕਿੱਲੋ ਮਿਲਦਾ ਏ ਉਸ ਦਾ ਰੇਟ ਇੱਥੇ ਡੇਢ ਦੋ ਸੌ ਰੁਪਏ ਸੀ। ਮੰਦਰਾਂ ਦੀ ਸੈਰ ਤੋਂ ਬਾਅਦ ਸਭ ਨੂੰ ਫ਼ੇਰ ਹੋਟਲ ਸੂਰਯਾਵੰਸ਼ ਲੈ ਜਾਇਆ ਗਿਆ। ਉੱਥੇ ਹੁਣ ਮਨੋਰੰਜਨ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾ ਰਿਹਾ ਸੀ। ਉੜੀਸਾ ਦਾ ਇਲਾਕਾਈ ਰਕਸ ਉੜੀਸੀ ਡਾਂਸ ਪੁਸ਼ਪਿਤਾ ਮਿਸ਼ਰਾ ਦੀ ਅਗਵਾਈ ਵਿਚ ਪਰਫ਼ਾਰਮ ਕੀਤਾ ਗਿਆ। ਉੜੀਸੀ ਰਕਸ ਨੂੰ ਪਹਿਲਾਂ ਵੀ ਟੈਲੀਵਿਯਨ ਤੇ ਵੇਖਿਆ ਸੀ ਪਰ ਅੱਜ ਆਪਣੇ ਸਾਹਮਣੇ ਜ਼ਿੰਦਾ ਹਕੀਕਤ ਬਣ ਕੇ ਜਾਦੂ ਜਗਾ ਰਿਹਾ ਸੀ। ਮਖ਼ਸੂਸ ਉੜੀਸੀ ਡਾਂਸਰ ਦੇ ਲਿਬਾਸ ਵਿਚ ਸਿਰ ਤੇ ਸਿੱਪੀਆਂ ਦੇ ਫ਼ੁੱਲਾਂ ਦਾ ਤਾਜ ਸਜਾਈ, ਅੱਖਾਂ ਵਿਚ ਕੱਜਲ ਦੀਆਂ ਲੰਮੀਆਂ ਧਾਰਾਂ ਤੇ ਵਾਲ ਵਾਹ ਕੇ ਇਹ ਨਾਰੀ ਜਦੋਂ ਪੂਰੇ ਨ੍ਰਿਤ ਭਾਉ ਨਾਲ ਆਪਣੇ ਇਲਾਕੇ ਦੀ ਸਕਾਫ਼ਤ ਨੂੰ ਅਦਾਵਾਂ ਨਾਲ ਬਿਆਨ ਕਰਦੀ ਤਾਂ ਇੰਜ ਲਗਦਾ ਏ ਜਿਵੇਂ ਵੇਖਣ ਵਾਲਾ ਕਿਸੇ ਤਿਲਸਮ



Academy of the Punjab in North America - APNA: http://www.apnaorg.com

ਵਿਚ ਕੀਲਿਆ ਗਿਆ ਹੋਵੇ। ਕਈ ਵਾਰੀ ਅੱਖਾਂ ਝਪਕਣੀਆਂ ਤਾਂ ਦਿਲ ਅਪਣੀ ਧੜਕਣ ਨੂੰ ਭੁੱਲ ਕੇ ਇਸ ਫ਼ਨਕਾਰਾ ਦੇ ਕਲਾਤਮਕ ਹੁਸਨ ਵਿਚ ਗਵਾਚ ਗਏ। ਇਸ ਸ਼ਾਨਦਾਰ ਪਰਫ਼ਾਰਮੈਂਸ ਦੇ ਪਿੱਛੇ ਕੁਝ ਆਵਾਜ਼ਾਂ ਤੇ ਸਾਜ਼ ਵੀ ਹੁੰਦੇ ਨੇ ਜਿਹੜੇ ਇਸ ਕਹਾਣੀ ਨੂੰ ਅੱਗੇ ਟੋਰਨ ਵਿਚ ਸਾਵੀਂ ਰਲਤ ਕਰਦੇ ਨੇ। ਰਾਤੀ 9 ਵਜੇ ਇਸ ਪਰਫ਼ਾਰਮੈਂਸ ਦਾ ਅਖ਼ੀਰ ਹੋਇਆ ਤੇ ਇੰਜ ਲੱਗਾ ਜਿਵੇਂ ਕਿਸੇ ਡਾਢੇ ਹੱਥ ਨੇ ਮਿੱਠੇ ਜਿਹੇ ਸੁਫ਼ਨੇ ਤੋਂ ਜਗਾ ਕੇ ਅਵਾਜ਼ਾਰ ਜਿਹਾ ਕਰ ਦਿੱਤਾ ਹੋਵੇ।

ਰੋਟੀ ਇਕ ਵਾਰ ਫ਼ਿਰ ਖੁਲ੍ਹ ਚੁੱਕੀ ਸੀ। ਤੇ ਲੋਕੀਂ ਅਪਣਾ ਅਪਣਾ ਭੋਜਨ ਪਲੇਟਾਂ ਵਿਚ ਧਰ ਕੇ ਵੱਖੋ ਵਖ ਥਾਵਾਂ ਤੇ ਢਿੱਡ ਭਰਨ ਦਾ ਆਹਰ ਕਰਨ ਲੱਗ ਪਏ। ਪ੍ਰੋਗਰਾਮ ਮੁਜਬ ਦੂਜੇ ਦਿਨ ਦੀ ਸਵੇਰ ਨੂੰ ਸਗੋਂ ਬਹੁਤ ਸਵੇਰੇ ਸੂਰਜ ਨਿਕਲਣ ਤੋਂ ਵੀ ਪਹਿਲਾਂ ਸਾਰਿਆਂ ਰਲਤੀਆਂ ਨੂੰ ਸੂਰਯ ਮੰਦਰ ਲੈ ਜਾਵਣ ਦਾ ਪ੍ਰੋਗਰਾਮ ਸੀ ਜਿਹੜਾ ਕੋਣਾਰਕ ਸ਼ਹਿਰ ਵਿਚ ਸੀ। ਇਹ ਤਰੀਖ਼ੀ ਸ਼ਹਿਰ ਕੋਈ 40-45 ਕਿਲੋਮੀਟਰ ਦੀ ਵਿੱਥ ਤੇ ਸੀ। ਹੋਟਲ ਵਿਚੋਂ ਸਾਰਕ ਦੇ ਸਾਰੇ ਪਰਾਹੁਣਿਆਂ ਨੂੰ ਸਮੇਂ ਸਿਰ ਕੱਢ ਕੇ ਨਾਸ਼ਤੇ ਦੀ ਟੇਬਲ ਤੇ ਫ਼ਿਰ ਉਥੋਂ ਛੇਤੀ ਛੇਤੀ ਬੱਸਾਂ ਵਿੱਚ ਵਾੜਨ ਦਾ ਆਹਰ ਪ੍ਰੋਫ਼ੈਸਰ ਰਾਬਿੰਦਰ ਨਾਥ ਉਰਫ਼ ਚਾਚਾ ਭਸੂੜੀ ਦੇ ਮੋਢਿਆਂ ਤੇ ਸੀ। ਪ੍ਰੋਗਰਾਮ ਤਾਂ ਇਹ ਸੀ ਕਿ ਸੂਰਜ ਦੇਵਤਾ ਦੇ ਮੰਦਰ ਤੇ ਸੂਰਜ ਨਿਕਲਣ ਤੋਂ ਪਹਿਲਾਂ ਅਪੜਿਆ ਜਾਵੇ ਤਾਂ ਜੇ ਉੱਥੇ ਮੰਦਰ ਦੀ ਬਣਤਰ ਵਿੱਚੋਂ ਚੜ੍ਹਦੇ ਸੂਰਜ ਨੂੰ ਵੇਖਣ ਦਾ ਸਵਾਦ ਲਿਆ ਜਾਵੇ। ਜਿਵੇਂ ਪਾਕਿਸਤਾਨ ਦੀ ਝੀਲ ਸੈਫ਼-ਉਲ-ਮਲੂਕ ਦਾ ਪੂਰੇ ਚੰਨ ਦੀ ਚਾਨਣੀ ਦਾ ਅੱਧੀ ਰਾਤ ਦਾ ਨਜ਼ਾਰਾ ਬਹੁਤ ਮੰਨ-ਖਚਵਾਂ ਹੈ ਇਸੇ ਤਰ੍ਹਾਂ ਸੂਰਯਾ ਮੰਦਰ ਦੇ ਸਾਹਮਣੇ ਬਾਰਾਂਦਰੀ ਦੇ ਵਿਚੋਂ ਚੜ੍ਹਦੇ ਸੂਰਜ ਦੀਆਂ ਰਿਸ਼ਮਾਂ ਜਦੋਂ ਮੰਦਰ ਦੇ ਬੂਹੇ ਤੇ ਪਹਿਲੀ ਦਸਤਕ ਦਿੰਦੀਆਂ ਨੇ, ਉਹ ਮਨਜ਼ਰ ਵੇਖਣ ਨਾਲ ਤਅਲੁੱਕ ਰੱਖਦਾ ਏ। ਹਜ਼ਾਰ ਸਾਲ ਤੋਂ ਪੁਰਾਣਾ ਇਹ ਮੰਦਰ, 1250 ਈ. ਵਿਚ ਜਿਸ ਦੀ ਉਸਾਰੀ ਨਬੇੜੀ ਗਈ, ਵਾਕਈ ਧਰਤੀ ਤੇ ਇਕ ਅਜੂਬਾ ਏ। ਇਸ ਮੰਦਰ ਦੇ ਤਿੰਨ ਸਟੈਪਸ ਨੇ। ਇਕ ਰਕਸ ਵਾਲਾ ਜਿਥੇ ਰਕਾਸ ਸੂਰਜ ਦੇਵਤਾ ਦਾ ਇਸਤਕਬਾਲ ਰਕਸ ਕਰਕੇ ਕਰਦੇ ਨੇ। ਦੂਜਾ ਪ੍ਰਾਰਥਨਾ (ਇਬਾਦਤ) ਦਾ ਮੰਦਰ ਜਿਥੇ ਸੁਬਹ ਦੀ ਪ੍ਰਾਰਥਨਾ ਤੋਂ ਦਿਨ ਦੀ ਸ਼ੁਰੂਆਤ ਕੀਤੀ ਹੈ। ਤੀਜਾ ਛਾਇਆ ਦੇਵੀ ਦਾ ਮੰਦਰ ਏ ਜਿਹੜਾ ਹੁਣ ਧਰਤੀ ਤੇ ਨਹੀਂ। ਇਸ ਨੂੰ ਸਾਗਰ ਦੇਵਤਾ ਦੀਆਂ ਲਹਿਰਾਂ ਨੇ ਖਾ ਲਿਆ ਏ। ਸੂਰਯਾ ਮੰਦਰ ਬਾਰੇ ਰਾਬਿੰਦਰ ਨਾਥ ਟੈਗੋਰ ਜੀ ਨੇ ਆਖਿਆ ਸੀ:

"ਸੂਰਿਆ ਮੰਦਰ - ਇਨਸਾਨਾਂ ਦੀ ਕਹਾਣੀ ਪੱਥਰਾਂ ਦੀ ਜ਼ੁਬਾਨੀ"

ਸੂਰਯਾ ਮੰਦਰ ਦੀ ਕਹਾਣੀ ਵੀ ਇਕ ਦੇਵ ਮਾਲਾਈ ਜਿਹੀ ਹੈ ਜਿਸ ਵਿਚ ਇਕ ਰਾਜਾ ਸਾਮ ਦੇ ਪੁੱਤਰ ਸਾਂਬੂ ਨੂੰ ਸਰਾਪ (ਬਦ-ਦੁਆ) ਸੀ ਕਿ ਉਹ ਇਕ ਮਖ਼ਸੂਸ ਵੇਲੇ ਤੋਂ ਪਹਿਲਾਂ ਬਾਪ ਦੇ ਸਾਹਮਣੇ ਆਵੇਗਾ ਤਾਂ ਰਾਜੇ ਦਾ ਰਾਜ ਖ਼ਤਮ ਹੋ ਜਾਵੇਗਾ। ਸੂਰਯਾ ਮੰਦਰ ਨੂੰ ਸੂਰਜ ਦੇ ਨਾਂ ਨਾਲ ਤਸ਼ਬੀਹ ਦਿੱਤੀ ਗਈ ਏ ਤੇ ਸੂਰਜ ਜ਼ਿੰਦਗੀ ਦੀ ਅਲਾਮਤ ਏ। ਤੇ ਸੂਰਜ ਦੇ ਨਿਕਲਣ ਤੋਂ ਲੈ ਕੇ ਡੁੱਬਣ ਤਕ ਦੇ ਸਾਰੇ ਵੇਲੇ ਨੂੰ ਹਯਾਤੀ ਨਾਲ ਜੋੜਿਆ ਗਿਆ ਏ। ਪ੍ਰਾਰਥਨਾ ਵਾਲਾ ਮੰਦਰ ਹੁਣ ਅੰਦਰ ਤੋਂ ਬਿਲਕੁਲ ਬੰਦ ਏ ਤੇ ਇਸ ਵਿਚ ਹੁਣ ਕੋਈ ਪੂਜਾ ਨਹੀਂ ਹੁੰਦੀ। ਅੰਗਰੇਜ਼ਾਂ ਦੇ ਦੌਰ ਵਿਚ ਇਸ ਮੰਦਰ ਦੀ ਛੱਤ ਤੋਂ ਕਈ ਟਨ ਵਜ਼ਨੀ ਮੂਰਤੀਆਂ ਡਿੱਗਣ ਨਾਲ ਮੰਦਰ ਦੀ ਛੱਤ ਨੂੰ ਨੁਕਸਾਨ ਹੋਇਆ ਏ ਜਿਨ੍ਹਾਂ ਨੂੰ ਮੰਦਿਰ ਦੇ ਸੱਜੇ ਖੱਬੇ ਉਚੀ ਥਾਂ ਤੇ ਟਿਕਾਇਆ ਗਿਆ ਏ। ਫ਼ਿਰ ਲਾਰਡ ਕਰਜ਼ਨ ਦੇ ਹੁਕਮ ਤੇ ਇਸ ਮੰਦਰ ਦੀ ਇਬਾਦਤ ਰੋਕ ਕੇ ਇਸ ਦੇ ਅੰਦਰ ਜਾਣ ਵਾਲੇ ਬੂਹੇ ਨੂੰ ਹਮੇਸ਼ਾ ਲਈ ਬੰਦ ਕਰ ਦਿੱਤਾ ਗਿਆ।



Academy of the Punjab in North America - APNA: http://www.apnaorg.com

ਮੰਦਰ ਦੇ ਸ਼ੁਰੂ ਤੇ ਇਕ ਬੰਦੇ ਦੇ ਬੁੱਤ ਨੂੰ ਹਾਥੀ ਦੇ ਬੁੱਤ ਦੇ ਥੱਲੇ ਵਿਖਾਇਆ ਗਿਆ ਏ ਤੇ ਇਸ ਹਾਥੀ ਉਤੇ ਸ਼ੇਰ ਕਾਠੀ ਪਾ ਕੇ ਖਲੋਤਾ ਹੋਇਆ ਏ। ਜਿਸ ਦਾ ਮਤਲਬ ਇਹ ਵੇ ਕਿ ਇੱਥੇ ਪਹਿਲਾਂ ਰਹਿਣ ਵਾਲਿਆਂ ਲੋਕਾਂ ਤੇ ਜੈਨ ਮੱਤ ਵਾਲਿਆਂ ਕਾਬੂ ਪਾਇਆ ਤੇ ਫ਼ਿਰ ਉਨ੍ਹਾਂ ਜੈਨ-ਮੱਤ ਵਾਲਿਆਂ ਨੂੰ ਹਿੰਦੂ ਧਰਮ ਨੇ ਜ਼ੇਰ ਕਰ ਲਿਆ। ਮੰਦਰ ਦੇ ਚਾਰੇ ਪਾਸੇ ਵੱਡੇ ਵੱਡੇ ਸਨ-ਕਲਾਕ ਪੱਥਰ ਦੇ ਬਣੇ ਹੋਏ ਮੁਜੱਸਮ ਹਾਲਤ ਵਿਚ ਅਜੇ ਵੀ ਸਮਾਂ ਦੱਸ ਰਹੇ ਹਨ। ਸੂਰਜ ਦੀ ਧੁੱਪ ਜਿਉਂ ਜਿਉਂ ਉੱਚੀ ਹੁੰਦੀ ਜਾਂਦੀ ਏ ਤੁਸੀਂ ਕਲਾਕ ਦੇ ਮਰਕਜ਼ (ਸੈਂਟਰ) ਵਿਚ ਕਲਮ ਰੱਖ ਕੇ ਉਸ ਦੇ ਪਰਛਾਂਵੇਂ ਨੂੰ ਜਿਥੇ ਟਿਕਿਆ ਵੇਖੋ ਉਹੋ ਤੁਹਾਡਾ ਘੜੀ ਦੇ ਹਿਸਾਬ ਨਾਲ ਟਾਈਮ ਹੋਵੇਗਾ। ਇਸੇ ਸਨ-ਕਲਾਕ ਵਿਚ ਘੰਟਿਆਂ ਦੇ ਨਿਸ਼ਾਨ ਦੀ ਥਾਂ ਇਨਸਾਨੀ ਜ਼ਿੰਦਗੀ ਦੇ 24 ਘੰਟਿਆਂ ਦੇ ਸ਼ੇਡ ਮੁਜੱਸਮ ਕੀਤੇ ਗਏ ਨੇ, ਜਿਵੇਂ ਸਵੇਰੇ ਬਿਸਤਰ ਤੋਂ ਉਠਦਿਆਂ, ਇਬਾਦਤ ਕਰਦਿਆਂ, ਨਾਸ਼ਤਾ ਕਰਦਿਆਂ, ਫ਼ਿਰ ਕੰਮ ਤੇ ਜਾਂਦਿਆਂ, ਕੰਮ ਤੋਂ ਪਰਤਣ ਮਗਰੋਂ ਘਰ ਵਿੱਚ ਅਰਾਮ ਕਰਦਿਆਂ। ਫ਼ਿਰ ਸ਼ਾਮ ਨੂੰ ਬੱਚਿਆਂ ਨਾਲ ਖੇਡਦਿਆਂ ਤੇ ਗੱਲਾਂ ਬਾਤਾਂ ਕਰਦਿਆਂ। ਉਸ ਤੋਂ ਮਗਰੋਂ ਬਿਸਤਰ ਤੇ ਲੇਟਦਿਆਂ ਤੇ ਅਖ਼ੀਰ ਤੇ ਸਰਘੀ ਵੇਲੇ ਨਾਲ ਅਪਣੀ ਬੀਵੀ ਨਾਲ ਹਮ-ਬਿਸਤਰੀ ਕਰਦਿਆਂ ਦੇ ਮੰਜ਼ਰ। ਇਸ ਤੋਂ ਅੱਡ ਮੰਦਰ ਦੇ ਚਾਰੇ ਪਾਸੇ ਉੱਤੇ ਥੱਲੇ ਲਾਈਨਾਂ ਵਿਚ, ਤਰਤੀਬ ਵਾਰ ਜ਼ਿੰਦਗੀ ਦੇ ਹਰ ਰੂਪ ਦੇ ਦਰਸ਼ਨ ਮੁਜੱਸਮਿਆਂ ਦੀ ਸ਼ਕਲ ਵਿਚ ਕੀਤੇ ਜਾ ਸਕਦੇ ਨੇ। ਬੱਚੇ ਦੀ ਜ਼ਿੰਦਗੀ ਦੇ ਮੁੱਢ ਤੋਂ ਜਵਾਨੀ, ਪੇਸ਼ੇ, ਸ਼ਾਦੀ, ਕਾਮ-ਸੂਤਰ ਫ਼ਿਰ ਔਰਤ ਦਾ ਹਾਮਲਾ ਹੋਣਾ, ਬੱਚੇ ਦੇ ਜੰਮਣ ਦਾ ਨਕਸ਼ਾ ਤੇ ਚੋਖੇ ਬਾਲਾਂ ਵਿਚ ਘਰ ਦੀ ਦੁਰਦਸ਼ਾ। ਨਾਜਾਇਜ਼ ਤਾਲੁਕਾਤ ਮਰਦ ਦੇ ਮਰਦ ਨਾਲ ਤੇ ਔਰਤ ਦੇ ਔਰਤ ਨਾਲ ਲਸਬੀਅਨ ਦੀ ਤਰੀਖ਼ ਵੀ ਉਸ ਜ਼ਮਾਨੇ ਦੇ ਲੋਕਾਂ ਦੇ ਗਿਆਨ ਵਿਚ ਮੌਜੂਦ ਸੀ। ਫ਼ਿਰ ਜਿਹੜੇ ਔਰਤ ਮਰਦ ਨੂੰ ਪੋਸ਼ੀਦਾ ਬਿਮਾਰੀ ਹੋ ਜਾਂਦੀ ਉਸ ਦਾ ਦੇਸੀ ਤਰੀਕੇ ਨਾਲ ਇਲਾਜ ਕਰਦਿਆਂ। ਇਹ ਸਾਰੇ ਮੁਜੱਮਸੇ ਦੀਵਾਰਾਂ ਨਾਲ ਲੱਗੇ ਸਾਨੂੰ ਹਜ਼ਾਰ ਦਾਸਤਾਨਾਂ ਸੁਣਾਉਂਦੇ ਨਜ਼ਰ ਆਉਂਦੇ ਨੇ। ਇਸ ਮੰਦਰ ਨੂੰ ਗਾਂਧੀ ਜੀ ਦੇ ਵੇਲੇ ਤੋੜਨ ਬਾਰੇ ਤਹਿਰੀਕ ਉੱਠੀ ਸੀ ਕਿ ਇਹ ਨੰਗੇ ਬੁੱਤ ਨੇ। ਪਰ ਟੈਗੋਰ ਜੀ ਨੇ ਰੀਜ਼ਿਸਟ ਕੀਤਾ ਤੇ ਆਖਿਆ ਜਿਸ ਨੇ ਨਹੀਂ ਵੇਖਣਾ ਨਾ ਵੇਖੇ ਪਰ ਇਹਨੂੰ ਮਿਟਾਉ ਤੇ ਨਾ। ਜੋ ਕੁਝ ਬਣਿਆ ਹੋਇਆ ਏ ਇਹੋ ਜਿਹਾ ਤੁਸੀਂ ਦੂਜਾ ਬਣਾ ਤਾਂ ਸਕਦੇ ਨਹੀਂ ਤੇ ਫ਼ਿਰ ਪਹਿਲੇ ਬਣੇ ਹੋਏ ਨੂੰ ਕਿਉਂ ਢਾਹੁਣ ਦਾ ਸੋਚ ਰਹੇ ਓ?

ਇਕ ਹੋਰ ਦਿਲਚਸਪ ਕਹਾਣੀ ਵੀ ਇਸ ਮੰਦਰ ਦੀ ਉਸਾਰੀ ਵਿਚਕਾਰ ਪੇਸ਼ ਆਈ। ਉਹ ਇਸ ਤਰ੍ਹਾਂ ਸੀ ਕਿ ਰਾਜੇ ਨੇ ਜਿਹੜੇ ਮਿਸਤਰੀ ਤੇ ਕਾਰੀਗਰ ਇਸ ਮੰਦਰ ਨੂੰ ਉਸਾਰਨ ਲਈ ਕੰਮ ਤੇ ਲਾਏ ਹੋਏ ਸਨ, ਉਨ੍ਹਾਂ ਦਾ ਆਪਣੇ ਘਰ ਵਾਲਿਆਂ ਨਾਲ ਰਾਬਤਾ ਬਾਰਾਂ ਵਰ੍ਹਿਆਂ ਲਈ ਰੋਕ ਦਿਤਾ ਗਿਆ ਤਾਂ ਜੋ ਉਹ ਪੂਰੇ ਦਿਲੋ-ਦਿਮਾਗ਼ ਨੂੰ ਇਸ ਪਾਸੇ ਲਾ ਕੇ ਅਪਣਾ ਕੰਮ ਪੂਰਾ ਕਰਨ। ਕਾਰੀਗਰਾਂ ਦੀ ਇਸ ਟੀਮ ਦੇ ਮੁਖੀਆ ਰਾਜ ਦੀ ਸਵਾਣੀ, ਖ਼ਾਵੰਦ ਦੇ ਕੰਮ ਤੇ ਜਾਣ ਮਗਰੋਂ ਇਕ ਮੁੰਡਾ ਜੰਮਿਆ ਜਿਸ ਨੇ ਵੱਡਾ ਹੋ ਕੇ ਆਪਣੇ ਪਿਉ ਦੇ ਕੰਮ ਨੂੰ ਸਿੱਖ ਲਿਆ ਤੇ ਇਕ ਦਿਨ ਆਪਣੇ ਪਿਉ ਨੂੰ ਮਿਲਣ ਲਈ ਉਹ ਮੰਦਰ ਬਣਾਉਣ ਵਾਲੀ ਥਾਂ ਤੇ ਅੱਪੜ ਗਿਆ। ਉਸ ਵੇਲੇ ਮੰਦਰ ਦਾ ਕੰਮ ਆਖ਼ਰੀ ਟੀਚੇ ਤੇ ਸੀ। ਬਸ ਛੱਤ ਤੇ ਪੱਥਰ ਦੇ ਇਕ ਵੱਡੇ ਥਾਲ ਨੂੰ ਰੱਖਣਾ ਬਾਕੀ ਸੀ ਜਿਹੜਾ ਉੱਤੇ ਨਹੀਂ ਸੀ ਠਹਿਰ ਰਿਹਾ। ਰਾਜ ਦੇ ਮੁੰਡੇ ਨੇ ਅੱਗੇ ਵਧ ਕੇ ਇਹ ਕੰਮ ਕਰ ਦਿੱਤਾ। ਸਾਰੇ ਕਾਰੀਗਰ ਡਰ ਗਏ ਕਿ ਜੇ ਰਾਜੇ ਨੂੰ ਪਤਾ ਲੱਗ ਗਿਆ ਤਾਂ ਸਾਨੂੰ ਟੰਗ ਦੇਵੇਗਾ ਤੁਸੀਂ ਇਹ ਕੰਮ ਨਹੀਂ ਕਰ ਸਕੇ। ਤੇ ਫ਼ਿਰ ਇਸ ਡਰ ਤੋਂ ਉਸ ਦੇ ਬਾਪ ਨੇ ਸਾਰੇ ਕਾਰੀਗਰਾਂ ਨਾਲ ਰਲ ਕੇ ਉਸ ਮੁੰਡੇ ਨੂੰ ਛੱਤ ਤੋਂ ਧੱਕਾ ਦੇ ਕੇ ਮਾਰ ਦਿੱਤਾ।



Academy of the Punjab in North America - APNA: http://www.apnaorg.com

ਇਹ ਕਹਾਣੀ ਮੈਨੂੰ ਸ੍ਰਿਸ਼ਟੀ ਨੇ ਸੁਣਾਈ। ਮੈਂ ਬੜੇ ਸ਼ੌਂਕ ਤੇ ਤਜੱਸਸ ਨਾਲ ਸਾਰਾ ਕਿੱਸਾ ਸੁਣਿਆ। ਸ੍ਰਿਸ਼ਟੀ ਦੀਆਂ ਅੱਖਾਂ ਵਿਚ ਉਸ ਮੁੰਡੇ ਦੀ ਮੌਤ ਦੇ ਜ਼ਿਕਰ ਨਾਲ ਅੱਥਰੂ ਭਰ ਆਏ ਸਨ। ਇਹੋ ਜਿਹੇ ਜਜ਼ਬਾਤ ਰੱਖਣ ਵਾਲਾ ਬੰਦਾ ਈ ਕ੍ਰੀਏਟਿਵ ਹੋ ਸਕਦਾ ਏ। ਇਸ ਮੰਦਰ ਨੂੰ ਵੇਖਣ ਲਈ ਦੁਨੀਆ ਭਰ ਤੋਂ ਟੂਰਿਸਟ ਟੋਲੀਆਂ ਦੀਆਂ ਟੋਲੀਆਂ ਬਣ ਕੇ ਟੁਰੇ ਆਉਂਦੇ ਹਨ।

ਮੰਦਰ ਦੀ ਯਾਤਰਾ ਤੋਂ ਮਗਰੋਂ ਅਸੀਂ ਕੋਨਾਰਕ ਦੇ ਬਾਜ਼ਾਰ ਵਿੱਚ ਨਿਕਲ ਪਏ। ਜੌਲੀ ਜੀ ਮੇਰੇ ਲਈ ਇਕ ਨਾਰੀਅਲ ਖ਼ਰੀਦ ਲਿਆਏ। ਉਨ੍ਹਾਂ ਦੱਸਿਆ ਜੇ ਇਹ ਮਲਾਈ ਵਾਲਾ ਨਾਰੀਅਲ ਏ। ਮੈਂ ਹੈਰਾਨ ਹੋ ਕੇ ਪੁੱਛਿਆ ਮਲਾਈ ਵਾਲਾ? ਉਨ੍ਹਾਂ ਦੱਸਿਆ ਇਸ ਦੀ ਗਿਰੀ ਅੰਦਰੋਂ ਏਨੀ ਪੋਲੀ ਏ ਕਿ ਤੁਸੀਂ ਉਸ ਨੂੰ ਉਂਗਲੀ ਨਾਲ ਮਲਾਈ ਵਾਂਗ ਚੱਟ ਸਕਦੇ ਓ ਜਾਂ ਖਾ ਸਕਦੇ ਓ। ਨਾਰੀਅਲ ਦਾ ਪਾਣੀ ਪੀਣ ਤੋਂ ਮਗਰੋਂ ਇਸ ਦਾ ਖੋਪਾ ਵਾਕਈ ਮਲਾਈ ਵਾਂਗ ਪੋਲਾ ਤੇ ਮਜ਼ੇਦਾਰ ਸੀ। ਇੱਥੇ ਦੁਕਾਨਾਂ ਤੇ ਕਾਜੂ ਵੀ ਆਲਾ ਕਿਸਮ ਦਾ ਵਿਕ ਰਿਹਾ ਸੀ। ਮੈਂ ਆਪਣੇ ਲਈ ਕਿਲੋ ਕਾਜੂ, ਉਹ ਵੀ ਆਲਾ ਤਰੀਨ ਕਿਸਮ ਦਾ ਸਿਰਫ਼ 225 ਰੁਪਏ ਵਿਚ ਖ਼ਰੀਦ ਲਿਆ। ਮੇਰੀ ਵੇਖਾ ਵੇਖੀ ਅੰਜੁਮ ਕੁਰੇਸ਼ੀ ਹੁਰਾਂ ਨੇ ਤਿੰਨ ਕਿਲੋ ਤੇ ਜੌਲੀ ਜੀ ਨੇ ਵੀ ਇਕ ਕਿਲੋ ਖ਼ਰੀਦ ਲਿਆ। ਪਾਕਿਸਤਾਨ ਵਿੱਚ ਇਹੋ ਜਿਹੀ ਅੱਯਾਸ਼ੀ ਦਾ ਤਸੱਵਰ ਨਹੀਂ ਕੀਤਾ ਜਾ ਸਕਦਾ। ਉੱਥੇ ਬੜੀ ਛਾਲ ਮਾਰੀ ਏ ਤੇ ਇਕ ਪਾਅ ਖ਼ਰੀਦ ਸਕਦੇ ਸਾਂ। ਇੱਥੇ ਤਾਂ ਇਹ ਲੋਕ ਅਪਣੀ ਸਬਜ਼ੀ ਤੇ ਦੂਜੇ ਖਾਣਿਆਂ ਵਿਚ ਵੀ ਕਾਜੂ ਬਹੁਤ ਵਰਤਦੇ ਨੇ। ਪਰ ਇਹ ਬਹੁਤ ਗਰਮ ਤੇ ਹਾਈ ਕਲੈਸਟ੍ਰੋਲ ਪੈਦਾ ਕਰਨ ਵਾਲਾ ਡ੍ਰਾਈ ਫ਼੍ਰੂਟ ਏ ਜਿਸ ਦੇ ਪਾਰੋਂ ਇਨਸਾਨੀ ਜਿਸਮ ਵਿੱਚ ਪੱਥਰੀ ਵੀ ਬਹੁਤ ਛੇਤੀ ਹੋ ਜਾਂਦੀ ਏ।

ਦੁਪਹਿਰ ਦਾ ਖਾਣਾ ਉੱਥੇ ਈ ਇਕ ਛੋਟੇ ਜਿਹੇ ਹੋਟਲ ਵਿਚ ਈ ਸੀ ਜਿਥੇ ਸਬਜ਼ੀ ਪੂੜੀਆਂ ਦਾਲ ਸਮੋਸੇ ਤੇ ਰੱਸਗੁਲੇ ਸਨ। ਤੁਸੀਂ ਆਪ ਸਮਝ ਸਕਦੇ ਹੋ ਕਿ ਇੰਨਾ ਸਾਰੀਆਂ ਚੀਜ਼ਾਂ ਦਾ ਆਪਸ ਵਿਚ ਕੀ ਜੋੜ ਏ। ਪਾਕਿਸਤਾਨ ਵਿੱਚ ਇਕ ਵਾਰੀ ਵਜ਼ੀਰਾਬਾਦ ਤੋਂ ਉਸਤਾਦ ਫ਼ੱਯਾਜ਼ ਅਲੀ ਖ਼ਾਂ ਸਾਹਿਬ ਇਸਲਾਮ ਆਬਾਦ ਮੈਨੂੰ ਮਿਲਣ ਲਈ ਆਏ ਤੇ ਉਨ੍ਹਾਂ ਮੈਨੂੰ ਦੱਸਿਆ "ਪਾਸ਼ਾ ਜੀ ਮੈਂ ਪਿੰਡੀ ਇਕ ਹੋਟਲ ਤੇ ਰੋਟੀ ਖਾਣ ਲਈ ਟੁਰ ਗਿਆ।" ਖ਼ਾਨ ਸਾਹਿਬ ਦਾ ਤਆਲੁੱਕ ਮਿਊਜ਼ਿਕ ਨਾਲ ਏ ਤੇ ਮੌਸੀਕੀ ਦੇ ਘਰਾਣਿਆਂ ਵਿੱਚ ਹਾਂਡੀਆਂ ਵੀ ਬੜੀਆਂ ਸੁਰੀਲੀਆਂ ਪੱਕਦੀਆਂ ਨੇ। ਉਹ ਆ ਗਏ ਖ਼ਿੱਤਾ ਪੋਠੋਹਾਰ ਵਿੱਚ ਜਿਥੇ ਮਰੀ ਦੇ ਪਹਾੜਾਂ ਵਿਚੋਂ ਛੋਟੇ ਛੋਟੇ ਪਿੰਡਾਂ ਦੇ ਲੋਕ ਆ ਕੇ ਹੋਟਲਾਂ ਵਿੱਚ ਬੈਰਾਗਿਰੀ ਕਰਨ ਲੱਗ ਪਏ ਨੇ ਜਾਂ ਵੈਗਨਾਂ ਬੱਸਾਂ ਦੀ ਕੰਡੈਕਟਰੀ। ਖ਼ਾਨ ਸਾਹਿਬ ਨੇ ਬੈਰੇ ਕੋਲੋਂ ਪੁੱਛਿਆ ਕੀ ਕੀ ਪੱਕਿਆ ਏ ਉਸ ਨੇ ਜਵਾਬ ਵਿੱਚ ਸਬਜ਼ੀ ਦਾਲ ਤੋਂ ਲੈ ਕੇ ਵੱਡੀਆਂ ਨਿੱਕੀਆਂ ਸਾਰੀਆਂ ਡਿਸ਼ਾਂ ਦੇ ਨਾਂ ਗਿਣਵਾ ਦਿੱਤੇ। ਖ਼ਾਨ ਸਾਹਿਬ ਨੇ ਸਬਜ਼ੀ ਦੀ ਹਾਮੀ ਭਰੀ ਤੇ ਆਡਰ ਆ ਗਿਆ ਸਬਜ਼ੀ ਨੂੰ ਖ਼ਾਨ ਸਾਹਿਬ ਵੇਖੀ ਜਾਣ ਤੇ ਸਬਜ਼ੀ ਖ਼ਾਨ ਸਾਹਿਬ ਨੂੰ। ਉਨ੍ਹਾਂ ਬੈਰੇ ਨੂੰ ਪੁੱਛਿਆ ਇਹ ਕੀ ਪਕਾਇਆ ਜੇ ਉਸ ਨੇ ਦੱਸਿਆ ਆਲੂ ਟੀਂਡੇ। ਖ਼ਾਨ ਸਾਹਿਬ ਨੇ ਉਸ ਨੂੰ ਨੇੜੇ ਬੁਲਾ ਕੇ ਆਖਿਆ ਅਸੀਂ ਵੀ ਸਬਜ਼ੀਆਂ ਮਿਕਸ ਕਰਕੇ ਪਕਾਂਦੇ ਆਂ ਪਰ ਇਹੋ ਜਿਹਾ ਬੇ-ਸੁਰਾ ਮਿਲਾਪ ਕਦੇ ਨਹੀਂ ਕੀਤਾ। ਇੰਨਾਂ ਆਖ ਕੇ ਉਹ ਹੋਟਲ ਵਿੱਚੋਂ ਬਗ਼ੈਰ ਕੁਝ ਖਾਧਿਆਂ ਉਠ ਕੇ ਬਾਹਰ ਆ ਗਏ।

ਕੋਨਾਰਕ ਕਸਬੇ ਵਿਚੋਂ ਬੱਸਾਂ ਤੇ ਹੁਣ ਪੁਰੀ ਵੱਲ ਸਫ਼ਰ ਸ਼ੁਰੂ ਹੋਇਆ। ਪੁਰੀ ਇਕ ਸਾਹਿਲ ਸਮੁੰਦਰ ਦਾ ਸੁਹਣਾ ਜਿਹਾ ਥਾਂ ਐ ਜਿੱਥੇ ਸਮੁੰਦਰ ਦਾ ਪਾਣੀ Sea Green ਤੇ ਸਾਫ਼ ਸ਼ੱਫ਼ਾਫ਼ ਏ। ਇਸ ਸਮੁੰਦਰ ਦੇ ਦੂਜੇ ਪਾਸੇ ਸਿਰਫ਼ 500 ਮੀਲ ਦੀ ਵਿੱਥ ਤੇ ਥਾਈਲੈਂਡ ਵਰਗਾ ਮਸ਼ਹੂਰ ਮੁਲਕ ਏ ਜਿਹੜਾ ਟੂਅਰਿਸਟਾਂ ਦੀ ਜੰਨਤ ਆਖਿਆ ਜਾਂਦਾ ਏ। ਪੁਰੀ ਵਿਚ ਸਮੁੰਦਰ ਤੋਂ ਅੱਡ ਇਕ ਹੋਰ ਵੱਡੀ



Academy of the Punjab in North America - APNA: http://www.apnaorg.com

attraction ਜਗਨ ਨਾਥ ਦਾ ਪੁਰਾਣਾ ਮੰਦਰ ਏ। ਇਸ ਮੰਦਰ ਦੀ ਤਰੀਖ਼ ਸੂਰਿਆ ਮੰਦਰ ਤੋਂ ਵੀ ਪੁਰਾਣੀ ਏ। ਇਹ ਕੋਈ ਪੰਦਰਾ ਸੌ ਸਾਲ ਪੁਰਾਣਾ ਮੰਦਰ ਏ ਜਿਸ ਦੀ ਉਚਾਈ ਸੂਰਿਆ ਮੰਦਰ ਤੋਂ ਦੁੱਗਣੀ ਏ। ਇਸ ਮੰਦਰ ਦੀ ਪੱਧਰ ਦੇ ਹਿੰਦੁਸਤਾਨ ਵਿਚ ਤਿੰਨ ਮੰਦਰ ਹੋਰ ਵੀ ਨੇ। ਜਗਨ ਨਾਥ ਦਾ ਮੰਦਰ ਚਾਲੂ ਹਾਲਤ ਵਿਚ ਏ ਤੇ ਇੱਥੇ ਦੀ ਪ੍ਰਾਰਥਨਾ ਪੂਰੇ ਹਿੰਦੁਸਤਾਨ ਦੀ ਵੱਡੀ ਪ੍ਰਾਰਥਨਾ ਸਮਝੀ ਜਾਂਦੀ ਏ। ਮਸ਼ਹੂਰ ਐਕਟਰ ਅਮਿਤਾਭ ਬੱਚਨ ਅਪਣੀ ਨੂੰਹ ਐਸ਼ਵਰਿਆ ਰਾਏ ਨੂੰ ਲੈ ਕੇ ਇੱਥੇ ਈ ਆਏ ਸਨ ਨਹੂਸਤ ਦੂਰ ਕਰਨ ਲਈ। ਇੱਥੇ ਅਮਿਤਾਭ ਜੀ ਨੇ ਦੋ ਕਰੋੜ ਰੁਪਏ ਦਾਨ ਵੀ ਕੀਤੇ ਜਿਹੜੇ ਪਾਕਿਸਤਾਨੀ ਸਵਾ ਤਿੰਨ ਕਰੋੜ ਦੇ ਬਰੋਬਰ ਨੇ। ਇਸ ਮੰਦਰ ਦੇ ਕੱਟੜ ਹਿੰਦੂ ਮਜ਼ਹਬ ਹੋਣ ਦਾ ਤੁਸੀਂ ਇਥੋਂ ਗਵੇੜ ਲਾ ਸਕਦੇ ਓ ਜੇ ਇਸ ਵਿਚ ਆਪਣੇ ਵੇਲੇ ਦੀ ਵਜ਼ੀਰ-ਏ-ਆਜ਼ਮ ਇੰਦਰਾ ਗਾਂਧੀ ਨੂੰ ਵੀ ਅੰਦਰ ਵੜਨ ਤੋਂ ਰੋਕ ਦਿਤਾ ਗਿਆ ਸੀ। ਕਿਉਂਜੇ ਉਨ੍ਹਾਂ ਨੇ ਇਕ ਪਾਰਸੀ ਨਾਲ ਵਿਆਹ ਕੀਤਾ ਹੋਇਆ ਸੀ। ਇਸੇ ਤਰ੍ਹਾਂ ਇਕ ਹੇਠਲੀ ਜ਼ਾਤ ਦੇ ਮਨਿਸਟਰ ਨੂੰ ਵੀ ਰੋਕ ਦਿੱਤਾ ਗਿਆ ਜੇ ਇੱਥੇ ਸਿਰਫ਼ ਵੱਡੀ ਜ਼ਾਤ ਦੇ ਹਿੰਦੂ ਈ ਵੜ ਸਕਦੇ ਨੇ। ਬਾਬਾ ਗੁਰੂ ਨਾਨਕ ਜੀ ਨੇ ਜਦੋਂ 1500 ਈ. ਵਿਚ ਪੁਰੀ ਦਾ ਦੌਰਾ ਕੀਤਾ ਅਤੇ ਮੰਦਰ ਵਿਚ ਭਗਵਾਨ ਦੀ ਆਰਤੀ ਲਈ ਜਾਣ ਦੀ ਕੋਸ਼ਿਸ਼ ਕੀਤੀ ਪਰ ਉੱਥੇ ਭੀੜ ਭੜੱਕਾ ਤੇ ਧਰਕੋਲੇ ਏਨੇ ਸਨ ਜੇ ਉਹ ਉਥੋਂ ਨਿਕਲ ਕੇ ਬਾਬੇ ਮਰਦਾਨੇ ਨਾਲ ਪੁਰੀ ਦੇ ਸਮੁੰਦਰ ਵੱਲ ਮੂੰਹ ਕਰਕੇ ਬੈਠ ਗਏ। ਉਸ ਵੇਲੇ ਪੂਰੇ ਚੰਨ ਦੀ ਚਾਨਣੀ ਤੇ ਤਾਰਿਆਂ ਨੇ ਅਸਮਾਨ ਉੱਤੇ ਬੜਾ ਰੂਪ ਚੜ੍ਹਿਆ ਹੋਇਆ ਸੀ। ਉਨ੍ਹਾਂ ਜੋ ਕਲਾਮ ਰੱਬ ਨਾਲ ਕੀਤਾ ਉਹ ਅੱਖਰ ਕੁਝ ਇਸ ਤਰ੍ਹਾਂ ਸਨ:

ਗਗਨ ਮੇ ਥਾਲ ਰਵੀ ਚੰਦ ਦੀਪਕ

ਬਣੇ ਤਾਰਕਾ ਮੰਡਲ ਜਣਕ ਮੋਤੀ

ਦੂਪ ਮਿਲ ਆਉਣ ਲੋ ਪਵਨ ਚੋਣ ਰੋ ਕਰੇ

ਸਗਲ ਬਿਨ ਰਾਏ ਫ਼ੁੱਲ ਅੰਤ ਜੀਵਣੀ

"ਇਹ ਜੋ ਆਸਮਾਨ ਹੈ ਇਹ ਇਕ ਬਹੁਤ ਵੱਡਾ ਥਾਲ ਏ ਜਿਸ ਵਿੱਚ ਚੰਨ ਤੇ ਸੂਰਜ ਵੱਡੇ ਦੀਵੇ ਨੇ ਤੇ ਤਾਰਿਆਂ ਦੀ ਲੜੀ ਸੁੱਚੇ ਮੋਤੀਆਂ ਵਾਂਗ ਐ ਜਿਹੜੇ ਚਮਕ ਰਹੇ ਨੇ। ਮਿਲਿਆ ਲੰਮ ਦੇ ਪਹਾੜਾਂ ਵੱਲੋਂ ਆਉਣ ਵਾਲੀ ਸੰਦਲੀ ਹਵਾ ਖੁਸ਼ਬੋਵਾਂ ਲੈ ਕੇ ਆ ਰਹੀ ਏ। ਸਾਰੇ ਜੰਗਲ ਦੇ ਫ਼ੁੱਲ ਮਿਲ ਕੇ ਆਪ ਤੁਹਾਡੀ ਆਰਤੀ ਕਰ ਰਹੇ ਨੇ। ਮੈਂ ਕੀ ਆਰਤੀ ਕਰ ਸਕਦਾ ਹਾਂ। ਕੁਦਰਤ ਦੇ ਇਹ ਸਭ ਨਿਸ਼ਾਨ ਤੁਹਾਡੀ ਪ੍ਰਾਰਥਨਾ ਵਿਚ ਝੁਕੇ ਹੋਏ ਨੇ"

ਰਾਬਿੰਦਰ ਨਾਥ ਟੈਗੋਰ ਜੀ ਕੋਲੋਂ ਕਿਸੇ ਨੇ ਪੁੱਛਿਆ ਤੁਸੀਂ ਹਿੰਦੁਸਤਾਨ ਦਾ ਤਰਾਨਾ ਤੇ ਲਿਖਿਆ ਏ ਪਰ ਯੂਨੀਵਰਸਲ ਐਂਥਮ ਵੀ ਲਿਖਿਆ ਜਾਣਾ ਚਾਹੀਦਾ ਏ, ਅਸੀਂ ਤੁਹਾਡੇ ਕੋਲੋਂ ਕਾਇਨਾਤੀ ਤਰਾਨਾ ਲਿਖਣ ਦੀ ਮੰਗ ਕਰਦੇ ਹਾਂ। ਰਾਬਿੰਦਰ ਜੀ ਨੇ ਆਖਿਆ ਉਹ ਤੇ ਬਾਬਾ ਗੁਰੂ ਨਾਨਕ ਜੀ ਲਿਖ ਚੁੱਕੇ ਨੇ। ਇਹ ਬਹੁਤ ਵੱਡਾ ਟਰੀਬਿਊਟ ਸੀ ਰਾਬਿੰਦਰ ਨਾਥ ਜੀ ਦਾ ਗੁਰੂ ਨਾਨਕ ਹੁਰਾਂ ਨੂੰ। ਪੰਜਾਬੀ ਜ਼ੁਬਾਨ ਬਾਰੇ ਲੋਕਾਂ ਦੀ ਗ਼ਲਤ ਰਾਏ ਦੀ ਨਿੰਦਿਆ ਕਰਦਿਆਂ ਹੋਇਆਂ ਰਾਬਿੰਦਰ ਨਾਥ ਟੈਗੋਰ ਹੁਰਾਂ ਆਖਿਆ ਜਿਹੜੀ ਜ਼ੁਬਾਨ ਵਿਚ ਗੁਰੂ ਨਾਨਕ, ਵਾਰਿਸ ਸ਼ਾਹ ਤੇ ਬੁੱਲ੍ਹੇ ਸ਼ਾਹ ਹੋਰੀ ਹੋਵਣ ਉਹ ਉਜੱਡ ਕਿਵੇਂ ਹੋ ਸਕਦੀ ਏ।

□

..... ਜ਼ਾਰੀ ਰਹੇਗਾ



Academy of the Punjab in North America - APNA: http://www.apnaorg.com



# ਸੁਖਦੇਵ ਮਾਦਪੁਰੀ ਨਾਲ ਗੱਲਬਾਤ

**ਮਨੁ ਸ਼ਰਮਾ ਸੋਹਲ**

ਪੰਜਾਬੀ ਲੋਕਧਾਰਾ ਦੇ ਮਾਹਿਰ ਜਨਾਬ ਸੁਖਦੇਵ ਮਾਦਪੁਰੀ ਜੀ ਨੂੰ ਲੋਕ-ਸਾਹਿੱਤ ਦੇ ਖੇਤਰ ਵਿਚ ਖ਼ਾਸ ਮੁਕਾਮ ਹਾਸਿਲ ਹੈ। ਲੋਕ ਵਿਰਸਾ ਓਹਨਾਂ ਦੇ ਹੱਡੀਂ ਰਚਿਆ ਹੋਇਆ ਹੈ। ਓਹਨਾਂ ਨੇ ਲੋਕ ਗੀਤਾਂ ਨੂੰ ਜੀਵਿਆ ਹੈ, ਹੰਢਾਇਆ ਹੈ, ਮਾਣਿਆ ਹੈ। ਇੱਥੋਂ ਤਕ ਕਿ ਲੋਕ ਅਦਬ ਦਾ ਨਾਂ ਲੈਂਦਿਆਂ ਹੀ ਓਹਨਾਂ ਦੀਆ ਅੱਖਾਂ ਵਿੱਚ ਇਕ ਅਨੋਖੀ ਚਮਕ ਆ ਜਾਂਦੀ ਹੈ ਤੇ ਓਹਨਾਂ ਦਾ ਚਿਹਰਾ ਨੂਰੋ-ਨੂਰ ਹੋ ਜਾਂਦਾ ਹੈ। ਉਹਨ੍ਹਾਂ ਦੀ ਮਧੁਰ ਬਾਣੀ ਵਿਚੋਂ ਵੀ ਕਿਸੇ ਦਰਦ-ਭਰੇ ਸੁਰੀਲੇ ਲੋਕ ਗੀਤ ਦੀ ਲੋਰ ਕੰਨੀਂ ਰਸ ਘੋਲਦੀ ਜਾਪਦੀ ਹੈ। ਇਹੋ ਜਿਹੀ ਵੱਖਰੀ ਸ਼ਖ਼ਸੀਅਤ ਵੱਲੋਂ ਪੰਜਾਬੀ ਸਭਿਆਚਾਰ ਅਤੇ ਲੋਕ ਅਦਬ ਦੇ ਖੇਤਰ ਵਿਚ ਕੀਤੀਆਂ ਗਈਆਂ ਸੇਵਾਵਾਂ ਸਦਕਾ 'ਪੰਜਾਬੀ ਸਾਹਿਤ ਅਕਾਦਮੀ', ਲੁਧਿਆਨਾ ਵੱਲੋਂ ਓਹਨਾ ਨੂੰ 2006 ਦਾ ਕਰਤਾਰ ਸਿੰਘ ਧਾਲੀਵਾਲ ਅਕਾਦਮੀ ਐਵਾਰਡ ਦੇਣ ਦਾ ਫ਼ੈਸਲਾ ਕੀਤਾ ਗਿਆ। ਇਸ ਮੌਕੇ ਤੇ ਅਦਾਰਾ 'ਸਾਂਝ' ਵੱਲੋਂ ਜਨਾਬ ਮਾਦਪੁਰੀ ਹੋਰਾਂ ਨਾਲ ਗੱਲਬਾਤ ਕੀਤੀ ਗਈ ਸੀ ਜਿਸ ਦਾ ਕੁਝ ਹਿੱਸਾ ਸਾਂਝ ਦੇ ਪੜ੍ਹਨ ਵਾਲਿਆਂ ਦੀ ਨਜ਼ਰ ਕਰ ਰਹੇ ਹਾਂ।

*ਸੁਖਦੇਵ ਮਾਦਪੁਰੀ ਜੀ, ਪੰਜਾਬ ਦੇ ਲੋਕ ਵਿਰਸੇ ਦਾ ਇਕ ਬਹੁਤ ਹੀ ਖ਼ਾਸ ਅਤੇ ਖ਼ੂਬਸੂਰਤ ਹਿੱਸਾ ਹੈ ਲੋਕ ਅਦਬ। ਤੁਸੀਂ ਇਸ ਵਿਰਸੇ ਦੇ ਇਕ ਬਹੁਤ ਹੀ ਵੱਖਰੇ ਅਤੇ ਉੱਘੇ ਕਾਰਜਕਰਤਾ ਵਜੋਂ ਜਾਣੇ ਜਾਂਦੇ ਹੋ। ਕੀ ਤੁਸੀਂ ਪਹਿਲਾਂ ਸਾਨੂੰ ਇਸ ਬਾਰੇ ਕੁਝ ਚਾਨਣ ਪਾਓਗੇ ਕਿ ਸਹੀ ਮਾਨਿਆਂ ਵਿਚ ਲੋਕ ਅਦਬ ਕੀ ਹੁੰਦਾ ਹੈ?*

ਜ਼ਰੂਰ ਮਨੁ ਜੀ! ਕਿਸੇ ਖਾਸ ਜੁਗਰਾਫ਼ਿਆਈ ਖਿੱਤੇ ਵਿਚ ਵਸਦੇ ਜਨਸਮੂਹ ਜਾਂ ਜਾਤੀ ਦੇ ਜਜ਼ਬਿਆਂ, ਆਖਾਂਕਿਆਵਾਂ, ਉਮੰਗਾਂ, ਖੁਸ਼ੀਆਂ-ਗ਼ਮੀਆਂ ਦੇ ਜਜ਼ਬਿਆਂ ਦੀ ਤਰਜਮਾਨੀ ਕਰਦਾ ਉਹ ਜ਼ੁਬਾਨੀ ਕਲਾਮੀ ਅਦਬ ਜੋ ਸਦੀਆਂ ਦਾ ਪੈਂਡਾ ਝਾਗ ਕੇ ਸਾਡੇ ਤੀਕ ਪੀੜ੍ਹੀ ਦਰ ਪੀੜ੍ਹੀ ਪੁਜਦਾ ਹੈ, ਨੂੰ ਲੋਕ ਅਦਬ ਆਖਿਆ ਜਾਂਦਾ ਹੈ। ਇਸ ਦੇ ਰਚਨਹਾਰਿਆਂ ਦੇ ਨਾਵਾਂ-ਥਾਵਾਂ ਦਾ ਵੀ ਕੋਈ ਅਤਾ ਪਤਾ ਨਹੀਂ। ਅਜੋਕੇ ਜੁਗ ਵਿਚ ਆਕੇ ਹੀ ਇਸਨੂੰ ਕਲਮਬੱਧ ਕੀਤਾ ਗਿਆ ਹੈ ਤੇ ਇਹ ਲਿਖਿਤ ਰੂਪ ਵਿਚ ਸਾਂਭਿਆ ਗਿਆ ਹੈ।

*ਲੋਕ ਅਦਬ ਵਿਚ ਕੀ ਕੀ ਵੰਨਗੀਆਂ ਸ਼ਾਮਿਲ ਕੀਤੀਆ ਜਾ ਸਕਦੀਆਂ ਹਨ?*



Academy of the Punjab in North America - APNA: http://www.apnaorg.com

ਲੋਕ ਅਦਬ ਵਿਚ ਲੋਕ ਕਥਾਵਾਂ, ਬੁਝਾਰਤਾਂ, ਲੋਕ ਗੀਤਾਂ ਲੋਕ ਅਖਾਣ ਅਤੇ ਮੁਹਾਵਰੇ ਵਗ਼ੈਰਾ ਸ਼ਾਮਿਲ ਹਨ।

*ਲੋਕ-ਅਦਬ ਖਾਸ ਕਰਕੇ ਇਸਨੂੰ ਵੇਰਵੇ ਸਮੇਤ ਪੇਸ਼ ਕਰਨ ਦੇ ਇਸ ਕਾਰਜ ਲਈ ਤੁਸੀਂ ਕੋਈ ਉਚੇਚੀ ਤਾਅਲੀਮ ਵੀ ਹਾਸਿਲ ਕੀਤੀ। ਬੜਾ ਚੰਗਾ ਲੱਗੇਗਾ ਜੇ ਤੁਸੀਂ ਨਾਲ ਹੀ ਆਪਣੀ ਪੜ੍ਹਾਈ ਬਾਰੇ ਵੀ ਪਾਠਕਾਂ ਨੂੰ ਥੋੜਾ ਦਸੋਗੇ ਜੀ।*

ਜੀ, ਉਰਦੂ ਮੀਡੀਅਮ ਨਾਲ ਆਪਣੇ ਪਿੰਡ ਮਾਦਪੁਰ ਦੇ ਪ੍ਰਾਇਮਰੀ ਸਕੂਲ ਤੋਂ ਚੌਥੀ ਜਮਾਤ ਪਾਸ ਕਰਕੇ ਮੈਂ ਖਾਲਸਾ ਹਾਈ ਸਕੂਲ, ਜਸਪਾਲੋਂ, ਤੋਂ ਦਸਵੀਂ ਪਾਸ ਕੀਤੀ। ਇਸ ਤੋਂ ਮਗਰੋਂ ਖਾਲਸਾ ਹਾਈ ਸਕੂਲ, ਕੁਰਾਲੀ, ਜ਼ਿਲਾ ਰੋਪੜ ਤੋਂ ਜੇ.ਬੀ.ਟੀ. ਪਾਸ ਕਰਣ ਮਗਰੋਂ ਮੈਂ ਜ਼ਿਲ੍ਹਾ ਲੁਧਿਆਣਾ ਦੇ ਨਿੱਕੇ ਜਿਹੇ ਪਿੰਡ ਢਿੱਲਵਾਂ ਦੇ ਪ੍ਰਾਇਮਰੀ ਸਕੂਲ ਵਿਚ ਉਸਤਾਦ ਜਾ ਲੱਗਿਆ। ਉਦੋਂ ਮੇਰੀ ਉਮਰ ਮਸਾਂ 19 ਸਾਲਾਂ ਦੀ ਸੀ। ਇਹ ਸਕੂਲ ਮੇਰੀ ਯੂਨੀਵਰਸਟੀ ਸਾਬਿਤ ਹੋਇਆ। 19 ਮਈ 1954 ਨੂੰ ਮੈਂ ਇਸ ਪ੍ਰਾਇਮਰੀ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਤੇ ਨਾਲ ਹੀ ਅਦਬ ਦੀ ਪੜ੍ਹਾਈ ਵੀ ਸ਼ੁਰੂ ਕਰ ਦਿੱਤੀ। ਤੁਰਦਿਆਂ ਤੁਰਦਿਆਂ ਪ੍ਰਾਈਵੇਟ ਪੜ੍ਹਿਆਰ ਦੇ ਤੌਰ ਤੇ ਪੰਜਾਬੀ ਦੀ ਐਮ.ਏ. ਤਕ ਤਾਲੀਮ ਹਾਸਿਲ ਕਰ ਲਈ।

ਬਾਕੀ, ਲੋਕ ਅਦਬ ਦੇ ਨੂੰ ਜੋੜਨ ਲਈ ਮੈਨੂੰ ਕੋਈ ਉਚੇਚੀ ਸਿੱਖਿਆ ਦੀ ਲੋੜ ਮਹਿਸੂਸ ਨਹੀਂ ਹੋਈ।

*ਲੋਕ-ਅਦਬ ਨੂੰ ਸਾਂਭਣ, ਸਜਾਣ ਅਤੇ ਸੰਵਾਰਣ ਦਾ ਇਹ ਚਾਅ, ਇਹ ਜਨੂਨ ਤੁਹਾਡੇ ਅੰਦਰ ਕਿਵੇਂ ਪੈਦਾ ਹੋਇਆ? ਕਿਸ ਤੁਹਾਨੂੰ ਇਸ ਪਾਸੇ ਪ੍ਰੇਰਿਤ ਕੀਤਾ?*

ਮਨੁ ਜੀ, ਮੈਨੂੰ ਮਾਣ ਹਾਸਿਲ ਹੈ ਇਕ ਅਜਿਹੇ ਕਿਰਸਾਨੀ ਟੱਬਰ ਵਿਚ ਜਨਮ ਲੈਣ ਦਾ ਜਿਸਦੇ ਹਰ ਜੀਅ ਦੀ ਜ਼ੁਬਾਨ ਤੋਂ ਉਚਰੀਆਂ ਕਿਸੇ ਨਾ ਕਿਸੇ ਲੋਕ ਗੀਤ ਦੀਆਂ ਸਤਰਾਂ ਹਰ ਵੇਲੇ ਕੰਨਾਂ ਵਿਚ ਰਸ ਘੋਲਦੀਆਂ ਰਹਿੰਦੀਆਂ ਸਨ। ਸਾਡੇ ਘਰ ਵਿਚ...... ਸਾਡੇ ਖੇਤਾਂ ਵਿਚ......, ਸਾਡੇ ਆਲੇ ਦੁਆਲੇ...... ਲੋਕ ਗੀਤਾਂ ਦੇ ਬੋਲ ਇਕਮਿਕ ਹੋ ਕੇ ਹਵਾ ਵਿਚ ਘੁਲੇ ਹੋਏ ਸਨ।

ਮੇਰੀ ਬੇਬੇ ਸੁਰਜੀਤ ਕੌਰ ਨੂੰ ਬਹੁਤ ਸਾਰੇ ਲੋਕ ਗੀਤ ਯਾਦ ਸਨ। ਜਦੋਂ ਤੜਕਿਓਂ ਹਾਜ਼ਰੀ ਲਈ ਆਟਾ ਪੀਹਣ ਲਈ ਉਸਨੇ ਚੱਕੀ ਝੋਣੀ ਤਾਂ ਨਾਲ ਕੋਈ ਨਾ ਕੋਈ ਦਰਦੀਲਾ ਗੀਤ ਗਾਈ ਜਾਣਾ। ਇਸ ਤਰ੍ਹਾਂ ਚਰਖਾ ਕੱਤਦਿਆਂ ਵੀ ਕੋਈ ਲੰਬਾ ਗੀਤ ਛੋਹ ਲੈਂਦੀ। ਬਚਪਨ ਤੋਂ ਹੀ ਇੰਨਾ ਗੀਤਾਂ ਦਾ ਅਸਰ ਮੇਰੇ ਮਨ 'ਤੇ ਪੈਂਦਾ ਗਿਆ... ਭਾਵੇਂ ਓਦੋਂ ਉਨ੍ਹਾ ਦੀ ਪੂਰੀ ਸਮਝ ਮੈਨੂੰ ਨਹੀਂ ਸੀ ਪੈਂਦੀ ਪਰ ਫ਼ੇਰ ਵੀ ਮੈਂ ਇਕ ਚਿੱਤ ਹੋ ਕੇ ਉਨ੍ਹਾਂ ਨੂੰ ਸੁਣਦਾ ਰਹਿੰਦਾ ਤੇ ਕੋਈ ਵਧੀਆ ਸੁਆਦ ਮਾਣਦਾ।

ਮੇਰੀ ਤਾਈ ਪੰਜਾਬ ਕੌਰ, ਜਿਸ ਨੂੰ ਅਸੀਂ ਮਾਂ ਆਖਦੇ ਸਾਂ, ਉਹ ਵੀ ਘਰ ਦਾ ਕੰਮ ਕਰਦਿਆਂ, ਅਟੇਰਨ ਟੇਰਦਿਆਂ ਜਾਂ ਬੇਲਣੇ 'ਤੇ ਕਪਾਹ ਵੇਲਦਿਆਂ, ਕੋਈ ਨਾ ਕੋਈ ਬਿਰਹੋਂ ਕੁੱਠਾ ਗੀਤ ਗੁਣਗੁਣਾਉਂਦੀ ਰਹਿੰਦੀ। ਮੇਰਾ ਤਾਇਆ ਰਣ ਸਿੰਘ ਪਹਿਲੀ ਸੰਸਾਰ ਜੰਗ ਵੇਲੇ ਫ਼ੌਜ ਵਿਚ ਭਰਤੀ ਹੋ ਗਿਆ ਸੀ। ਉਸਦੇ, ਕਾਫ਼ੀ ਲੰਮਾ ਚਿਰ ਬਸਰੇ, ਬਰਮਾਂ ਵਿਚ ਰਹਿਣ ਕਰਕੇ ਮੇਰੀ ਮਾਂ ਨੇ ਬਿਰਹੋਂ ਦੇ ਸੱਲ ਝੱਲੇ ਹੋਏ ਸਨ। ਇਸੇ ਲਈ ਉਹ ਬਿਰਹਾ ਗੀਤ ਗਾ ਕੇ ਆਪਣਾ ਮਨ ਹੌਲਾ ਕਰ ਲੈਂਦੀ ਸੀ। ਮੇਰੀ ਮਾਂ ਅਤੇ ਬੇਬੇ ਰਲ ਕੇ ਅਕਸਰ ਗੀਤ ਗਾਂਉਂਦੀਆ ਰਹਿੰਦੀਆਂ। ਇਹ ਗੀਤ ਅਛੋਪਲੇ ਹੀ ਮੇਰੇ ਚੇਤਿਆ ਵਿਚ ਵਸਦੇ ਰਹੇ।



Academy of the Punjab in North America - APNA: http://www.apnaorg.com



**ਸੁਆਣੀਆਂ ਇਹ ਗੀਤ ਲੰਮੀਆਂ ਹੇਕਾਂ ਲਾ ਕੇ ਗਾਉਂਦੀਆਂ ਹਨ ਤਾਂ ਚਾਰੇ ਬੰਨੇ ਸਿਸਕੀਆਂ ਤੇ ਹਾਉਕੇ ਸੁਣਾਈ ਦਿੰਦੇ ਹਨ। ਅੱਖਾਂ ਭਰ ਭਰ ਜਾਂਦੀਆ ਹਨ। ਸਦੀਆਂ ਤੋਂ ਮੁਆਸ਼ੀ ਅਤੇ ਸਮਾਜੀ ਗੁਲਾਮੀ ਦਾ ਦੁਖ ਭੋਗਦੀ ਪੰਜਾਬੀ ਮੁਟਿਆਰ ਨੇ ਆਪਣੀਆਂ ਸੱਧਰਾਂ, ਚਾਅ, ਜਜ਼ਬਾਤ, ਉਮੰਗਾਂ ਅਤੇ ਅਤੇ ਜੀਵਨ ਦੇ ਹੋਰ ਕਈ ਮਾੜੇ ਪੱਖਾਂ ਦਾ ਇਜ਼ਹਾਰ ਇੰਨਾ ਦਰਦ ਭਰੇ ਸੁਰ ਵਾਲੇ ਗੌਣਾਂ ਰਾਹੀਂ ਕੀਤਾ ਹੈ।**

ਮੇਰਾ ਬਾਪੂ ਦਿਆ ਸਿੰਘ ਖੇਤੀ ਕਰਦਾ ਸੀ। ਉਨ੍ਹਾਂ ਦਿਨਾਂ 'ਚ ਟਿਊਬਵੈਲ ਨਹੀਂ ਸੀ ਹੁੰਦੇ। ਸਾਂਝੇ ਖੂਹ ਹੁੰਦੇ ਸਨ, ਹਰਟ ਚਲਦੇ। ਕਦੀ ਅੱਧੀ ਰਾਤ ਨੂੰ ਵਾਰੀ ਆਉਣੀ, ਕਦੀ ਤੜਕਿਓਂ ਰਹਟ ਜੋੜਨੇ। ਪਾਣੀ ਨੇ ਸੁਸਰੀ ਦੀ ਤੋਰ ਤੁਰਦਿਆਂ ਖੇਤਾਂ 'ਚ ਪੁੱਜਣਾ। ਨਾਕੀ ਨੇ ਕਿਆਰਾ ਭਰਨ ਦੀ ਉਡੀਕ ਕਰਨੀ। ਇਹੀ ਉਹ ਵੇਲਾ ਹੁੰਦਾ ਸੀ ਜਦੋਂ ਬਿਰਹਾ ਦੀਆਂ ਕੂਲ੍ਹਾਂ ਵਹਿ ਟੁਰਦੀਆਂ। ਸੁਨਸਾਨ ਤੇ ਟਿਕੀ ਹੋਈ ਰਾਤ ਵਿੱਚ ਕਿਸੇ ਨਾਕੀ ਨੇ ਦੋਹਾ ਲਾਉਣਾ ਕਿਸੇ ਨੇ ਕਲੀ। ਮੇਰੇ ਬਾਪੂ ਨੂੰ ਸੈਂਕੜਿਆਂ ਦੀ ਗਿਣਤੀ ਵਿੱਚ ਦੋਹੇ ਤੇ ਕਲੀਆਂ ਯਾਦ ਸਨ.. ਮੈਂ ਉਸ ਦੇ ਨਾਲ ਨੱਕੇ ਛੱਡਦਾ ਇਹ ਗੀਤ ਸੁਣਦਾ ਰਹਿੰਦਾ.. ਸੁੱਤੇ ਸਿੱਧ ਹੀ ਇਹ ਦੋਹੇ ਤੇ ਕਲੀਆਂ ਮੇਰੇ ਧੁਰ ਅੰਦਰ ਲਹਿ ਗਏ।

ਇਸੇ ਤਰਹਾਂ ਜਦੋਂ ਸਾਡੇ ਆਂਢ-ਗੁਆਂਢ ਦੇ ਸ਼ਰੀਕੇ ਵਿੱਚ ਕਿਸੇ ਮੁੰਡੇ ਕੁੜੀ ਦਾ ਮੰਗਣਾ ਜਾਂ ਵਿਆਹ ਹੋਣਾ ਤੇ ਕੁੜੀ ਮੁੰਡੇ ਵਾਲਿਆਂ ਦੇ ਘਰ ਮਹੀਨਾ ਮਹੀਨਾ ਪਹਿਲਾਂ ਆਥਣ ਵੇਲੇ ਸੁਹਾਗ ਤੇ ਘੋੜੀਆਂ ਗਾਈਆਂ ਜਾਂਦੀਆਂ। ਵਿਆਹਾਂ ਨੂੰ ਹੋਰੇ ਤੇ ਸਿੱਠਣੀਆਂ ਸੁਣ ਕੇ ਰੂਹ ਸਰਸ਼ਾਰ ਹੋ ਜਾਣੀ। ਕੱਚੇ ਦੁੱਧ ਦੀਆਂ ਧਾਰਾਂ ਵਰਗਾ ਸੁਵਾਦ ਮਾਨਣਾਂ ਕਰਨਾ।

ਮੈਨੂੰ ਜਾਪਿਆ ਕਿ ਲੋਕ ਗੀਤਾਂ ਦਾ ਇਹ ਖਜ਼ਾਨਾ ਕਿਤੇ ਸਾਡੇ ਬਜ਼ੁਰਗਾਂ ਦੇ ਨਾਲ ਹੀ ਨਾ ਮੁੱਕ ਜਾਏ। ਇਸ ਲਈ ਮੈਂ ਕਾਪੀ-ਕਲਮ ਚੁੱਕ ਲਈ ਤੇ ਜਿਥੋਂ ਕਿਤੋਂ ਵੀ ਮੈਨੂੰ ਬੋਲ ਲੱਭਦੇ, ਮੈਂ ਉਨ੍ਹਾਂ ਨੂੰ ਕਲਮਬੱਧ ਕਰ ਲੈਂਦਾ। ਹੁਣ ਤਾਂ ਮੇਰੇ ਤੇ ਗੀਤ ਇਕੱਠੇ ਕਰਣ ਦੀ ਧੁਨ ਸਵਾਰ ਹੋ ਗਈ ਸੀ। ਜਿੱਥੇ ਕਿਤੇ ਵੀ ਕਿਸੇ ਬੁੱਢੀ ਮਾਈ ਦਾ ਪਤਾ ਲੱਗਣਾ ਉਸ ਅੱਗੇ ਜਾ ਝੋਲੀ ਅੱਡਣੀ। ਇਸ ਤਰ੍ਹਾਂ ਗੀਤ ਇਕੱਠੇ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ।

*ਬਹੁਤ ਹੀ ਖ਼ੂਬਸੂਰਤ! ਕੁਝ ਪਲ ਲਈ ਤਾਂ ਅਸੀਂ ਵੀ ਤੁਹਾਡੇ ਨਾਲ ਲੋਕ ਵਿਰਸੇ ਦੇ ਇਸ ਭਾਵਕ ਵਹਿਣ ਵਿਚ ਵਹਿ ਗਏ ਸਾਂ...... ਹੁਣ ਤੁਸੀਂ ਸਾਨੂੰ ਦੱਸੋਗੇ ਕਿ ਤੁਸੀਂ ਲੋਕ ਅਦਬ ਕਿਹੜੇ ਕਿਹੜੇ ਸੋਮਿਆਂ ਤੋਂ ਹਾਸਿਲ ਕੀਤਾ?*

ਮਨੁ ਜੀ, ਸੋਮੇਂ ਤਾਂ ਪਿਛਲੇ ਬਜ਼ੁਰਗ ਤੇ ਮਾਈਆਂ ਹੀ ਸਨ ਜਿਨ੍ਹਾਂ ਦੀਆ ਹਿਕੜੀਆਂ ਵਿੱਚ ਸੈਂਕੜਿਆਂ ਦੀ ਗਿਣਤੀ ਵਿਚ ਗੀਤ, ਲੋਕ ਕਥਾਵਾਂ, ਬੁਝਾਰਤਾਂ ਅਤੇ ਅਖਾਣ ਸਾਂਭੇ ਹੋਏ ਸਨ।

*ਕੀ ਇਸ ਕੰਮ ਦੌਰਾਨ ਤੁਹਾਨੂੰ ਕੋਈ ਔਕੜਾਂ ਵੀ ਪੇਸ਼ ਆਈਆਂ?*

ਜੀ ਬੇਸ਼ਕ - ਕਈ ਔਕੜਾਂ ਵੀ ਪੇਸ਼ ਆਈਆਂ। ਬੁੜ੍ਹੀਆਂ ਪਾਸੋਂ ਗੀਤ ਲਿਖਵਾਉਣੇ ਕਿਹੜਾ ਸੌਖੇ ਨੇ। ਗਾਉਣਾ ਸੌਖਾ ਏ ਲਿਖਣਾ ਔਖਾ। ਮਾਈਆਂ ਨੂੰ ਗੀਤ ਲਿਖਵਾਉਣ ਲਈ ਮਸਾਂ ਮਨਾਉਣਾ...



Academy of the Punjab in North America - APNA: http://www.apnaorg.com

ਆਖਣਾ ਬੇਬੇ ਤੇਰੇ ਨਾਲ ਹੀ ਇਹ ਮੁੱਕ ਜਾਣਗੇ। ਅਜਕੂਲ ਤਾਂ ਟੇਪਰੀਕਾਰਡਰ ਹਨ। ਓਦੋਂ ਇਹ ਸਹੂਲਤਾਂ ਕਿੱਥੇ ਸਨ ਕਿ ਗਾਉਂਦੀਆਂ ਦੀ ਚੋਰੀ ਟੇਪ ਭਰੀ ਜਾਵੇ। ਮੁਟਿਆਰਾਂ ਗੀਤ ਲਖਾਉਣੋਂ ਉਂਜ ਹੀ ਸੰਗਦੀਆਂ ਸਨ। ਚਾਰੇ ਬੰਨੇ ਅਨਪੜ੍ਹਤਾ ਦਾ ਪਸਾਰਾ ਸੀ। ਲੋਕ ਗੀਤਾਂ ਦੀ ਅਹਿਮੀਅਤ ਦਾ ਭਲਾ ਆਮ ਲੋਕਾਂ ਨੂੰ ਕਿੱਥੇ ਪਤਾ ਹੋਣਾ ਸੀ ਓਦੋਂ ਤਾਂ ਮੈਨੂੰ ਵੀ ਇਸ ਦੀ ਸਾਰ ਨਹੀਂ ਸੀ। ਅਗਵਾਈ ਦੇਣ ਵਾਲਾ ਵੀ ਕੋਈ ਨਹੀਂ ਸੀ।

*ਮਾਦਪੁਰੀ ਜੀ, ਲੋਕ ਅਦਬ ਦਾ ਇਕ ਬਹੁਤ ਵੱਡਾ ਅਤੇ ਪਸੰਦੀਦਾ ਰੂਪ ਹੈ ਲੋਕ ਗੀਤ। ਕੋਈ ਖਾਸ ਲੋਕ ਗੀਤ ਜਿਨ੍ਹਾਂ ਦਾ ਤੁਸੀਂ ਜ਼ਿਕਰ ਕਰਨਾ ਚਾਹੋ ਗੇ ?*

ਮਨੁ ਜੀ, ਕਿਹੜੇ ਕਿਹੜੇ ਲੋਕ ਗੀਤ ਦੀ ਗੱਲ ਕਰਾਂ, ਹਜ਼ਾਰਾਂ ਦੀ ਗਿਣਤੀ ਵਿਚ ਗੀਤ ਹਨ ਜਿਨ੍ਹਾਂ ਦੀ ਅਪਣਾ ਉਚੇਚੀ ਅਹਮੀਅਤ ਹੈ। ਸ਼ਾਇਦ ਹੀ ਜ਼ਿੰਦਗੀ ਦਾ ਕੋਈ ਅਜਿਹਾ ਮੌਜ਼ੂਅ ਹੋਵੇ ਜਿਸ ਬਾਰੇ ਸਾਡੇ ਅਦਬ ਵਿਚ ਲੋਕ ਗੀਤ ਨਾ ਮਿਲਦਾ ਹੋਵੇ।

*ਲੋਕ ਗੀਤਾਂ ਦੀ ਕੀ ਸਮਾਜੀ, ਕਲਚਰਲ ਅਤੇ ਅਦਬੀ ਅਹਮੀਅਤ ਹੈ?*

ਵੇਖੋ ਜੀ, ਲੋਕ ਗੀਤ ਕਿਸੇ ਖਾਸ ਜੁਗਰਾਫ਼ਿਆਈ ਖਿੱਤੇ ਵਿੱਚ ਵਸਦੇ ਲੋਕਾਂ ਦੇ ਹਾਵਾਂ-ਭਾਵਾਂ, ਜਜ਼ਬਿਆਂ, ਖੁਸ਼ੀਆਂ-ਗਮੀਆਂ ਅਤੇ ਉਮੰਗਾਂ ਦਾ ਇਜ਼ਹਾਰ ਹੀ ਨਹੀਂ ਕਰਦੇ ਬਲਕਿ ਉਨ੍ਹਾਂ ਦੇ ਸਮਾਜੀ ਅਤੇ ਸੱਭਿਆਚਾਰਕ ਜੀਵਨ ਦੀ ਗਾਥਾ ਵੀ ਬਿਆਨ ਕਰਦੇ ਹਨ। ਇੰਨਾਂ ਵਿਚ ਲੋਕਾਈ ਜਾਂ ਜਾਤੀ ਦੇ ਪਰੰਪਰਾਗਤ, ਕਲਚਰਲ ਅਤੇ ਸੱਭਿਆਚਾਰਕ ਤੱਤ ਸਮੋਏ ਹੁੰਦੇ ਹਨ। ਇੰਨਾ ਦੀ ਬੱਸ ਅਦਬੀ ਅਜਮੀਅਤ ਹੀ ਨਹੀਂ ਸਗੋਂ ਇੰਨਾ ਨੂੰ ਸਮਾਜੀ, ਸੱਭਿਆਚਾਰਕ ਅਤੇ ਲੋਕਧਾਰਾਈ ਪੱਖ ਤੋਂ ਵੀ ਸਮਝਣ ਦੀ ਲੋੜ ਹੈ। ਇਹ ਜੀਵਨ-ਮੁੱਲਾਂ, ਸਰੋਕਾਰਾਂ, ਸਾਕਾਦਾਰੀ ਸੰਬੰਧਾਂ ਅਤੇ ਮਾਨਵੀ ਰਿਸ਼ਤਿਆਂ ਦੇ ਭਰਪੂਰ ਵਾਹਨ ਹਨ। ਇੰਨਾ ਵਿੱਚ ਆਮ ਜੀਵਨ ਦੀ ਆਤਮਾ ਮੌਜੂਦ ਹੈ।

ਇੰਨਾ ਗੀਤਾਂ ਵਿਚ ਪੰਜਾਬ ਦੇ ਰਹਿਤਲੀ ਜੀਵਨ ਦੇ ਦ੍ਰਿਸ਼ ਸਾਫ਼ ਦਿਸਦੇ ਹਨ। ਖੂਹਾਂ ਤੇ ਪਾਣੀ ਭਰਦੀਆਂ ਮੁਟਿਆਰਾਂ, ਤ੍ਰਿੰਜਨਾਂ 'ਚ ਕੱਤਦੀਆਂ ਸੁਆਣੀਆਂ ਅਤੇ ਪੀਂਘਾਂ ਝੂਟਦੀਆਂ ਅਲੱੜ ਮੁਟਿਆਰਾਂ ਦੀਆਂ ਝਲਕੀਆਂ ਤੋਂ ਇਲਾਵਾ ਘੋੜੇ ਤੇ ਅਸਵਾਰ, ਭੈਣਾਂ ਨੂੰ ਮਿਲਣ ਆਉਂਦੇ ਵੀਰ ਅਤੇ ਡੋਲੀ ਚੁੱਕੀ ਜਾਂਦੇ ਕਹਾਰਾਂ ਦੀਆਂ ਟੋਲੀਆਂ ਦੇ ਝਲਕਾਰੇ ਵੀ ਇੰਨਾ ਗੀਤਾਂ ਵਿਚ ਨਜ਼ਰੀਂ ਪੈਂਦੇ ਹਨ।

*ਲੰਬੇ ਲੋਕ ਗੀਤਾਂ ਤੋਂ ਤੁਹਾਡਾ ਕੀ ਮਤਲਬ ਹੈ?*

ਪੰਜਾਬੀ ਦੇ ਲੰਬੇ ਲੋਕ ਗੀਤ ਜਿਨ੍ਹਾਂ ਨੂੰ ਮਾਲਵੇ ਦੀਆਂ ਸੁਆਣੀਆਂ ਲੰਬੇ ਗੌਣ ਦਾ ਨਾਂ ਦੇਂਦੀਆਂ ਹਨ, ਪੰਜਾਬ ਦੀਆਂ ਔਰਤਾਂ ਦੇ ਨਿਮਾਣੇਪਨ ਨੂੰ ਬਿਆਨ ਕਰਨ ਵਾਲੇ ਅਜਿਹੇ ਲੋਕ ਗੀਤ ਹਨ ਜਿਨ੍ਹਾਂ ਵਿਚ ਪੰਜਾਬੀ ਮੁਟਿਆਰ ਦੇ ਦੁਖਾਂ ਦੀ ਗਾਥਾ ਬੜੇ ਦਰਦ ਭਰੇ ਬੋਲਾਂ ਨਾਲ ਬਿਆਨ ਕੀਤੀ ਗਈ ਹੈ। ਸੁਆਣੀਆਂ ਇਹ ਗੀਤ ਲੰਬੀਆਂ ਹੇਕਾਂ ਲਾ ਕੇ ਗਾਉਂਦੀਆਂ ਹਨ ਤਾਂ ਚਾਰੇ ਬੰਨੇ ਸਿਸਕੀਆਂ ਤੇ ਹਾਉਕੇ ਸੁਣਾਈ ਦਿੰਦੇ ਹਨ। ਅੱਖਾਂ ਭਰ ਭਰ ਜਾਂਦੀਆ ਹਨ। ਸਦੀਆਂ ਤੋਂ ਮੁਆਸ਼ੀ ਅਤੇ ਸਮਾਜੀ ਗੁਲਾਮੀ ਦਾ ਦੁਖ ਭੋਗਦੀ ਪੰਜਾਬੀ ਮੁਟਿਆਰ ਨੇ ਆਪਣੀਆਂ ਸੱਧਰਾਂ, ਚਾਅ, ਜਜ਼ਬਾਤ, ਉਮੰਗਾਂ ਅਤੇ ਅਤੇ ਜੀਵਨ ਦੇ ਹੋਰ ਕਈ ਮਾੜੇ ਪੱਖਾਂ ਦਾ ਇਜ਼ਹਾਰ ਇੰਨਾ ਦਰਦਭਰੇ ਸੁਰ ਵਾਲੇ ਗੌਣਾਂ ਰਾਹੀਂ ਕੀਤਾ ਹੈ।

*ਤੁਹਾਡੇ ਖਿਆਲ ਵਿਚ ਇੰਨਾ ਲੋਕ ਗੀਤਾਂ ਦਾ ਕੀ ਮੁਸਤਕਬਿਲ ਹੈ?*

ਪੰਜਾਬ ਦੇ ਮੁਆਸ਼ੀ ਅਤੇ ਸਮਾਜੀ ਸਰੋਕਾਰ ਤਬਦੀਲ ਹੋਣ ਦੇ ਕਾਰਣ ਇਹ ਲੰਬੇ ਗੌਣ ਪੰਜਾਬੀ ਸੁਆਣੀਆਂ ਦੇ ਚੇਤਿਆਂ ਚੋਂ ਵਿੱਸਰ ਰਹੇ ਹਨ ਅਤੇ ਇੰਨਾ ਨੂੰ ਸਿਰਜਣ ਦਾ ਆਹਰ ਵੀ ਕਿਸੇ ਹੱਦ



Academy of the Punjab in North America - APNA: http://www.apnaorg.com

ਤਕ ਮੁਕ ਗਿਆ ਹੈ। ਇਹ ਪੰਜਾਬੀਆਂ ਦੀ ਮੁੱਲਵਾਨ ਵਿਰਾਸਤ ਦੇ ਮਾਣਕ ਮੋਤੀ ਹਨ। ਇਨ੍ਹਾ ਅਣੋਖੇ ਮੋਤੀਆਂ ਨੂੰ ਮੈਂ 'ਸ਼ਾਵਾ ਨੀ ਬੰਬੀਹਾ ਬੋਲੇ'(2008) ਸੰਗ੍ਰਹਿ ਵਿਚ ਸਾਂਭ ਕੇ ਆਪਣੇ ਵਡੇਰਿਆਂ ਦਾ ਰਿਣ ਚੁਕਾਉਣ ਦਾ ਨਿਮਾਣਾ ਜਿਹਾ ਜਤਨ ਕਰ ਰਿਹਾ ਹਾਂ। ਮੈਨੂੰ ਆਸ ਹੈ ਕਿ ਪੰਜਾਬੀ ਲੋਕਧਾਰਾ ਦੇ ਮਿਹਨਤੀ ਸੂਝਵਾਨ ਅਤੇ ਖੋਜਕਾਰ ਇਨ੍ਹਾ ਲੋਕ ਗੀਤਾਂ ਨੂੰ ਅਦਬੀ ਬੋਲੀ ਦੀ ਜਾਣਕਾਰੀ Sociology ਦੀ ਜਾਣਕਾਰੀ ਅਤੇ ਰਹਿਤਲ ਦੀ ਜਾਣਕਾਰੀ ਦੇ ਪਖ ਤੋਂ ਕਾਬੂ ਕਰਨਗੇ।

*ਤੁਹਾਡੇ ਲਿਖਣ ਦੀ ਸ਼ੁਰੂਆਤ ਕਦੋਂ ਅਤੇ ਕਿਵੇਂ ਹੋਈ ਸੀ ? ਕੁਝ ਉਨ੍ਹਾਂ ਸ਼ਖਸੀਅਤਾਂ ਦਾ ਜ਼ਿਕਰ ਕਰਨਾ ਚਾਹੋਗੇ ਜਿਨ੍ਹਾਂ ਨੇ ਤੁਹਾਨੂੰ ਇਕ ਵੱਖਰੇ ਲੇਖਕ ਵਜੋਂ ਉਭਰਨ ਵਿਚ ਮਦਦ ਕੀਤੀ?*

ਮਨੁ ਜੀ, ਮੈਂ ਇੱਥੇ ਜ਼ਿਕਰ ਕਰਨਾ ਚਾਹਾਂਗਾ ਕਿ ਲੋਕਗੀਤ ਇਕੱਠੇ ਕਰਦਿਆਂ, ਮੈਨੂੰ ਬੇਬੇ ਬੱਸੋ ਕੋਲੋਂ ਇਕ ਤਾਰੀਖੀ ਗੀਤ "ਮੁਗਲਾਂ ਨੇ ਘੋੜਾ ਪੀੜਿਆ ਸੁੰਦਰੀ ਪਾਣੀ ਨੂੰ ਜਾਏ" ਹਾਸਲ ਹੋਇਆ ਸੀ। ਇਸ ਗੀਤ ਬਾਰੇ ਮੈਂ ਇਕ ਲੇਖ "ਇਕ ਤਾਰੀਖੀ ਲੋਕ ਗੀਤ" ਸਿਰਲੇਖ ਹੇਠ ਲਿਖ ਕੇ ਬੋਲੀ ਡਿਪਾਰਟਮਿੰਟ ਪਟਿਆਲਾ ਦੇ ਮਾਸਿਕ ਪੱਤਰ 'ਪੰਜਾਬੀ ਦੁਨੀਆਂ' ਨੂੰ ਭੇਜ ਦਿੱਤਾ। ਇਹ ਉਸ ਵੇਲੇ ਦਾ ਸਿਰਮੌਰ ਮਾਸਿਕ ਪੱਤਰ ਸੀ। ਮੇਰਾ ਇਹ ਲੇਖ 'ਪੰਜਾਬੀ ਦੁਨੀਆਂ' ਦੇ ਨਵੰਬਰ-ਦਸੰਬਰ 1954 ਦੇ ਅੰਕ ਵਿਚ ਛਪ ਗਿਆ। ਪ੍ਰੋ: ਪਿਆਰਾ ਸਿੰਘ ਪਦਮ ਇਸ ਰਸਾਲੇ ਦੇ ਐਡੀਟਰ ਸਨ। ਇੰਨਾ ਨੇ ਮੈਨੂੰ ਜੋਸ਼ ਅਤੇ ਉਸ਼ਕਲ ਭਰੀ ਚਿੱਠੀ ਲਿਖ ਕੇ ਮੇਰੀ ਹੌਸਲਾ ਅਫ਼ਜ਼ਾਈ ਕੀਤੀ। ਓਦੋਂ ਮੈਂ ਅਜੇ ਵੀਹ ਸਾਲਾਂ ਦਾ ਵੀ ਨਹੀਂ ਸੀ ਹੋਇਆ। ਸਰਕਾਰੀ ਕਾਗਜ਼ਾਂ ਮੁਤਾਬਕ ਜਨਮ ਮੇਰੀ ਤਰੀਖ਼ 12 ਜੂਨ 1935 ਹੈ।

ਇਸੇ ਤਰ੍ਹਾਂ ਹੀ ਇਕ ਹੋਰ ਲੰਬਾ ਗੀਤ "ਸੱਸੇ ਟੇਰਨ ਟੇਰਦੀਏ, ਨੀ ਘਰ ਆਈਦਾ ਵੀਰ..." ਬਾਰੇ "ਤ੍ਰਿੰਜਣ ਦਾ ਇਕ ਗੀਤ" ਨਾਮੀ ਲੇਖ ਲਿਖ ਕੇ ਮੈਂ ਅੰਬਾਲੇ ਤੋਂ ਛਪਣ ਵਾਲੇ ਮਸ਼ਹੂਰ ਮਾਸਿਕ ਪੱਤਰ 'ਜਾਗ੍ਰਤੀ' ਨੂੰ ਭੇਜ ਦਿੱਤਾ ਜਿਹੜਾ ਇਸ ਦੇ ਜਨਵਰੀ 1955 ਅੰਕ ਵਿਚ ਛਪ ਗਿਆ। ਮਸ਼ਹੂਰ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਇਸ ਰਸਾਲੇ ਦੇ ਐਡੀਟਰ ਸਨ। ਉਨ੍ਹਾਂ ਨੇ ਇਹ ਲੇਖ ਪਸੰਦ ਹੀ ਨਹੀਂ ਕੀਤਾ ਸਗੋਂ ਹੌਸਲਾ ਵਧਾਊ ਖ਼ਤ ਲਿਖ ਕੇ ਮੇਰੇ ਪਾਸੋਂ ਹੋਰ ਲੇਖਾਂ ਦੀ ਮੰਗ ਕੀਤੀ ਅਤੇ ਲੋਕ ਗੀਤਾਂ ਬਾਰੇ ਮੇਰੇ ਕਈ ਲੇਖ 'ਜਾਗ੍ਰਤੀ' ਵਿੱਚ ਛਾਪ ਕੇ ਮੈਨੂੰ ਸਦਾ ਲਈ ਲੋਕ ਅਦਬ ਦੇ ਖੇਤਰ ਨਾਲ ਜੋੜ ਦਿੱਤਾ।

*ਲੋਕ ਗੀਤਾਂ ਤੋਂ ਇਲਾਵਾ ਤੁਸੀਂ ਸਾਡੇ ਲੋਕ ਵਿਰਸੇ ਦੇ ਹੋਰ ਕਈ ਪੱਖਾਂ ਤੇ ਵੀ ਬਹੁਤ ਕੰਮ ਕੀਤਾ ਹੈ। ਉਨ੍ਹਾਂ ਬਾਰੇ ਵੀ ਸਾਨੂੰ ਜਾਣਕਾਰੀ ਦਿਉ ਗੇ ਜੀ?*

ਮਨੁ ਜੀ, ਕਿਸਾਨੀ ਲੋਕ ਅਦਬ ਨੂੰ ਮੈਂ 'ਮਹਿਕ ਪੰਜਾਬ ਦੀ' (2004) ਨਾਮੀ ਕਿਤਾਬ ਵਿਚ ਸਾਂਭਿਆ ਹੈ। ਅੱਜ ਮੁੱਕ ਗਈਆਂ ਪੇਂਡੂ ਖੇਡਾਂ ਬਾਰੇ ਮੇਰੀਆ ਦੋ ਕਿਤਾਬਾਂ ਹਨ 'ਪੰਜਾਬ ਦੀਆਂ ਲੋਕ ਖੇਡਾਂ' (1976) ਅਤੇ 'ਪੰਜਾਬ ਦੀਆ ਵਿਰਾਸਤੀ ਖੇਡਾਂ' (2005)। ਪੰਜਾਬੀ ਸਭਿਆਚਾਰ ਬਾਰੇ ਮੇਰੀਆਂ ਦੋ ਹੋਰ ਕਿਤਾਬਾਂ "ਪੰਜਾਬ ਦੇ ਲੋਕ ਨਾਇਕ' (2005) ਅਤੇ 'ਪੰਜਾਬੀ ਸਭਿਆਚਾਰ ਦੀ ਆਰਸੀ' (2006)। 'ਲੋਕ ਵਿਆਖਿਆ' (2007) ਲੋਕ ਅਖਾਣਾਂ ਅਤੇ ਮੁਹਾਵਰਿਆਂ ਦਾ ਕੋਹ ਹੈ। 'ਆਓ ਨੱਚੀਏ' (1995) ਅਤੇ 'ਮੇਲੇ ਤੇ ਤਿਉਹਾਰ' (1995) ਇਸੇ ਲੜੀ ਦੀਆਂ ਦੋ ਹੋਰ ਕਿਤਾਬਾਂ ਹਨ।

ਜੀਵਨ ਸਿੰਘ, ਮਾਲਕ ਲਾਹੌਰ ਬੁਕ ਸ਼ਾਪ, ਲੁਧਿਆਣਾ ਦੀ ਪਾਰਖੂ ਅੱਖ ਨੇ ਮੇਰੇ ਪਾਸੋਂ ਲੋਕ ਬੁਝਾਰਤਾਂ ਦੀ ਸੋਧ ਦਾ ਕਾਰਜ ਕਰਵਾਇਆ। ਮੇਰੀ 'ਲੋਕ ਬੁਝਾਰਤਾਂ' ਨਾਂ ਦੀ ਪਹਿਲੀ ਕਿਤਾਬ ਉਨ੍ਹਾ ਨੇ ਅਗਸਤ 1956 ਵਿਚ ਛਾਪੀ, ਜਿਸ ਦਾ ਪੂਰੀ ਤਫ਼ਸੀਲ ਨਾਲ ਮੁੱਖ ਬੰਦ ਪ੍ਰੋ: ਪਿਆਰਾ ਸਿੰਘ ਪਦਮ



Academy of the Punjab in North America - APNA: http://www.apnaorg.com

ਨੇ ਲਿਖਿਆ। ਅਗਲੇ ਵਰ੍ਹੇ 1957 ਵਿੱਚ ਮੇਰੀ ਲੋਕ ਕਹਾਣੀਆਂ ਦੀ ਕਿਤਾਬ 'ਜ਼ਰੀ ਦਾ ਟੋਟਾ' ਸਰਦਾਰ ਜੀਵਨ ਸਿੰਘ ਹੋਰਾਂ ਨੇ ਛਾਪ ਕੇ ਮੈਨੂੰ ਲੋਕ ਅਦਬ ਦੇ ਖੇਤਰ ਵਿੱਚ ਦ੍ਰਿੜਤਾ ਨਾਲ ਜੁਟੇ ਰਹਿਣ ਲਈ ਉਤਅਦਬ ਕੀਤਾ। ਬੁਝਾਰਤਾਂ ਦੇ ਮੇਰੇ ਦੋ ਹੋਰ ਸੰਗ੍ਰਹਿ 'ਪੰਜਾਬੀ ਬੁਝਾਰਤਾਂ' 1979 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਅਤੇ 'ਪੰਜਾਬੀ ਬੁਝਾਰਤ ਕੋਹ' 2008 ਵਿੱਚ ਲਾਹੌਰ ਬੁਕ ਸ਼ਾਪ ਲੁਧਿਆਣਾ ਵੱਲੋਂ ਛਾਪੇ ਗਏ ਹਨ।

'ਜ਼ਰੀ ਦਾ ਟੋਟਾ' ਤੋਂ ਬਾਦ ਲੋਕ ਕਹਾਣੀਆਂ ਦੀਆਂ ਮੇਰੀਆਂ ਤਿੰਨ ਕਿਤਾਬਾਂ 'ਭਾਰੀ ਲੋਕ ਕਹਾਣੀਆਂ' (1991) 'ਬਾਤਾਂ ਦੇਸ ਪੰਜਾਬ ਦੀਆਂ' (2003) ਅਤੇ 'ਦੇਸ ਪਰਦੇਸ ਦੀਆ ਲੋਕ ਕਹਾਣੀਆਂ' (2006) ਛਪੀਆਂ।

*ਲੋਕ ਅਦਬ ਨੂੰ ਲਿਖਿਤ ਰੂਪ ਵਿਚ ਸਾਂਭਣ ਲੱਗਿਆਂ ਤੁਸੀਂ ਇਸ ਵਿਚ ਲੋੜੀਂਦੀ ਤਬਦੀਲੀ ਵੀ ਕੀਤੀ ਜਾਂ ਉਸਨੂੰ ਤੁਸੀਂ ਇੰਨ-ਬਿੰਨ ਪੇਸ਼ ਕਰ ਦਿੱਤਾ ਹੈ?*

ਮੇਰੀ ਕੋਸ਼ਿਸ ਤਾਂ ਇਹੋ ਰਹੀ ਹੈ ਕਿ ਮੈ ਲੋਕ ਅਦਬ ਨੂੰ ਉਸਦੇ ਅਸਲੀ ਰੂਪ ਵਿਚ ਹੀ ਪੇਸ਼ ਕਰਾਂ। ਇਸ ਲਈ ਮੈਂ ਲੋਕ ਗੀਤਾਂ ਨੂੰ ਲੋਕ ਬੋਲੀ ਵਿਚ ਹੀ ਲਿਪੀਬੱਧ ਕਰਦਾ ਰਿਹਾ ਹਾਂ ਤਾਂ ਜੋ ਉਨ੍ਹਾਂ ਦੇ ਉਚਾਰ ਵਿਚ ਕੋਈ ਫ਼ਰਕ ਨਾ ਆਵੇ ਅਤੇ ਮੁਕਾਮੀ ਰੰਗਤ ਬਣੀ ਰਹੇ। ਆਪਣੀ ਸੂਝ ਮੁਤਾਬਿਕ ਮੈਂ ਲੋਕ ਗੀਤਾਂ ਦੇ ਸੰਗ੍ਰਹਿ ਗੀਤ ਰੂਪਾਂ ਅਤੇ ਵੰਨਗੀਆਂ ਮੁਤਾਬਿਕ ਤਿਆਰ ਕਰਨ ਦਾ ਢਬ ਬਣਾਈ ਜਿਸ ਮੁਤਾਬਿਕ ਪਹਿਲਾ ਲੋਕ ਗੀਤਾਂ ਦਾ ਸੰਗ੍ਰਹਿ 'ਗਾਉਂਦਾ ਪੰਜਾਬ' 1959 ਵਿੱਚ ਛਾਪੇ ਚੜ੍ਹਿਆ। ਇਹ ਨਿਰੋਲ ਗਿੱਧੇ ਦੀਆਂ ਇਕ ਲੜੀਆਂ ਚੋਣਵੀਆਂ ਇਕ ਹਜ਼ਾਰ ਤੋਂ ਵੱਧ, ਬੋਲੀਆਂ ਦਾ ਸੰਗ੍ਰਹਿ ਸੀ। ਗਿੱਧੇ ਦੀਆਂ ਲੰਬੀਆਂ ਅਤੇ ਇਕ ਲੜੀਆਂ ਲਗਭੱਗ ਦੋ ਹਜ਼ਾਰ ਬੋਲੀਆਂ ਦਾ ਅਗਲਾ ਪਰਾਗਾ 'ਖੰਡ ਮਿਸ਼ਰੀ ਦੀਆਂ ਡਲੀਆਂ' 2003 ਵਿਚ ਪੜ੍ਹਨ ਵਾਲਿਆਂ ਕੋਲ ਪੁੱਜਾ।

ਇੰਨਾ ਬੋਲੀਆਂ ਨੂੰ ਮੌਜ਼ੂਅ ਮੁਤਾਬਿਕ ਤਰਤੀਬ ਦਿੱਤੀ ਗਈ ਹੈ ਜਿਵੇਂ ਆਪਣੀ ਕਿਤਾਬ 'ਲੋਕ ਗੀਤਾਂ ਦੇ ਸਮਾਜੀ ਵੇਰਵੇ' (2003) ਵਿੱਚ ਮੈਂ ਉਹ ਲੋਕਗੀਤ ਸ਼ਾਮਲ ਕੀਤੇ ਹਨ ਜਿਹੜੇ ਪੰਜਾਬੀ ਸਮਾਜ ਦੇ ਰਿਸ਼ਤੇ ਨਾਤਿਆਂ ਬਾਰੇ ਹਨ। ਰਿਸ਼ਤੇ ਨਾਤਿਆਂ ਬਾਰੇ ਇੰਨਾ ਲੋਕ ਗੀਤਾਂ ਦਾ ਵੇਰਵਾ ਕਰਨ ਲੱਗਿਆਂ ਮੈਂ ਕਿਸੇ ਲੋਕਾਈ ਦੇ ਸੋਚਣ ਢੰਗ ਜਾਂ ਮਾਡਲ ਦਾ ਆਸਰਾ ਨਹੀਂ ਲਿਆ ਬਲਕਿ ਆਪਣੇ ਮੁਢਲੇ ਢਬ ਅਤੇ ਸੂਝ ਮੁਤਾਬਿਕ ਵੇਰਵਾ ਕਰਨ ਕਰਨ ਦਾ ਜਤਨ ਕੀਤਾ ਹੈ। ਇਸੇ ਤਰ੍ਹਾਂ ਮੇਰੀ ਕਿਤਾਬ 'ਨੈਣੀ ਨੀਂਦ ਨਾ ਆਵੇ' (2004) ਸੰਗ੍ਰਹਿ ਵਿੱਚ ਸ਼ਗਨਾਂ ਦੇ ਲੰਬੇ ਗੌਣ - ਸੁਹਾਗ, ਘੋੜੀਆਂ, ਸਿੱਠਣੀਆਂ ਅਤੇ ਹੇਰਿਆਂ ਤੋਂ ਇਲਾਵਾ ਪ੍ਰੇਮ ਗੀਤ, ਮਾਹੀਆ ਅਤੇ ਦੋਹੇ ਗੀਤ-ਰੂਪ ਵੀ ਸ਼ਾਮਿਲ ਕੀਤੇ ਹਨ।

*ਮਾਦਪੁਰੀ ਜੀ, ਕੀ ਲੋਕ ਅਦਬ ਵਿਚ ਕੁਝ ਬਾਲਾਂ ਲਈ ਵੀ ਮਿਲਿਆ ਤੁਹਾਨੂੰ?*

ਬਿਲਕੁਲ, ਬਹੁਤ ਕੁਝ ਮਿਲਿਆ ਜੀ। ਮੇਰੀਆਂ ਦੋ ਕਿਤਾਬਾਂ 'ਫ਼ੁੱਲਾਂ ਭਰੀ ਚੰਗੇਰ' (1978) ਅਤੇ 'ਕਿੱਕਲੀ ਕਲੀਰ ਦੀ' (2008) ਵਿਚ ਮੈਂ ਬਾਲਾਂ ਅਤੇ ਮੁੰਡਪੁਣੇ ਦੇ ਲੋਕ ਅਦਬ ਨੂੰ ਪੇਸ਼ ਕੀਤਾ ਹੈ।

*ਲੋਕ ਅਦਬ ਦੇ ਖੇਤਰ ਵਿਚ ਕੀਤੀਆਂ ਸੇਵਾਵਾਂ ਬਦਲੇ ਤੁਹਾਨੂੰ ਕੋਈ ਮਾਣ ਸਨਮਾਣ ਵੀ ਮਿਲਿਆ ਹੈ ?*

ਮਨੁ ਜੀ, ਮੈਨੂੰ ਪਾਠਕਾਂ ਨੇ ਅਪਣੀ ਦਿਲ ਦੀ ਤਖ਼ਤੀ ਤੇ ਬਿਠਾਇਆ ਹੋਇਆ ਹੈ ਜਿਸ ਕਰਕੇ ਅੱਧੀ ਸਦੀ ਤੋਂ ਲਗਾਤਾਰ ਜੁਟਿਆ ਹੋਇਆ ਹਾਂ। ਸਰਕਾਰੀ-ਗੈਰ ਸਰਕਾਰੀ ਅਦਾਰਿਆਂ ਵੱਲੋਂ ਮਾਣ ਸਨਮਾਣ ਵੀ ਹਾਸਲ ਹੋਏ ਹਨ :



Academy of the Punjab in North America - APNA: http://www.apnaorg.com

- ਸਰਬੋਤਮ ਪੁਸਤਕ (1979) ਪੰਜਾਬੀ ਬੁਝਾਰਤਾਂ ਲਈ, ਭਾਸ਼ਾ ਵਿਭਾਗ ਪੰਜਾਬ ਵੱਲੋਂ।
- ਸ੍ਰੀ ਹਰਿ ਕ੍ਰਿਸ਼ਨ ਪੁਰਸਕਾਰ (1991) "ਭਾਰਤੀ ਲੋਕ ਕਹਾਣੀਆਂ" ਲਈ, ਭਾਸ਼ਾ ਵਿਭਾਗ, ਪੰਜਾਬ ਵੱਲੋਂ।
- ਸ੍ਰੀ ਤਰਲੋਚਨ ਸਿੰਘ ਭਾਟੀਆ ਪੁਰਸਕਾਰ (1993) ਪੰਜਾਬੀ ਸੱਥ, ਲਾਂਬੜਾਂ ਵੱਲੋਂ।
- ਸ੍ਰੋਮਣੀ ਪੰਜਾਬ ਬਾਲ ਅਦਬ ਲੇਖਕ ਪੁਰਸਕਾਰ (1993) ਪੰਜਾਬ ਸਰਕਾਰ ਵੱਲੋਂ।
- ਸੁਰਜੀਤ ਰਾਮਪੁਰੀ ਪੁਰਸਕਾਰ (2003) ਪੰਜਾਬੀ ਲਿਖਾਰੀ ਸਭਾ, ਰਾਮਪੁਰ ਵੱਲੋਂ।
- ਐਮ.ਐਸ. ਰੰਧਾਵਾ ਪੁਰਸਕਾਰ (2005) 'ਮਹਿਕ ਪੰਜਾਬ ਦੀ' ਲਈ, ਭਾਸ਼ਾ ਵਿਭਾਗ ਪੰਜਾਬ ਵੱਲੋਂ।
- ਦਵਿੰਦਰ ਸਤਿਆਰਥੀ ਪੁਰਸਕਾਰ (2006) ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫ਼ਾਂਉਡੇਸ਼ਨ ਲੁਧਿਆਣਾ ਵੱਲੋਂ।
- ਕਰਤਾਰ ਸਿੰਘ ਧਾਲੀਵਾਲ ਮੈਮੋਰਿਅਲ ਪੁਰਸਕਾਰ (2006), ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ।

*ਕੀ ਤੁਹਾਨੂੰ ਕਿਸੇ ਸਰਕਾਰ ਜਾਂ ਸੰਸਥਾ ਵੱਲੋਂ ਖੇਤਰੀ ਕਾਰਜ ਲਈ ਕੋਈ ਮਾਲੀ ਮਦਦ ਵੀ ਦਿੱਤੀ ਗਈ ਹੈ?*

ਮਨੁ ਜੀ, ਇਹ ਕੰਮ ਤਾਂ ਜੁਗਾੜੀ ਬੰਦੇ ਹੀ ਕਰਦੇ ਹਨ। ਮੈਂ ਆਪਣਾ ਸਾਰਾ ਕੰਮ ਅਪਣੇ ਬਲ ਬੂਤੇ ਤੇ ਕੀਤਾ ਹੈ। ਕੋਈ ਝਾਕ ਹੀ ਨਹੀਂ ਰੱਖੀ। ਮੈਂ ਆਪਣੇ ਕੰਮ ਤੋਂ ਮੁਤਮਇਨ ਹਾਂ।

*ਤੁਹਾਡੇ ਰਚੇ ਅਦਬ ਤੇ ਕੋਈ ਅਕਾਦਮਿਕ ਕਾਰਜ ਵੀ ਹੋਇਆ ਹੈ?*

ਜੀ ਹਾਂ, ਪੰਜਾਬ ਯੁਨੀਵਰਸਿਟੀ ਚੰਡੀਗੜ੍ਹ ਅਤੇ ਪੰਜਾਬੀ ਯੁਨੀਵਰਸਿਟੀ, ਪਟਿਆਲਾ ਦੇ ਦੋ ਖੋਜਕਾਰ ਮੇਰੀਆ ਰਚਨਾਵਾਂ ਅਤੇ ਮੇਰੇ ਪੰਜਾਬੀ ਲੋਕ ਅਦਬ ਨੂੰ ਦੇਣ ਦੇ ਮੌਜ਼ੂਅ ਤੇ ਐਮ.ਫ਼ਿਲ ਕਰ ਰਹੇ ਹਨ।

*ਮਾਦਪੁਰੀ ਜੀ, ਤੁਹਾਡੇ ਭਲਕ ਦੇ ਕੀ ਟੀਚੇ ਹਨ?*

ਮਨੁ ਜੀ, ਦਰਿਆ ਤਾਂ ਵਗਦੇ ਹੀ ਸੋਂਹਦੇ ਹਨ। ਕਿੱਸਾ ਅਦਬ ਬਾਰੇ ਮੇਰਾ ਕੰਮ ਕਾਫ਼ੀ ਅਧੂਰਾ ਪਿਆ ਹੈ। ਮੈਂ ਉਸਨੂੰ ਸਿਰੇ ਚਾੜਨ ਲਈ ਜੁਟਿਆ ਹੋਇਆ ਹਾਂ। ਪੰਜਾਬ ਦੇ ਦੋਹੇ ਅਤੇ ਮਾਹ ਬਾਰੇ ਇਕ ਸੰਗ੍ਰਿਹ ਤਿਆਰੀ ਵਿਚ ਹੈ।

*ਲੋਕ ਵਿਰਸੇ ਦਾ ਇਕੱਤਰੀਕਰਣ ਅਤੇ ਇਸਦੀ ਸਾਂਭ-ਸੰਭਾਲ ਬਾਰੇ ਅੱਜਕੱਲ ਕੰਮ ਕਰ ਰਹੇ ਆਪਣੇ ਹੋਰ ਸਾਥੀਆਂ, ਸੰਸਥਾਵਾਂ ਜਾਂ ਪਰਖ ਪੜਚੋਲ ਨੂੰ ਤੁਸੀਂ ਕੋਈ ਸੁਝਾਵ ਦੇਣਾ ਚਾਹੋ ਗੇ?*

ਜੀ, ਜਦੋਂ ਅਸੀਂ ਇਹ ਕਾਰਜ ਸ਼ੁਰੂ ਕੀਤਾ ਸੀ ਉਦੋਂ ਮੀਡਿਆ ਦੇ ਏਨੇ ਵਸੀਲੇ ਨਹੀਂ ਲੱਭਦੇ ਸਨ। ਪਰ ਅੱਜਕਲ ਤਾਂ ਰਿਕਾਰਡਿੰਗ ਕਰਣ ਦੇ ਅਨ-ਗਿਣਤ ਸਸਤੇ ਤੇ ਸੌਖੇ ਵਸੀਲੇ ਲੱਭਦੇ ਹਨ। ਬੇਸ਼ਕ ਹੁਣ ਸਾਡੇ ਬਹੁਤ ਸਾਰੇ ਬਜ਼ੁਰਗ ਚਲਾਣਾ ਕਰ ਗਏ ਹਨ। ਪਰ ਹਾਲੇ ਵੀ ਪਿੰਡੀਂ-ਥਾਹੀਂ ਜਾ ਜਾ ਕੇ ਪਤਾ ਕੀਤਾ ਜਾ ਸਕਦਾ ਹੈ ਤੇ ਵੀਡਿਓਗ੍ਰਾਫ਼ੀ ਦੇ ਜ਼ਰਿਏ, ਜਿਥੋਂ ਵੀ ਮਿਲ ਸਕਣ, ਇਹ ਲੋਕ ਗੀਤ ਰਿਕਾਰਡ ਕਰ ਲਏ ਜਾਣੇ ਚਾਹੀਦੇ ਹਨ। ਵਰਨਾਂ ਜਿਨ੍ਹਾਂ ਗੀਤਾਂ ਦਾ ਅਸੀਂ ਕੰਨੀਂ ਸੁਣ ਕੇ ਆਨੰਦ ਮਾਣਿਆ ਹੈ, ਉਹ ਆਉਣ ਵਾਲੇ ਵੇਲੇ ਵਿਚ ਸਿਰਫ਼ ਕਿਤਾਬੀ ਜ਼ਿਕਰ ਹੀ ਬਣ ਕੇ ਰਹਿ



Academy of the Punjab in North America - APNA: http://www.apnaorg.com

ਜਾਏਗਾ। ਕੁਝ ਅਦਾਰੇ ਜਾਂ ਪਰਖ ਪੜਚੋਲ ਕਰਨ ਵਾਲੇ ਸੂਝਵਾਨ ਸੰਸਥਾ ਰੂਪ ਵਿਚ ਮਿਲਕੇ ਵੀ ਇਸ ਕਾਰਜ ਨੂੰ ਨੇਪੜੇ ਚਾੜ੍ਹ ਸਕਦੇ ਹਨ। ਇਸੇ ਤਰ੍ਹਾਂ ਬਾਲਾਂ ਲਈ, ਮੁੱਕ ਰਹੀਆਂ ਖੇਡਾਂ ਨੂੰ ਦਰਸ਼ਾਉਂਦੇ ਹੋਏ, ਟੀ.ਵੀ. ਸੀਰਿਅਲ ਬਣਾਏ ਜਾਣੇ ਚਾਹੀਦੇ ਹਨ ਵਰਨਾ ਸਾਡੀਆ ਆਉਣ ਵਾਲੀਆ ਨਸਲਾਂ ਇਸ ਖ਼ੂਬਸੂਰਤ ਖ਼ਜ਼ਾਨੇ ਤੋਂ ਹਮੇਸ਼ਾ ਲਈ ਵਾਂਝੀਆਂ ਰਹਿ ਜਾਣਗੀਆਂ।

*ਸੁਖਦੇਵ ਮਾਦਪੁਰੀ ਜੀ, ਇਸ ਇੰਟਰਵਿਊ ਦਾ ਸੁਆਦ ਅਧੂਰਾ ਰਹਿ ਜਾਵੇਗਾ ਜੇ ਅਸੀਂ ਤੁਹਾਡੇ ਮੁੱਖੋਂ ਕਿਸੇ ਲੋਕ ਗੀਤ ਦੇ ਕੋਈ ਸੁਰੀਲੇ ਤੇ ਸੋਜ਼ ਭਰੇ ਬੋਲ ਨਾ ਸੁਣੇ। ਸਾਡੇ ਲਈ ਕੋਈ ਮਨ ਮੋਹਦੀਆਂ ਖ਼ੂਬਸੂਰਤ ਸਤਰਾਂ ਜੇ ਤੁਸੀਂ ਗੁਣਗੁਣਾ ਦੇਵੋ ਤਾਂ...... ?*

ਰਲ ਆਓ ਸਹੀਓ ਨੀ, ਸਭੇ ਤੀਆਂ ਖੇਡਣ ਜਾਈਏ
ਹੁਣ ਆ ਗਿਆ ਸਾਵਣ ਨੀ, ਪੀਂਘਾਂ ਪਿਪਲੀ ਜਾ ਕੇ ਪਾਈਏ
ਪਈ ਕੂ ਕੂ ਕਰਦੀ ਨੀ ਸਈਓ, ਕੋਇਲ ਹੰਝੂ ਡੋਲ੍ਹੇ
ਪਪੀਹਾ ਵੇਖੋ ਨੀ ਭੈੜਾ, ਪੀਆ ਪੀਆ ਬੋਲੇ
ਲੈ ਪੈਲਾਂ ਪਾਂਦੇ ਨੀ, ਬਾਗੀਂ ਮੋਰਾਂ ਸ਼ੋਰ ਮਚਾਇਆ
ਅਨੀ ਖਿੜ ਖਿੜ ਫ਼ੁੱਲਾ ਨੇ, ਸਾਨੂੰ ਮਾਹੀਆ ਯਾਦ ਕਰਾਇਆ
ਮੈਂ ਅੱਥਰੂ ਡੋਲ੍ਹਾਂ ਨੀ, ਕੋਈ ਸਾਰ ਨਾ ਲੈਂਦਾ ਮੇਰੀ
ਰਲ ਆਓ ਸਈਓ ਨੀਂ, ਸਭੇ ਤੀਆਂ ਖੇਡਣ ਜਾਈਏ !

"ਸਾਵਣ ਦਾ ਕਿੰਨਾਂ ਖ਼ੂਬਸੂਰਤ ਬਿਆਨ ਕੀਤਾ ਗਿਆ ਹੈ ... ਤੁਹਾਡਾ ਬਹੁਤ ਧੰਨਵਾਦ ਮਾਦਪੁਰੀ ਜੀ!"

"ਮੇਰੇ ਵੱਲੋਂ ਵੀ ਬਹੁਤ ਬਹੁਤ ਧੰਨਵਾਦ, ਸਾਂਝ ਪਰਿਵਾਰ ਦਾ ਜੀ !"

□





Academy of the Punjab in North America - APNA: http://www.apnaorg.com



# ਕਦੇ ਨਾ ਮਿਟ ਸਕਣ ਵਾਲੀ ਦਿਲਾਂ ਦੀ ਸਾਂਝ

**ਐਨ·ਐਸ·ਨੰਦਾ**

ਮੇਰਾ ਜਨਮ 10 ਜਨਵਰੀ 1935 ਨੂੰ ਪਿੰਡ ਦਰਕਾਲੀ ਖੁਰਦ, ਤਹਿਸੀਲ ਗੁੱਜਰਖਾਨ, ਜਿਲ੍ਹਾ ਰਾਵਲਪਿੰਡੀ ਵਿਖੇ ਹੋਇਆ। ਇਹ ਪਿੰਡ ਲਗਭਗ 250 ਰਲਵੇਂ-ਮਿਲਵੇ ਜ਼ਾਤਾਂ ਵਾਲੇ ਹਿੰਦੂ, ਸਿੱਖ ਅਤੇ ਮੁਸਲਮਾਨਾਂ ਦੇ ਵਸਨੀਕਾਂ ਦਾ ਪਿੰਡ ਸੀ। ਸਾਡੇ ਪਿੰਡ ਦਾ ਮੂੰਹ ਮੁਹਾਂਦਰਾਂ ਬਿਲਕੁੱਲ ਗ਼ੈਰ-ਜਾਨਿਬਦਾਰੀ ਦੀ ਇੱਕ ਜਿਉਂਦੀ-ਜਾਗਦੀ ਮਿਸਾਲ ਸੀ। ਸਾਡੇ ਪਿੰਡ ਦੇ ਲੋਕ ਜਾਤ-ਪਾਤ, ਮਜ਼ਹਬ ਰੰਗ ਦੇ ਵੱਖਰੇਵਿਆਂ ਤੋ ਉੱਪਰ ਉੱਠ ਕੇ ਰਹਿੰਦੇ ਸਨ। ਦੀਵਾਲੀ, ਵਿਸਾਖੀ, ਲੋਹੜੀ, ਈਦ ਆਦਿ ਹਰ ਤਿਓਹਾਰ ਸਭ ਲੋਕ ਬੜੇ ਪਿਆਰ ਅਤੇ ਜੋਸ਼ੋ ਖਰੋਸ਼ ਨਾਲ ਇਕੱਠੇ ਮਨਾਉਂਦੇ ਸਨ। ਉਹ ਹਰ ਇੱਕ ਦੀ ਖੁਸ਼ੀ ਵਿੱਚ, ਗਮੀ ਵਿੱਚ ਦਿਲੋ ਸ਼ਾਮਲ ਹੁੰਦੇ ਸਨ ਅਤੇ ਬੜੇ ਹੀ ਮਿੱਤਰਤਾ ਵਾਲੇ ਮਾਹੌਲ ਵਿੱਚ ਰਹਿੰਦੇ ਸਨ। ਸਾਡਾ ਟੱਬਰ ਮਸ਼ਹੂਰ ਨੰਦਾ ਖੱਤਰੀ ਪਰਿਵਾਰ ਸੀ। ਮੇਰੇ ਲਕੜਦਾਦਾ ਸ· ਗੁਲਾਬ ਸਿੰਘ ਨੰਦਾ ਅਤੇ ਉਨ੍ਹਾਂ ਦੇ ਸਪੁੱਤਰ, ਭਾਵ ਮੇਰੇ ਪੜਦਾਦਾ, ਸ· ਅਤਰ ਸਿੰਘ ਨੰਦਾ ਪਿੰਡ ਦੇ ਅਤੇ ਆਲ ਦੁਆਲੇ ਦੇ ਇਲਾਕੇ ਦੇ ਮੰਨੇ ਪ੍ਰਮੰਨੇ ਵਿਅਕਤੀ ਸਨ। ਫ਼ਿਰ ਮੇਰੇ ਦਾਦਾ ਜੀ ਸ· ਜੋਧ ਸਿੰਘ ਨੰਦਾ ਦਾ ਸਾਰੇ ਇਲਾਕੇ ਵਿੱਚ ਬਹੁਤ ਮਾਨ ਤੇ ਆਦਰ ਸੀ। ਮੇਰੇ ਪਿਤਾ ਜੀ ਸ· ਹਰੀ ਸਿੰਘ ਨੰਦਾ ਫ਼ੌਜ ਵਿੱਚ ਅਫ਼ਸਰ ਸਨ ਅਤੇ ਪਹਿਲੇ ਵਿਸ਼ਵਯੁੱਧ ਵਿੱਚ ਉਨ੍ਹਾਂ ਦੀ ਬੇਮਿਸਾਲ ਅਤੇ ਲਾਸਾਨੀ ਕੁਰਬਾਨੀ ਦੇਖਕੇ ਬ੍ਰਿਟਿਸ਼ ਗੋਰਮਿੰਟ ਨੇ ਉਨ੍ਹਾਂ ਨੂੰ ਬਹੁਤ ਮਾਨ ਤੇ ਆਦਰ ਦਿੱਤਾ ਸੀ ਤੇ ਫ਼ੌਜ ਤੋ ਰਿਟਾਇਰ ਹੋਣ ਉਪਰੰਤ ਉਨ੍ਹਾਂ ਦੀਆ ਸਮਾਜੀ ਸੇਵਾਵਾਂ, ਨਗਰ ਵਸੀਕਾਂ ਵਿੱਚ ਇੱਜ਼ਤ ਮਾਣ ਦੇਖਕੇ ਵਕਤ ਦੀ ਹਕੂਮਤ ਨੇ ਉਨ੍ਹਾਂ ਨੂੰ "ਸਰਦਾਰ ਬਹਾਦਰ" ਦਾ ਖ਼ਿਤਾਬ ਦਿੱਤਾ ਸੀ। 1921 ਵਿੱਚ ਮੇਰੇ ਪਿਤਾ ਜੀ ਨੇ ਪਿੰਡ ਵਿੱਚ ਬਹੁਤ ਹੀ ਸੋਹਣਾ ਦੋ-ਮੰਜ਼ਲਾ ਮਕਾਨ ਬਣਾਇਆ ਸੀ, ਜਿਸ ਵਿੱਚ ਸੰਗਮਰਮਰ, ਪਿੱਤਲ, ਹਾਥੀ ਦੰਦ ਦੀ ਕਸ਼ੀਦਾਕਾਰੀ ਅਤੇ ਕੀਮਤੀ ਲੱਕੜੀ ਦੀ, ਸਜਾਵਟ ਖ਼ੂਬਸੂਰਤ ਢੰਗ ਨਾਲ ਕੀਤੀ ਗਈ ਸੀ। ਇਹ ਮਕਾਨ ਖੱਤਰੀਆਂ ਦਾ ਚੁਬਾਰੇ ਵਾਲਾ ਘਰ ਦੇ ਨਾਂ ਨਾਲ ਮਸ਼ਹੂਰ ਸੀ।

ਮੇਰੇ ਪਿਤਾ ਜੀ ਬਹੁਤ ਹੀ ਜ਼ਿੰਦਾ-ਦਿਲ ਵਿਅਕਤੀ ਸਨ। ਪੜ੍ਹੇ ਲਿਖੇ ਹੋਣ ਕਰਕੇ ਉਨ੍ਹਾਂ ਦਾ ਅਪਣੇ ਨਗਰ ਵਿੱਚ ਅਤੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਬਹੁਤ ਮਾਣ ਅਤੇ ਆਦਰ ਸੀ। ਉਹ ਬਹੁਤ ਹੀ ਸੋਹਣੀ ਹਯਾਤੀ ਲੰਘਾਉਣ ਵਾਲੇ ਇਨਸਾਨ ਸਨ। ਉਨ੍ਹਾਂ ਨੂੰ ਸ਼ਿਕਾਰ ਕਰਨ, ਚੌਪਟ ਖੇਡਣ,



Academy of the Punjab in North America - APNA: http://www.apnaorg.com

ਘੋਲ ਕੁਸ਼ਤੀ ਕਰਨ, ਸ਼ਿਕਾਰੀ ਕੁੱਤੇ ਰੱਖਣ ਤੇ ਸਾਈਕਲ ਚਲਾਉਣ ਦਾ ਬਹੁਤ ਸ਼ੌਕ ਸੀ। ਉਨ੍ਹਾਂ ਦਿਨਾਂ ਵਿੱਚ ਧਨ-ਪੋਠੋਹਾਰ ਦੇ ਲੋਕਾਂ ਨੂੰ ਬਟੇਰੇ, ਕੁੱਕੜ, ਕੁੱਤੇ ਪਾਲਣ ਦਾ ਬਹੁਤ ਸ਼ੌਕ ਸੀ। ਉਨ੍ਹਾਂ ਨੂੰ ਪਿਸਤੇ ਬਾਦਾਮ ਤੇ ਹੋਰ ਬਹੁਤ ਹੀ ਪੌਸ਼ਟਿਕ ਖ਼ੁਰਾਕ ਖਿਲਾਉਣ ਦਾ ਸ਼ੌਕ ਸੀ। ਕਈ ਕਿਸਮਾਂ ਦੀਆਂ ਪੇਂਡੂ ਖੇਡਾਂ, ਘੋਲ ਅਤੇ ਕੁਸ਼ਤੀਆਂ ਹੁੰਦੀਆਂ ਸਨ। ਛਿੰਝਾਂ ਪੈਂਦੀਆਂ ਸਨ ਅਤੇ ਸ਼ਰਤਾਂ ਲਾ ਕੇ ਮੁਕਾਬਲੇ ਹੁੰਦੇ ਸਨ। ਇਹੋ ਜਿਹੀਆਂ ਖੇਡਾਂ ਵਿੱਚ ਮੇਰੇ ਪਿਤਾ ਜੀ ਜਿੱਤਣ ਵਾਲਿਆਂ ਨੂੰ ਆਪਣੇ ਕੋਲੋਂ ਇਨਾਮ ਆਦਿ ਦਿੰਦੇ ਸਨ। ਖਾਣ-ਪੀਣ, ਪਹਿਰਾਵੇ, ਪਰਾਹੁਣਾਚਾਰੀ, ਪਿਆਰ, ਸਿਦਕ, ਖ਼ਲੂਸ ਵਿੱਚ ਧਨ-ਪੋਠੋਹਾਰ ਇਲਾਕਾ ਬਹੁਤ ਹੀ ਮਸ਼ਹੂਰ ਸੀ। ਪੋਠੋਹਾਰੀ ਬਹੁਤ ਹੀ ਮਿਹਨਤੀ, ਮੁਸਤਕਿਲ ਮਿਜ਼ਾਜ, ਉੱਦਮੀ ਅਤੇ ਪੜ੍ਹੇ ਲਿਖੇ ਲੋਕ ਸਨ ਅਤੇ ਉਨ੍ਹਾ ਨੇ ਮੁਲਕ ਦੀ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਸੇਵਾ ਵਿੱਚ ਬਹੁਤ ਹੀ ਨਾਮਣਾ ਖੱਟਿਆ ਸੀ। ਉਨ੍ਹਾਂ ਨੇ ਵਪਾਰ, ਸਮਾਜ, ਸਰਕਾਰੀ ਅਤੇ ਗ਼ੈਰ-ਸਰਕਾਰੀ ਹਲਕਿਆਂ ਵਿੱਚ ਬਹੁਤ ਹੀ ਉੱਚੇ ਰੁਤਬੇ ਹਾਸਲ ਕੀਤੇ ਸਨ।

**ਦੇਸ ਦੀ ਵੰਡ ਵੇਲੇ, ਬੇ-ਵਿਸਾਹੀ ਅਤੇ ਨਫ਼ਰਤ ਦੇ ਕਹਿਰ ਦੀ ਇੱਕ ਅਜਿਹੀ ਹਨੇਰੀ ਚੱਲੀ ਕਿ ਸਦੀਆਂ ਦੇ ਜੁੜੇ ਵਸੇਬੇ, ਕਿਤਾਬ ਦੇ ਵਰਕਿਆਂ ਵਾਂਗ ਖਿਲਰ-ਪੁਲਰ ਗਏ, ਜਿਸ ਦੀ ਭਰਾਈ ਅੱਜ ਤੱਕ ਨਹੀਂ ਹੋ ਸਕੀ। ਉਸ ਵੇਲੇ ਕਤਲੋ ਗ਼ਾਰਤ, ਅਗਜ਼ਨੀ, ਲੁੱਟ ਖਸੁੱਟ ਦਾ ਇਹੋ ਜਿਹਾ ਭੁਚਾਲ ਆਇਆ, ਜਿਸਦੀ ਮਿਸਾਲ ਦੁਨੀਆ ਭਰ ਵਿੱਚ ਨਹੀਂ ਮਿਲਦੀ ਅਤੇ ਜਿਸ ਦੀ ਪੂਰਤੀ ਕਦੇ ਨਹੀ ਹੋ ਸਕੇ ਗੀ।**

ਬੇਸ਼ਕ ਉਨ੍ਹਾਂ ਨੇ ਦੱਖਣੀ ਏਸ਼ੀਆ ਦੀ ਵਸੇਬ ਅਤੇ ਤਰੱਕੀ ਵਿਚ ਬੇਮਿਸਾਲ ਹਿੱਸਾ ਪਾਇਆ ਸੀ। ਇਸੇ ਹੀ ਮਾਣ-ਮੱਤੇ ਪੋਠੋਹਾਰ ਇਲਾਕੇ ਨੂੰ ਹਿੰਦੁਸਤਾਨ ਦੇ ਦੋ-ਦੋ ਵਜ਼ੀਰ-ਏ-ਆਜ਼ਮ ਪੈਦਾ ਕਰਨ ਦਾ ਸ਼ਰਫ਼ ਹਾਸਲ ਹੈ। ਡਾ: ਮਨਮੋਹਨ ਸਿੰਘ ਕੋਹਲੀ ਹੁਣ ਦੇ ਭਾਰਤ ਦੇ ਮਾਣ-ਜੋਗ 'ਵਜ਼ੀਰ-ਏ-ਆਜ਼ਮ ਤੇ ਜਨਾਬ ਇੰਦਰ ਕੁਮਾਰ ਗੁਜਰਾਲ, ਸਾਬਕਾ ਵਜ਼ੀਰ-ਏ-ਆਜ਼ਮ ਇਸੇ ਹੀ ਇਲਾਕੇ ਦੇ ਜੰਮਪਲ ਹਨ। ਇਨ੍ਹਾਂ ਤੋਂ ਇਲਾਵਾ ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਨੂੰ ਪੰਜਾਬ ਦੇ ਪਹਿਲੇ ਵਜ਼ੀਰ-ਏ-ਆਲਾ, ਮਾਸਟਰ ਤਾਰਾ ਸਿੰਘ, ਖ਼ੁਸ਼ਵੰਤ ਸਿੰਘ, ਜਨਰਲ ਜੇ·ਜੇ· ਸਿੰਘ ਥਲ ਸੈਨਾ ਦੇ ਮੁੱਖੀ, ਭਾਈ ਜੋਧ ਸਿੰਘ, ਜਨਰਲ ਜਗਜੀਤ ਸਿੰਘ ਅਰੋੜਾ, ਨਵਤੇਜ ਸਿੰਘ ਸਰਨਾ, ਕਰਤਾਰ ਸਿੰਘ ਦੁੱਗਲ, ਪ੍ਰੀਤਮ ਸਿੰਘ ਸਫ਼ੀਰ, ਡਾ: ਹਰਨਾਮ ਸਿੰਘ ਸ਼ਨ, ਜਗਜੀਤ ਸਿੰਘ ਅਨੰਦ, ਐਮ·ਐਸ· ਉਬਰਾਏ, ਮੇਨਕਾ ਗਾਂਧੀ (ਪਹਿਲਾਂ ਆਨੰਦ ਫ਼ੈਮਲੀ), ਪਰਮਜੀਤ ਸਿੰਘ ਸਰਨਾ, ਈਸ਼ਰ ਸਿੰਘ ਭਾਈਆ, ਪ੍ਰੋ: ਮੋਹਨ ਸਿੰਘ ਮਾਹਿਰ, ਬਲਰਾਜ ਸਾਹਨੀ, ਦੇਵ ਕੋਹਲੀ, ਗੁਲਜ਼ਾਰ, ਓਮ ਪੁਰੀ, ਸੁਨੀਲ ਦੱਤ, ਪ੍ਰੀਖਸ਼ਿਤ ਸਾਹਨੀ, ਜਸਵੰਤ ਸਿੰਘ ਵੰਤਾ, ਮੋਹਨ ਸਿੰਘ ਦੀਵਾਨਾ ਇਸੇ ਹੀ ਇਲਾਕੇ ਦੀਆਂ ਮਹਾਨ ਸਖਸ਼ੀਅਤਾਂ ਹਨ। ਕਈ ਹੋਰ ਉਘੇ ਸ਼ਾਇਰਾਂ, ਲੇਖਕਾਂ, ਅਦੀਬਾਂ, ਸੰਗੀਤਕਾਰਾਂ ਨੇ ਪੰਜਾਬੀ ਅਦਬ ਦੇ ਖ਼ਜ਼ਾਨੇ ਨੂੰ ਨੱਕੋ-ਨੱਕ ਭਰਿਆ ਹੈ। ਜੇ ਹੋਰ ਪਿਛੋਕੜ ਤੇ ਝਾਤੀ ਮਾਰੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਸੰਸਕ੍ਰਿਤ ਦੀ ਰਚਨਾ ਕਰਨ ਵਾਲੇ ਰਿਸ਼ੀ ਪਾਣਿਨੀ, ਭਾਈ ਸਤੀਦਾਸ, ਭਾਈ ਮਤੀ ਦਾਸ, ਗੁਰੂ ਗ੍ਰੰਥ ਸਾਹਿਬ ਦਾ ਤਤਕਰਾ ਕਰਨ ਵਾਲੇ ਗਿਆਨੀ ਕੌਰ ਸਿੰਘ, ਭਾਈ ਜੋਗਾ ਸਿੰਘ, ਭਾਈ ਮਹਿਤਾਬ ਸਿੰਘ ਅਤੇ ਅਪਣੀ ਅਣਖ ਦਾ ਲੋਹਾ ਮਨਵਾਉਣ ਵਾਲੇ ਰਾਜਾ



Academy of the Punjab in North America - APNA: http://www.apnaorg.com

**ਦੋਹਾਂ ਮੁਲਕਾਂ ਦੇ ਕਲਾਕਾਰ, ਬੁੱਧੀਜੀਵੀ, ਸਾਹਿਤਕਾਰ, ਵਿਉਪਾਰੀ, ਪੱਤਰਕਾਰ, ਵਫ਼ਦਾਂ ਦੇ ਰੂਪ ਵਿੱਚ ਆ ਰਹੇ ਹਨ, ਜਾ ਰਹੇ ਹਨ। ਟੈਲੀਫ਼ੋਨ ਆ ਰਹੇ ਹਨ, ਖ਼ਤੋ-ਕਿਤਾਬਤ ਹੋ ਰਹੀ ਹੈ, ਪਿਆਰ, ਖ਼ਲੂਸ, ਭਾਈਚਾਰਾ ਵੱਧ ਰਿਹਾ ਹੈ। ਕ੍ਰਿਕੇਟ ਮੈਚ ਵੀ ਇਸੇ ਹੀ ਕੜੀ ਦੇ ਅੰਗ ਹਨ ਤੇ ਹੁਣ ਇਹ ਸਿਲਸਿਲਾ ਥੰਮ ਨਹੀ ਸਕੇਗਾ। ਪਿਆਰ ਦਾ ਹੜ੍ਹ ਆ ਗਿਆ ਹੈ। ਪਿਆਰ ਦੀ ਸਾਂਝ ਵੱਧ ਰਹੀ ਹੈ।**

ਪੋਰਸ (ਸੱਭਰਵਾਲ) ਵਗ਼ੈਰਾ ਅਨੇਕਾਂ ਹੋਰ ਹਰ ਖੇਤਰ ਵਿੱਚ ਮਾਹਿਰ, ਮਹਾਨ ਸਖ਼ਸ਼ੀਅਤਾਂ ਇਸੇ ਹੀ ਜ਼ਰਖ਼ੇਜ਼ ਧਰਤੀ ਦੇ ਚਮਕਦੇ ਸਿਤਾਰੇ ਹਨ ਜਿਨ੍ਹਾਂ ਨੇ ਆਪਣੀ ਸੂਝਬੂਝ, ਸਿਆਣਪ, ਕੁਰਬਾਨੀ ਅਤੇ ਦੂਰ-ਅੰਦੇਸ਼ੀ ਸਦਕਾ ਸਾਡੇ ਸਾਰਿਆਂ ਦਾ ਜਗ ਵਿੱਚ ਸਿੱਰ ਉਚਾ ਕੀਤਾ ਹੈ।

ਦੇਸ਼ ਦੀ ਵੰਡ ਵੇਲੇ ਸਾਨੂੰ ਸਾਰਿਆਂ ਨੂੰ ਸਭ ਕੁਝ ਛੱਡ-ਛਡਾ ਕੇ ਇਧਰ ਆਉਣਾ ਪਿਆ ਅਤੇ ਸਾਨੂੰ ਪੋਠੋਹਾਰੀਆਂ ਨੂੰ ਸੱਭ ਤੋਂ ਬਹੁਤਾ ਨੁਕਸਾਨ ਹੋਇਆ। "ਸਰਦਾਰ ਬਹਾਦਰ", "ਸਰਦਾਰ ਸਾਹਿਬ" ਦਾ ਖ਼ਿਤਾਬ ਹਾਸਲ ਕਰਨ ਵਾਲੇ ਵੱਡੀਆਂ-ਵੱਡੀਆਂ ਹਵੇਲੀਆਂ ਜਾਇਦਾਦਾਂ ਦੇ ਮਾਲਕਾਂ, ਵੱਡੇ-ਵੱਡੇ ਰੁਤਬਿਆਂ ਤੇ ਬਿਰਾਜਮਾਨ ਹੋਣ ਵਾਲਿਆਂ ਨੂੰ ਉੱਜੜ ਕੇ ਇਧਰ ਆਉਣਾ ਪਿਆ ਅਤੇ ਉਸ ਨੂੰ ਰੱਬ ਦੀ ਕਰਨੀ ਮੰਨ ਕੇ, ਉਸ ਦੀ ਰਜ਼ਾ ਅੱਗੇ ਸਿਰ ਝੁਕਾ ਕੇ, ਸਬਰ ਦਾ ਘੁੱਟ ਭਰ ਕੇ ਫ਼ਿਰ ਆਪਣੇ ਪੈਰਾਂ ਤੇ ਖੜ੍ਹਾ ਹੋਣ ਦਾ ਜਤਨ ਕੀਤਾ। ਅਸੀਂ ਵੀ ਆਪਣੇ ਪਿੰਡ ਤੋ ਰਾਤ ਦੇ ਹਨ੍ਹੇਰੇ ਵਿੱਚ ਤਿੰਨਾਂ ਕਪੜਿਆਂ ਵਿੱਚ ਦੂਸਰੇ ਪਿੰਡ "ਗੁੜਾ" ਵਿੱਚ ਪਿਤਾ ਜੀ ਦੇ ਇੱਕ ਪੁਰਾਣੇ ਮੁਸਲਮਾਨ ਦੋਸਤ ਦੇ ਘਰ ਪੁੱਜੇ ਅਤੇ ਉਸਦੇ ਘਰ ਅਸੀਂ ਅੱਠ ਦਿਨ ਰਹੇ। ਉਸ ਟੱਬਰ ਨੇ ਸਾਨੂੰ ਧਾੜਵੀਆਂ ਲੁਟੇਰਿਆਂ ਤੋਂ ਬਚਾਉਣ ਲਈ ਦਿਨ ਰਾਤ ਪਹਿਰਾ ਦਿੱਤਾ ਅਤੇ ਸਾਨੂੰ ਰੱਤੀ ਭਰ ਵੀ ਨੁਕਸਾਨ ਨਹੀਂ ਪੁੱਜਣ ਦਿੱਤਾ। ਫ਼ਿਰ ਪਿਤਾ ਜੀ ਨੇ ਰਾਵਲਪਿੰਡੀ ਤੋਂ ਮਿਲਟਰੀ ਭੇਜੀ, ਜਿਸਨੇ ਸਾਨੂੰ ਉਥੋਂ ਲੈਕੇ ਰਾਵਲਪਿੰਡੀ ਦੇ ਰਫ਼ਿਊਜੀ ਕੈਂਪ ਵਿੱਚ ਪਹੁੰਚਾਇਆ। ਇਥੇ ਕੁਝ ਦਿਨ ਰਹਿ ਕੇ ਫ਼ਿਰ ਅਸੀਂ "ਵਾਹ ਰਫ਼ਿਊਜੀ ਕੈਂਪ" ਨੇੜੇ ਪੰਜਾ ਸਾਹਿਬ ਗੁਰਦੁਆਰਾ, 15 ਦਿਨ ਰਹੇ। ਫ਼ਿਰ ਗੱਡੀ ਰਾਹੀਂ ਸਾਨੂੰ ਇਧਰ ਹਿੰਦੁਸਤਾਨ ਘੱਲ ਦਿੱਤਾ ਗਿਆ। ਅਸੀਂ ਆਪਣਾ ਸਭ ਕੁਝ ਗਵਾ ਕੇ, ਮਾਣ, ਆਦਰ, ਪ੍ਰਤਿਭਾ ਛੱਡ ਕੇ ਦੁੱਖ ਭਰੇ ਹਾਲਾਤ ਵਿੱਚ ਇਧਰ ਆ ਗਏ। ਅੱਜ ਵੀ ਜਦੋਂ ਮੈਨੂੰ ਉਹ ਦਿਨ ਯਾਦ ਆਉਂਦੇ ਹਨ ਤਾਂ ਦਿਲ ਕੰਬ ਉਠਦਾ ਹੈ। ਕਿਵੇਂ ਰੇਲ ਗੱਡੀ ਦੇ ਡੱਬਿਆਂ ਵਿੱਚ ਭੇਡ ਬੱਕਰੀਆਂ ਵਾਂਗੂੰ ਸਾਨੂੰ ਤੂੜ ਦਿੱਤਾ ਗਿਆ, ਖਿੜਕੀਆਂ ਦਰਵਾਜ਼ੇ ਬੰਦ ਕਰ ਦਿੱਤੇ ਗਏ, ਰੋਸ਼ਨੀ ਵਗ਼ੈਰਾ ਕੱਟ ਦਿੱਤੀ ਗਈ ਤੇ ਭੁੱਖੇ ਭਾਣੇ 10-12 ਘੰਟੇ ਦਾ ਸਫ਼ਰ ਕੱਟ ਕੇ ਅਸੀ ਇੱਥੇ ਲੁਧਿਆਣਾ ਆਏ ਅਤੇ ਜਵਾਹਰ ਨਗਰ ਕੈਂਪ ਵਿੱਚ ਰਹਿਣ ਲੱਗ ਪਏ। ਸਾਡੇ ਪਿਤਾ ਜੀ ਨੇ ਆਪਣੇ ਸਵੈਮਾਨ, ਇੱਜ਼ਤ ਅਤੇ ਅਣਖ ਨੂੰ ਠੋਕਰ ਨਹੀਂ ਲੱਗਣ ਦਿੱਤੀ। ਫ਼ਿਰ ਸਾਨੂੰ ਛਾਉਣੀ ਮੁਹੱਲੇ ਵਿੱਚ ਇੱਕ ਛੋਟਾ ਜਿਹਾ ਮਕਾਨ ਅਲਾਟ ਹੋ ਗਿਆ ਅਤੇ ਅਸੀਂ ਉੱਥੇ ਰਹਿਣ ਲੱਗੇ।

ਦੇਸ਼ ਦੀ ਵੰਡ ਵੇਲੇ, ਬੇ-ਵਿਸਾਹੀ ਅਤੇ ਨਫ਼ਰਤ ਦੇ ਕਹਿਰ ਦੀ ਇੱਕ ਅਜਿਹੀ ਹਨੇਰੀ ਚੱਲੀ ਕਿ ਸਦੀਆਂ ਦੇ ਜੁੜੇ ਵਸੇਬੇ, ਕਿਤਾਬ ਦੇ ਵਰਕਿਆਂ ਵਾਂਗ ਖਿਲਰ-ਪੁਲਰ ਗਏ, ਜਿਸ ਦੀ ਭਰਾਈ ਅੱਜ ਤੱਕ ਨਹੀਂ ਹੋ ਸਕੀ। ਉਸ ਵੇਲੇ ਕਤਲੋ ਗ਼ਾਰਤ, ਅਗਜ਼ਨੀ, ਲੁੱਟ ਖਸੁੱਟ ਦਾ ਇਹੋ ਜਿਹਾ ਭੁਚਾਲ ਆਇਆ, ਜਿਸਦੀ ਮਿਸਾਲ ਦੁਨੀਆ ਭਰ ਵਿੱਚ ਨਹੀਂ ਮਿਲਦੀ ਅਤੇ ਜਿਸ ਦੀ ਪੂਰਤੀ ਕਦੇ ਨਹੀ



Academy of the Punjab in North America - APNA: http://www.apnaorg.com

ਹੋ ਸਕੇ ਗੀ। ਸਾਡੇ ਪਿਤਾ, ਉੱਧਰੋ ਉਜੜ ਕੇ ਆ ਕੇ ਵਾਪਸ ਆਪਣੇ ਪਿੰਡ ਮਤਲਬ ਜੰਮਣ ਭੋਂ ਦੀ ਮਿੱਟੀ ਦੀ ਛੋਹ ਹਾਸਲ ਕਰਨ ਲਈ ਸਦਾ ਤਰਸਦੇ ਰਹੇ। ਤਰਲੋਮੱਛੀ ਹੁੰਦੇ ਰਹੇ ਅਤੇ ਵਿਛੋੜੇ ਦੇ ਅਜ਼ਾਬ ਭੋਗਦਿਆਂ ਪਰਲੋਕ ਸਿਧਾਰ ਗਏ। ਵੇਲੇ ਦੇ ਸਿਆਸਤਦਾਨਾਂ ਦੀ ਸੋਚ ਸਦਕਾ ਸਦਾ ਹੀ ਉਨ੍ਹਾਂ ਦੇ ਮਨਾਂ ਵਿੱਚ ਡਰ ਤੇ ਖ਼ੌਫ਼ ਛਾਇਆ ਰਿਹਾ ਅਤੇ ਦੋਹਾਂ ਮੁਲਕਾਂ ਦੇ ਵਸਨੀਕਾਂ ਦੀ ਇੱਕ ਨਾ ਚੱਲੀ।



"ਲੇਖ ਨਾ ਮਿਟੇ ਹੇ ਸਖੀ ਜੋ ਲਿਖਿਆ ਕਰਤਾਰ" ਦੇ ਮਹਾਵਾਕ ਮੁਜਬ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਸਾਨੂੰ ਇਸ ਤਰ੍ਹਾਂ ਬਰਬਾਦ ਹੋਕੇ, ਪਨਾਹ-ਗਜ਼ੀਨ ਬਣਕੇ ਇੱਧਰ ਆਉਣਾ ਪਵੇਗਾ। ਖ਼ੈਰ ਉਸ ਦੀ ਰਜ਼ਾ ਨੂੰ ਮੰਨਦਿਆਂ ਪਿਤਾ ਜੀ ਨੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਦਾ ਯਤਨ ਕੀਤਾ ਅਤੇ ਮੈਨੂੰ ਛੇਵੀਂ ਅਤੇ ਵੱਡੇ ਭਾਈ ਸਾਹਿਬ ਨੂੰ ਅੱਠਵੀਂ ਜਮਾਤ ਵਿੱਚ ਸਕੂਲ ਦਾਖ਼ਲ ਕਰਵਾਇਆ। ਪਿਤਾ ਜੀ ਨੇ ਹਰ ਤਰ੍ਹਾਂ ਦਾ ਯਤਨ ਕੀਤਾ, ਹਰ ਹੀਲਾ ਵਰਤਿਆ ਪਰ ਮਾਲੀ ਹਾਲਤ ਨਾ ਸੁਧਰ ਸਕੀ ਤੇ 8ਵੀਂ ਜਮਾਤ ਵਿੱਚ 13 ਆਨੇ ਸਕੂਲ ਫ਼ੀਸ ਨਾ ਦੇਣ ਕਾਰਨ, ਮੇਰਾ ਨਾ ਕੱਟਿਆ ਗਿਆ ਅਤੇ ਦੋ ਸਾਲ ਮੈਂ ਵਿਹਲਾ ਰਿਹਾ। ਛੋਟੇ ਛੋਟੇ ਕੰਮ ਕੀਤੇ, ਕੇਲੇ ਵੇਚੇ, ਮੂੰਗਫ਼ਲੀ ਵੇਚੀ ਤੇ ਪ੍ਰਾਈਵੇਟ ਤੌਰ ਤੇ ਮੈਂ ਦਸਵੀਂ ਕੀਤੀ, ਐਫ਼.ਏ. ਕੀਤੀ ਤੇ ਫ਼ਿਰ ਬੀ·ਏ· ਬਹੁਤ ਹੀ ਚੰਗੇ ਨੰਬਰਾਂ ਤੇ ਪਾਸ ਕੀਤੀ ਤੇ ਫ਼ਿਰ ਵੱਖੋ-ਵੱਖ ਦਫ਼ਤਰਾਂ ਵਿੱਚ ਕਲੱਰਕ ਦੀ ਨੌਕਰੀ ਕੀਤੀ। ਫ਼ਿਰ ਡਾਕਖ਼ਾਨੇ ਵਿੱਚ ਕਲਰਕ, ਫ਼ਿਰ ਇਮਤਿਹਾਨ ਪਾਸ ਕਰਕੇ ਇੰਸਪੈਕਟਰ ਤੇ ਫ਼ਿਰ ਪੋਸਟਮਾਸਟਰ ਬਣਿਆ। ਦਿਲ ਵਿੱਚ ਤਮੰਨਾ ਸੀ, ਲਗਨ ਸੀ ਪਿਤਾ ਜੀ ਦਾ ਸੁਪਨਾ ਸਾਕਾਰ ਕਰਨ ਦੀ, ਅਮੀਰ ਬਣਨ ਦੀ, ਕਿਉਂਕਿ ਪਾਕਿਸਤਾਨ ਵਿੱਚ ਉਨ੍ਹਾਂ ਦਾ ਬਹੁਤ ਉੱਚਾ ਮੁਕਾਮ ਸੀ, ਇੱਜ਼ਤ ਸੀ। ਇਸ ਕਰਕੇ ਪੋਸਟ ਮਾਸਟਰ ਦੀ ਨੌਕਰੀ ਨੂੰ ਤਿਲਾਂਜਲੀ ਦੇ ਕੇ ਮੈ ਆਪਣੀ ਐਡਵਰਟਾਈਜ਼ਿੰਗ ਏਜੰਸੀ ਖੋਲ੍ਹ ਲਈ ਅਤੇ ਪਰਮਾਤਮਾ ਦੀ ਕਿਰਪਾ ਦੁਆਰਾ ਕੰਮ ਬਹੁਤ ਵਧੀਆ ਚੱਲ ਗਿਆ ਅਤੇ ਜਿਸਨੂੰ ਛੱਡਕੇ ਮੈ ਹੋਟਲ ਨੰਦਾ ਖੋਲ੍ਹ ਲਿਆ। ਨੰਦਾ ਟਰੈਵਲਜ਼, ਨੰਦਾ ਬਾਰ ਅਤੇ ਰੈਸਟੋਰੈਂਟ, ਨੰਦਾ ਮਾਰਕੀਟਿੰਗ ਨੈਟਵਰਕ ਆਦਿ ਕੰਮ ਖੋਲ੍ਹ



Academy of the Punjab in North America - APNA: http://www.apnaorg.com

ਲਏ। ਪਰਮਾਤਮਾ ਨੇ ਮੇਰੀ ਮਿਹਨਤ ਨੂੰ ਫ਼ੱਲ ਦਿੱਤਾ ਤੇ ਅੱਛੀ ਸ਼ੁਹਰਤ, ਇੱਜਤ ਮਾਣ ਮਿਲਿਆ।

ਫਿਰ ਸ਼ਾਦੀ ਹੋ ਗਈ ਤੇ ਪਰਮਾਤਮਾ ਨੇ ਦੋ ਹੋਨਹਾਰ ਪੁੱਤਰਾਂ ਦੀ ਦਾਤ ਬਖਸ਼ੀ, ਜਿਨ੍ਹਾਂ ਨੇ ਚੰਗੀ ਵਿੱਦਿਆ ਹਾਸਿਲ ਕੀਤੀ ਤੇ ਇਸ ਉਪਰੰਤ ਮੇਰੇ ਨਾਲ ਬਿਜ਼ਨਸ ਵਿੱਚ ਸ਼ਾਮਲ ਹੋ ਗਏ। ਸੰਗੀਤ ਦਾ ਮੈਨੂੰ ਬਚਪਨ ਤੋ ਸ਼ੌਕ ਸੀ। ਇਸ ਤਰ੍ਹਾਂ ਮੈ ਸੰਗੀਤ ਵਿੱਦਿਆ ਪ੍ਰਾਪਤ ਵੀ ਕੀਤੀ ਤੇ ਆਲ




ਇੰਡੀਆ ਪੱਧਰ ਤੇ ਮੈ ਤਿੰਨ ਵਾਰੀ ਗੋਲਡ ਮੈਡਲ ਜਿੱਤੇ। ਸਭਿਆਚਾਰਕ ਗਤੀਵਿਧੀਆਂ ਵਿੱਚ ਵਿਸ਼ੇਸ਼ ਤੌਰ ਤੇ ਭਾਗ ਲੈਣ ਲੱਗ ਪਿਆ ਅਤੇ ਕਈ ਵਿਦਿਅਕ, ਸਭਿਆਚਾਰਕ ਅਤੇ ਸਮਾਜ-ਸੇਵੀ ਸੰਸਥਾਵਾਂ ਦਾ ਮੈ ਪ੍ਰਧਾਨ ਨਿਯੁਕਤ ਹੋ ਗਿਆ। ਸਮਾਜ ਸੇਵਾ ਵਿੱਚ ਲਗਨ ਬਹੁਤ ਵੱਧ ਗਈ। ਹੋਟਲ ਐਂਡ ਰੈਸਟੋਰੈਂਟ ਐਸੋਸੀਏਸ਼ਨ ਪੰਜਾਬ, ਧਨ ਪੋਠੋਹਾਰ ਬ੍ਰਦਰਹੁਡ ਪੰਜਾਬ, ਵਿਸ਼ਵ ਪੰਜਾਬੀ ਸੰਸਥਾ ਦੇ ਪ੍ਰਧਾਨ ਹੋਣ ਤੋਂ ਇਲਾਵਾ ਪੰਜਾਬੀ ਸਾਹਿਤ ਅਕੈਡਮੀ ਦਾ ਸਰਪ੍ਰਸਤ ਤੇ ਕਈ ਹੋਰ ਸੰਸਥਾਵਾਂ ਦਾ ਮੁੱਖੀ ਬਣਿਆ ਤੇ ਪਰਮਾਤਮਾ ਦੀ ਬਖ਼ਸ਼ਿਸ਼ ਦੁਆਰਾ ਕਾਫ਼ੀ ਨਾਮਣਾ ਖੱਟਿਆ।

ਹਾਲਾਤ ਬਦਲਦੇ ਗਏ ਤੇ ਦੋਹਾਂ ਮੁਲਕਾਂ ਦੇ ਵਤੀਰੇ ਵਿੱਚ ਵੀ ਫ਼ਰਕ ਪੈਣ ਲੱਗਾ। 'ਕੁਫ਼ਰ ਟੂਟਾ ਖ਼ੁਦਾ ਖ਼ੁਦਾ ਕਰਕੇ' ਦੀ ਕਹਾਵਤ ਅਨੁਸਾਰ ਕੁਝ ਸਾਲਾਂ ਤੋਂ ਸਿਆਸਤਦਾਨਾਂ ਦੀ ਸੋਚ ਸਦਕਾ ਭਾਈਚਾਰਾ ਪਿਆਰ ਵੱਧਣ ਲੱਗ ਪਿਆ। ਦੋਹਾਂ ਮੁਲਕਾਂ ਦੇ ਆਗੂ ਸੋਚਣ ਤੇ ਮਜ਼ਬੂਰ ਹੋ ਗਏ ਕਿ ਲੜਾਈਆਂ-ਜੰਗਾਂ ਵਿੱਚ ਕੁਝ ਨਹੀ ਰੱਖਿਆ। ਆਖ਼ਰ ਵਿੱਚ ਪਿਆਰ ਦੀ ਹੀ ਜਿੱਤ ਹੁੰਦੀ ਹੈ। ਉਨ੍ਹਾਂ ਨੇ ਦੋਹਾਂ ਮੁਲਕਾਂ ਦੇ ਵਸਨੀਕਾਂ ਦੀ ਨਬਜ਼ ਪਛਾਣ ਲਈ ਅਤੇ ਹੁਣ ਮਾਹੌਲ ਬਹੁਤ ਸੁਖਾਵਾਂ ਹੋ ਗਿਆ ਹੈ। ਦੋਹਾਂ ਮੁਲਕਾਂ ਦੇ ਕਲਾਕਾਰ, ਬੁੱਧੀਜੀਵੀ, ਸਾਹਿਤਕਾਰ, ਵਿਉਪਾਰੀ, ਪੱਤਰਕਾਰ, ਵਫ਼ਦਾਂ ਦੇ ਰੂਪ ਵਿੱਚ ਆ ਰਹੇ ਹਨ, ਜਾ ਰਹੇ ਹਨ। ਟੈਲੀਫ਼ੋਨ ਆ ਰਹੇ ਹਨ, ਖ਼ਤੋ-ਕਿਤਾਬਤ ਹੋ ਰਹੀ ਹੈ, ਪਿਆਰ, ਖ਼ਲੂਸ, ਭਾਈਚਾਰਾ ਵੱਧ ਰਿਹਾ ਹੈ। ਕ੍ਰਿਕੇਟ ਮੈਚ ਵੀ ਇਸੇ ਹੀ ਕੜੀ ਦੇ ਅੰਗ ਹਨ ਤੇ ਹੁਣ ਇਹ ਸਿਲਸਿਲਾ ਥੰਮ ਨਹੀ ਸਕੇਗਾ। ਪਿਆਰ ਦਾ ਹੜ੍ਹ ਆ ਗਿਆ ਹੈ। ਪਿਆਰ ਦੀ ਸਾਂਝ



Academy of the Punjab in North America - APNA: http://www.apnaorg.com

ਵੱਧ ਰਹੀ ਹੈ।

ਵੈਸੇ ਤਾਂ ਮੈਂ 4-5 ਵਾਰੀ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਭਾਗ ਲੈਣ ਲਈ ਪਾਕਿਸਤਾਨ ਗਿਆ ਹਾਂ ਪਰ ਅੱਜ ਤੋ ਦੋ ਸਾਲ ਪਹਿਲਾਂ ਮੈ ਕਾਨਫਰੰਸ ਵਿੱਚ ਭਾਗ ਲੈਣ ਤੋਂ ਉਪਰੰਤ ਆਪਣੇ ਪਿੰਡ ਦਰਕਾਲੀ ਖ਼ੁਰਦ ਜਨਾਬ ਰਾਏ ਅਜ਼ੀਜ਼ ਉੱਲਾ ਖਾਨ ਮੈਂਬਰ ਨੈਸ਼ਨਲ ਅਸੈਂਬਲੀ ਦੇ ਨਾਲ ਗਿਆ ਸਾਂ। ਸ. ਪ੍ਰੇਮ ਸਿੰਘ ਐਡਵਕੋਟ ਜਲੰਧਰ ਵਾਲੇ ਸਾਡੇ ਨਾਲ ਗਏ ਸੀ। ਪਿੰਡ ਵਾਸੀਆਂ ਨੇ ਸਾਡੀ ਆਉ-ਭਗਤ ਬਹੁਤ ਕੀਤੀ। ਇਤਨੇ ਪਿਆਰ ਅਤੇ ਸਿਦਕ ਨਾਲ ਮਿਲੇ ਕਿ ਮੇਰਾ ਰੋਮ-ਰੋਮ ਰਿਣੀ ਹੋ ਗਿਆ। ਆਪਣੇ ਬਾਰੇ ਜਦੋਂ ਮੈ ਦੱਸਿਆ ਕਿ ਸਾਡਾ ਇੱਥੇ ਡਬਲ ਸਟੋਰੀ ਮਕਾਨ ਹੁੰਦਾ ਸੀ ਅਤੇ ਮੇਰੇ ਪਿਤਾ ਜੀ ਦਾ ਨਾਂ ਸ. ਹਰੀ ਸਿੰਘ ਨੰਦਾ ਸੀ ਤਾਂ ਉਨ੍ਹਾਂ ਵਿੱਚੋਂ ਇੱਕ ਬਜ਼ੁਰਗ ਆਖਣ ਲੱਗਾ ਕਿ ਇਸ ਤਰ੍ਹਾਂ ਨਾ ਆਖੋ ਪੁੱਤਰ ਜੀ, "ਆਖੋ, ਖੱਤਰੀਆਂ ਨਾ ਚੁਬਾਰੇ ਵਾਲਾ ਘਰ ਕਿੱਥੇ ਹੈ?" ਦੇਖਦਿਆਂ-ਦੇਖਦਿਆਂ ਸਾਰਾ ਪਿੰਡ ਇਕੱਠਾ ਹੋ ਗਿਆ ਤੇ ਉਨ੍ਹਾਂ ਵਿੱਚੋਂ ਇੱਕ ਬਜ਼ੁਰਗ ਔਰਤ ਆਖਣ ਲੱਗੀ "ਵੇ ਤੂੰ ਧਨਵੰਤੀ ਦਾ ਪੁੱਤਰ ਏਂ?" ਮੇਰੇ "ਹਾਂ ਜੀ" ਕਹਿਣ ਤੇ ਉਸ ਮੈਨੂੰ ਗਲਵੱਕੜੀ ਵਿੱਚ ਲੈ ਲਿਆ। ਉਹ ਵਾਰ-ਵਾਰ ਮੇਰਾ ਮੱਥਾ ਹੀ ਚੁੰਮੀ ਜਾਵੇ। ਰੱਜ ਕੇ ਪਿਆਰ ਵਿੱਚ ਉਹ ਖੀਵੀ ਹੋ ਗਈ। ਮੈਨੂੰ ਵੀ ਇਉਂ ਮਹਿਸੂਸ ਹੋਇਆ ਜਿਵੇ ਮੈਨੂੰ ਆਪਣੀ ਮਾਂ ਮਿਲ ਗਈ ਹੋਵੇ। ਫ਼ਿਰ ਵਿਚੋਂ ਹੀ ਇੱਕ ਆਦਮੀ ਆਖਣ ਲੱਗਾ ਕਿ "ਪੁੱਤਰ ਜੀ ਤੁਸਾਂ ਨੀ ਸਾਡੇ ਪਾਸ ਇੱਕ ਅਮਾਨਤ ਪਈ ਹੋਈ ਏ।" ਮੇਰੇ ਪੁੱਛਣ ਤੇ ਉਹ ਸੰਗਮਰਮਰ ਦੀਆਂ ਦੋ ਪੜੀਆਂ ਭਾਵ ਸਲੈਬਜ਼ ਲੈ ਆਇਆ ਤੇ ਮੇਰੇ ਅੱਗੇ ਲਿਆ ਰੱਖੀਆਂ। ਇਹ ਦੋਵੇਂ ਪੜੀਆਂ ਚਾਰ-ਚਾਰ ਇੰਚ ਮੋਟੀਆਂ ਸ਼ਨ ਜਿਨ੍ਹਾਂ ਤੇ ਉਰਦੂ ਵਿੱਚ ਮੇਰੇ ਪਿਤਾ ਜੀ, ਚਾਚਾ ਜੀ, ਦਾਦਾ ਜੀ ਤੇ ਪੜਦਾਦਾ ਜੀ ਦਾ ਨਾਂ ਤੇ ਸੰਨ 1921 ਲਿਖਿਆ ਸੀ। ਸਲੈਬਜ਼ ਵੇਖ ਕੇ ਮੈਂ ਮੱਥਾ ਟੇਕਿਆ ਤੇ ਮੇਰੀਆਂ ਭੁਬਾਂ ਨਿਕਲ ਗਈਆਂ। ਸਾਰੇ ਪਿੰਡ ਵਾਸੀ ਵੀ ਗ਼ਮਜ਼ਦਾ ਹੋ ਗਏ ਤੇ ਰੋਣ ਤੋਂ ਨਹੀ ਰਹਿ ਸਕੇ।

ਹੁਣ ਉਸ ਮਕਾਨ ਵਿੱਚ ਇਧਰੋਂ ਕਰਨਾਲ ਤੋਂ ਨਿਸਾਰ ਅਲੀ ਅਤੇ ਉਸਦਾ ਭਰਾ ਰਹਿੰਦੇ ਹਨ ਤੇ ਉਨ੍ਹਾਂ ਨੇ ਦੀਵਾਰਾਂ ਪਾਕੇ ਵੰਡੀਆਂ ਪਾਈਆਂ ਹੋਈਆਂ ਹਨ। ਇਹ ਇੱਕ ਅਜੂਬਾ ਸੀ, ਕਰਾਮਾਤ ਸੀ ਜਾਂ ਜਾਦੂ ਸੀ! ਮੈਨੂੰ ਚਿਤ ਚੇਤਾ ਵੀ ਨਹੀ ਸੀ ਕਿ ਇਸ ਤਰ੍ਹਾਂ ਮੈਨੂੰ ਉਥੋਂ ਇਹ ਨਾਯਾਬ ਤੋਹਫ਼ਾ ਮਿਲੇਗਾ। ਜਦੋਂ ਰਾਏ ਸਾਹਿਬ ਨੇ ਉਸ ਬੰਦੇ ਨੂੰ, ਜੋ ਮੇਰੇ ਪਿਤਾ ਜੀ ਪਾਸ ਕੰਮ ਕਰਦਾ ਸੀ, ਪੁੱਛਿਆ ਕਿ ਉਸਨੇ ਇਹ ਸਲੈਬਜ਼ ਕਿਉਂ ਸੰਭਾਲ ਕੇ ਆਪਣੇ ਪਾਸ ਰੱਖੀਆਂ ਹੋਈਆਂ ਸਨ ਤਾਂ ਉਹ ਕਹਿਣ ਲੱਗਾ ਕਿ ਉਸਨੂੰ "ਅੱਲਾ ਵੱਲੋਂ ਅਲਹਾਮ ਹੋਇਆ ਸੀ ਕਿ ਇੰਨਾ ਦੇ ਖਾਨਦਾਨ ਵਿੱਚੋਂ ਇੱਕ ਨਾ ਇੱਕ ਦਿਨ ਜ਼ਰੂਰ ਕੋਈ ਆਵੇਗਾ"। ਇਹ ਸੁਣਕੇ ਅਸੀਂ ਸਾਰੇ ਹੈਰਾਨ ਹੀ ਰਹਿ ਗਏ। ਮੈਂ ਇਹ ਤੋਹਫ਼ਾ ਲੈਕੇ, ਪਿੰਡ ਦੀ ਮਿੱਟੀ ਲੈਕੇ ਤੇ ਪਿੰਡ ਵਾਲਿਆਂ ਦਾ ਧੰਨਵਾਦ ਕਰਕੇ ਵਾਪਸ ਆਪਣੇ ਦੇਸ਼ ਪਰਤ ਆਇਆ।

ਹੁਣ ਤਕ ਮੇਰੇ ਜਮਾਤੀ ਮਾਸਟਰ ਅਬਦੁੱਲ ਕਰੀਮ ਦੇ ਖ਼ਤ ਆਉਂਦੇ ਹਨ ਜਿਨ੍ਹਾਂ ਦਾ ਮੈਂ ਬੜੇ ਪਿਆਰ ਨਾਲ ਜਵਾਬ ਦਿੰਦਾ ਹਾਂ। ਇਸੇ ਤਰ੍ਹਾਂ ਉਧਰੋਂ ਵੀ ਕਈ ਲੋਕ ਹੁਣ ਆ ਰਹੇ ਹਨ ਤੇ ਬੜੇ ਉਧਰੇਵੇਂ ਅਤੇ ਤਾਂਘ ਨਾਲ ਉਹ ਆਪਣੇ ਜੱਦੀ ਪਿੰਡ ਵੇਖਣ ਜਾਂਦੇ ਹਨ। ਇਹ ਬਹੁਤ ਹੀ ਵਧੀਆ ਸ਼ੁਰੂਆਤ ਹੈ ਤੇ 'ਦੇਰ ਆਏ ਦਰੁਸਤ ਆਏ' ਦੀ ਪੁਰਾਣੀ ਕਹਾਵਤ ਅਨੁਸਾਰ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਇਸ ਵਿੱਚ ਦੋਹਾਂ ਮੁਲਕਾਂ ਦੇ ਵਸਨੀਕਾਂ ਦੀ ਹੀ ਬਿਹਤਰੀ ਹੈ।



Academy of the Punjab in North America - APNA: http://www.apnaorg.com

ਇਹ ਸਾਂਝ ਪਿਆਰ ਦੀ ਸਾਂਝ ਹੈ, ਦਿਲਾਂ ਦੀ ਸਾਂਝ ਹੈ ਕਦੇ ਨਾ ਟੁੱਟਣ ਵਾਲੀ ਚਾਹਤ ਦੀ ਸਾਂਝ ਹੈ। ਮੈ ਜਨਾਬ ਸਫ਼ੀਰ ਰਾਮ੍ਹਾ ਸਾਹਿਬ ਨੂੰ ਦਿਲੋ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਇੰਨਾ ਵੱਡਾ ਓੱਦਮ ਕਰਕੇ ਇਹ ਸਾਂਝ ਮੈਗਜੀਨ ਸ਼ੁਰੂ ਕੀਤਾ ਹੈ ਤੇ ਕਈ ਮੁਲਕਾਂ ਵਿੱਚ ਵੱਸੇ ਪੰਜਾਬੀਆਂ ਦੀ ਸਾਡੀਆਂ ਕੜੀਆਂ ਨੂੰ ਜੋੜਨ ਦਾ ਯਤਨ ਕੀਤਾ ਹੈ। ਇਸ ਉੱਦਮ ਵਿਚ ਜੁੜੇ ਡਾਕਟਰ ਜਗਤਾਰ ਧੀਮਾਨ ਤੇ ਡਾ: ਮਨੁ ਸ਼ਰਮਾ ਨੂੰ ਮੈਂ ਵਿਸ਼ੇਸ਼ ਤੌਰ ਤੇ ਵਧਾਈ ਦਿੰਦਾ ਹਾਂ। ਜਨਾਬ ਮੁਹੰਮਦ ਆਸਿਫ਼ ਰਜ਼ਾ, ਸ੍ਰੀਮਤੀ ਅਨੰਤ ਕੌਰ, ਜਨਾਬ ਜਾਵੇਦ ਬੂਟਾ ਅਤੇ ਜਨਾਬ ਸਾਜਿਦ ਨਦੀਮ ਜੀ ਨੂੰ ਵੀ ਬਹੁਤ ਬਹੁਤ ਵਧਾਈ ਦਿੰਦਾ ਹਾਂ ਜੋ ਸਾਂਝ ਦੀ ਕਾਮਯਾਬੀ ਲਈ ਸਿਰ ਤੋੜ ਯਤਨ ਕਰ ਰਹੇ ਹਨ। ਮੇਰੀ ਸੱਚੇ ਦਿਲੋਂ ਪਰਮਾਤਮਾ ਅੱਗੇ ਅਰਦਾਸ ਹੈ ਕਿ ਇਸ ਸਾਂਝ ਨੂੰ ਪੱਕਿਆਂ ਕਰਨ ਲਈ ਸਾਡੇ ਸਾਰਿਆਂ ਤੇ ਆਪਣਾ ਮਿਹਰ ਭਰਿਆ ਹੱਥ ਰੱਖੇ।





Academy of the Punjab in North America - APNA: http://www.apnaorg.com

ਲੇਖ

ਵਿਛੜੇ ਸਜਣ



# ਨੇੜਿਉਂ ਤਕਿਆਂ ਪ੍ਰੋਫੈਸਰ ਸੋਜ਼

**ਦਰਸ਼ਨ ਸਿੰਘ ਆਸ਼ਟ**

ਸਥਾਨ : ਕਾਂਟੀਨੈਂਟਲ ਹੋਟਲ ਪਟਿਆਲਾ। ਸਮਾਂ : ਸ਼ਾਮ ਦਾ। ਲੇਖਕਾਂ ਦੀ ਮਹਿਫ਼ਿਲ ਸਜੀ ਹੋਈ ਹੈ। ਹੌਲੀ ਹੌਲੀ ਲੇਖਕ ਪੌੜੀਆਂ ਚੜ੍ਹਦੇ ਹੋਏ ਇੱਕ ਖ਼ਾਸ ਕਮਰੇ ਵਿਚ ਇੱਕਠੇ ਹੋ ਰਹੇ ਹਨ। ਸ਼ਿਅਰੋ-ਸ਼ਾਇਰੀ ਚਲ ਰਹੀ ਹੈ। ਨਾਲੋ ਨਾਲ ਪਿਆਲਿਆਂ ਦੇ ਸ਼ੌਕੀਨ ਜਾਮ ਨਾਲ ਜਾਮ ਟਕਰਾਈ ਜਾ ਰਹੇ ਹਨ। ਜਿਹੜੇ ਨਹੀ ਪੀਂਦੇ, ਕੋਲਡ ਡਰਿੰਕ ਨਾਲ ਸੰਤੋਖ ਕਰਕੇ ਗੱਲਾਂ ਬਾਤਾਂ ਵਿਚ ਹਿੱਸਾ ਲੈ ਰਹੇ ਹਨ। ਅਚਾਨਕ ਈ ਇਸ ਤਰ੍ਹਾਂ ਆਹਟ ਆਉਂਦੀ ਹੈ ਜਿਵੇਂ ਕੋਈ ਸ਼ਖ਼ਸ ਬੜੇ ਸਹਿਜ ਨਾਲ ਪੌੜੀਆਂ ਚੜ੍ਹਦਾ ਆ ਰਿਹਾ ਹੋਵੇ। ਟਪ... ਵਕਫ਼ਾ..... ਟਪ, ਵਕਫ਼ਾ...ਟਪ....। ਕਮਰੇ ਵਿਚ ਬੈਠੇ ਮਿੱਤਰਾਂ ਦੀ ਉਤਸੁਕਤਾ ਵਧਦੀ ਹੈ। ਅਚਾਨਕ ਹੀ ਸਾਰੇ ਮਿਤਰ "ਸੋਜ਼ ਸਾਹਿਬ, ਸੋਜ਼ ਸਾਹਿਬ" ਕਹਿੰਦੇ ਉਸ ਸ਼ਖ਼ਸੀਅਤ ਦੇ ਸਤਿਕਾਰ ਵਿਚ ਖੜ੍ਹੇ ਹੋ ਕੇ ਅਗਲਵਾਂਢੀ ਮਿਲਣ ਲਗਦੇ ਨੇ। ਸੋਜ਼ ਸਾਹਿਬ ਨੂੰ ਕੁਝ ਸਾਹ ਚੜ੍ਹਿਆ ਹੋਇਆ ਹੈ। ਤੇ ਫ਼ਿਰ ਠਹਾਕੇ ਗੂੰਜਣ ਲਗਦੇ ਨੇ ਪਰ ਪ੍ਰੋਫ਼ੈਸਰ ਸੋਜ਼ ਖ਼ਾਮੋਸ਼ ਹਨ।

"ਪ੍ਰੋਫ਼ੈਸਰ ਸਾਹਿਬ ਮਹਿਫ਼ਿਲ ਵਿਚ ਆਉਣ ਤੇ ਤੁਹਾਡੇ ਚਿਹਰੇ ਤੇ ਅਜੀਬ ਖ਼ਾਮੋਸ਼ੀ ਤਕ ਰਿਹਾ ਹਾਂ। ਇਹ ਮੇਰਾ ਭੁਲੇਖੈ ਜਾਂ ਸਚ ਐ....।" ਮੈਂ ਪੁਛਦਾ ਹਾਂ।

"ਠੀਕ ਆਖਦੈਂ ਪੁੱਤਰਾ...। ਪਜਾਬੀ ਅਦਬ ਲਈ ਇਕ ਬੁਰੀ ਸੂਚਨਾ ਏ। ਅਮ੍ਰਿਤਾ ਚਲੀ ਗਈ ਏ....।"

"ਅੱਛਾ" ਸਾਰੇ ਅਵਾਕ ਰਹਿ ਜਾਂਦੇ ਹਨ। ਕਮਾਲ ਦੀ ਗਲ ਹੈ, ਕਿਸੇ ਨੂੰ ਵੀ ਨਹੀਂ ਪਤਾ ਕਿ ਅਮ੍ਰਿਤਾ ਪ੍ਰੀਤਮ ਚਲੀ ਗਈ ਹੈ।

*ਹੁਣ ਸਾਡੇ ਵਰਗਿਆਂ ਦੀ ਵਾਰੀ ਏ...।* ਪ੍ਰੋਫ਼ੈਸਰ ਸੋਜ਼ ਕਿਸੇ ਡੂੰਘੀ ਸੋਚ ਵਿਚੋਂ ਦਾਨਿਸ਼ਵਰਾਂ ਵਾਲੀ ਬੋਲੀ ਬੋਲਦੇ ਨੇ, "ਇਹ ਜਗ ਚਲੋ ਚਲੀ ਦਾ ਮੇਲਾ ਏ...। ਇਹ ਦੁਨੀਆ ਰੰਗਮੰਚ ਏ ਤੇ ਅਸੀਂ ਸਾਰੇ ਇਸਦੇ ਕਿਰਦਾਰ ਹਾਂ। ਕਿਸੇ ਕਿਰਦਾਰ ਦਾ ਛੋਟਾ ਰੋਲ ਹੁੰਦਾ ਤੇ ਕਿਸੇ ਦਾ ਵੱਡਾ। ਆਪੋ ਆਪਣੇ ਰੋਲ ਨਿਭਾ ਕੇ ਜ਼ਿਦਗੀ ਦਾ ਡਰਾਮਾ ਖ਼ਤਮ ਹੋ ਜਾਂਦੈ। ਖ਼ੈਰ....ਤੁਸੀਂ ਮਜਲਿਸ ਜਾਰੀ ਰਖੋ...।" ਕਹਿ ਕੇ ਪ੍ਰੋਫ਼ੈਸਰ ਸੋਜ਼ ਮੇਰੇ ਨਾਲ ਦੀ ਖਾਲੀ ਕੁਰਸੀ ਤੇ ਬਹਿ ਗਏ। ਬੜੀ ਦੇਰ ਅਦਬੀ ਗੱਲਾਂ ਹੁੰਦੀਆਂ ਰਹੀਆਂ।



Academy of the Punjab in North America - APNA: http://www.apnaorg.com

ਅਚਾਨਕ ਹੀ 21 ਅਪ੍ਰੈਲ, 2008 ਨੂ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਪ੍ਰਿੰਸੀਪਲ ਮੋਹਨ ਸਿਘ ਪ੍ਰੇਮ ਦਾ ਫ਼ੋਨ ਆਇਆ, "ਪ੍ਰੋਫ਼ੈਸਰ ਸੋਜ਼ ਸਾਹਿਬ ਬਾਰੇ ਕੁਝ ਪਤਾ ਲਗੈ ?"

*ਨਹੀ, ਕਿਉਂ...।* ਮੈਂ ਅਚੇਤ ਡਰ ਨਾਲ ਪੁੱਛਦਾ ਹਾਂ।

*ਕਸੇਲ ਸਾਹਿਬ (ਪ੍ਰੋਫ਼ੈਸਰ ਕਿਰਪਾਲ ਸਿਘ ਕਸੇਲ) ਦਾ ਫ਼ੋਨ ਆਇਐ ਕਿ ਉਹ ਅਕਾਲ ਚਲਾਣਾ ਕਰ ਗਏ ਨੇ। ਇਸ ਬਾਰੇ ਪਤਾ ਤੇ ਕਰੋ।"

ਇਸ ਤਰ੍ਹਾਂ ਦੀਆਂ ਗੱਲਾਂ ਝੂਠ ਨਹੀਂ ਹੁੰਦੀਆਂ। ਉਹੀ ਗਲ ਹੋਈ ਜਿਸ ਕਾਰਨ ਪਿੰਸੀਪਲ ਮੋਹਨ ਸਿਘ ਪ੍ਰੇਮ ਦਾ ਫ਼ੋਨ ਆਉਣ ਤੇ ਮੱਥਾ ਠਣਕਿਆ ਸੀ। ਪ੍ਰੋਫ਼ੈਸਰ ਸ. ਸੋਜ਼ ਪਜਾਬੀ ਸਾਹਿਤ ਸਭਾ ਦੇ ਸਲਾਹਕਾਰ ਸਨ। ਉਹ ਸੋਮਵਾਰ ਵਾਲੇ ਦਿਨ ਸਵੇਰੇ ਤਕਰੀਬਨ ਸਾਢੇ ਦਸ ਵਜੇ ਇਸ ਫ਼ਾਨੀ ਦੁਨੀਆ ਤੋਂ ਰੁਖ਼ਸਤ ਹੋ ਗਏ ਸਨ। ਪੱਛਮੀ ਡਾਕਟਰਾਂ ਨੇ ਉਹਨਾਂ ਨੂ ਉਹਨਾਂ ਦੀ ਮੌਤ ਬਾਰੇ ਅਗਾਊਂ ਦਸ



**"ਇਹ ਜਗ ਚਲੋ ਚਲੀ ਦਾ ਮੇਲਾ ਏ...। ਇਹ ਦੁਨੀਆ ਰੰਗਮੰਚ ਏ ਤੇ ਅਸੀਂ ਸਾਰੇ ਇਸਦੇ ਕਿਰਦਾਰ ਹਾਂ। ਕਿਸੇ ਕਿਰਦਾਰ ਦਾ ਛੋਟਾ ਰੋਲ ਹੁੰਦਾ ਤੇ ਕਿਸੇ ਦਾ ਵੱਡਾ। ਆਪੋ ਆਪਣੇ ਰੋਲ ਨਿਭਾ ਕੇ ਜ਼ਿਦਗੀ ਦਾ ਡਰਾਮਾ ਖ਼ਤਮ ਹੋ ਜਾਂਦੈ......**

ਦਿੱਤਾ ਸੀ ਕਿ ਉਹ 2005 ਦੇ ਅਤ ਤਕ ਮਸਾਂ ਹੀ ਕੱਟਣਗੇ ਪਰ ਸੋਜ਼ ਸਾਹਿਬ ਦੀ 'ਵਿਲ ਪਾਵਰ' ਨੇ ਪਛਮੀ ਡਾਕਟਰਾਂ ਦੀਆਂ ਪੇਸ਼ੀਨਗੋਈਆਂ ਝੂਠੀਆਂ ਸਾਬਤ ਕਰ ਦਿੱਤੀਆਂ ਸਨ। ਉਹਨਾਂ ਦਾ ਸਵੈ ਭਰੋਸਾ ਕਮਾਲ ਦਾ ਸੀ। ਜਿਸ ਦਿਨ ਸੰਸਕਾਰ ਤੋਂ ਪਹਿਲਾਂ ਉਹਨਾਂ ਨੂੰ ਨਵਾਇਆ ਜਾ ਰਿਹਾ ਸੀ, ਇਉਂ ਲੱਗਦਾ ਸੀ, ਜਿਵੇਂ ਹੁਣੇ ਬੋਲ ਪੈਣਗੇ। ਪਰ ਆਹ! ਆਖਰੀ ਸਮਿਆਂ ਤਕ ਕੰਪਿਊਟਰ ਤੇ ਉਂਗਲਾਂ ਚਲਾ ਕੇ ਨਵੀਂ ਪੁਸਤਕ 'ਬੱਘੀ ਖ਼ਾਨਾ' ਤਿਆਰ ਕਰਕੇ ਅਗਲੀ ਨਵੀਂ ਰਚਨਾ ਵਿਚ ਲੀਨ ਪ੍ਰੋਫ਼ੈਸਰ ਸਾਹਿਬ ਪਰਿਵਾਰ ਅਤੇ ਸਮੂਹ ਅਦੀਬਾਂ ਦੀ ਢਾਣੀ ਨੂੰ ਵਿਛੋੜਾ ਦੇ ਗਏ। ਉਹਨਾਂ ਦਾ ਪੂਰਾ ਨਾਂ ਸੀ ਸੋਹਣ ਸਿੰਘ ਸੋਜ਼। ਇਕ ਖ਼ੁੱਦਾਰ ਅਦੀਬ। ਪ੍ਰੋਫ਼ੈਸਰ ਅੰਗਰੇਜ਼ੀ ਦਾ, ਲੇਖਕ ਪੰਜਾਬੀ ਦਾ ਤੇ ਮੁਹਾਵਰਾ ਗੋ ਉਰਦੂ ਦਾ। ਹਿੰਦੁਸਤਾਨ ਦੀ ਕੋਈ ਜ਼ੁਬਾਨ ਨਹੀਂ ਰਹਿ ਗਈ ਜਿਸ ਵਿਚ ਉਸ ਦਾ ਨਾਵਲ 'ਪਾਤਰ ਵਿਪਾਤਰ' ਅਨੁਵਾਦ ਹੋ ਕੇ ਨਾ ਪੁੱਜਿਆ ਹੋਵੇ। ਉਸ ਦੇ ਇਕ ਹੋਰ ਨਾਵਲ "ਊਣੇ ਸੱਖਣੇ" ਨੇ ਪੰਜਾਬੀ ਨਾਵਲਨਿਗਾਰੀ ਵਿਚ ਚੋਖੀ ਪ੍ਰਸ਼ੰਸਾ ਖੱਟੀ। ਕੁਝ ਅਰਸਾ ਪਹਿਲਾਂ ਹੀ ਉਹਨਾਂ ਨਾਲ ਇਕ ਮੁਲਾਕਾਤ ਕੀਤੀ ਸੀ, ਜਿਸ ਦਾ ਨਿਚੋੜ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ।

*? ਪ੍ਰੋਫ਼ੈਸਰ ਸਾਹਿਬ! ਤੁਸੀਂ ਪਹਿਲਾਂ ਵਾਂਗ ਸਾਹਿਤਕ ਸਮਾਗਮਾਂ ਵਿਚ ਨਜ਼ਰ ਨਹੀਂ ਆਉਂਦੇ। ਕੀ ਤੁਸੀਂ ਆਪਣੀ ਸੇਵਾ ਮੁਕਤੀ ਤੋਂ ਬਾਅਦ ਰੁਝੇਵੇਂ ਹੋਰ ਵਧਾ ਲਏ ਹਨ ?*

- ਨਹੀਂ 'ਆਸ਼ਟ' ਬੇਟਾ, ਰੁਝੇਵਿਆਂ ਦੇ ਵੱਧਣ ਵਾਲੀ ਤਾਂ ਕੋਈ ਗੱਲ ਨਹੀਂ। ਦਰਅਸਲ ਜਦੋਂ ਬੰਦਾ ਬੁੱਢਾ ਹੋਣ ਲੱਗਦੈ, ਬਿਮਾਰੀਆਂ ਦੀ ਗਿਣਤੀ ਵਿਚ ਵਾਧਾ ਹੋਈ ਜਾਂਦੈ। ਪਿੱਛੇ ਜਿਹੇ ਹੀ ਦਿੱਲੀ



Academy of the Punjab in North America - APNA: http://www.apnaorg.com

ਦੇ ਐਸਕਾਰਟ ਹਸਪਤਾਲ ਚੋਂ ਦਿਲ ਦਾ ਅਪ੍ਰੇਸ਼ਨ ਕਰਵਾ ਕੇ ਹਟਿਆ ਹਾਂ। ਇਕ ਦੋ ਹੋਰ ਨਿੱਕੀਆਂ ਮੋਟੀਆਂ ਬਿਮਾਰੀਆਂ ਵੀ ਖਹਿੜਾ ਨਹੀਂ ਛੱਡਦੀਆਂ। ਇਸ ਲਈ ਬਾਹਰ ਨਿਕਲਣਾ ਘਟਾਇਆ ਹੋਇਆ ਹੈ।

*ਆਪਣੀ ਪਹਿਲੀ ਰਚਨਾ ਬਾਰੇ ਦੱਸੋ, ਇਸ ਦਾ ਕੀ ਨਾਂ ਸੀ ਤੇ ਕਿੱਥੇ ਛਪੀ ਸੀ?*

- ਮੇਰੀ ਪਹਿਲੀ ਰਚਨਾ 'ਦੁਕਾਨ' ਸੀ। ਇਹ ਨਜ਼ਮ ਪ੍ਰੋਫ਼ੈਸਰ ਮੋਹਨ ਸਿੰਘ ਨੇ 1957 ਵਿਚ ਆਪਣੇ ਰਸਾਲੇ 'ਪੰਜ ਦਰਿਆ' ਵਿਚ ਛਾਪੀ ਸੀ। 'ਦੁਕਾਨ' ਸੰਤਾਨ ਦੀ ਪ੍ਰਤੀਕ ਹੈ ਜਿਸ ਤੋਂ ਮਾਪੇ ਭਵਿੱਖ ਵਿਚ ਲਾਭ ਲੈਣਾ ਚਾਹੁੰਦੇ ਹਨ।

ਨਜ਼ਮਗੋਈ ਦੇ ਨਾਲ ਨਾਲ ਨਾਵਲ, ਕਹਾਣੀ, ਸਮੀਖਿਆ ਅਤੇ ਕਈ ਹੋਰਨਾਂ ਖੇਤਰਾਂ ਨਾਲ ਜੁੜਨ ਦਾ ਸਬੱਬ ਕਿਵੇਂ ਬਣਦਾ ਗਿਆ?

- ਜਦੋਂ ਕੋਈ ਲੇਖਕ ਕਿਸੇ ਇਕ ਵਿਧਾ ਜਾਂ ਖੇਤਰ ਨੂੰ ਛੱਡ ਕੇ ਦੂਜੀ ਵੱਲ ਜਾਂਦਾ ਹੈ ਤਾਂ ਇਹਦਾ ਮਤਲਬ ਇਹ ਨਹੀਂ ਹੁੰਦਾ ਕਿ ਉਹ ਆਪਣੇ ਮਕਸਦ ਵਿਚ ਫ਼ੇਲ ਹੋ ਗਿਆ ਹੈ। ਅਸਲ ਵਿਚ ਜਿਹੋ ਜਿਹਾ ਖ਼ਿਆਲ, ਵਲਵਲੇ ਜਾਂ ਜਜ਼ਬਾਤ ਉਹਦੇ ਜ਼ਿਹਨ ਅੰਦਰ ਪੈਦਾ ਹੁੰਦੇ ਰਹਿੰਦੇ ਹਨ, ਉਹਨਾਂ ਨੂੰ ਉਸ ਦੀ ਕਲਮ ਉਹੋ ਜਿਹੇ ਢੁਕਵੇਂ ਰੂਪ ਜਾਂ ਸਿਨਫ਼ ਵਿਚ ਖੁਦ-ਬ-ਖੁਦ ਢਾਲ ਦਿੰਦੀ ਹੈ। ਮੇਰੇ ਨਾਲ ਵੀ ਇੰਜ ਹੀ ਵਾਪਰਦਾ ਗਿਆ ਹੈ। ਜਿਹੜੀ ਗੱਲ ਮੈਂ ਨਜ਼ਮ ਵਿਚ ਨਹੀਂ ਕਹਿ ਸਕਿਆ, ਉਹ ਦੂਜੀਆਂ ਵੰਨਗੀਆਂ ਵਿਚ ਆਖੀ ਹੈ। ਇਹ ਲੇਖਕ ਦੇ ਵੱਸ ਦੀ ਗੱਲ ਨਹੀਂ ਹੁੰਦੀ। ਮੈਂ ਇਸ ਨੂੰ ਸਹਿਜ ਕੁਦਰਤੀ ਵਰਤਾਰਾ ਸਮਝਦਾ ਹਾਂ।

*ਆਪਣੇ ਪਿਛੋਕੜ ਬਾਰੇ ਮੁਖ਼ਤਸਰ ਵਾਕਫ਼ੀਅਤ ਮੁਹੱਈਆ ਕਰਵਾਉ।*

- ਮੈਂ ਉਬ੍ਹਰਾ ਖ਼ਾਨਦਾਨ ਨਾਲ ਸੰਬੰਧ ਰੱਖਦਾ ਹਾਂ। ਮੇਰਾ ਜਨਮ 7 ਅਕਤੂਬਰ, 1939 ਦਾ ਹੈ। 'ਸੋਜ਼' ਮੇਰੀ ਗੋਤ ਨਹੀਂ ਤਖ਼ੱਲੁਸ ਹੈ। ਮੇਰੇ ਸ਼ਾਇਰ ਪਿਤਾ ਸ. ਮੋਹਣ ਸਿੰਘ ਉਬ੍ਹਰਾ ਸੰਨ ਸੰਤਾਲੀ ਤੋਂ ਬਾਅਦ ਪਰਿਵਾਰ ਸਮੇਤ ਪਿਸ਼ਾਵਰ ਤੋਂ ਸਿਕੰਦਰ ਦੀ ਤਰ੍ਹਾਂ ਖਾਲੀ ਹੱਥ ਬਿਹਾਰ ਆ ਗਏ ਸਨ। ਉੱਥੇ ਸਾਡੇ ਰਿਸ਼ਤੇਦਾਰ ਸਨ। ਫ਼ਿਰ ਉਥੋਂ ਉੜੀਸਾ, ਬੰਗਾਲ ਕਿਆਮ ਕਰਦੇ ਹੋਏ ਅਖ਼ੀਰ ਪਟਿਆਲੇ ਦੇ ਰਾਘੋਮਾਜਰੇ ਮੁਹੱਲੇ ਵਿਚ ਟਿਕਾਣਾ ਬਣਾ ਲਿਆ। ਪਟਿਆਲੇ ਆ ਕੇ ਮੈਂ ਬਚਪਨ ਵਿਚ ਹੀ ਇਕ ਮਸੀਤ ਵਿੱਚ ਉਰਦੂ ਦੀ ਤਾਲੀਮ ਹਾਸਲ ਕੀਤੀ। ਫ਼ਿਰ ਕੁਝ ਵੱਡਾ ਹੋਇਆ ਤਾਂ ਛਾਪੇਖ਼ਾਨੇ ਵਿਚ ਕੰਪੋਜ਼ਿੰਗ ਕਰਨ ਲੱਗਾ। ਮੈਂ ਤਕਰੀਬਨ ਸਾਰੀ ਤਾਲੀਮ ਪ੍ਰਾਈਵੇਟ ਹੀ ਹਾਸਲ ਕੀਤੀ। ਐਮ. ਏ. ਵਿਚੋਂ ਯੂਨੀਵਰਸਿਟੀ ਵਿਚੋਂ ਪਹਿਲੇ ਨੰਬਰ ਤੇ ਆਇਆ ਤੇ ਅੰਗਰੇਜ਼ੀ ਦੇ ਪ੍ਰੋਫ਼ੈਸਰ ਵਜੋਂ ਰਿਟਾਇਰ ਹੋਇਆ ਹਾਂ।

*ਤੁਸੀਂ ਆਪਣੀ ਸਾਹਿਤ ਰਚਨਾ ਰਾਹੀਂ ਦੂਜੇ ਲੇਖਕਾਂ ਨਾਲੋਂ ਕਿਹੜੀ ਵੱਖਰੀ ਗੱਲ ਜਾਂ ਪ੍ਰਯੋਗ ਕੀਤਾ ਹੈ?*

- ਇਹ ਪਤਾ ਲਗਾਉਣਾ ਤਾਂ ਆਲੋਚਕਾਂ ਦਾ ਕੰਮ ਹੁੰਦਾ ਹੈ। ਫ਼ਿਰ ਵੀ ਮੈਂ ਆਪਣੇ ਮੂਜਬ ਦਸ ਦਿੰਦਾ ਹਾਂ ਕਿ ਮੈਂ ਨਵੇਂ ਪ੍ਰਯੋਗ ਕਰਦਾ ਹੀ ਰਹਿੰਦਾ ਹਾਂ। ਮੁਹਾਵਰਾ ਅਤੇ ਬੋਲੀ ਸ਼ੈਲੀ ਦੇ ਪੱਖ ਤੋਂ ਨਵਾਂ ਪ੍ਰਯੋਗ ਕੀਤਾ ਹੈ। ਇਸ ਸ਼ੈਲੀ ਵਿਚ ਪੋਠੋਹਾਰੀ ਜਾਂ ਪਿਸ਼ਾਵਰੀ ਮੁਹਾਵਰਾ ਹੈ। ਪਟਿਆਲਵੀ ਲਹਿਜਾ ਵੀ। ਆਪਣੀਆਂ ਰੇਖਾ ਚਿੱਤਰਾਂ ਦੀਆਂ ਪੁਸਤਕਾਂ 'ਖਾਕ'', 'ਆਦਮੀ ਅਬਰਕ ਦੇ' ਅਤੇ 'ਧੀਆਂ ਵਾਰਸ ਦੀਆਂ' ਤੋਂ ਇਲਾਵਾ ਦੂਜੇ ਮਜ਼ਮੂਨਾਂ ਵਿੱਚ ਵੀ ਇਸ ਖੇਤਰੀ ਮੁਹਾਵਰੇ ਦਾ ਇਸਤੇਮਾਲ ਕੀਤਾ



Academy of the Punjab in North America - APNA: http://www.apnaorg.com

ਹੈ। ਆਪਣੀ ਹੁਣੇ ਹੁਣੇ ਮੁਕੰਮਲ ਕੀਤੀ ਪੁਸਤਕ 'ਬਾਤ ਇਕ ਬਿਰਖ ਦੀ' ਵਿੱਚ ਮੈਂ ਪੰਜਾਬੀ ਸਾਹਿਤ ਵਿਚ ਪਹਿਲੀ ਵਾਰੀ 'ਭਾਟੜਾ ਬਰਾਦਰੀ' ਨੂੰ ਪੇਸ਼ ਕੀਤਾ ਹੈ। ਇਹ ਵੀ ਇਕ ਵੱਖਰੀ ਕਿਸਮ ਦਾ ਤਜਰਬਾ ਹੈ।

*? ਤੁਸੀਂ ਇਕ ਸਮੀਖਿਆਕਾਰ ਵਜੋਂ ਵੀ ਆਪਣਾ ਸਥਾਨ ਰੱਖਦੇ ਹੋ। ਪੰਜਾਬੀ ਸਮੀਖਿਆ ਉਪਰ ਇਹ ਦੋਸ਼ ਲੱਗ ਰਹੇ ਹਨ ਕਿ ਇਹ ਉਲਾਰਵਾਦੀ ਹੋ ਗਈ ਹੈ ਜਿਸ ਨੇ ਪੰਜਾਬੀ ਸਾਹਿਤ ਨੂੰ ਨੁਕਸਾਨ ਪੁਚਾਇਆ ਹੈ। ਤੁਹਾਡਾ ਇਸ ਪ੍ਰਸੰਗ ਵਿਚ ਕੀ ਨਜ਼ਰੀਆ ਹੈ?*

- ਮੈਂ ਪੰਜਾਬੀ ਦੇ ਸੋ-ਕਾਲਡ ਅਜੋਕੇ ਆਲੋਚਕਾਂ ਤੋਂ ਬਹੁਤ ਪ੍ਰੇਸ਼ਾਨ ਹਾਂ। ਪੰਜਾਬੀ ਦੇ ਬਹੁਤੇ 'ਡਾਕਟਰ' ਡਾਕਟਰ ਨਹੀਂ ਨਿਰੇ 'ਮਰੀਜ਼' ਹਨ। ਇਹਨਾਂ ਵਿਚ ਨੀਮ ਹਕੀਮਾਂ ਦੀ ਗਿਣਤੀ ਵਧੇਰੇ ਹੈ। ਮੈਂ ਕਈ ਅਜਿਹੇ 'ਡਾਕਟਰਾਂ' ਨੂੰ ਜਾਣਦਾ ਹਾਂ ਜਿਨ੍ਹਾਂ ਚਿਲਮਾਂ ਭਰ ਭਰ ਕੇ ਡਿਗਰੀਆਂ ਹਾਸਿਲ ਕੀਤੀਆਂ ਨੇ। ਮੇਰੀ ਇਹਨਾਂ ਨਾਲ ਕੋਈ ਨਿੱਜੀ ਰੰਜਿਸ਼ ਨਹੀਂ ਪਰ ਮਾਂ ਬੋਲੀ ਪੰਜਾਬੀ ਨਾਲ ਧੋਖਾ ਕਰਨ ਵਾਲੇ ਪੱਖਪਾਤੀ ਆਲੋਚਕਾਂ ਜਾਂ ਸਮੀਖਿਆਕਾਰਾਂ ਨਾਲ ਮੇਰਾ ਵਿਚਾਰਧਾਰਕ ਵਿਰੋਧ ਜ਼ਰੂਰ ਹੈ।

*ਇਸ ਗੱਲ ਨੂੰ ਹੋਰ ਵਧੇਰੇ ਸਪੱਸ਼ਟ ਕਰੋ।*

ਮੈਂ ਨਿੱਜੀ ਹਵਾਲੇ ਨਾਲ ਗੱਲ ਕਰ ਰਿਹਾ ਹਾਂ। ਮੈਂ ਪੰਜਾਹ ਤੋਂ ਵੱਧ ਪੁਸਤਕਾਂ ਦੀ ਰਚਨਾ ਕਰ ਚੁੱਕਾ ਹਾਂ ਪਰ ਕੁਝ ਇਕ ਵਿਦਵਾਨਾਂ ਨੂੰ ਛੱਡ ਕੇ ਕਿਸੇ ਨੇ ਇਹਨਾਂ ਦਾ ਨੋਟਿਸ ਨਹੀਂ ਲਿਆ। ਡਾ. ਅਤਰ ਸਿੰਘ ਨੇ ਮੈਨੂੰ ਇਕ ਵਾਰੀ ਕਿਹਾ ਸੀ ਕਿ ਜਦੋਂ ਅਜਿਹੇ ਵਿਦਵਾਨ ਜਾਂ ਆਲੋਚਕ ਤੁਹਾਡੀਆਂ ਰਚਨਾਵਾਂ ਬਾਰੇ ਚੁੱਪ ਸਾਧ ਲੈਣ ਤਾਂ ਸਮਝੋ ਉਹਨਾਂ ਲਈ ਤੁਹਾਡੀ ਰਚਨਾ ਪਰੇਸ਼ਾਨੀ ਦਾ ਕਾਰਨ ਬਣ ਰਹੀ ਹੈ। ਘਬਰਾਉਣ ਦੀ ਜ਼ਰੂਰਤ ਨਹੀਂ।

*ਜ਼ਿੰਦਗੀ ਕੌੜੇ ਮਿੱਠੇ ਅਨੁਭਵਾਂ ਦਾ ਨਾਂ ਹੈ। ਤੁਹਾਨੂੰ ਆਪਣੀ ਜ਼ਿੰਦਗੀ ਵਿਚ ਕੋਈ ਅਜਿਹਾ ਖ਼ਾਸ ਅਹਿਸਾਸ ਹੋਇਆ ਹੋਵੇ?*

ਮੇਰੀ ਜ਼ਿੰਦਗੀ ਹੈ ਹੀ ਕੌੜੇ ਅਨੁਭਵਾਂ ਦਾ ਨਾਂ। ਮਿੱਠੇ ਅਨੁਭਵ ਘੱਟ ਨਸੀਬ ਹੋਏ। ਇਕ ਕੌੜਾ ਅਨੁਭਵ ਦਸਦਾ ਹਾਂ। ਮੈਂ ਕਈ ਵਰਿਆਂ ਦੀ ਲੰਮੀ ਘਾਲਣਾ ਤੋਂ ਬਾਅਦ ਆਪਣਾ ਪੀ.ਐਚ.ਡੀ. ਦਾ ਥੀਸਿਸ ਲਿਖਿਆ ਸੀ ਪਰ ਮੇਰੇ ਆਪਣੇ ਅਧਿਆਪਕ ਗਾਈਡ ਨੇ ਮੇਰੇ ਥੀਸਿਸ ਤੇ ਵਿਆਕਰਣਿਕ ਦੋਸ਼ ਲਗਾਉਣੇ ਸ਼ੁਰੂ ਕਰ ਦਿੱਤੇ। ਮੈਂ ਦਰੁਸਤ ਕਰਦਾ, ਫ਼ਿਰ ਹੋਰ ਨਵਾਂ ਇਤਰਾਜ਼ ਲਗ ਜਾਂਦਾ। ਮੈਂ ਮਾਨਸਿਕ ਸਦਮੇ ਦਾ ਸ਼ਿਕਾਰ ਹੋ ਗਿਆ। ਮੈਂ ਸਰਦੀਆਂ ਦੀ ਇਕ ਰਾਤ ਨੂੰ ਆਪਣੇ ਘਰ ਦੇ ਵਿਹੜੇ ਵਿਚ ਸਾਰੀ ਰਾਤ ਉਸ ਥੀਸਿਜ਼ ਦਾ ਇਕੱਲਾ ਇਕੱਲਾ ਵਰਕਾ ਆਪਣੇ ਹੱਥੀਂ ਸਾੜਿਆ ਤਾਂ ਕਿਧਰੇ ਜਾ ਕੇ ਮੈਨੂੰ ਤਸਕੀਨ ਮਿਲੀ। ਵਰਨਾ ਮੈਂ ਵੀ ਅੱਜ ਡਾਕਟਰ ਹੁੰਦਾ। ਮੇਰਾ ਨਾਵਲ "ਕੋਲਾਜ" ਮੇਰੇ ਇਸੇ ਦੁਖਾਂਤ ਅਤੇ ਫ਼ਰਸਟ੍ਰੇਸ਼ਨ ਦਾ ਹੀ ਆਈਨਾ ਹੈ।

*ਤੁਹਾਨੂੰ ਆਪਣੇ ਕਿਹੜੇ ਨਾਵਲ ਦਾ ਕਿਹੜਾ ਕਿਰਦਾਰ ਸਭ ਤੋਂ ਚੰਗਾ ਲੱਗਦਾ ਹੈ?*

ਸਾਰੇ ਹੀ। ਹਰ ਪਾਤਰ ਦਾ ਆਪੋ ਆਪਣਾ ਰੋਲ ਹੁੰਦਾ ਹੈ ਅਤੇ ਤੁਸੀਂ ਉਸ ਪਾਤਰ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਹੋਏ ਹੁੰਦੇ ਹੋ।

*ਤੁਹਾਨੂੰ ਸਾਹਿਤ ਰਚਨਾ ਲਈ ਕਿਹੋ ਜਿਹਾ ਮਾਹੌਲ ਲੋੜੀਂਦਾ ਹੁੰਦਾ ਹੈ?*



Academy of the Punjab in North America - APNA: http://www.apnaorg.com

- ਵੈਸੇ ਤਾਂ ਇਕਾਂਤ ਵਰਗੀ ਕੋਈ ਰੀਸ ਨਹੀਂ ਹੁੰਦੀ। ਫ਼ਿਰ ਵੀ ਜੇ ਘਰ ਬਹਿ ਕੇ ਲਿਖ ਰਿਹਾ ਹੋਵਾਂ ਤਾਂ ਬੀਵੀ ਇਸ ਕੰਮ ਵਿਚ ਪੂਰਾ ਸਹਿਯੋਗ ਦਿੰਦੀ ਹੈ।

*ਆਪਣੇ ਪਰੀਵਾਰ ਬਾਰੇ ਦੱਸੋ?*

ਦੋ ਬੇਟੇ ਗੁਣਮੀਤ ਤੇ ਸ਼ਿਲਪਜੋਤ ਨੇ। ਦੋਵੇਂ ਬਾਹਰ ਸੈੱਟ ਨੇ। ਪਟਿਆਲੇ ਮੈਂ ਤੇ ਮੇਰੀ ਪਤਨੀ ਪ੍ਰੀਤਮ ਕੌਰ ਹੀ ਰਹਿੰਦੇ ਹਾਂ।

*ਆਖ਼ਰੀ ਸਵਾਲ, ਤੁਹਾਡੀ ਨਜ਼ਰ ਵਿਚ ਸਮਾਜ ਵਿਚ ਲੇਖਕ ਦਾ ਕੀ ਰੁਤਬਾ ਹੈ?*

ਜਦੋਂ ਸੁਰਜੀਤ ਸਿੰਘ ਸੇਠੀ ਦੀ ਡੈਥ ਹੋਈ ਸੀ ਤਾਂ ਜਲੰਧਰੋਂ ਹਰਨਾਮ ਦਾਸ ਸਹਿਰਾਈ ਉਚੇਚਾ ਆਪਣੇ ਮਿੱਤਰ ਲੇਖਕ ਦੇ ਭੋਗ ਤੇ ਆਇਆ। ਜਦੋਂ ਉਸ ਨੇ ਗਿਣਤੀ ਦੇ ਬੰਦੇ ਵੇਖੇ ਤਾਂ ਉਸ ਨੇ ਪੰਜਾਬੀਆਂ ਨੂੰ ਮਣ ਪੱਕੇ ਦੀ ਗਾਲ੍ਹ ਕੱਢ ਕੇ ਲਾਅਨਤ ਪਾਈ ਕਿ ਜਿਸ ਲੇਖਕ ਨੇ ਆਪਣੀ ਸਾਰੀ ਉਮਰ ਆਪਣੇ ਪੰਜਾਬ ਦੇ ਲੇਖੇ ਲਾਈ ਹੋਵੇ ਤਾਂ ਉਸ ਦੇ ਭੋਗ ਤੇ ਇਹ ਹਾਲ? ਪੰਜਾਬੀ ਜ਼ੁਬਾਨ ਦਾ ਨਾਂ ਇਹਨਾਂ ਮਰਜੀਵੜਿਆਂ ਕਰਕੇ ਹੀ ਜ਼ਿੰਦਾ ਹੈ। ਸਾਨੂੰ ਕੌਮ ਦੇ ਉਸਰੱਈਆਂ ਦੀ ਤਨ, ਮਨ ਤੇ ਧਨ ਨਾਲ ਮਦਦ ਕਰਨੀ ਚਾਹੀਦੀ ਹੈ।

ਤੇ 25 ਅਪ੍ਰੈਲ 2008 ਨੂੰ ਜਦੋਂ ਗੁਰਦੁਆਰਾ ਮੋਤੀ ਬਾਗ਼ ਵਿਖੇ ਪ੍ਰੋਫ਼ੈਸਰ ਸੋਜ਼ ਨਮਿੱਤ ਅੰਤਿਮ ਅਰਦਾਸ ਸਮੇ ਇਸ ਅਜ਼ੀਮ ਕਲਮਕਾਰ ਦੀ ਵਫ਼ਾਤ ਉਪਰ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਵੱਲੋਂ ਭੇਜੇ ਸ਼ੋਕ ਮਤੇ ਪੜ੍ਹੇ ਜਾ ਰਹੇ ਸਨ ਤਾਂ ਪ੍ਰੋਫ਼ੈਸਰ ਸੋਜ਼ ਹੁਰਾਂ ਦੇ ਭਰਾ ਹਰਬੰਸ ਸਿੰਘ ਤੇ ਦਵਿੰਦਰ ਸਿੰਘ, ਭੈਣਾਂ ਪ੍ਰਕਾਸ਼ ਕੌਰ ਤੇ ਅੰਮ੍ਰਿਤ ਕੌਰ, ਮਿਸਿਜ਼ ਸੋਜ਼ (ਪ੍ਰੀਤਮ ਕੌਰ), ਦੋਵੇਂ ਬੇਟੇ ਗੁਣਮੀਤ ਤੇ ਸ਼ਿਲਪਜੋਤ, ਨੇੜੇ ਦੂਰ ਦੇ ਹੋਰ ਸਕੇ ਸੰਬੰਧੀ ਅਤੇ ਖ਼ਾਸ ਕਰਕੇ ਪੰਜਾਬੀ ਅਦਬ ਨਾਲ ਜੁੜਿਆ ਉਹਨਾਂ ਦਾ ਲੇਖਕ ਭਾਈਚਾਰਾ ਖ਼ਾਲੀ ਖ਼ਾਲੀ ਅੱਖਾਂ ਨਾਲ ਪ੍ਰੋਫ਼ੈਸਰ ਸੋਜ਼ ਹੁਰਾਂ ਨੂੰ ਲੱਭ ਰਿਹਾ ਸੀ! ਪਰ ਸੋਜ਼ ਗ਼ੈਰਹਾਜ਼ਰ ਸੀ। 'ਮਕਾਨ ਇਕ ਖਾਲੀ ਜਿਹਾ' ਨਾਵਲ ਲਿਖਣ ਵਾਲਾ ਦੁਨੀਆ ਦੇ ਮਕਾਨ ਨੂੰ ਖ਼ਾਲੀ ਕਰ ਚੁੱਕਾ ਸੀ।

ਹੁਣ ਜਦੋਂ ਵੀ ਨਿੱਜੀ ਲਾਇਬ੍ਰੇਰੀ ਵੱਲ ਸਰਸਰੀ ਨਜ਼ਰ ਮਾਰਦਾ ਹਾਂ ਤਾਂ ਸੋਜ਼ ਸਾਹਿਬ ਵੱਲੋਂ ਭੇਂਟ ਕੀਤੇ ਗਏ ਨਾਵਲ 'ਦੇਸ ਬਿਗਾਨਾ ਹੈ' ਨੂੰ ਸਹਿਜ-ਸੁਭਾਵ ਕੱਢ ਕੇ ਫ਼ੋਲਣ ਲੱਗ ਪੈਂਦਾ ਹਾਂ। ਪਹਿਲੇ ਹੀ ਸਫ਼ੇ ਤੇ ਕਬੀਰ ਸਾਹਿਬ ਦਾ ਵਾਕ ਹੈ, 'ਰਹਿਨਾ ਨਹੀਂ ਦੇਸ ਬਿਗਾਨਾ ਹੈ।'

ਅਣਡਿੱਠੇ ਦੇਸ ਦਾ ਬਾਸ਼ਿੰਦਾ ਬਣ ਚੁੱਕੇ ਪ੍ਰੋਫ਼ੈਸਰ ਸੋਜ਼ ਕਿੱਡੇ ਦੂਰਦਰਸ਼ੀ ਸਨ!

□



Academy of the Punjab in North America - APNA: http://www.apnaorg.com



# ਇਹੋ ਜਿਹਾ ਸੀ ਲਾਲ ਸਿੰਘ ਦਿਲ

**ਬੀਬਾ ਕੁਲਵੰਤ**

ਅਜ ਤੋਂ ਕਈ ਵਰ੍ਹੇ ਪਹਿਲਾਂ...... ਨਾ ਮੈਂ ਉਸਦੀ ਕੋਈ ਤਸਵੀਰ ਦੇਖੀ ਸੀ ਤੇ ਨਾ ਹੀ ਕਦੇ ਉਸਨੂੰ ਮੈਂ ਮਿਲੀ ਸਾਂ। ਬਸ ਉਹਦੀਆਂ ਲਿਖਤਾਂ ਵਿਚੋਂ ਹੀ ਉਹਨੂੰ ਤੱਕਿਆਂ ਸੀ ਤੇ ਤਮੰਨਾ ਸੀ ਕਦੇ ਕਿਧਰੇ ਮੈਂ ਮਿਲਾਂ ਜਾਂ ਵੇਖਾਂ......।

ਭਾਜੀ ਗੁਰਸ਼ਰਨ ਸਿੰਘ ਨਾਲ ਕੰਮ ਕਰਦੀ ਸਾਂ ਉਦੋਂ ਮੈਂ। 'ਮੌਤ-ਦਰ-ਮੌਤ' ਨਾਟਕ ਉਹਨਾਂ ਦਿਨਾਂ ਵਿਚ ਲੋਕਾਂ ਦੇ ਦਿਲਾਂ ਅੰਦਰ ਧਸਿਆ ਪਿਆ ਸੀ। ਇਕ ਬੜੇ ਖ਼ੂੰਖ਼ਾਰ ਅੱਤਵਾਦੀ ਦੀ ਮਾਂ ਦਾ ਰੋਲ ਸੀ ਇਸ ਵਿਚ ਮੇਰਾ ਨਾਮ ਜੇਦੀ ਸੀ। ਅਸੀਂ ਮਾਛੀਵਾੜੇ ਦੇ ਇਲਾਕੇ ਦੇ ਕਿਸੇ ਪਿੰਡ ਵਿਚ ਨਾਟਕ ਕੀਤਾ। ਪ੍ਰੋਗਰਾਮ ਖ਼ਤਮ ਹੋਣ ਤੋਂ ਬਾਅਦ ਮੈਂ ਕਾਹਲੀ ਕਾਹਲੀ ਪੰਡਾਲ ਵਿਚੋਂ ਬਾਹਰ ਨਿਕਲੀ ਬਸ ਫੜਨ ਲਈ। ਲਿੰਕ ਰੋਡ ਤੇ ਜਾ ਰਹੀ ਸਾਂ ਤਾਂ ਚਾਰੇ ਪਾਸੇ ਫ਼ਸਲਾਂ ਨਾਲ ਭਰੇ ਖੇਤਾਂ ਤੇ ਸ਼ਾਮ ਦਾ ਹਨੇਰਾ ਪਸਰ ਰਿਹਾ ਸੀ। ਅਚਾਨਕ ਪਤਾ ਨਹੀਂ ਕਿਹੜੇ ਪਾਸਿਉਂ ਇਕ ਬੰਦਾ ਆਇਆ...... ਮਾੜਚੂ ਜਿਹਾ...... ਰੁਲਿਆ ਹੋਇਆ...... ਮੱਧਰਾ ਕੱਦ...... ਪੱਕਾ ਰੰਗ...... ਚਿਹਰਾ ਝੁਰੜੀਆਂ ਨਾਲ ਭਰਿਆ ਹੋਇਆ। ਵੱਟੋ ਵੱਟ ਕਪੜੇ ਤੇ ਹੱਥ ਵਿਚ ਨਿੱਕਾ ਜਿਹਾ ਕਾਲੇ ਰੰਗ ਦਾ ਬੈਗ...... ਉਹ ਮੇਰਾ ਰਾਹ ਰੋਕ ਕੇ ਖੜ੍ਹਾ ਹੋ ਗਿਆ ਤੇ ਮੈਨੂੰ ਅਫ਼ਸਰਾਂ ਵਾਂਗ ਹੁਕਮ ਦਿੱਤਾ-

"ਜੇਦੀਏ ਤੂੰ ਅੱਗੇ ਨਹੀਂ ਜਾ ਸਕਦੀ।"

ਇਕ ਦਮ ਮੈਂ ਉਸਦੇ ਵੱਲ ਵੇਖਿਆ।

'ਕਿਉਂ' ਅਜੇ ਮੇਰੇ ਮੂੰਹ ਵਿਚ ਹੀ ਸੀ ਕਿ ਉਹ ਆਪੇ ਬੋਲਣ ਲੱਗ ਪਿਆ.........

"ਆ ਵੇਖ ਮੇਰੇ ਪਿੰਡੇ ਤੇ ਜ਼ਖ਼ਮਾਂ ਦੇ ਨਿਸ਼ਾਨ......"

ਉਸਨੇ ਆਪਣੀ ਮੈਲੀ ਜਿਹੀ ਕਮੀਜ਼ ਨੂੰ ਗਲੇ ਤੋਂ ਉਤਾਰ ਲਿਆ ਤੇ ਪਜਾਮਾ ਉਪੱਰ ਚੁੱਕ ਕੇ ਲੱਤਾਂ ਬਾਹਾਂ ਤੇ ਕਾਲੇ ਹੋ ਚੁੱਕੇ ਢੇਰ ਸਾਰੇ ਨਿਸ਼ਾਨ ਵਿਖਾਉਂਦਾ ਜੋਸ਼ ਵਿਚ ਬੋਲੀ ਗਿਆ-

"ਵੇਖਦੀ ਏਂ, ਅਜੇ ਮਸਾਂ ਹੀ ਸੁੱਕੇ ਇਹ ਜ਼ਖ਼ਮ ਤੂੰ ਅੱਜ ਫ਼ਿਰ ਹਰੇ ਕਰ ਦਿੱਤੇ। ਜਿਹੜਾ ਇਤਿਹਾਸ ਤੈਂ ਅੱਜ ਸਟੇਜ ਤੇ ਵਿਖਾਇਆ ਏ...... ਤੈਨੂੰ ਨਹੀਂ ਪਤਾ ਮੈਂ ਹੱਡੀਂ ਹੰਢਾਇਆ ਏ...... ਪਰ ਕਮਾਲ ਸੀ ਤੂੰ ...... ਤੇਰੀ ਸਲਾਮਤੀ ਦੀ ਦੁਆ ਮੰਗਦਾ ਹਾਂ। ਪਿਛਲੇ ਮਹੀਨੇ ਅਜਮੇਰ ਸ਼ਰੀਫ਼



Academy of the Punjab in North America - APNA: http://www.apnaorg.com

ਦੀ ਦਰਗਾਹ ਤੇ ਗਿਆ ਸਾਂ। ਦਰਗਾਹ ਤੋਂ ਮੈਂ ਇਕ ਨਗ ਲੈ ਕੇ ਆਇਆ ਹਾਂ...... ਮੈਨੂੰ ਹੁਣ ਤਕ ਸਿਰਫ਼ ਦੋ ਹੀ ਔਰਤਾਂ ਚੰਗੀਆਂ ਲੱਗੀਆਂ ਨੇ...... ਇਕ ਝਾਂਸੀ ਦੀ ਰਾਣੀ ਤੇ ਦੂਜੀ ਦੁਰਗਾ ਭਾਬੀ। ਇਹਨਾਂ ਦੀਆਂ ਮੜ੍ਹੀਆਂ ਕਬਰਾਂ ਲੱਭਣ ਫ਼ਿਰਦਾ ਸਾਂ...... ਅੱਜ ਤੀਜੀ ਵੀ ਇਹਨਾਂ ਵਿਚ ਸ਼ਾਮਿਲ ਹੋ ਗਈ। ਕਿੰਨੀ ਦੇਰ ਦਾ ਇਹ ਨਗ ਮੈਂ ਆਪਣੀ ਜੇਬ ਵਿਚ ਲਈ ਫ਼ਿਰਦਾ ਸਾਂ...... ਅੱਜ ਇਸ ਨਗ ਨੂੰ ਮਸਾਂ ਮੰਜ਼ਿਲ ਮਿਲੀ ਹੈ।"

ਉਸਨੇ ਆਪਣੀ ਕੁੜਤੀ ਦੀ ਅੰਦਰਲੀ ਜੇਬ ਵਿਚੋਂ ਨਿੱਕੇ ਜਿਹੇ ਮੋਮਜਾਮੇ ਦੇ ਲਫ਼ਾਫ਼ੇ ਵਿਚੋਂ ਕੱਚ ਦਾ ਚਿੱਟਾ ਨੱਗ ਕਢਿਆ ਤੇ ਮੇਰੀ ਤਲੀ ਤੇ ਰੱਖ ਦਿੱਤਾ-

"ਇਹਨੂੰ ਮੁੰਦਰੀ ਵਿਚ ਮੜ੍ਹਾ ਕੇ ਉਂਗਲ ਵਿਚ ਪਾ ਲੈਣਾ"

ਏਨਾ ਕਹਿਕੇ ਉਸਨੇ ਮੇਰਾ ਰਾਹ ਛੱਡ ਦਿੱਤਾ ਤੇ ਝੋਨੇ ਦੀ ਪਰਾਲੀ ਨੂੰ ਲੱਗੀ ਅੱਗ ਵਾਲੇ ਧੂੰਏ ਨਾਲ ਧੁੱਖਦੇ ਖੇਤਾਂ ਵਿਚੋਂ ਲੰਘਦਾ ਮੇਰੀਆ ਅੱਖਾਂ ਤੋਂ ਉਹਲੇ ਹੋ ਗਿਆ।

ਪੱਤਰਕਾਰੀ ਤੇ ਨਾਟਕਾਂ ਵਿਚ ਕੰਮ ਕਰਨ ਕਰਕੇ ਇਹੋ ਜਿਹੇ ਪ੍ਰਸ਼ੰਸਕ ਅਕਸਰ ਮਿਲਦੇ ਹੀ ਰਹਿੰਦੇ ਹਨ। ਇਸ ਲਈ ਉਸ ਦਿਨ ਮੈਂ ਉਸ ਘਟਨਾ ਨੂੰ ਵੀ ਗੰਭੀਰਤਾ ਨਾਲ ਨਾ ਲਿਆ ਤੇ ਨਗ ਨੂੰ ਪਰਸ ਵਿਚ ਸੁੱਟ ਕੇ ਘਰ ਨੂੰ ਆ ਗਈ।

ਇਸ ਘਟਨਾ ਤੋਂ ਤਿੰਨ ਕੁ ਮਹੀਨੇ ਬਾਅਦ ਪੰਜਾਬੀ ਭਵਨ ਲੁਧਿਆਣੇ ਵਿੱਚ ਕਿਸੇ ਸੰਸਥਾ ਵੱਲੋਂ ਲਾਲ ਸਿੰਘ ਦਿਲ ਦਾ ਸਨਮਾਣ ਸੀ ਤੇ ਉਸ ਸਮਾਗਮ ਵਿਚ ਮੈਨੂੰ ਵੀ ਕਵਿਤਾ ਪੜ੍ਹਨ ਲਈ ਬੁਲਾਇਆ ਗਿਆ ਸੀ। ਲਾਲ ਸਿੰਘ ਦਿਲ ਦੀ ਇਕ ਝਲਕ ਵੇਖਣ ਦੀ ਤਮੰਨਾ...... ਉਹਦੀਆਂ ਕਵਿਤਾਵਾਂ...... ਜਿਹੜੀਆਂ ਮੇਰੇ ਦਿਮਾਗ ਵਿਚ ਹਰ ਵੇਲੇ ਤੂਫ਼ਾਨ ਮਚਾਉਂਦੀਆ ਸਨ। ਮੈਂ ਸਾਰੇ ਰੁਝੇਵੇਂ ਛੱਡ ਕੇ ਪੰਜਾਬੀ ਭਵਨ ਪਹੁੰਚੀ। ਕੋਈ ਹੱਦ ਨਾ ਰਹੀ ਮੇਰੀ ਹੈਰਾਨਗੀ ਦੀ ਕਿ ਉਸ ਦਿਨ ਅਜਮੇਰ ਸ਼ਰੀਫ਼ ਦੀ ਦਰਗਾਹ ਤੋਂ ਲਿਆਂਦਾ ਨਗ ਦੇਣ ਵਾਲਾ ਬੰਦਾ ਲਾਲ ਸਿੰਘ ਦਿਲ ਸੀ ਜਿਹਨੂੰ ਮੈਂ ਬੜੇ ਵਰ੍ਹਿਆਂ ਤੋਂ ਪੜ੍ਹ ਰਹੀ ਸੀ ਤੇ ਮਿਲਣ ਦੀ ਖ਼ਵਾਹਿਸ਼ ਸੀ। ਉਸ ਦਿਨ ਫ਼ੰਕਸ਼ਨ ਤੋਂ ਬਾਅਦ ਜਦ ਮੈਨੂੰ ਮਿਲਿਆ ਤਾਂ ਪਹਿਲਾਂ ਇਹੋ ਪੁਛਿੱਆ

"ਨਗ ਮੁੰਦਰੀ ਵਿਚ ਮੜ੍ਹਾ ਲਿਆ ਸੀ?"

"ਬਸ ਅੱਜ ਇਥੋਂ ਜਾ ਕੇ ......" ਮੈਂ ਆਖਿਆ।

ਇਕ ਵਾਰ ਉਹਨੂੰ ਮੈਂ ਸਮਰਾਲੇ ਮਿਲਣ ਗਈ। ਟਰੱਕ ਯੂਨੀਅਨ ਦੇ ਵੱਡੇ ਅੱਡੇ ਤੇ ਉਹ ਆਪਣੇ ਇਕ ਭਾਈਵਾਲ ਨਾਲ ਲਕੜੀ ਦੇ ਖੋਖੇ ਤੇ ਚਾਹ ਦਾ ਕੰਮ ਕਰਦਾ ਸੀ। ਟਰੱਕਾਂ ਦੇ ਡਰਾਈਵਰਾਂ ਕੰਡਕਟਰਾਂ ਨੂੰ ਕੈੜੀ ਚਾਹ ਬਣਾ ਕੇ ਦਿੰਦਾ...... ਥਾਂ ਥਾਂ ਤੋਂ ਜੂਠੇ ਗਿਲਾਸ ਲੱਭਦਾ ਫ਼ਿਰਦਾ...... ਤੇ ਬੜੀ ਰਾਤ ਗਈ ਉਹਨਾਂ ਤੋਂ ਦੋ ਦੋ ਰੁਪਏ ਵਸੂਲਦਾ ਤੇ ਉਹਨਾਂ ਦੀਆਂ ਉਲਟੀਆਂ ਸਿੱਧੀਆਂ ਚਗਲੀਆ ਗੱਲਾ ਵੀ ਸੁਣਦਾ। ਕਹਿੰਦੇ ਹਨ ਇਕ ਵਾਰੀ ਉਹਨੂੰ ਪੰਜਾਬੀ ਟ੍ਰਿਬਿਊਨ ਵਿਚ ਕਲਾਸ ਫ਼ੋਰ ਦੀ ਨੌਕਰੀ ਮਿਲ ਚੱਲੀ ਸੀ ਪਰ ਹਲਵਾਰਵੀ ਕਹਿਣ ਲੱਗਾ-

"ਦਿਲ ਸਾਡੇ ਨਾਲੋਂ ਵੱਡਾ ਸ਼ਾਇਰ ਹੈ...... ਉਹ ਸਾਡੇ ਬੈਠਣ ਲਈ ਕੁਰਸੀਆਂ ਸਾਫ਼ ਕਰਦਾ ਫ਼ਿਰੇ ਤੇ ਸਾਨੂੰ ਪਾਣੀ ਪਿਲਾਂਦਾ ਫ਼ਿਰੇ, ਇਹ ਸਾਡੇ ਤੋਂ ਬਰਦਾਸ਼ਤ ਨਹੀਂ ਹੋਣਾ......"

ਭਲਾ ਜੇ ਇਹ ਨੌਕਰੀ ਉਹਨੂੰ ਮਿਲ ਵੀ ਜਾਂਦੀ ਤਾਂ ਕੀ ਸੀ। ਏ.ਸੀ. ਵਿੱਚ ਤਾਂ ਬੈਠਦਾ...... ਭਖਦੀਆਂ ਦੁਪਹਿਰਾਂ ਨੂੰ ਸੜਦਾ ਤੇ ਰੁਲਦਾ ਤਾਂ ਨਾ...... ਬੱਝਵੀਂ ਤਨਖ਼ਾਹ ਤਾਂ ਮਿਲਦੀ...... ਦੋ ਦੋ



Academy of the Punjab in North America - APNA: http://www.apnaorg.com



ਰੁਪਏ ਲਈ ਉਹਨੂੰ ਦੋ ਟਕੇ ਦੇ ਚਗ਼ਲੇ ਹੋਏ ਡਰਾਈਵਰਾਂ ਦੀਆਂ ਮਿੰਨਤਾਂ ਤਾਂ ਨਾ ਕਰਨੀਆਂ ਪੈਂਦੀਆਂ।

ਜਦੋਂ ਉਸ ਦਿਨ ਉਹ ਮੈਨੂੰ ਆਪਣੇ ਘਰ ਲੈ ਕੇ ਗਿਆ, ਉਸਦੇ ਮਿਆਨੀਨੁਮਾਂ ਕਮਰੇ ਦੀਆਂ ਭੀੜੀਆਂ ਪੌੜੀਆਂ ਚੜ੍ਹਨ ਲੱਗਿਆਂ, ਪੌੜੀਆਂ ਦੇ ਨਾਲ ਬੰਨ੍ਹੀ ਉਸਦੀ ਭਰਜਾਈ ਦੀ ਹਾਥੀ ਜਿੱਡੀ ਮੱਝ ਨੇ ਤਾਜ਼ੇ ਗੋਹੇ ਨਾਲ ਲਿਬੜੀ ਪੂੰਛ ਮੇਰੇ ਕਪੜਿਆਂ ਤੇ ਮਾਰੀ ਤੇ ਮੇਰੀ ਗਲੇ ਤੋਂ ਲੈਕੇ ਥੱਲੇ ਤਕ ਸਾਰੀ ਕਮੀਜ਼ ਗੋਹੇ ਨਾਲ ਲਿੱਬੜ ਗਈ।

ਉਹ ਬੜਾ ਦੁਖੀ ਹੋਇਆ ਤੇ ਗੁੱਸੇ ਵਿਚ ਬੋਲਣ ਲੱਗਾ-

"ਜੇ ਮੈਨੂੰ ਪਤਾ ਹੁੰਦਾ ਕਿ ਇਸ ਭੈੜੀ ਜਿਹੀ ਬੁੱਧੀ ਵਾਲੀ ਨੇ ਇਹ ਕਾਰਾ ਕਰਨਾ ਏ ਤਾਂ ਮੈਂ ਇਹਨੂੰ ਪਹਿਲਾਂ ਹੀ ਚਾਰ ਟੰਬੇ ਮਾਰ ਕੇ ਰੱਖਦਾ...... ਭਲਾ ਇਹੋ ਜਿਹੇ ਜਾਨਵਰ ਨੂੰ ਵੀ ਕੀ ਕਰਨਾ ਏ ਜਿਹਨੂੰ ਆਏ ਗਏ ਦਾ ਵੀ ਪਤਾ ਨਹੀਂ ਲਗਦਾ......"

ਉਹਦੀ ਨੀਂਵੀ ਜਹੀ ਛੱਤ ਵਾਲਾ ਕਮਰਾ ਥਾਂਹ-ਥਾਂਹ ਤੋ ਸਲ੍ਹਾਬਿਆ ਪਿਆ ਸੀ......ਸਾਰਾ ਸਮਾਨ ਉੱਖੜਿਆ ਉੱਖੜਿਆ...... ਇਕ ਗੱਠ ਵਿਚ ਮੈਲੇ ਕੁਚੈਲੇ ਕਪੜਿਆਂ ਦਾ ਢੇਰ...... ਸਿਉਂਕ ਖਾਧੀਆਂ ਕਿਤਾਬਾਂ ਤੇ ਬੇਸ਼ੁਮਾਰ ਚਿੱਠੀਆਂ......ਮੰਜੇ ਤੇ ਸਿਰ ਦੇ ਵਾਲਾਂ ਵਰਗੀ ਵਿਛੀ ਚਾਦਰ ਤੇ ਫੁਲਕਾਰੀ ਦੇ ਚੰਦ ਵਾਲੀ ਗਦੋਲਾ ਬਣੀ ਰਜਾਈ......। ਇਹੋ ਜਿਹੇ ਆਲਮ ਵਿਚ ਵੀ ਮੈਨੂੰ ਉਸ ਦਿਨ ਬਹੁਤ ਚੰਗਾ ਲੱਗਾ ਉਸਦੇ ਮੂਹੋਂ ਉਹਦੀ ਬੀਤੀ ਜ਼ਿੰਦਗੀ ਦੀ ਕਹਾਣੀ ਸੁਣ ਕੇ। ਬਾਰ ਬਾਰ ਮੇਰੀਆਂ ਅੱਖਾਂ ਵਿਚ ਪਾਣੀ ਤੈਰਦਾ ਵੇਖ ਉਹ ਥੋੜਾ ਚੁੱਪ ਹੋ ਜਾਂਦਾ ਤੇ ਮੇਰੇ ਚਿਹਰੇ ਤੋਂ ਵੀ ਕੋਈ ਇਹੋ ਜਿਹੀ ਕਹਾਣੀ ਪੜ੍ਹਨ ਦਾ ਜਤਨ ਕਰਦਾ। ਉਸਨੇ ਮੇਰੇ ਤੋਂ ਵਾਅਦਾ ਲਿਆ ਕਿ ਮੈਂ ਜਦੋਂ ਵੀ ਆਪਣੀ ਟੀਮ ਨਾਲ ਸਮਰਾਲੇ ਵਿੱਚੋਂ ਲੰਘਾਂ ਉਸਨੂੰ ਮਿਲੇ ਬਿਨਾ ਨਾ ਜਾਵਾਂ।

ਸ਼ਾਮ ਲੁਧਿਆਣੇ ਪਰਤਨ ਵੇਲੇ ਜਦੋਂ ਉਹ ਮੈਨੂੰ ਅੱਡੇ ਤੇ ਛੱਡਨ ਆਇਆ ਤੇ ਬਜ਼ਾਰ ਵਿਚੋਂ ਲੰਘਦਿਆਂ ਮੈਂ ਇਕ ਦੁਕਾਨ ਤੋਂ ਤੋਹਫ਼ੇ ਵਜੋਂ ਮੰਜੇ ਤੇ ਵਿਛਾਣ ਲਈ ਗੂੜ੍ਹੇ ਰੰਗ ਦੀ ਚਾਦਰ ਖਰੀਦ ਕੇ ਦਿੱਤੀ ਤੇ ਕਿਹਾ ਕਿ ਇਹਨੂੰ ਅੱਜ ਹੀ ਵਿਛਾ ਲੈਣਾ...... "

ਅਗਲੀ ਵਾਰ ਜਦੋਂ ਉਹ ਮੈਨੂੰ ਗ਼ਦਰੀ ਬਾਬਿਆਂ ਦੇ ਮੇਲੇ ਤੇ ਜਲੰਧਰ ਟੱਕਰਿਆ ਤਾਂ ਮੈਂ ਪੁੱਛਿਆ ਕਿ ਚਾਦਰ ਮੰਜੇ ਤੇ ਵਿਛਾ ਲਈ ਸੀ ਜਾਂ ਨਹੀਂ। ਮੇਰੀ ਗੱਲ ਸੁਣਦਿਆਂ ਨਾਲ ਉਹ ਥੋੜਾ ਜਿਹਾ ਮੁਸਕਰਾਇਆ ਤੇ ਆਖਣ ਲੱਗਾ-

"ਚੰਡੀਗੜ੍ਹ ਤੋਂ ਨਿਰੁਪਮਾ ਦੱਤ ਨੇ ਆਉਣਾ ਏ ਮੈਨੂੰ ਮਿਲਣ। ਮੇਰੇ ਤੇ ਕੋਈ ਡਾਕੂਮੈਂਟ੍ਰੀ ਫ਼ਿਲਮ ਬਣਾਉਣੀ ਏ...... ਬਸ ਮੈਂ ਉਹਨੂੰ ਹੀ ਉਡੀਕਦਾ ਪਿਆਂ ...... ਬਸ ਜਿਸ ਦਿਨ ਉਸਨੇ ਆਉਣਾ ਹੋਇਆ ਉਸੇ ਦਿਨ ਵਿਛਾ ਲੈਣੀ ਏ ਮੈਂ......

ਉਹਨਾਂ ਦਿਨਾਂ ਵਿੱਚ ਮੈਂ ਦੇਸ਼ ਸੇਵਕ ਅਖ਼ਬਾਰ ਦਾ ਕੰਮ ਕਰਦੀ ਸਾਂ। ਇਕ ਪੂਰੇ ਪੇਜ ਦਾ ਕਾਲਮ ਲੇਖਕ ਦੀਆਂ ਚਾਰ ਫ਼ੋਟੋਆਂ ਲਾਕੇ ਐਤਵਾਰ ਦੇ ਮੈਗਜ਼ੀਨ ਸੈਕਸ਼ਨ ਲਈ ਤਿਆਰ ਕਰਦੀ ਸਾਂ।



Academy of the Punjab in North America - APNA: http://www.apnaorg.com

ਉਸਦੇ ਲਈ ਮੈਂ ਲਾਲ ਸਿੰਘ ਦਿਲ ਦਾ ਇੰਟਰਵਿਊ ਉਕੇਰਨਾ ਸੀ। ਪੰਜਾਬੀ ਭਵਨ ਲੁਧਿਆਣੇ ਵਿਚ ਇਕ ਸਮਾਗਮ ਸੀ ਜਿਹੜਾ ਰਾਤ ਨੂੰ ਖ਼ਤਮ ਹੋਇਆ। ਮੈਂ ਬਲਬੀਰ ਪਰਵਾਨਾ ਨੂੰ ਕਿਹਾ ਕਿ ਉਹ ਇਸ ਇੰਟਰਵਿਊ ਕਰਨ ਵਿਚ ਮੇਰੀ ਅੱਜ ਮਦਦ ਕਰੇ।

ਹਨੇਰੇ ਹੋਏ ਜਦ ਅਸੀਂ ਘਰ ਪਹੁੰਚੇ ਤਾਂ ਚਾਰੋਂ ਪਾਸੇ ਧੁੰਦ ਗੂੜ੍ਹੀ ਹੋ ਗਈ ਸੀ। ਸੜਕ ਤੇ ਲੱਗੀਆਂ ਤੇਜ਼ ਰੌਸ਼ਨੀ ਵਾਲੀਆਂ ਵੱਡੀਆਂ ਬੱਤੀਆਂ ਵੀ ਦੀਵੇ ਦੀ ਰੌਸ਼ਨੀ ਵਾਂਗ ਜਗਦੀਆ ਲੱਗ ਰਹੀਆਂ ਸਨ। ਠੰਡ ਨਾਲ ਸਾਰਾ ਇਲਾਕਾ ਸੁੰਨ ਹੋਇਆ ਪਿਆ ਸੀ ਤੇ ਹਨੇਰੀ ਕਾਲੀ ਬੋਲੀ ਰਾਤ ਵਿਚ ਹੱਥ ਨੂੰ ਹੱਥ ਨਹੀਂ ਸੀ ਦਿਸ ਰਿਹਾ। ਦਿਲ ਦੀ ਨਸ਼ੇ-ਪੱਤੇ ਖਾਣ ਵਾਲੀ ਆਦਤ ਤੋਂ ਮੈਂ ਜਾਣੂੰ ਸਾਂ।ਘਰ ਦਾ ਗੇਟ ਖੋਲ੍ਹਦਿਆਂ ਮੈਂ ਆਖਿਆ -

"ਮੈਂ ਆਪਣੇ ਘਰ ਵਿਚ ਕਿਸੇ ਸ਼ਰਾਬੀ ਨੂੰ ਵੜਨ ਨਹੀਂ ਦਿੰਦੀ ਤੇ ਨਾ ਹੀ ਕਿਸੇ ਨੂੰ ਕੋਈ ਨਸ਼ਾ ਕਰਨ ਦਿੰਦੀ ਹਾਂ।"

ਮੇਰੀ ਗੱਲ ਦਾ ਉਸਤੇ ਬਿਜਲੀ ਦੇ ਝਟਕੇ ਵਰਗਾ ਅਸਰ ਹੋਇਆ ਤੇ ਇਕ ਪਲ ਵਿਚ ਉਹ ਗੇਟ ਦੇ ਬਾਹਰ ਗਲੀ ਵਿਚ ਚਲਾ ਗਿਆ। ਮੈਂ ਤੇ ਬਲਬੀਰ ਨੇ ਬੜਾ ਰੋਕਿਆ ਪਰ ਨ ਮੰਨਿਆ। ਬਲਬੀਰ ਨੇ ਉਹਦੀ ਬਾਂਹ ਫੜ ਲਈ ਤੇ ਅੰਦਰ ਨੂੰ ਖਿੱਚਿਆ। ਉਸਦੇ ਮਾੜਚੂ ਜਿਹੇ ਵਜੂਦ ਵਿਚ ਪਤਾ ਨਹੀਂ ਕਿਥੋਂ ਲੋਹੇ ਵਰਗੀ ਤਾਕਤ ਆ ਗਈ। ਉਹਨੇ ਗੁੱਸੇ ਨਾਲ ਬਲਬੀਰ ਦੀ ਬਾਂਹ ਇੱਕੋ ਝਟਕੇ ਵਿਚ ਪਰ੍ਹਾਂ ਨੂੰ ਸੁੱਟੀ ਤੇ ਮਿੰਟਾਂ ਸਕਿੰਟਾਂ ਵਿਚ ਕਾਹਲੇ ਕਾਹਲੇ ਕਦਮ ਤੁਰਦਾ ਹੋਇਆ ਬਰਫ਼ ਵਾਂਗ ਜੰਮੀ ਹੋਈ ਰਾਤ ਦੇ ਹਨੇਰੇ ਵਿਚ ਸਾਡੀਆਂ ਅੱਖਾਂ ਤੋਂ ਉਹਲੇ ਹੋ ਗਿਆ। ਮੈਂ ਘਰ ਦੇ ਵਿਹੜੇ ਵਿੱਚ ਬੜੀ ਪਰੇਸ਼ਾਨ ਖੜੀ ਸਾਂ। ਬਲਬੀਰ ਵੀ ਹੈਰਾਨ ਪਰੇਸ਼ਾਨ। ਥੋੜੀ ਦੇਰ ਬਾਅਦ ਮੈਂ ਚੁੱਪ ਨੂੰ ਤੋੜਿਆ-

"ਉਸਦੇ ਕੋਲ ਕੋਈ ਭਾਰਾ ਕਪੜਾ ਵੀ ਨਹੀ। ਇਸ ਵੇਲੇ ਇਥੋਂ ਸਮਰਾਲੇ ਨੂੰ ਕੋਈ ਬੱਸ ਵੀ ਨਹੀਂ ਜਾਂਦੀ...... ਲੋਹੜੇ ਦੀ ਠੰਡ ਵਿਚ ਮਰ ਜਾਵੇਗਾ ਉਹ...... ਜਾਨ ਤਾਂ ਉਹਦੇ ਵਿਚ ਅੱਗੇ ਨਹੀਂ ਲੱਭਦੀ...... ਇਹ ਸਾਰਾ ਕੁਝ ਮੇਰੇ ਸਿਰ ਲੱਗੇਗਾ। ਮੈਂ ਆਪਣੇ ਆਪ ਨੂੰ ਕਦੇ ਵੀ ਮਾਫ਼ ਨਹੀਂ ਕਰ ਸਕਾਂਗੀ। ਤੂੰ ਮੇਰੇ ਨਾਲ ਚਲ ਆਪਾਂ ਬਾਈ ਪਾਸ ਤੋਂ ਉਹਨੂੰ ਲੱਭ ਲਿਆਈਏ......"

ਅਸੀਂ ਦੂਰ ਚੌਕ ਤਕ ਤੇ ਘੰਟਾਘਰ ਵੱਲ ਨੂੰ ਜਾਂਦੀ ਸੜਕ ਤੇ ਦੂਰ ਦੂਰ ਤਕ ਘੁੰਮ ਕੇ ਵੇਖਿਆ। ਉਹ ਸਾਨੂੰ ਕਿਧਰੇ ਨਾ ਲੱਭਾ। ਬਹੁਤ ਉਦਾਸ ਹੋਏ ਘਰ ਮੁੜ ਆਏ। ਘਰ ਦਾ ਗੇਟ ਅਜੇ ਵੜੇ ਹੀ ਸਾਂ ਕਿ ਉਹ ਪਤਾ ਨਹੀਂ ਕਿਧਰੋਂ ਗੇਟ ਤੇ ਆ ਖੜਾ ਹੋਇਆ।

"ਬੀਬਾ ਮੇਰੀ ਹੁਣ ਤਕ ਦੀ ਜ਼ਿੰਦਗੀ ਵਿਚ ਪਹਿਲੀ ਵਾਰ ਹੈ ਕਿ ਮੈਂ ਕਿਸੇ ਔਰਤ ਦਾ ਹੁਕਮ ਮੰਨਿਆ ਏ......"

ਉਸਨੇ ਆਪਣੀ ਕਮੀਜ਼ ਦੇ ਪਾਸੇ ਵਾਲੇ ਜੇਬ ਵਿਚੋਂ ਜ਼ਰਦੇ ਦੀ ਡੱਬੀ ਕੱਢੀ ਤੇ ਮਿੱਟੀ ਰੰਗੀ ਕੁੜਤੀ ਦੀ ਅੰਦਰਲੀ ਜੇਬ ਵਿਚੋਂ ਪਊਆ ਤੇ ਦੋਵੇਂ ਚੀਜ਼ਾਂ ਨਾਲ ਵਗਦੀ ਨਾਲੀ ਵਿਚ ਵਗਾਹ ਮਾਰੀਆਂ ਤੇ ਤੇਜ਼ੀ ਨਾਲ ਗੇਟ ਟੱਪ ਕੇ ਅੰਦਰ ਆ ਗਿਆ। ਉਹਦੇ ਬੁੱਲ ਠੰਢ ਨਾਲ ਨੀਲੇ ਗੂੜੇ ਹੋਏ ਪਏ ਸਨ...... ਮੀਂਹ ਵਰਗੀ ਧੁੰਦ ਨਾਲ ਕੱਪੜੇ ਗਿੱਲੇ। ਕਮਰੇ ਅੰਦਰ ਲੰਘ ਕੇ ਉਸਨੇ ਬਿਜਲੀ ਦਾ ਹੀਟਰ ਵੀ ਬੰਦ ਕਰ ਦਿੱਤਾ ਤੇ ਆਰਾਮ ਨਾਲ ਸੋਫ਼ੇ ਤੇ ਬੈਠ ਗਿਆ।

ਪੂਰੀ ਰਾਤ ਅਸੀਂ ਉਸਦੇ ਨਾਲ ਸਵਾਲ ਜਵਾਬ ਕਰਦੇ ਰਹੇ ਤੇ ਉਸਨੇ ਚਾਹ ਤੱਕ ਵੀ ਨਾ ਪੀਤੀ ਤੇ ਮੂੰਹ ਹਨੇਰੇ ਸਾਨੂੰ ਦੱਸੇ ਬਿਨਾ ਹੀ ਚੁੱਪ-ਚੁਪੀਤੇ ਬਲਬੀਰ ਦੇ ਨਾਲੋਂ ਉੱਠ ਕੇ ਪਤਾ ਨਹੀਂ ਕਿਹੜੇ ਵੇਲੇ



Academy of the Punjab in North America - APNA: http://www.apnaorg.com

ਚਲਾ ਗਿਆ।

ਇਸ ਘਟਨਾ ਤੋਂ ਕਈ ਮਹੀਨੇ ਬਾਅਦ ਸਮਰਾਲੇ ਪੜੌਦ ਰੋਡ ਤੇ ਕੁਲਵੰਤ ਸਿੰਘ 'ਤਰਕ' ਦੇ ਬੇਟੇ ਰਾਜੇ ਦਾ ਵਿਆਹ ਸੀ ਜਿਹੜਾ 'ਦਿਲ' ਦੇ ਘਰ ਤੋਂ ਕਈ ਮੀਲ ਦੂਰ ਸ਼ਹਿਰ ਦੇ ਦੂਜੇ ਪਾਸੇ ਨਵੀਂ ਉੱਸਰ ਰਹੀ ਕਲੋਨੀ ਵਿਚ ਸੀ। ਅੱਧੀ ਰਾਤ ਵੇਲੇ ਜਦੋਂ ਅਸੀਂ ਜਾਗੋ ਲੈ ਕੇ ਮੁਹੱਲੇ ਦੀਆਂ ਗਲੀਆਂ ਵਿਚ ਫਿਰਦੀਆਂ ਪਈਆਂ ਸਾਂ ਤਾਂ ਉਹਨੂੰ ਮੈਂ ਦੂਰੋਂ ਵੇਖਿਆ। ਉਹ ਰਾਜੇ ਦੇ ਗੇਟ ਮੂਹਰੇ ਖੜ੍ਹਾ ਸੀ। ਮੈਂ ਬੜੀ ਹੈਰਾਨ ਸੀ ਕਿ ਉਹਨੂੰ ਮੇਰੇ ਸਮਰਾਲੇ ਆਉਣ ਦਾ ਕਿਵੇਂ ਪਤਾ ਲੱਗ ਗਿਆ। ਮੈਂ ਕੋਲ ਪਹੁੰਚੀ ਤਾਂ ਮੇਰੇ ਪੁਛੱਣ ਤੋਂ ਪਹਿਲਾਂ ਹੀ ਉਹ ਦੱਸਣ ਲੱਗ ਪਿਆ-

"ਤੂੰ ਪਾਖਰ ਦੇ ਰਿਕਸ਼ੇ ਤੇ ਸਮਰਾਲੇ ਅੱਡੇ ਤੋਂ ਬੈਠ ਕੇ ਇਸ ਘਰ ਆਈ। ਉਸਨੇ ਮੈਨੂੰ ਦੱਸਿਆ ਕਿ ਜਿਹੜੀ ਪੱਤਰਕਾਰਾ ਉਸ ਦਿਨ ਤੈਨੂੰ ਚਾਹ ਦੇ ਖੋਖੇ ਤੇ ਮਿਲਣ ਆਈ ਸੀ ਉਹ ਮੇਰੇ ਰਿਕਸ਼ੇ ਤੇ ਬੈਠ ਕੇ ਇਸ ਘਰ ਗਈ। ਏਥੇ ਰਿਕਸ਼ੇ ਵਾਲਿਆਂ ਨੂੰ ਮੇਰੀ ਸਾਰੀ ਖ਼ਬਰ ਹੁੰਦੀ ਹੈ...... ਮੈਂ ਸੋਚਿਆ ਉਹ ਮੈਨੂੰ ਭੁਕਾ ਰਿਹਾ ਹੈ...... ਬੀਬਾ ਸੱਚ ਆਖਦਾ ਹਾਂ ਜੇ ਪਾਖਰ ਦੀ ਇਹ ਗੱਲ ਝੂਠ ਹੁੰਦੀ ਤਾਂ ਉਸਨੇ ਮੇਰੇ ਹੱਥੋਂ ਨਹੀਂ ਸੀ ਬਚਣਾ...... ਅੱਜ ਉਸਦਾ ਇਸ ਧਰਤੀ ਤੇ ਅਖ਼ੀਰਲਾ ਦਿਨ ਸੀ...... ਬੱਸ ਮੈਂ ਤਾਂ ਏਨੀ ਰਾਤ ਗਈ ਆਪਣਾ ਸ਼ੱਕ ਕੱਢਣ ਆਇਆ ਹਾਂ।"

ਉਸ ਦਿਨ ਰਾਜੇ ਦੇ ਵਿਆਹ ਤੇ ਦਿਲ ਦੇ ਸ਼ਹਿਰ ਸਮਰਾਲੇ ਜਾਣ ਦੀ ਖਬਰ ਮੈਂ ਉਸ ਤੋਂ ਛੁਪਾ ਕੇ ਰੱਖੀ ਸੀ। ਮੇਰੀ ਚੋਰੀ ਫੜੀ ਗਈ। ਮੈਂ ਬੜੀ ਸ਼ਰਮਿੰਦੀ ਜਹੀ ਹੋ ਗਈ।

ਉਹ ਅਕਸਰ ਮੈਨੂੰ ਫ਼ੋਨ ਕਰਦਾ-

"ਬੀਬਾ ਮੇਰਾ ਬਿੱਲਾ ਮਰ ਗਿਆ...... ਉਹ ਮੈਨੂੰ ਬਹੁਤ ਪਿਆਰ ਕਰਦਾ ਸੀ...... ਝਾਉਂ ਜਿਹਾ! ਜਦੋਂ ਵੀ ਮੈਂ ਪੜ੍ਹਨ ਲਿਖਣ ਲਈ ਬੈਠਦਾ ਉਹ ਮੇਰੀ ਬੁੱਕਲ ਵਿਚ ਆ ਵੜਦਾ...... ਜਦੋਂ ਵੀ ਇਕੱਲਤਾ ਵਿਚ ਗਰਕਿਆ ਹੁੰਦਾ ਉਹ ਮੇਰਾ ਮੂੰਹ ਤੱਕ ਚੁੰਮ ਜਾਂਦਾ...... ਪ੍ਰੇਮ ਪ੍ਰਕਾਸ਼ ਨੂੰ ਜਲੰਧਰ ਫ਼ੋਨ ਤੇ ਜ਼ਰੂਰ ਦਸਣੀ ਏ ਬਿੱਲੇ ਦੇ ਮਰਨ ਦੀ ਖ਼ਬਰ...... ਕਈ ਵਾਰੀ ਫ਼ੋਨ ਕੀਤਾ ਪਰ ਭੈੜਾ ਫ਼ੋਨ ਹੀ ਨਹੀਂ ਚੁੱਕ ਰਿਹਾ...... ਹੁਣ ਮੈਂ ਆਪ ਚਲਿਆ ਹਾਂ ਜਲੰਧਰ...... ਮੈਂ ਚਾਹੁੰਦਾ ਹਾਂ ਜੇ ਚਾਰ ਭਰਾ ਨਹੀਂ ਤਾਂ ਅਸੀਂ ਦੋਵੇਂ ਤਾਂ ਉਸਨੂੰ ਦਫ਼ਨਾਈਏ...... ਬਾਹਰ ਸੁੱਟੇ ਤੇ ਐਵੇਂ ਕਾਵਾਂ ਕੁੱਤੇ ਤੇ ਨਾ ਖਾਂਦੇ ਫ਼ਿਰਨ......"

"ਬੀਬਾ ਮੈਂ ਮਸੀਤ ਮੁਸਲਮਾਨਾਂ ਦੇ ਮੁੰਡਿਆਂ ਨੂੰ ਅਲਫ਼-ਬੇ ਪੜ੍ਹਾਉਣ ਲੱਗ ਪਿਆ ਸਾਂ। ਬੱਚੇ ਮੇਰੇ ਕੋਲੋਂ ਪੜ੍ਹ ਕੇ ਬੜੇ ਖ਼ੁਸ਼ ਸਨ...... ਪਰ ਅੱਜ ਉਹ ਮੌਲਵੀ ਕਹਿਣ ਲੱਗਾ ਮੂੰਹ ਮੱਥਾ ਸਵਾਰ ਕੇ ਆਇਆ ਕਰ ਤੇ ਕਪੜੇ ਵੀ ਹਾਲ ਦੇ ਪਾਕੇ ਆਇਆ ਕਰ...... ਕੰਜਰਾ ਤੂੰ ਮੇਰੇ ਮੂੰਹ ਮੱਥੇ ਤੋਂ ਕੀ ਲੈਣਾ ਏ...... ਬੀਬਾ ਮੈਂ ਕਲ੍ਹ ਤੋਂ ਮਸੀਤੇ ਨਹੀਂ ਜਾਣਾ......"





Academy of the Punjab in North America - APNA: http://www.apnaorg.com

"ਅੱਜ ਨਿਰੁਪਮਾ ਦੱਤ ਆਈ ਸੀ। ਉਹ ਮੇਰੇ ਕੋਲੋਂ ਅਜੀਬੋ-ਗ਼ਰੀਬ ਸੁਆਲ ਪੁੱਛਦੀ ਰਹੀ...... ਮੈਨੂੰ ਵੀ ਚੰਗਾ ਲਗਦਾ ਰਿਹਾ। ਫਿਰ ਉਹ ਮੈਨੂੰ ਆਪਣੀ ਵੱਡੀ ਕਾਰ ਤੇ ਲੈ ਗਈ...... ਨਹਿਰ ਦੇ ਕੰਢੇ ਬੈਠ ਗਈ...... ਉਸਦਾ ਇਸ ਤਰ੍ਹਾਂ ਦਾ ਸੁਭਾ ਮੈਨੂੰ ਚੰਗਾ ਲੱਗਾ...... ਅਜੀਬ ਹੈ ਉਹ...... ਕਦੇ ਕਦੇ ਇਹ ਸੱਭ ਕੁਝ ਮੇਰੀ ਸਮਝ ਤੋਂ ਬਾਹਰ ਹੁੰਦਾ ਹੈ......"

ਇਸ ਤਰ੍ਹਾਂ ਦੇ ਫ਼ੋਨ ਉਹ ਮੈਨੂੰ ਕਈ ਵਾਰੀ ਕਰਦਾ ਰਹਿੰਦਾ। ਉਸਨੂੰ ਜਦੋਂ ਵੀ ਕੋਈ ਵੱਡਾ ਇਨਾਮ ਮਿਲਦਾ ਮੈਂ ਪ੍ਰਬੰਧਕਾਂ ਨੂੰ ਹਮੇਸ਼ਾ ਕਹਿੰਦੀ...... ਸਾਰੇ ਪੈਸੇ ਇਹਨੂੰ ਕੱਠੇ ਨਾ ਫੜਾ ਦਿਉ...... ਥੋੜੇ ਥੋੜੇ ਕਰਕੇ ਦਿਉ...... ਜਾਂ ਇਹਦਾ ਘਰ ਵਸਾਉਣ ਦਾ ਕੁਝ ਸੋਚੋ...... ਪੈਸੇ ਦੇਣ ਦੀ ਬਜਾਏ ਘਰ ਦਾ ਕੋਈ ਸਮਾਨ ਬਣਾ ਦਿਉ....... ਮੇਰੀ ਕਦੇ ਵੀ ਕੋਈ ਨਾ ਸੁਣਦਾ। ਰਕਮ ਮਰਜ਼ੀ ਕਿੰਨੀ ਵੱਡੀ ਵੀ ਹੁੰਦੀ, ਕੁਝ ਦਿਨਾਂ ਵਿਚ ਹੀ ਖ਼ਤਮ...... ਸ਼ੀਲਡਾਂ ਤੋਂ ਪਿੱਤਲ ਲਾਹ ਕੇ ਘਰ ਦੇ ਭਾਂਡੇ ਵਾਲਿਆਂ ਕੋਲ ਵੇਚ ਦਿੰਦਾ ਤੇ ਲੋਈਆਂ ਜੇ ਕਦੇ ਧੋ ਕੇ ਬਾਹਰ ਸੁੱਕਣੇ ਪਾਉਣੀਆਂ ਤਾਂ ਆਂਢੀ ਗੁਆਂਢੀ ਚੋਰੀ ਲਾਹ ਕੇ ਲੈ ਜਾਂਦੇ।



ਇਕ ਵਾਰੀ ਉਹਨੂੰ ਤੀਹ ਹਜ਼ਾਰ ਦਾ ਇਨਾਮ ਦੁਆਬੇ ਦੇ ਉਸਦੇ ਬਾਹਰੋਂ ਆਏ ਪ੍ਰਸ਼ੰਸਕ ਨੇ ਵੱਡੇ ਇਕੱਠ ਵਿਚ ਦਿੱਤਾ...... ਮੈਂ ਕਿਹਾ ਕਿ ਇਹ ਸਾਰੇ ਪੈਸੇ ਗੁਲਾਮ ਮੁਹਮੱਦ ਗੌਰੀਏ ਨੂੰ ਫੜਾ ਦਿਉ। ਉਹ ਥੋੜੇ ਥੋੜੇ ਕਰਕੇ ਹਰ ਹਫ਼ਤੇ ਦਿੰਦਾ ਰਹੇਗਾ...... ਨਾਲੋਂ ਕੋਈ ਗੌਰੀਏ ਨਾਲ ਲਾਗਬਾਜ਼ੀ ਵਾਲਾ ਬੋਲ ਪਿਆ-

"ਇੱਕੋ ਹੀ ਗੱਲ ਹੈ......"

ਪਿਛਲੇ ਮਹੀਨੇ ਪੰਜਾਬ ਰਾਜ ਬਿਜਲੀ ਬੋਰਡ ਸਾਹਿਤ ਸਭਾ ਵੱਲੋਂ ਉਸਨੂੰ ਸਨਮਾਨਿਤ ਕੀਤਾ ਗਿਆ। ਮੈਨੂੰ ਸਕੂਲ ਵਿਚ ਪੇਪਰਾਂ ਵਿਚ ਡਿਊਟੀ ਲੱਗਣ ਕਰਕੇ ਛੁੱਟੀ ਨਾ ਮਿਲ ਸਕੀ। ਉਹ ਸਟੇਜ ਤੋਂ ਉੱਠ ਕੇ ਪਿੱਛੇ ਆ ਗਿਆ -

"ਤੂੰ ਕਿੱਥੇ ਸੀ...... ਮੈਂ ਤੈਨੂੰ ਕਦੋਂ ਦਾ ਵੇਖਦਾ ਪਿਆਂ। ਮੈਂ ਤੈਨੂੰ ਅੱਜ ਪਾਰਟੀ ਦੇਣੀ ਹੈ...... ਬੀਬਾ ਤੇਰੀ ਪਾਰਟੀ ਦਾ ਕੀ ਏ, 10-15 ਰੁਪਏ ਵਿਚ ਹੀ ਮੁੱਕ ਜਾਂਦੀ ਹੈ......"

ਸਮਾਗਮ ਖ਼ਤਮ ਹੋਣ ਤੇ ਉਸਨੇ ਮੈਨੂੰ ਚੱਲਣ ਲਈ ਕਿਹਾ। ਭਾਰਤ ਨਗਰ ਚੌਕ ਦੇ ਕੋਨੇ ਵਾਲੀ ਫ਼ਲਾਂ ਦੀ ਦੁਕਾਨ ਤੇ ਇਹਨੇ ਮੈਂਗੋਸ਼ੇਕ ਦੇ ਦੋ ਵੱਡੇ ਗਿਲਾਸ ਬਣਵਾਏ। ਇਕ ਗਿਲਾਸ ਮੇਰੇ ਹੱਥ ਵਿਚ ਫੜਾ ਉਹ ਆਪਣੇ ਆਪ ਬੋਲੀ ਗਿਆ -

"...... ਬੀਬਾ ਪਤਾ ਨਹੀਂ ਹੁਣ ਕੀ ਹੁੰਦਾ ਏ ਮੇਰੇ ਪੇਟ ਵਿਚ ਕੋਈ ਫ਼ਨੀਅਰ ਸੱਪ ਏ ਜਿਹੜਾ ਦਿਨੇ ਰਾਤ ਫ਼ੁੰਕਾਰੇ ਮਾਰਦਾ ਰਹਿੰਦਾ ਏ...... ਮੈਨੂੰ ਉਸਦੇ ਫ਼ੁੰਕਾਰੇ ਟਿਕਣ ਨਹੀਂ ਦਿੰਦੇ ਪਏ ...... ਏਨੇ ਡਾਕਟਰ...... ਏਨੇ ਸਾਹਿਤਕਾਰ...... ਏਨੀਆਂ ਸਰਕਾਰਾਂ ਜਿਹੜੀਆਂ ਮੇਰੇ ਮਰਨ ਮਗਰੋਂ ਮੇਰੇ ਮਰਸੀਏ ਪੜ੍ਹਨਗੀਆਂ ...... ਉਹਨਾ ਨੂੰ ਕਿਉਂ ਨਹੀਂ ਖ਼ਿਆਲ ਆਉਂਦਾ ਮੈਂ ਕਿੰਨਾ ਔਖਾ ਹਾਂ...... ਮੈਨੂੰ ਲਗਦਾ ਹੈ ਮੈਨੂੰ ਉਸ ਫਨੀਅਰ ਸੱਪ ਨੇ ਕਿਸੇ ਵੇਲੇ ਵੀ ਡੰਗ ਮਾਰ ਲੈਣਾ ਏ। ਮੈਂ ਬਹੁਤ ਥੱਕ ਗਿਆ ਹਾਂ ਇਹੋ ਜਿਹਾ ਭਾਰ ਢੋ ਢੋ ਕੇ...... ਭਲਾ ਜੇ ਮੇਰਾ ਪੇਟ ਪਾੜ ਕੇ ਉਸ ਫਨੀਅਰ ਸੱਪ



Academy of the Punjab in North America - APNA: http://www.apnaorg.com

ਨੂੰ ਕੋਈ ਬਾਹਰ ਕੱਢ ਦੇਵੇ...... ਚੰਦਰਮਾਂ ਤਕ ਪਹੁੰਚੀ ਸਾਇੰਸਦਾਨੀ ਲਈ ਇਹ ਕਿਡੀ ਕੁ ਵੱਡੀ ਗੱਲ ਹੈ...... ਮੈਂ ਕੁਝ ਚਿਰ ਹੋਰ ਜੀ ਸਕਾਂ...... ਇਸ ਤਰ੍ਹਾਂ ਮੈਂ ਕਦੇ ਨਹੀਂ ਸੀ ਹਾਰਿਆ...... ਇਹ ਸਾਲੀ ਸਿਹਤ ਮੇਰੇ ਕੋਲੋਂ ਵੱਸ ਨਹੀਂ ਹੁੰਦੀ ...... ਜੀਹਨੇ ਏਡੀਆਂ ਵੱਡੀਆਂ ਵੱਡੀਆਂ ਮੁਹਿਮਾਂ ਨਾਲ ਟੱਕਰਾਂ ਲਈਆਂ ...... ਮੇਰੀਆਂ ਚੂਰੋ-ਚੂਰ ਹੋਈਆਂ ਹੱਡੀਆਂ ਵੀ ਮੇਰਾ ਸਾਥ ਦਿੰਦੀਆਂ ਰਹੀਆਂ...... ਅੱਜ ਕੀ ਹੋ ਗਿਆ ਹੈ ਮੈਨੂੰ ...... ਕਹਿੰਦੇ ਨੇ ਜ਼ਹਿਰ ਨੂੰ ਜ਼ਹਿਰ ਮਾਰਦੀ ਹੈ...... ਮੇਰੇ ਅੰਦਰ ਏਨੀ ਜ਼ਹਿਰ ਹੈ...... ਉਸ ਨਾਗ ਨੂੰ ਕਿਉਂ ਨਹੀਂ ਮਾਰਦੀ ...... ਅਜੇ ਮੈਂ ਬਹੁਤ ਕੁਝ ਲਿਖਣਾ ਏ...... ਪਰ...... ਨਹੀਂ ...... ਬੀਬਾ ਮੈਂ ਹਾਰ ਨਹੀਂ ਸਿੱਖੀ...... ਮੈਂ ਮੁਕਾਬਲਾ ਕਰਾਂਗਾ......"

ਉਸਦੇ ਕੋਲੋਂ ਮੈਂਗੋਸ਼ੇਕ ਪੀਤਾ ਨਾ ਗਿਆ। ਬੱਸ, ਦੋ ਘੁੱਟ ਭਰੇ ਤੇ ਬਾਕੀ ਦਾ ਭਰਿਆ ਭਰਾਇਆ ਗਿਲਾਸ ਛੱਡ ਦਿੱਤਾ। ਮੈਨੂੰ ਘਰ ਨੂੰ ਤੋਰ ਕੇ ਆਪ ਸਾਹਮਣੇ ਸ਼ਰਾਬ ਦੀ ਵੱਡੀ ਦੁਕਾਨ ਦੇ ਪਿਛਲੇ ਪਾਸੇ ਬਣੇ ਹਾਤੇ ਵਿਚ ਵੜ ਗਿਆ।

ਕੁਝ ਦਿਨਾਂ ਲਈ ਮੈਂ ਪੰਜਾਬ ਤੋਂ ਬਾਹਰ ਗਈ ਹੋਈ ਸਾਂ। ਰੋਮਿੰਗ ਪੈਣ ਕਰਕੇ ਮੈਂ ਕਈ ਵਾਰੀ ਕਾਲਾਂ ਨਹੀਂ ਸੁਣਦੀ ਤੇ ਮੋਬਾਈਲ ਪਰਸ ਵਿਚ ਹੀ ਰੱਖ ਦੇਂਦੀ ਹਾਂ। ਮੈਂ ਸ਼ਾਮ ਨੂੰ ਮਿਸਡ ਕਾਲਾਂ ਚੈਕ ਕੀਤੀਆਂ ਤਾਂ ਇਕ ਹੀ ਫ਼ੋਨ ਤੋਂ ਚੌਵੀ ਘੰਟਿਆਂ ਵਿਚ ਉਹਦੀਆ ਪੈਂਤੀ ਕਾਲਾਂ ਸਨ। ਅਗਲੇ ਦਿਨ ਮੈਂ ਪੰਜਾਬ ਪਹੁੰਚਦਿਆਂ ਹੀ ਸਮਰਾਲੇ ਗਈ...... ਉਹ ਬੌਂਦਲਿਆ ਜਿਹਾ ਪਿਆ ਸੀ। ਗੱਲ ਕਰਦਿਆਂ ਬੇਸ਼ਕ ਜ਼ੁਬਾਨ ਵਿਚੋਂ ਕਦੇ ਕਦੇ ਥਿੜਕ ਜਾਂਦੀ ਪਰ ਉਹ ਬੋਲੀ ਗਿਆ -

"ਕਿੱਥੇ ਚਲੀ ਗਈ ਸੀ ਤੂੰ...... ਤੈਨੂੰ ਫ਼ੋਨ ਤੇ ਬੜਾ ਲੱਭਿਆ...... ਮੇਰੀ ਮੌਤ ਤੋਂ ਬਾਅਦ ਮੇਰੀ ਜ਼ਿੰਦਗੀ ਦੇ ਸਾਰੇ ਪਲਾਂ ਨੂੰ...... ਸਾਰੇ ਦੁਖਾਂਤ ਨੂੰ ਤੂੰ ਆਪਣੇ ਨਾਟਕਾਂ ਵਿਚ ਜ਼ਰੂਰ ਢਾਲੀਂ...... ਬਸ ਤੂੰ ਹੀ ਇਹ ਸਭ ਕੁਝ ਕਰ ਸਕੇਂਗੀ...... ਹੋਰ ਕਿਸੇ ਤੇ ਮੈਨੂੰ ਉੱਕਾ ਉਮੀਦ ਨਹੀਂ...... ਦੁੱਖ ਨੂੰ ਉਹੀ ਸਮਝ ਸਕਦਾ ਏ ਜੀਹਨੇ ਦੁੱਖ ਖੁਦ ਹੰਢਾਏ ਹੋਣ......ਕਲ੍ਹ ਦਾ ਦਿਨ ਮੇਰੇ ਲਈ ਸ਼ਾਇਦ ਚੜ੍ਹੇ ਜਾ ਨਾ ਚੜ੍ਹੇ...... ਹੁਣ ਮੈਨੂੰ ਤਾਂ ਮੋਰਚਾ ਫ਼ਤਿਹ ਹੀ ਲਗਦਾ ਏ ......"

ਉਸਨੇ ਬੋਲਣਾ ਬੰਦ ਕਰ ਦਿੱਤਾ ਤਾਂ ਮੈਂ ਕਿੰਨੀ ਦੇਰ ਉਹਨੂੰ ਜ਼ਿੰਦਗੀ ਨਾਲ ਜੋੜਨ ਦੀਆਂ ਝੂਠੀਆਂ ਤਰਕੀਬਾਂ ਦਸਦੀ ਰਹੀ ਪਰ ਉਸਦੇ ਚੇਹਰੇ ਦੀ ਦਿੱਖ ਵਿਚੋਂ ਜ਼ਿੰਦਗੀ ਨਾਂ ਦੀ ਰੂਹ ਗ਼ਾਇਬ ਹੁੰਦੀ ਜਾ ਰਹੀ ਸੀ। ਸ਼ਾਮ ਨੂੰ ਮੈਂ ਘਰ ਆ ਗਈ ਪਰ ਉਹਦੀ ਜ਼ਿੰਦਗੀ ਦੀ ਦਾਸਤਾਨ ਮੈਨੂੰ ਬਹੁਤ ਬੇਚੈਨ ਕਰ ਰਹੀ ਸੀ।

ਅਗਲੀ ਸ਼ਾਮ ਉਸਦਾ ਫ਼ੋਨ ਆਇਆ "......ਬੀਬਾ...... ਮੇਰੇ ਅੰਦਰ ਜਿਹੜਾ ਫ਼ਨੀਅਰ ਸੱਪ ਸੀ ਉਸਨੇ ਸੈਂਕੜੇ ਸਪੋਲੀਏ ਪੈਦਾ ਕਰ ਦਿੱਤੇ ਨੇ...... ਇਕ ਕੋਲੋਂ ਮੈਂ ਨਹੀਂ ਸੀ ਹਾਰਦਾ...... ਹੁਣ ਮੈਂ ਕੱਲਾ ਤੇ ਉਹ ਸੈਂਕੜੇ...... ਮੈਂ ਹਾਰ ਗਿਆ ਹਾਂ...... ਮੈਂ ਤੇ ਕਦੇ ਸੋਚ ਵੀ ਨਹੀਂ ਸੀ ਸਕਦਾ ਕਿ ਮੌਤ ਮੈਨੂੰ ਇੰਜ ਹਰਾਏਗੀ...... ਮੈਂ ਤਾਂ ਬੁਰੇ ਤੋਂ ਬੁਰੇ ਹਾਲਾਤ ਵਿਚ ਵੀ ਬਸ ਜੀਣਾ ਹੀ ਸਿੱਖਿਆ ਸੀ......"

ਮੈਂ ਉਹਨੂੰ ਕਿਹਾ ਕਿ "ਬਸ ਅੱਜ ਦੀ ਰਾਤ ਕੱਟੋ...... ਲੁਧਿਆਣੇ ਮੇਰੇ ਕਈ ਅੱਛੇ ਡਾਕਟਰ ਵਾਕਿਫ਼ ਹਨ। ਕਲ੍ਹ ਨੂੰ ਸਾਰੇ ਚੈਕ ਕਰਵਾਵਾਂਗੇ ...... ਮੈਂ ਆਪ ਆਕੇ ਆਪਣੀ ਗੱਡੀ ਤੇ ਲੈ ਜਾਵਾਂਗੀ......"



Academy of the Punjab in North America - APNA: http://www.apnaorg.com

...... ਤੇ ਕਲ੍ਹ...... ਪਤਾ ਨਹੀਂ ਸੀ ...... ਸੱਚੀਂ ਚੜ੍ਹਨਾ ਨਹੀਂ ਸੀ। ਮੈਂ ਤਾਂ ਅਜੇ ਲੁਧਿਆਣੇ ਹੀ ਸਾਂ। ਸਮਰਾਲੇ ਜਾਣ ਲਈ ਸੋਚ ਰਹੀ ਸੀ...... ਗੌਰੀਏ ਹੋਰਾ ਦਇਆ ਨੰਦ ਮੈਡੀਕਲ ਕਾਲਜ (ਡੀ. ਐਮ. ਸੀ.) ਲੈ ਵੀ ਆਂਦਾ। ਹਾਲਤ ਜ਼ਿਆਦਾ ਵਿਗੜ ਗਈ ਸੀ...... ਡਾਕਟਰਾਂ ਨੇ ਉਸਦਾ ਪੇਟ ਪਾੜਿਆ...... ਤੇ ਸੱਚੀਂ ਪਤਾ ਨਹੀਂ ਪੇਟ ਵਿੱਚ ਕੀ ਸੀ...... ਐਨੇ ਵੱਡੇ ਹਸਪਤਾਲ ਦੇ ਏਨੇ ਮਾਹਿਰ ਡਾਕਟਰਾਂ ਦੀ ਵੀ ਸਮਝ ਤੋਂ ਬਾਹਰ...... ਉਹਨਾਂ ਇਕ ਪਲ ਵਿਚ ਪੇਟ ਸੀ ਦਿੱਤਾ...... ਹੈਰਾਨ ਹਾ ਕਿ ਐਨਾ ਵੱਡਾ ਸੱਚ ਆਪਣੇ ਅੰਦਰ ਲੈ ਕੇ ਕਿਵੇਂ ਫਿਰਦਾ ਰਿਹਾ ਸੀ ਉਹ...... ਸਾਬਤ...... ਸਬੂਤ। ਮੇਰੀ ਤਲੀ ਤੇ ਰੱਖਿਆ ਅਜਮੇਰ ਸ਼ਰੀਫ਼ ਦੀ ਦਰਗਾਹ ਤੋਂ ਲਿਆਂਦਾ ਕੱਚ ਦਾ ਨਗ ਮੈਨੂੰ ਕਿਸੇ ਕੀਮਤੀ ਹੀਰੇ ਜਵਾਹਰਾਤ ਤੋਂ ਵੀ ਮਹਿੰਗਾ ਜਾਪ ਰਿਹਾ ਸੀ...... ਝਾਂਸੀ ਦੀ ਰਾਣੀ...... ਭਾਬੀ ਦੁਰਗਾ ਦੀਆਂ ਮੜ੍ਹੀਆਂ ਮਸੀਤਾਂ ਤੋਂ ਘੁੰਮ ਕੇ ਆਇਆ ਤੇ ਫਿਰ ਮੇਰੇ ਤਕ ਪਹੁੰਚਿਆ...... ਦਿਲ ਦੀ ਹਯਾਤੀ ਦੇ ਸਾਰੇ ਵਰ੍ਹੇ...... ਪੁਲਿਸ ਏਨ੍ਹਾ ਕੁੱਟਦੀ ਰਹੀ ਕਿ ਉੱਤੇ ਪਿਆ ਕੰਬਲ ਪਸੀਨੇ ਨਾਲ ਘੱਟ ਤੇ ਲਹੂ ਨਾਲ ਵੱਧ ਭਿਜਦਾ...... ਪੰਜਾਬੋਂ ਬਹੁਤ ਦੂਰ ਯੂ.ਪੀ. ਦੇ ਵੀਰਾਨ ਇਲਾਕਿਆਂ ਵਿਚ ਜਿਨ੍ਹਾਂ ਸ਼ਰਨ ਦਿੱਤੀ ਉਹਨਾਂ ਪੁਲਿਸ ਨਾਲੋਂ ਵੀ ਕਈ ਗੁਣਾ ਵੱਧ ਜ਼ੁਲਮ ਕੀਤੇ...... ਮੌਤ ਕਈ ਵਾਰੀ ਐਨ ਕਰੀਬ ਆ ਕੇ ਮੁੜਦੀ ਰਹੀ...... ਜ਼ੁਲਮ ਦੇ ਇਤਿਹਾਸ ਕਹਿੰਦੀ ਹਕੂਮਤ ਉਸਦੇ ਹੱਕ ਸੱਚ ਦੀ ਆਵਾਜ਼ ਨੂੰ ਖ਼ਰਲ ਦਾ ਨਾਮ ਦਿੰਦੀ ਰਹੀ...... ਇਕ ਨਹੀਂ ਉਹ ਕਈ ਚੱਕੀਆਂ ਵਿਚ ਪਿਸਿਆ...... ਇਕ ਯੁਗ...... ਇਕ ਇਤਿਹਾਸ ਜੀਵਿਆ ਉਸ...... ਮੈਂ ਆਪਣੇ ਨਾਟਕਾਂ ਰਾਹੀਂ ਜ਼ਿੰਦਾ ਰੱਖਾਂਗੀ ਇਹ ਸਾਰਾ ਕੁਝ...... ਉਹਦੀ ਸੋਚ ਤੇ ਪਹਿਰਾ ਦਿਆਂਗੇ...... ਜਿਸਮ ਹੀ ਤੇ ਗਿਆ ਹੈ...... ਉਹ ਜ਼ਿੰਦਾ ਰਹੇਗਾ...... ਹਮੇਸ਼ਾ...... ਹਮੇਸ਼ਾ ਲਈ...... ਸਾਡੇ ਦਿਲਾਂ ਦੀਆਂ ਧੜਕਣਾਂ ਵਿਚ!




Academy of the Punjab in North America - APNA: http://www.apnaorg.com



# ਸੈਂਟਰਲ ਜੇਲ੍ਹ ਲਾਹੌਰ ਦਾ ਪੁਰਾਣਾ ਰਜਿਸਟਰ

**ਅਕਮਲ ਅਲੀਮੀ**

ਭਗਤ ਸਿੰਘ ਦੇ ਇਨਕਲਾਬੀ ਵਿਰਸੇ ਬਾਰੇ ਚਮਨ ਲਾਲ ਜੀ ਦੇ ਮਜ਼ਮੂਨ ਦਾ ਤਰਜਮਾ ਮੈਂ ਇਕ ਤੋਂ ਜ਼ਿਆਦਾ ਵਾਰ ਪੜ੍ਹਿਆ ਏ। ਉਨ੍ਹਾਂ ਨੇ ਅਖ਼ੀਰ ਵਿਚ "ਭਗਤ ਸਿੰਘ ਦੀ ਨੋਟ ਬੁੱਕ" ਦਾ ਸਰਸਰੀ ਜ਼ਿਕਰ ਕੀਤਾ ਏ। ਮੈਂ ਚਮਨ ਲਾਲ ਜੀ ਦਾ ਅਤੇ ਹਿੰਦੁਸਤਾਨ, ਪਾਕਿਸਤਾਨ ਦੇ ਦੂਜੇ ਤਾਰੀਖ਼ਦਾਨਾਂ ਦਾ ਧਿਆਨ ਇਕ ਰਜਿਸਟਰ ਵੱਲ ਕਰਾਉਣਾ ਚਾਹਨਾਂ ਜਿਹੜਾ ਸੈਂਟਰਲ ਜੇਲ੍ਹ ਲਾਹੌਰ ਵਿਚ ਰੱਖਿਆ ਗਿਆ ਸੀ ਤੇ ਜਿਸਦੇ ਵਿੱਚ ਫ਼ਾਂਸੀ ਪਾਵਣ ਵਾਲੇ ਕੈਦੀਆਂ ਦੇ ਆਖ਼ਰੀ ਬਿਆਨ ਦਰਜ ਕੀਤੇ ਜਾਂਦੇ ਸਨ। ਮੇਰੇ ਦੋਸਤ ਸ਼ਮੀਮ ਮਿਰਜ਼ਾ ਨੇ ਜਿਹੜੇ ਫ਼ਲੋਰੀਡਾ ਵਿਚ ਵਕਾਲਤ ਕਰਦੇ ਨੇ, ਕਈ ਵਾਰੀ ਮੈਨੂੰ ਆਪਣੇ ਇਕ ਮਿੱਤਰ ਅਤੇ ਕਲਾਸਫ਼ੈਲੋ ਚੌਧਰੀ ਮੁਹੰਮਦ ਸਦੀਕ (ਪੀ.ਸੀ.ਐਸ), ਦੀ ਜਿਨ੍ਹਾਂ ਨੇ 2004 ਵਿੱਚ ਵਫ਼ਾਤ ਪਾਈ, ਇਕ ਗੱਲ ਸੁਣਾਈ। ਬਕੌਲ ਚੌਧਰੀ ਸਦੀਕ ਮਜਿਸਟ੍ਰੇਟ ਬਣਨ ਤੋਂ ਬਾਅਦ ਉਨ੍ਹਾਂ ਦੀ ਡਿਊਟੀ ਸੈਂਟਰਲ ਜੇਲ੍ਹ ਵਿੱਚ ਲਾ ਦਿੱਤੀ ਗਈ।

**ਭਗਤ ਸਿੰਘ ਦਾ ਇਕ ਬਿਆਨ ਪੜ੍ਹਿਆ। 23 ਮਾਰਚ ਨੂੰ ਫ਼ਾਹੇ ਲੱਗਣ ਤੋਂ ਤਿੰਨ ਦਿਨ ਪਹਿਲਾਂ ਇਨਕਲਾਬੀ ਨੇ ਕਿਹਾ ਸੀ – "ਕਾਸ਼ ਹਿੰਦੁਸਤਾਨ ਦਾ ਕੋਈ ਕੌਮੀ ਤਰਾਨਾ ਹੁੰਦਾ ਤੇ ਫ਼ਾਂਸੀ ਦੇ ਤਖ਼ਤੇ ਤੇ ਚੜ੍ਹ ਕੇ ਮੈਂ ਉਹ ਤਰਾਨਾ ਗਾਉਂਦਾ!"**

ਜਿਸ ਦਿਨ ਕਿਸੇ ਕੈਦੀ ਨੇ ਫ਼ਾਹੇ ਲੱਗਣਾ ਹੁੰਦਾ ਸੀ ਚੌਧਰੀ ਸਦੀਕ ਜੇਲ੍ਹ ਜਾਂਦੇ ਸਨ ਅਤੇ ਕੈਦੀ ਦੇ ਫ਼ਾਹੇ ਲੱਗਣ ਦੀ ਨਿਗਰਾਨੀ ਕਰਦੇ ਸਨ। ਚੌਧਰੀ ਸਾਹਿਬ ਦਾ ਬਿਆਨ ਸੀ ਪਈ ਕਿਸੇ ਦੀ ਮੌਤ ਦੇ ਵੇਲੇ ਦੀ ਉਡੀਕ ਉਨ੍ਹਾਂ ਨੂੰ ਬਹੁਤ ਦੁੱਖ ਦਿੰਦੀ ਸੀ। ਉਹ ਇਸ ਵਿਚਕਾਰ ਕੋਈ ਪੁਰਾਣੀ ਕਿਤਾਬ ਖੋਲ੍ਹ ਕੇ ਬੈਠ ਜਾਂਦੇ ਸਨ। ਉਨ੍ਹਾਂ ਦਿਨਾਂ ਵਿੱਚ ਉਨ੍ਹਾਂ ਨੂੰ ਇਕ ਪੁਰਾਣਾ ਰਜਿਸਟਰ ਮਿਲਿਆ ਜਿਸਦੇ ਵਿੱਚ ਫ਼ਾਹੇ ਲੱਗਣ ਵਾਲਿਆਂ ਦੇ ਆਖ਼ਰੀ ਬਿਆਨ ਦਰਜ ਕੀਤੇ ਗਏ ਸਨ। ਉਹ ਵਰਕੇ ਫ਼ੋਲਦੇ ਫ਼ੋਲਦੇ ਰਜਿਸਟਰ ਨੂੰ ਮਾਰਚ 1931 ਤਕ ਪਿਛਾਂਹ ਲੈ ਗਏ ਜਿਥੇ ਉਨ੍ਹਾਂ ਨੇ ਭਗਤ ਸਿੰਘ ਦਾ ਇਕ ਬਿਆਨ ਪੜ੍ਹਿਆ। 23 ਮਾਰਚ ਨੂੰ ਫ਼ਾਹੇ ਲੱਗਣ ਤੋਂ ਤਿੰਨ ਦਿਨ ਪਹਿਲਾਂ ਇਨਕਲਾਬੀ ਨੇ ਕਿਹਾ ਸੀ – "ਕਾਸ਼ ਹਿੰਦੁਸਤਾਨ ਦਾ ਕੋਈ ਕੌਮੀ ਤਰਾਨਾ ਹੁੰਦਾ ਤੇ ਫ਼ਾਂਸੀ ਦੇ ਤਖ਼ਤੇ ਤੇ ਚੜ੍ਹ ਕੇ ਮੈਂ ਉਹ ਤਰਾਨਾ



Academy of the Punjab in North America - APNA: http://www.apnaorg.com

ਗਾਉਂਦਾ!"

23 ਮਾਰਚ ਪਾਕਿਸਤਾਨ ਦਾ ਕੌਮੀ ਦਿਨ ਏ। ਇਸ ਦਿਨ ਜਦੋਂ ਅਸੀਂ ਅਪਣੀ ਆਜ਼ਾਦੀ ਦੇ ਆਗੂਆਂ ਨੂੰ ਯਾਦ ਕਰਦੇ ਹਾਂ ਸਾਨੂੰ ਭਗਤ ਸਿੰਘ ਤੇ ਊਧਮ ਸਿੰਘ ਜਿਹੇ ਪੰਜਾਬੀਆਂ ਨੂੰ ਵੀ ਯਾਦ ਰੱਖਣਾ ਚਾਹੀਦਾ ਏ ਜਿਨ੍ਹਾਂ ਨੇ ਆਪਣੀਆਂ ਜਾਨਾਂ ਦੇ ਕੇ ਆਜ਼ਾਦੀ ਦੀ ਮੰਜ਼ਿਲ ਨੂੰ ਸਾਡੇ ਨੇੜੇ ਕੀਤਾ। ਊਧਮ ਸਿੰਘ ਜਲ੍ਹਿਆਂ ਵਾਲਾ ਬਾਗ਼ ਦੇ ਕਤਲਾਮ ਵਿਚ ਫ਼ੱਟੜ ਹੋਇਆ ਸੀ। 21 ਸਾਲ ਬਾਅਦ ਉਸਨੇ ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ ਨੂੰ ਲੰਦਨ ਵਿਚ ਜਾ ਮਾਰਿਆ ਅਤੇ 1940 ਵਿਚ ਫ਼ਾਹੇ ਲੱਗਾ। ਉਹ ਅੰਗਰੇਜ਼ ਦੀ ਅਦਾਲਤ ਨੂੰ ਆਪਣਾ ਨਾਂ ਮੁਹੰਮਦ ਸਿੰਘ ਆਜ਼ਾਦ ਦਸਦਾ ਸੀ।

ਸਤੰਬਰ 2007 ਵਿਚ ਪੰਜਾਬ ਦੇ ਗਵਰਨਰ ਖ਼ਾਲਿਦ ਮਕਬੂਲ ਹੋਰਾਂ ਨੇ ਐਲਾਨ ਕੀਤਾ ਸੀ ਪਈ ਭਗਤ ਸਿੰਘ ਦੀ ਕੁਰਬਾਨੀ ਤੇ ਇਕ ਨੁਮਾਇਸ਼ ਲਾਹੌਰ ਦੇ ਅਜਾਇਬ ਘਰ ਵਿੱਚ ਤਰਤੀਬ ਦਿੱਤੀ ਜਾਵੇਗੀ। ਸਾਡੇ ਗਵਰਨਰ ਨੇ ਸਹੀ ਆਖਿਆ ਸੀ ਪਈ ਭਗਤ ਸਿੰਘ, ਜਿਸ ਨੂੰ ਸਿਰਫ਼ 24 ਸਾਲ ਦੀ ਉਮਰੇ ਅੰਗਰੇਜ਼ ਹਾਕਮਾਂ ਨੇ ਫ਼ਾਹੇ ਲਾ ਦਿੱਤਾ, ਬੱਰ-ਏ-ਸਗ਼ੀਰ ਦੀ ਆਜ਼ਾਦੀ ਦਾ ਪਹਿਲਾ ਸ਼ਹੀਦ ਸੀ ਅਤੇ ਉਸ ਵੇਲੇ ਦੇ ਬਹੁਤ ਸਾਰੇ ਜਵਾਨਾਂ ਨੇ ਉਹਦੀ ਮਿਸਾਲ ਦੀ ਪੈਰਵੀ ਕੀਤੀ।

ਭਗਤ ਸਿੰਘ ਦਾ ਜੀਣਾ ਮਰਨਾ ਉਨ੍ਹਾਂ ਇਲਾਕਿਆਂ ਵਿਚ ਹੋਇਆ ਜਿਹੜੇ ਅੱਜ ਪਾਕਿਸਤਾਨ ਦਾ ਹਿੱਸਾ ਨੇ। ਉਹ ਜੜ੍ਹਾਂਵਾਲਾ ਦੇ ਕੋਲ ਚਕ 105 ਬੰਗਾ ਦੇ ਇਕ ਇਨਕਲਾਬੀ ਘਰਾਣੇ ਵਿੱਚ ਜੰਮਿਆ। ਲਾਹੌਰ ਵਿਚ ਪੜ੍ਹਾਈ ਸ਼ੁਰੂ ਕੀਤੀ ਤੇ ਇਸੇ ਸ਼ਹਿਰ ਵਿਚ ਉਹਨੂੰ ਫ਼ਾਹੇ ਲਾਇਆ ਗਿਆ। ਫ਼ਾਹੇ ਮੂੰਹ ਹਨੇਰੇ ਲਾਇਆ ਜਾਂਦਾ ਏ ਪਰ ਰੀ-ਐਕਸ਼ਨ ਰੱਦਿ-ਅਮਲ ਦੇ ਡਰ ਤੋਂ ਉਹਨੂੰ ਰਾਤ ਨੂੰ ਈ ਫ਼ਾਹੇ ਲਾ ਦਿੱਤਾ ਗਿਆ ਸੀ। ਚਮਨ ਲਾਲ ਜੀ ਕਹਿੰਦੇ ਨੇ ਕਿ ਅੰਗਰੇਜ਼ੀ ਸਾਮਰਾਜ ਦੇ ਕਾਮੇ ਉਹਦੀ ਲੋਥ ਦੇ ਟੋਟੇ ਕਰ ਕੇ ਪਿਛਲੇ ਬੂਹਿਉਂ ਰਾਤੋ ਰਾਤ ਗੰਡਾ ਸਿੰਘ ਵਾਲਾ ਲੈ ਗਏ ਤੇ ਜੰਗਲ ਵਿੱਚ ਮਿੱਟੀ ਦਾ ਤੇਲ ਸੁੱਟ ਕੇ ਉਹਨੂੰ ਫੂਕ ਦਿੱਤਾ। ਪਰ ਸੂਰਜ ਨਿਕਲਦੀਆਂ ਲਹੌਰ ਦੇ ਲੋਕਾਂ ਨੂੰ ਇਸ ਧਰੋ ਦੀ ਖ਼ਬਰ ਹੋ ਗਈ। ਉਹ ਗਏ ਅਤੇ ਸ਼ਹੀਦ ਦੀ ਅੱਧ-ਸੜੀ ਲੋਥ ਦੇ ਟੋਟੇ ਚੁਕ ਕੇ ਸ਼ਹਿਰ ਲੈ ਆਏ ਅਤੇ ਰਾਵੀ ਦੇ ਕੰਢੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ।

ਹਿੰਦੁਸਤਾਨ ਵਿਚ ਭਗਤ ਸਿੰਘ, ਊਧਮ ਸਿੰਘ ਅਤੇ ਆਜ਼ਾਦੀ ਦੇ ਦੂਜੇ ਸ਼ਹੀਦਾਂ ਦਾ ਪੂਰਾ ਪੂਰਾ ਆਦਰ ਕੀਤਾ ਗਿਆ ਏ। ਪਾਕਿਸਤਾਨ ਨੂੰ ਵੀ ਮਜ਼੍ਹਬੀ ਛੂਤ-ਛਾਤ ਦੀ ਐਨਕ ਲਾਹ ਕੇ ਬੱਰ-ਏ-ਸਗ਼ੀਰ ਦੀ ਸਾਂਝੀ ਤਾਰੀਖ਼ ਨੂੰ ਵੇਖਣਾ ਚਾਹੀਦਾ ਏ। ਇਸ ਐਨਕ ਤੋਂ ਬਗ਼ੈਰ ਦੋਹਾਂ ਮੁਲਕਾਂ ਵਿਚ ਨਿਸਾਬ (ਕੋਰਸ) ਦੀਆਂ ਕਿਤਾਬਾਂ ਉੱਤੇ ਦੂਜੀ ਝਾਤੀ ਪਾਉਣ ਦੀ ਲੋੜ ਵੀ ਹੈ। ਨਫ਼ਰਤ ਅਤੇ ਜੰਗ ਦੀ ਸਦੀ ਲੰਘ ਗਈ। ਦੋਹਾਂ ਮੁਲਕਾਂ ਨੇ ਨਵੀਂ ਸਦੀ ਵਿਚ ਪੈਰ ਰੱਖਿਆ ਏ ਜਿਹੜੀ ਪਿਆਰ ਅਤੇ ਅਮਨ ਦੀ ਸਦੀ ਹੋਣੀ ਚਾਹੀਦੀ ਏ। ਕਾਇਦ-ਏ- ਆਜ਼ਮ ਮੁਹੰਮਦ ਅਲੀ ਜਿਨਾਹ ਨੇ ਆਖਿਆ ਸੀ – "ਪਾਕਿਸਤਾਨ ਅਤੇ ਹਿੰਦੁਸਤਾਨ ਦਾ ਰਿਸ਼ਤਾ ਇੰਜ ਹੋਵੇਗਾ ਜਿਵੇਂ ਅਮਰੀਕਾ ਅਤੇ ਕੈਨੇਡਾ ਦਾ ਏ।" ਉਮੀਦ ਏ ਪਾਕਿਸਤਾਨ ਦੇ ਲੋਕ ਜਮਹੂਰੀਅਤ, ਕਾਨੂੰਨ ਦੀ ਪ੍ਰਧਾਨਗੀ ਅਤੇ ਸਮਾਜੀ ਇਨਸਾਫ਼ ਜਿਹੇ ਦੂਜੇ ਸੁਫ਼ਨਿਆਂ ਵਾਂਗ ਬਾਬੇ ਦਾ ਇਹ ਸੁਫ਼ਨਾ ਵੀ ਪੂਰਾ ਕਰਨਗੇ। ਖ਼ਾਲਿਦ ਮਕਬੂਲ ਹੋਰਾਂ ਭਗਤ ਸਿੰਘ ਦੀ ਇਨਕਲਾਬੀ ਹਯਾਤੀ ਬਾਰੇ ਜਿਸ ਨੁਮਾਇਸ਼ ਦਾ ਪ੍ਰਬੰਧ ਕੀਤਾ ਏ ਉਸਦੇ ਵਿਚ ਸੈਂਟਰਲ ਜੇਲ੍ਹ ਦਾ (ਜਿਹਦਾ ਹੁਣ ਕੋਈ ਵਜੂਦ ਨਹੀਂ) ਪੁਰਾਣਾ ਰਜਿਸਟਰ ਵੀ ਰੱਖਿਆ ਜਾਵੇਗਾ।

□



Academy of the Punjab in North America - APNA: http://www.apnaorg.com

ਲੇਖ



# ਤਿੰਨ ਪੰਜਾਬਾਂ ਦੀ ਅਦਬੀ/ਸਭਿਆਚਾਰਕ ਸਾਂਝ

**ਪਰਮਿੰਦਰ ਜੀਤ ਸਿੰਘ**

ਨਿਰਸੰਦੇਹ 'ਸਾਂਝ' ਕਈ ਪੱਖਾਂ ਤੋਂ ਨਵਾਂ, ਨਵੇਕਲਾ ਤੇ ਵੱਖਰੀ ਅਦਬੀ ਮੱਹਤਤਾ ਵਾਲਾ ਪਰਚਾ ਪ੍ਰਤੀਤ ਹੋਇਆ ਹੈ। ਭਾਰਤ ਤੇ ਪਾਕਿ ਵਿਚਲੇ ਦੋਹਾਂ ਪੰਜਾਬਾਂ ਦੀ ਆਪਸੀ ਸਾਂਝ ਤਾਂ ਕਈ ਧਰਾਤਲਾਂ 'ਤੇ ਪੇਸ਼ ਹੁੰਦੀ ਆ ਰਹੀ ਹੈ ਪਰ ਦੋਹਾਂ ਪੰਜਾਬਾਂ ਤੋਂ ਵੱਖਰੇ ਤੇ ਪਰਦੇਸੀਂ ਵਸਦੇ ਪੰਜਾਬ ਨੂੰ ਆਪਣੇ ਨਾਲ ਜੋੜ ਕੇ ਗੱਲ ਕਰਨੀ ਵਧੇਰੇ ਮੱਹਤਵਪੂਰਨ ਸਾਬਤ ਹੋ ਰਹੀ ਹੈ। ਪਰਦੇਸਾਂ ਵਿਚ ਵਸਦੇ ਪੰਜਾਬ ਦੀ ਗੱਲ ਹੁਣ ਤਕ ਭਰਵੇਂ ਰੂਪ ਵਿਚ ਕਿਤੇ ਨਹੀਂ ਸੀ ਹੋਈ।

ਸਾਂਝ ਨੂੰ ਛਾਪਣ ਦਾ ਉਪਰਾਲਾ ਕਰਨ ਵਾਲੇ ਨਿਰਸੰਦੇਹ ਤਿੰਨਾ ਪੰਜਾਬਾਂ ਵਿਚ ਹੀ ਰਹਿੰਦੇ ਹਨ। ਜੇ ਅਮਰੀਕਾ ਵਿਚ ਸਫ਼ੀਰ ਰਾਮਾਹ ਹੈ ਤਾਂ ਲੁਧਿਆਣੇ ਵਿਚ ਡਾ. ਮਨੁ ਸ਼ਰਮਾ ਸੋਹਲ, ਡਾ. ਜਗਤਾਰ ਧੀਮਾਨ ਹਨ, ਇੰਨ੍ਹਾ ਦੇ ਨਾਲ ਜਾਵੇਦ ਬੂਟਾ, ਅਨੰਤ ਕੌਰ, ਮੁਹੰਮਦ ਆਸਫ਼ ਰਜ਼ਾ ਤੇ ਸਾਜਿਦ ਨਦੀਮ। ਏਨੇ ਮਹੱਤਵਪੂਰਨ ਹਮਸਾਇਆਂ ਦੀ ਟੋਲੀ ਨੇ ਇਸ ਕੌਮਾਂਤਰੀ ਅਦਬੀ ਤੇ ਸਭਿਆਚਾਰ ਦੀ 'ਸਾਂਝ' ਦੀ ਨੀਂਹ ਰੱਖੀ ਏ। ਹੁਣ ਇਸਦੇ ਤੇ ਅਦਬੀ ਮੁਹੱਬਤਾਂ ਦੀ ਖ਼ੂਬਸੂਰਤ ਇਮਾਰਤ ਦੇ ਨਕਸ਼ ਸਾਕਾਰ ਹੋ ਰਹੇ ਹਨ। ਡਾ. ਮਨੁ ਸ਼ਰਮਾ ਸੋਹਲ ਤੇ ਡਾ. ਜਗਤਾਰ ਧੀਮਾਨ ਦੀ ਆਪਣੀ ਅਦਬੀ ਸੂਝ ਸਾਂਝ ਦੀ ਨਿਰੰਤਰਤਾ ਦੀ ਪੁਖਤਾ ਗਵਾਹੀ ਬਣੀ ਹੋਈ ਹੈ। ਉਪਭਾਵਕਤਾ ਤੋਂ ਬਚਣ ਦੀ ਲੋੜ ਜ਼ਰੂਰ ਹੈ, ਇਹ ਸਾਡਾ ਦੋਸਤਾਨਾ ਸੁਝਾਅ ਹੀ ਹੈ। ਜਦੋਂ ਕਾਫ਼ਲੇ ਤੁਰ ਪੈਣ ਤਾਂ ਮੰਜ਼ਿਲਾਂ ਦੇ ਨਕਸ ਨੁਮਾਇਆ ਹੋਣ ਲੱਗ ਹੀ ਪੈਂਦੇ ਹਨ। ਸਾਂਝ ਦਾ ਪ੍ਰਕਾਸ਼ਨ ਤਿੰਨਾਂ ਪੰਜਾਬਾਂ ਨੂੰ ਸਾਂਝੇ ਮੰਚ ਤੇ ਖਲੋ ਕੇ ਹਾਕ ਮਾਰਨ ਦਾ ਸੁਚੱਜਾ ਅਦਬੀ ਯਤਨ ਹੈ।

□






Academy of the Punjab in North America - APNA: http://www.apnaorg.com

“ਸ਼ਾਹਮੁਖੀ ਤੇ ਗੁਰਮੁਖੀ – ਦੋਹਾਂ ਲਿਪੀਆਂ ਵਿਚ ਇੱਕੋ ਜਿਹਾ ਛਪਿਆ ਇਹ ਤਿਮਾਹੀ ਰਿਸਾਲਾ ‘ਸਾਂਝ’ ਜਿਹੜਾ ਲਾਹੌਰ ਤੋਂ ਸ਼ਾਹਮੁਖੀ ਵਿਚ ਤੇ ਲੁਧਿਆਣੇ ਤੋਂ ਗੁਰਮੁਖੀ ਵਿਚ ਛਪ ਰਿਹਾ ਹੈ, ਸਾਰੇ ਪੰਜਾਬੀਆਂ ਦੀ ਸਾਂਝ ਨੂੰ ਅੱਗੇ ਵਧਾਉਣ ਦਾ ਇਕ ਜਤਨ ਏ ਤਾਂ ਜੋ ਪੰਜਾਬੀ ਦੀਆਂ ਦੋ ਵੱਖੋ ਵੱਖ ਲਿਪੀਆਂ ਹੋਵਣ ਦੇ ਕਾਰਣ ਲਫ਼ਜ਼ਾਲੀ ਦੇ ਵੱਧ ਰਹੇ ਵਖਰੇਵੇਂ ਨੂੰ ਡੱਕਾ ਲੱਗੇ। ਪੰਜਾਬੀ ਦੀਆਂ ਦੋਹਾਂ ਲਿਪੀਆਂ ਦੇ ਲਿਖਾਰੀਆਂ, ਸੂਝਵਾਨਾਂ ਅਤੇ ਪੜ੍ਹਨਹਾਰਾਂ ਵਿਚ ਸੁਰਤ ਤੇ ਵਿਚਾਰਾਂ ਦੀ ਸਾਂਝ ਵਧੇ ਤੇ ਪੰਜਾਬੀ ਅਦਬ ਤੇ ਬੋਲੀ ਦੀ ਸਾਂਝ ਸੰਭਾਲ ਤੇ ਵਧਾਅ ਲਈ ਪੱਕੀ ਪੀਢੀ ਸਾਂਝ ਬਣੇ। ਇਹ ਰਿਸਾਲਾ ਤਿੰਨਾਂ ਪੰਜਾਬਾਂ (ਲਹਿੰਦੇ, ਚੜ੍ਹਦੇ ਤੇ ਬਾਹਰਲੇ) ਦੇ ਲਿਖਾਰੀਆਂ ਦੀ ਸੋਚ–ਵਿਚਾਰ ਦਾ ਨੁਮਾਇੰਦਾ ਏ ਤੇ ਦੁਨੀਆ ਦੇ ਹਰ ਉਸ ਮੁਲਕ ਵਿੱਚ ਵੰਡਿਆ ਜਾਂਦਾ ਏ ਜਿੱਥੇ ਪੰਜਾਬੀ ਵਸਦੇ ਨੇ।”

Academy of the Punjab in North America - APNA: http://www.apnaorg.com